ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 71
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 14 March, 2026) ਸ਼ਨੀਵਾਰ, 14 ਮਾਰਚ, 2026, 1 ਚੇਤ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਡਾਲਰ ਦੇ ਮੁਕਾਬਲੇ ਰੁਪਇਆ ਰਿਕਾਰਡ ਹੇਠਲੇ ਪੱਧਰ 'ਤੇ ਪੁੱਜਾ

ਨਵੀਂ ਦਿੱਲੀ, 13 ਮਾਰਚ (ਚ.ਨ.ਸ.): ਅੱਜ ਸ਼ੁੱਕਰਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿੱਚ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 12 ਪੈਸੇ ਡਿੱਗ ਕੇ 92.37 ਦੇ ਰਿਕਾਰਡ ਹੇਠਲੇ ਪੱਧਰ 'ਤੇ ਆ ਗਿਆ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਕਾਰਨ ਨਿਵੇਸ਼ਕਾਂ ਦੀ ਭਾਵਨਾ ਪ੍ਰਭਾਵਿਤ ਹੋਈ, ਜਿਸ ਕਾਰਨ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਨਰਮੀ ਦੇ ਕੋਈ ਸੰਕੇਤ ਨਹੀਂ ਮਿਲੇ। ਫਾਰੇਕਸ ਡੀਲਰਾਂ ਨੇ ਕਿਹਾ ਕਿ ਮਜ਼ਬੂਤ ਡਾਲਰ, ਵਿਦੇਸ਼ੀ ਨਿਵੇਸ਼ਕਾਂ ਵੱਲੋਂ ਭਾਰੀ ਵਿਕਰੀ ਅਤੇ ਘਰੇਲੂ ਸਟਾਕ ਬਾਜ਼ਾਰਾਂ ਵਿੱਚ ਕਮਜ਼ੋਰ ਰੁਝਾਨ ਨੇ ਰੁਪਏ 'ਤੇ ਹੋਰ ਦਬਾਅ ਪਾਇਆ।

## ਐਲ.ਪੀ.ਜੀ. ਦੇ ਮੁੱਦੇ 'ਤੇ ਵਿਰੋਧੀ ਧਿਰ ਵੱਲੋਂ ਹੰਗਾਮੇ ਕਾਰਨ ਸੰਸਦ ਮੁਲਤਵੀ



ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 13 ਮਾਰਚ:ਪੱਛਮੀ ਏਸ਼ੀਆ 'ਚ ਇਜ਼ਰਾਈਲ, ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗ ਦਾ ਸੇਕ ਹੁਣ ਭਾਰਤੀ ਸੰਸਦ ਤੱਕ ਪਹੁੰਚ ਗਿਆ ਹੈ। ਦੇਸ਼ 'ਚ ਰਸੋਈ ਗੈਸ (ਐਲ.ਪੀ.ਜੀ.) ਦੀ ਭਾਰੀ ਕਿੱਲਤ ਨੂੰ ਲੈ ਕੇ ਸ਼ੁੱਕਰਵਾਰ ਨੂੰ ਲੋਕ ਸਭਾ 'ਚ ਵਿਰੋਧੀ ਧਿਰ ਨੇ ਅਜਿਹਾ ਹੰਗਾਮਾ ਕੀਤਾ ਕਿ ਸਦਨ ਦੀ ਕਾਰਵਾਈ ਤੈਅ ਸਮੇਂ ਤੋਂ ਪਹਿਲਾਂ ਹੀ ਸੋਮਵਾਰ ਤੱਕ ਲਈ ਮੁਲਤਵੀ ਕਰਨੀ ਪਈ। ਸਦਨ ਦੀ ਕਾਰਵਾਈ ਦੌਰਾਨ ਸੰਸਦੀ ਕਾਰਜ ਮੰਤਰੀ ਕਿਰੇਨ ਰਿਜਿਜੂ ਨੇ ਕਾਂਗਰਸ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਕਾਂਗਰਸੀ ਸਾਂਸਦ ਸੰਸਦ ਕੰਪਲੈਕਸ 'ਚ ਗਿਲਾਸ ਅਤੇ ਥਾਲੀਆਂ ਲੈ ਕੇ ਨਾਟਕ ਕਰ ਰਹੇ ਹਨ। ਰਿਜਿਜੂ ਨੇ ਕਿਹਾ, (ਬਾਕੀ ਸਫਾ 2 'ਤੇ)

### ਵਿਰੋਧੀ ਧਿਰ ਵੱਲੋਂ ਅੱਠ ਸਾਂਸਦਾਂ ਦੀ ਮੁਅੱਤਲੀ ਰੱਦ ਕਰਨ ਦੀ ਅਪੀਲ

ਨਵੀਂ ਦਿੱਲੀ, 13 ਮਾਰਚ (ਚ.ਨ.ਸ.): ਵਿਰੋਧੀ ਪਾਰਟੀਆਂ ਨੇ ਸਰਕਾਰ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅੱਠ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਰੱਦ ਕਰਨ ਦੀ ਅਪੀਲ ਕੀਤੀ ਹੈ। ਕਾਂਗਰਸ ਸੂਤਰਾਂ ਨੇ ਦੱਸਿਆ ਕਿ ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ, ਸਮਾਜਵਾਦੀ ਪਾਰਟੀ ਦੇ ਧਰਮਿੰਦਰ ਯਾਦਵ, ਰਾਸ਼ਟਰਵਾਦੀ ਕਾਂਗਰਸ ਪਾਰਟੀ ਦੀ ਸੁਪ੍ਰੀਆ ਸੂਲੇ, ਡੀ.ਐਮ.ਕੇ. ਸੰਸਦ ਮੈਂਬਰ ਕਨੀਮੋਝੀ ਅਤੇ ਤ੍ਰਿਣਮੂਲ ਕਾਂਗਰਸ ਦੀ ਸ਼ਤਾਬਦੀ ਰਾਏ ਨੇ ਵੀਰਵਾਰ ਨੂੰ ਸੰਸਦੀ ਮਾਮਲਿਆਂ ਦੇ ਮੰਤਰੀ ਕਿਰੇਨ ਰਿਜਿਜੂ ਨਾਲ ਮੁਲਾਕਾਤ ਕੀਤੀ ਅਤੇ ਅੱਠ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਨੂੰ (ਬਾਕੀ ਸਫਾ 2 'ਤੇ)

'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026' ਦਾ ਉਦਘਾਟਨ

## ਪੰਜਾਬ ਦੇ ਸੁਖਾਵੇਂ ਮਾਹੌਲ ਕਰਕੇ ਚਾਰ ਸਾਲਾਂ 'ਚ ਇਕ ਲੱਖ 50 ਹਜ਼ਾਰ ਕਰੋੜ ਦਾ ਨਿਵੇਸ਼ ਆਇਆ: ਕੇਜਰੀਵਾਲ

### ਸਾਡੀ ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਪੂਰਨ ਤੌਰ 'ਤੇ ਵਚਨਬੱਧ: ਮਾਨ

ਅੰਮ੍ਰਿਤਪਾਲ ਸਿੰਘ
================

ਮੋਹਾਲੀ, 13 ਮਾਰਚ:ਮੋਹਾਲੀ ਵਿਖੇ ਤਿੰਨ ਦਿਨ ਚੱਲਣ ਵਾਲੇ ਪੰਜਾਬ ਪ੍ਰਗਤੀਸ਼ੀਲ ਨਿਵੇਸ਼ਕ ਸੰਮੇਲਨ-2026 ਦੀ ਅੱਜ ਧਮਾਕੇਦਾਰ ਸ਼ੁਰੂਆਤ ਹੋਈ। ਸੰਮੇਲਨ ਦੇ ਪਹਿਲੇ ਦਿਨ ਦਿੱਗਜ਼ ਉਦਯੋਗਪਤੀਆਂ ਨੇ 10,000 ਕਰੋੜ ਰੁਪਏ ਦੇ ਨਿਵੇਸ਼ ਦੇ ਵਾਅਦੇ ਕਰਦਿਆਂ ਸੂਬੇ ਵਿੱਚ ਕਾਰੋਬਾਰ ਹੋਰ ਵਧਾਉਣ ਦਾ ਐਲਾਨ ਵੀ ਕੀਤਾ। ਨਿਵੇਸ਼ਕਾਰਾਂ ਅਤੇ ਉਦਯੋਗਪਤੀਆਂ ਨੂੰ ਮੁਖਾਤਿਬ ਹੁੰਦਿਆਂ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਚੀਨ ਨਾਲ ਮੁਕਾਬਲਾ ਕਰਨ ਲਈ ਪੰਜਾਬ ਸਰਕਾਰ ਉਦਯੋਗ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਵੇਗੀ। ਉਨ੍ਹਾਂ ਕਿਹਾ ਕਿ ਕਾਰੋਬਾਰ ਪੱਖੀ ਮਾਹੌਲ ਸਦਕਾ ਮਹਿਜ਼ ਚਾਰ ਸਾਲਾਂ ਵਿੱਚ ਪੰਜਾਬ ਵਿੱਚ ਇਕ ਲੱਖ 50 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਆ ਚੁੱਕਾ ਹੈ।

ਉਦਯੋਗਿਕ ਖੇਤਰ ਲਈ ਵੱਡੇ ਸੁਧਾਰਾ ਦਾ ਵਿਸਥਾਰ ਵਿੱਚ ਜ਼ਿਕਰ ਕਰਦਿਆਂ 'ਆਪ' ਸੁਪਰੀਮੋ ਨੇ ਦੱਸਿਆ ਕਿ ਕਿਵੇਂ ਭਗਵੰਤ ਸਿੰਘ ਮਾਨ



ਸਰਕਾਰ ਨੇ 45 ਦਿਨਾਂ ਦੀ ਸਿੰਗਲ-ਵਿੰਡੋ ਕਲੀਅਰੈਂਸ ਪ੍ਰਣਾਲੀ ਸ਼ੁਰੂ ਕੀਤੀ ਹੈ ਅਤੇ ਮਨੁੱਖੀ ਵਸੀਲਿਆਂ, ਉਦਯੋਗਿਕ ਵਿਕਾਸ ਅਤੇ ਨੌਜਵਾਨਾਂ ਲਈ ਵੱਡੇ ਪੱਧਰ 'ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ 'ਤੇ ਕੇਂਦ੍ਰਿਤ ਕਾਰੋਬਾਰ ਪੱਖੀ ਈਕੋ-ਸਿਸਟਮ ਸਿਰਜ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੰਮੇਲਨ ਆਰਥਿਕ ਵਿਕਾਸ, ਰੋਜ਼ਗਾਰ ਤੇ ਉਦਯੋਗਿਕ ਵਿਸਥਾਰ ਦੇ ਨਵੇਂ ਪੜਾਅ ਦੀ ਸ਼ੁਰੂਆਤ ਹੈ, ਕਿਉਂਕਿ ਸੂਬਾ ਆਪਣੇ ਆਪ ਨੂੰ ਤੇਜ਼ੀ ਨਾਲ ਪ੍ਰਵਾਨਗੀਆਂ, ਉਦਯੋਗ ਪੱਖੀ ਨੀਤੀਆਂ ਅਤੇ ਸਿੱਖਿਆ, ਸਿਹਤ ਸੰਭਾਲ ਤੇ ਹੁਨਰਮੰਦ ਮਨੁੱਖੀ ਸ਼ਕਤੀ 'ਤੇ ਕੇਂਦ੍ਰਿਤ ਹੋ ਕੇ ਸਭ ਤੋਂ ਤਰਜੀਹੀ ਨਿਵੇਸ਼ ਸਥਾਨ ਵਜੋਂ ਪੇਸ਼ ਕਰਦਾ ਹੈ। ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਸੂਬੇ ਦੇ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦਿੰਦੇ ਹੋਏ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਨਿਵੇਸ਼ ਕਰਨ ਲਈ ਮੋਹਰੀ ਉਦਯੋਗਾਂ ਨੂੰ ਲਿਆਂਦਾ ਹੈ। ਇਹ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਦੇ ਪਹਿਲੇ ਦਿਨ ਹੀ ਪੰਜਾਬ ਨੇ 10,000 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਪ੍ਰਾਪਤ ਕੀਤੇ ਹਨ। ਐਚ.ਐਮ.ਈ.ਐਲ., (ਬਾਕੀ ਸਫਾ 2 'ਤੇ)

## ਲੋਕ ਸਭਾ 'ਚ ਟ੍ਰਾਂਸਜੈਂਡਰ ਅਧਿਕਾਰ ਸੋਧ ਬਿੱਲ ਪੇਸ਼

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 13 ਮਾਰਚ: 'ਟ੍ਰਾਂਸਜੈਂਡਰ' ਸ਼ਬਦ ਦੀ ਢੁਕਵੀਂ ਪਰਿਭਾਸ਼ਾ ਦੇਣ ਤੇ ਇਸ ਵਰਗ ਦੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਲਈ ਸਜ਼ਾ ਦੇ ਪ੍ਰਬੰਧ ਵਾਲਾ ਇਕ ਅਹਿਮ ਬਿੱਲ ਸ਼ੁੱਕਰਵਾਰ ਨੂੰ ਲੋਕ ਸਭਾ 'ਚ ਪੇਸ਼ ਕੀਤਾ ਗਿਆ। ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰੀ ਵੀਰੇਂਦਰ ਕੁਮਾਰ ਨੇ 'ਟ੍ਰਾਂਸਜੈਂਡਰ ਵਿਅਕਤੀ (ਅਧਿਕਾਰਾਂ ਦੀ ਸੁਰੱਖਿਆ) ਸੋਧ ਬਿੱਲ' ਸਦਨ 'ਚ ਪੇਸ਼ ਕੀਤਾ। ਬਿੱਲ ਦੇ ਉਦੇਸ਼ਾਂ 'ਚ ਕਿਹਾ ਗਿਆ ਹੈ ਕਿ ਟ੍ਰਾਂਸਜੈਂਡਰ ਵਿਅਕਤੀਆਂ ਦੀ ਸਹੀ ਤੇ ਪੱਕੀ ਪਛਾਣ ਕਰਨਾ ਤੇ ਉਨ੍ਹਾਂ ਦੀ ਸੁਰੱਖਿਆ ਲਈ ਇਕ ਢੁਕਵੀਂ ਪਰਿਭਾਸ਼ਾ ਦੇਣੀ ਬੇਹੱਦ ਜ਼ਰੂਰੀ ਹੈ। ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਂ ਜੋ ਇਸ ਵਰਗ ਦੇ ਲੋਕਾਂ ਨੂੰ ਮੌਜੂਦਾ ਕਾਨੂੰਨਾਂ ਦਾ ਸਹੀ ਫਾਇਦਾ ਮਿਲ ਸਕੇ। ਬਿੱਲ 'ਚ ਇਸ ਗੱਲ 'ਤੇ ਜ਼ੋਰ ਦਿੱਤਾ



ਗਿਆ ਹੈ ਕਿ ਮੌਜੂਦਾ ਕਾਨੂੰਨ ਤਹਿਤ ਦਿੱਤੀ ਜਾਣ ਵਾਲੀ ਸੁਰੱਖਿਆ ਅਤੇ ਲਾਭ ਬਹੁਤ ਵਿਆਪਕ ਹਨ। ਇਸ ਲਈ, ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਅਜਿਹੀ ਪਛਾਣ ਸਿਰਫ਼ ਕਿਸੇ ਵਿਅਕਤੀ ਦੀ ਨਿੱਜੀ ਪਸੰਦ ਜਾਂ ਖ਼ੁਦ ਦੱਸੀ ਗਈ ਪਛਾਣ ਦੇ ਆਧਾਰ 'ਤੇ ਨਹੀਂ ਦਿੱਤੀ ਜਾ ਸਕਦੀ। ਸਰਕਾਰ ਦਾ ਮੰਨਣਾ ਹੈ ਕਿ ਕਾਨੂੰਨ ਦੇ ਲਾਭ ਪਹੁੰਚਾਉਣ ਲਈ ਇਕ ਨਿਸ਼ਚਿਤ ਪ੍ਰਕਿਰਿਆ ਤੇ ਪਰਿਭਾਸ਼ਾ ਦਾ ਹੋਣਾ ਲਾਜ਼ਮੀ ਹੈ।

## ਲਗਾਤਾਰ ਤੀਜੇ ਦਿਨ ਸ਼ੇਅਰ ਬਾਜ਼ਾਰ 'ਚ ਭਾਰੀ ਗਿਰਾਵਟ

ਮੁੰਬਈ, 13 ਮਾਰਚ (ਚ.ਨ.ਸ.):ਪੱਛਮੀ ਏਸ਼ੀਆ ਵਿੱਚ ਵਧਦੇ ਸੰਘਰਸ਼ ਦਰਮਿਆਨ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਨੇ ਮਹਿੰਗਾਈ ਅਤੇ ਵਿਸ਼ਵਵਿਆਪੀ ਆਰਥਿਕ ਸਥਿਰਤਾ ਬਾਰੇ ਚਿੰਤਾਵਾਂ ਵਧਾ ਦਿੱਤੀਆਂ ਹਨ। ਇਸ ਕਾਰਨ ਸ਼ੁੱਕਰਵਾਰ ਨੂੰ ਲਗਾਤਾਰ ਤੀਜੇ ਦਿਨ ਸ਼ੇਅਰ ਬਾਜ਼ਾਰ ਦੇ ਸੂਚਕ ਸੈਂਸੈਕਸ ਅਤੇ ਨਿਫਟੀ ਵਿੱਚ ਭਾਰੀ ਬਿਕਵਾਲੀ ਦੇਖਣ ਨੂੰ ਮਿਲੀ। ਆਲਮੀ ਪੱਧਰ 'ਤੇ ਤੇਜ਼ ਬਿਕਵਾਲੀ, ਵਿਦੇਸ਼ੀ ਫੰਡਾਂ ਦੀ ਲਗਾਤਾਰ ਨਿਕਾਸੀ ਅਤੇ ਰੁਪੱਈਏ ਦੀ ਕਮਜ਼ੋਰੀ ਨੇ ਵੀ ਨਿਵੇਸ਼ਕਾਂ ਦੇ ਭਰੋਸੇ ਨੂੰ ਸੱਟ ਮਾਰੀ ਹੈ।

30 ਸ਼ੇਅਰਾਂ ਵਾਲਾ ਬੀ.ਐਸ.ਈ. ਸੈਂਸੈਕਸ ਕਾਰੋਬਾਰ ਦੌਰਾਨ 1,579.82 ਅੰਕ ਜਾਂ 2 ਫੀਸਦੀ ਤੱਕ ਡਿੱਗ ਕੇ 74,454.60 'ਤੇ ਆ ਗਿਆ ਸੀ। ਅੰਤ ਵਿੱਚ ਇਹ 1,470.50 ਅੰਕ ਜਾਂ 1.93 ਫੀਸਦੀ ਦੀ ਗਿਰਾਵਟ (ਬਾਕੀ ਸਫਾ 2 'ਤੇ)

## ਸੁਪਰੀਮ ਕੋਰਟ ਵੱਲੋਂ ਮਾਹਵਾਰੀ ਦੀ ਛੁੱਟੀ ਸਬੰਧੀ ਦੇਸ਼ ਵਿਆਪੀ ਨੀਤੀ ਬਣਾਉਣ ਤੋਂ ਨਾਂਹ

### ਵਿਦਿਆਰਥਣਾਂ ਲਈ ਛੁੱਟੀ ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ 'ਤੇ ਹੋਈ ਸੁਣਵਾਈ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 13 ਮਾਰਚ: ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦੇਸ਼ ਭਰ ਦੀਆਂ ਮਹਿਲਾ ਵਿਦਿਆਰਥਣਾਂ ਅਤੇ ਕਾਮਿਆਂ ਲਈ 'ਮਾਸਿਕ ਧਰਮ ਛੁੱਟੀ' ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਏਮਾਲਿਆ ਬਾਗਚੀ ਦੇ ਬੈਂਚ ਨੇ ਟਿੱਪਣੀ ਕੀਤੀ ਕਿ ਅਜਿਹਾ ਕਾਨੂੰਨ ਬਣਾਉਣ ਨਾਲ ਔਰਤਾਂ ਨੂੰ ਨੌਕਰੀਆਂ ਮਿਲਣ ਵਿੱਚ ਮੁਸ਼ਕਲ ਆ ਸਕਦੀ ਹੈ ਅਤੇ ਇਹ ਅਣਜਾਣੇ ਵਿੱਚ ਔਰਤਾਂ ਪ੍ਰਤੀ ਸਮਾਜਿਕ ਰੂੜ੍ਹੀਵਾਦੀ ਸੋਚ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ।



ਅਦਾਲਤ ਨੇ ਕਿਹਾ ਕਿ ਜੇਕਰ ਅਜਿਹੀ ਛੁੱਟੀ ਕਾਨੂੰਨੀ ਤੌਰ 'ਤੇ ਲਾਜ਼ਮੀ ਕਰ ਦਿੱਤੀ ਗਈ, ਤਾਂ ਨਿੱਜੀ ਰੁਜ਼ਗਾਰਦਾਤਾ ਔਰਤਾਂ ਨੂੰ ਨੌਕਰੀ 'ਤੇ ਰੱਖਣ ਤੋਂ ਕੰਨੀ ਕਤਰਾਉਣਗੇ, ਜਿਸ ਨਾਲ ਉਨ੍ਹਾਂ ਦੇ ਕਰੀਅਰ ਨੂੰ ਨੁਕਸਾਨ ਪਹੁੰਚ ਸਕਦਾ ਹੈ। ਬੈਂਚ ਨੇ ਕਿਹਾ, ਜਦੋਂ ਤੁਸੀਂ ਇਸਨੂੰ ਕਾਨੂੰਨ ਵਿੱਚ ਲਾਜ਼ਮੀ ਕਹਿੰਦੇ ਹੋ, ਤਾਂ ਕੋਈ ਵੀ ਉਨ੍ਹਾਂ ਨੂੰ ਨੌਕਰੀ ਨਹੀਂ ਦੇਵੇਗਾ। ਉਹ ਕਹਿਣਗੇ ਕਿ ਹਰ ਮਹੀਨੇ ਛੁੱਟੀ ਲੈਣ ਨਾਲੋਂ ਤੁਸੀਂ ਘਰ ਹੀ ਬੈਠੋ। ਅਦਾਲਤ ਨੇ ਸਪੱਸ਼ਟ ਕੀਤਾ ਕਿ ਕੰਪਨੀਆਂ ਵੱਲੋਂ ਆਪਣੀ ਮਰਜ਼ੀ ਨਾਲ ਅਜਿਹੀ ਸਹੂਲਤ ਦੇਣਾ ਚੰਗੀ ਗੱਲ ਹੈ, ਪਰ ਅਦਾਲਤ ਇਸ ਨੂੰ ਸਾਰੇ ਅਦਾਰਿਆਂ ਲਈ ਲਾਜ਼ਮੀ ਨਹੀਂ ਕਰ ਸਕਦੀ।

ਹਾਲਾਂਕਿ, ਸੁਪਰੀਮ ਕੋਰਟ ਨੇ ਪਟੀਸ਼ਨਕਰਤਾ ਸ਼ੈਲੇਂਦਰ ਮਣੀ ਤ੍ਰਿਪਾਠੀ ਨੂੰ ਰਾਹਤ ਦਿੰਦਿਆਂ ਕਿਹਾ ਕਿ ਉਹ ਸਬੰਧਤ ਅਧਿਕਾਰੀਆਂ (ਸਰਕਾਰ) ਕੋਲ ਆਪਣੀ ਮੰਗ ਰੱਖ ਸਕਦੇ ਹਨ। ਅਦਾਲਤ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਾਰੇ ਸਬੰਧਤ ਪੱਖਾਂ ਨਾਲ ਸਲਾਹ-ਮਸ਼ਵਰਾ (ਬਾਕੀ ਸਫਾ 2 'ਤੇ)

ਆਸਾਮ 'ਚ ਪ੍ਰਧਾਨ ਮੰਤਰੀ ਵੱਲੋਂ ਕਾਂਗਰਸ 'ਤੇ ਤਿੱਖਾ ਹਮਲਾ

## ਭਾਜਪਾ ਦੀ ਅਗਵਾਈ ਵਾਲੀ ਸਰਕਾਰ ਸਾਰਿਆਂ ਨੂੰ ਨਾਲ ਲੈ ਕੇ ਚੱਲ ਰਹੀ ਹੈ: ਮੋਦੀ

ਚੜ੍ਹਦੀਕਲਾ ਬਿਊਰੋ
================

ਗੁਹਾਟੀ, 13 ਮਾਰਚ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਆਸਾਮ ਵਿੱਚ ਇੱਕ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ 'ਤੇ ਤਿੱਖਾ ਹਮਲਾ ਬੋਲਿਆ। ਖ਼ਰਾਬ ਮੌਸਮ ਕਾਰਨ ਕੋਕਰਾਝਾਰ ਨਾ ਪਹੁੰਚ ਸਕਣ ਕਾਰਨ ਪੀਐੱਮ ਮੋਦੀ ਨੇ ਗੁਹਾਟੀ ਤੋਂ ਹੀ ਵੀਡੀਓ ਕਾਨਫਰੰਸਿੰਗ ਰਾਹੀਂ ਲੋਕਾਂ ਨੂੰ ਸੰਬੋਧਨ ਕੀਤਾ ਅਤੇ ਕਾਂਗਰਸ ਨੂੰ 'ਝੂਠੇ ਵਾਅਦਿਆਂ ਦੀ ਦੁਕਾਨ' ਕਰਾਰ ਦਿੱਤਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਲੋਕਾਂ ਨੂੰ ਤੋਹਫ਼ੇ ਵਜੋਂ '4 ਸੁਪਰ ਝੂਠ' ਦਿੰਦੀ ਹੈ ਅਤੇ ਉਸ ਦਾ ਵਾਅਦੇ ਪੂਰੇ ਕਰਨ ਦਾ ਕੋਈ ਇਰਾਦਾ ਨਹੀਂ ਹੁੰਦਾ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਿਰਫ਼ ਆਪਣੇ ਸਵਾਰਥ ਲਈ



ਵੱਖ-ਵੱਖ ਭਾਈਚਾਰਿਆਂ ਵਿੱਚ ਫੁੱਟ ਪਾਉਣ ਦਾ ਕੰਮ ਕਰਦੀ ਹੈ, ਜਦਕਿ ਭਾਜਪਾ ਦੀ ਅਗਵਾਈ ਵਾਲੀ 'ਡਬਲ ਇੰਜਣ' ਸਰਕਾਰ ਸਾਰਿਆਂ ਨੂੰ ਨਾਲ ਲੈ ਕੇ ਚੱਲ ਰਹੀ ਹੈ।ਪੀਐੱਮ ਮੋਦੀ ਨੇ ਬੋਡੋਲੈਂਡ ਖੇਤਰ ਵਿੱਚ ਆਈ ਤਬਦੀਲੀ ਦਾ ਜ਼ਿਕਰ (ਬਾਕੀ ਸਫਾ 2 'ਤੇ)

## ਇਸਰੋ ਵੱਲੋਂ 22 ਟਨ ਦੀ ਸਮਰੱਥਾ ਵਾਲੇ ਸੀ.ਈ.20 ਇੰਜਣ ਦਾ ਸਫ਼ਲ ਪ੍ਰੀਖਣ

ਚੇਨਈ, 13 ਮਾਰਚ (ਚ.ਨ.ਸ.): ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਆਪਣੇ ਕ੍ਰਾਇਓਜੇਨਿਕ ਇੰਜਣ ਸੀਈ20 ਦਾ 22 ਟਨ ਥ੍ਰਸਟ ਸਮਰੱਥਾ ਨਾਲ ਸਫ਼ਲ ਪ੍ਰੀਖਣ ਕੀਤਾ ਹੈ। ਇਸਰੋ ਨੇ ਇਕ ਬਿਆਨ 'ਚ ਦੱਸਿਆ ਕਿ ਕ੍ਰਾਇਓਜੇਨਿਕ ਇੰਜਣ ਸੀਈ20 'ਚ 'ਨੋਜ਼ਲ ਪ੍ਰੋਟੈਕਸ਼ਨ ਸਿਸਟਮ' (ਐੱਨ.ਪੀ.ਐੱਸ.) ਅਤੇ ਇਕ 'ਮਲਟੀ-ਐਲੀਮੈਂਟ ਇਗਨਾਈਟਰ' ਦਾ ਉਪਯੋਗ ਕਰ ਕੇ 10 ਮਾਰਚ ਨੂੰ ਸਮੁੰਦਰ ਪੱਧਰ 'ਤੇ ਸਫ਼ਲ ਪ੍ਰੀਖਣ ਕੀਤਾ ਗਿਆ। ਇਸ ਤੋਂ ਪਹਿਲੇ,ਐੱਨ.ਪੀ.ਐੱਸ. ਦਾ ਉਪਯੋਗ ਕਰਦੇ ਹੋਏ ਸਮੁੰਦਰ-ਪੱਧਰ 'ਤੇ 19-ਟਨ ਥ੍ਰਸਟ ਸਮਰੱਥਾ ਵਾਲੇ ਪ੍ਰੀਖਣ ਕੀਤੇ ਜਾ ਰਹੇ ਸਨ। ਸੀਈ 20 ਕ੍ਰਾਇਓਜੇਨਿਕ ਇੰਜਣ ਐੱਲਵੀਐੱਮ3 ਲਾਂਚ ਵਾਹਨ ਦੇ ਉੱਪਰੀ ਕ੍ਰਾਇਓਜੇਨਿਕ ਪੜਾਅ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਇਸਰੋ ਐੱਲਵੀਐੱਮ3 ਦੀ ਪੇਲੋਡ ਲਿਜਾਉਣ (ਬਾਕੀ ਸਫਾ 2 'ਤੇ)

ਮੌਸਮ ਵਿਭਾਗ ਵੱਲੋਂ ਯੈਲੋ ਅਲਰਟ ਜਾਰੀ

## ਪੰਜਾਬ 'ਚ 4 ਦਿਨ ਪਵੇਗਾ ਮੀਂਹ, ਚੱਲਣਗੀਆਂ ਤੇਜ਼ ਹਵਾਵਾਂ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 13 ਮਾਰਚ:ਪੰਜਾਬ ਤੇ ਚੰਡੀਗੜ੍ਹ ਵਿੱਚ ਮੌਸਮ ਬਦਲਣ ਵਾਲਾ ਹੈ। ਕੱਲ੍ਹ, ਸ਼ਨੀਵਾਰ ਤੋਂ ਲਗਾਤਾਰ ਚਾਰ ਦਿਨ ਗਰਜ-ਤੂਫ਼ਾਨ ਅਤੇ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣਗੀਆਂ। ਮੌਸਮ ਵਿਭਾਗ ਨੇ ਇਸ ਸਬੰਧ ਵਿੱਚ ਯੈਲੋ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਦੇ ਅਨੁਸਾਰ, 14, 15, 16 ਅਤੇ 17 ਤਰੀਕ ਨੂੰ ਮੀਂਹ ਪੈਣ ਦੀ ਸੰਭਾਵਨਾ ਹੈ। ਹਾਲਾਂਕਿ, ਅੱਜ ਮੌਸਮ ਖੁਸ਼ਕ ਰਹੇਗਾ। ਅਗਲੇ 48 ਘੰਟਿਆਂ ਵਿੱਚ ਦਿਨ ਦੇ ਤਾਪਮਾਨ ਵਿੱਚ 2-3 ਡਿਗਰੀ ਦੀ ਗਿਰਾਵਟ ਆ ਸਕਦੀ ਹੈ, ਪਰ ਉਸ ਤੋਂ ਬਾਅਦ ਬਹੁਤ ਘੱਟ ਬਦਲਾਅ ਹੋਵੇਗਾ। 14 ਮਾਰਚ ਨੂੰ ਪਠਾਨਕੋਟ, ਹੁਸ਼ਿਆਰਪੁਰ ਅਤੇ ਰੂਪਨਗਰ ਦੇ ਕੁਝ ਇਲਾਕਿਆਂ ਵਿੱਚ ਮੀਂਹ, ਬਿਜਲੀ ਅਤੇ



ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟਾ) ਦੇ ਨਾਲ ਗਰਜ-ਤੂਫਾਨ ਆਉਣ ਦੀ ਸੰਭਾਵਨਾ ਹੈ।

ਇਨ੍ਹਾਂ ਜ਼ਿਲ੍ਹਿਆਂ ਵਿੱਚ ਵੱਖ-ਵੱਖ ਥਾਵਾਂ 'ਤੇ ਹਲਕੀ ਬਾਰਿਸ਼ ਵੀ ਹੋ ਸਕਦੀ ਹੈ। 15 ਮਾਰਚ ਨੂੰ ਪਠਾਨਕੋਟ, ਹੁਸ਼ਿਆਰਪੁਰ, ਰੂਪਨਗਰ, ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਨਵਾਂਸ਼ਹਿਰ, ਫਤਿਹਗੜ੍ਹ ਸਾਹਿਬ, ਪਟਿਆਲਾ, ਮੋਹਾਲੀ ਅਤੇ ਸੰਗਰੂਰ ਵਿੱਚ ਵੱਖ-ਵੱਖ ਥਾਵਾਂ 'ਤੇ ਮੀਂਹ, ਬਿਜਲੀ ਅਤੇ (ਬਾਕੀ ਸਫਾ 2 'ਤੇ)

### ਵਾਦੀ 'ਚ ਬਰਫ਼ਬਾਰੀ ਕਾਰਨ ਸ੍ਰੀਨਗਰ-ਲੇਹ ਹਾਈਵੇਅ ਚੌਥੇ ਦਿਨ ਵੀ ਰਿਹਾ ਬੰਦ

ਸ੍ਰੀਨਗਰ, 13 ਮਾਰਚ (ਚ.ਨ.ਸ.): ਕਸ਼ਮੀਰ ਦੇ ਉਪਰਲੇ ਇਲਾਕਿਆਂ ਵਿੱਚ ਹੋ ਰਹੀ ਲਗਾਤਾਰ ਬਰਫ਼ਬਾਰੀ ਨੇ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਹੈ। ਸ਼ੁੱਕਰਵਾਰ, 13 ਮਾਰਚ ਨੂੰ ਰਣਨੀਤਕ ਤੌਰ 'ਤੇ ਅਹਿਮ ਸ੍ਰੀਨਗਰ-ਲੇਹ ਹਾਈਵੇਅ ਲਗਾਤਾਰ ਚੌਥੇ ਦਿਨ ਵੀ ਬੰਦ ਰਿਹਾ, ਜਿਸ ਕਾਰਨ ਦਰਾਸ ਅਤੇ ਸੋਨਮਰਗ ਇਲਾਕਿਆਂ ਵਿੱਚ ਸੈਂਕੜੇ ਵਾਹਨ ਫਸ ਗਏ ਹਨ। ਅਧਿਕਾਰੀਆਂ ਅਨੁਸਾਰ ਜ਼ੋਜੀਲਾ ਦਰੇ 'ਤੇ ਭਾਰੀ ਬਰਫ਼ਬਾਰੀ ਕਾਰਨ ਵਾਹਨਾਂ ਦੀ ਆਵਾਜਾਈ ਪੂਰੀ ਤਰ੍ਹਾਂ (ਬਾਕੀ ਸਫਾ 2 'ਤੇ)

### ਕੇਂਦਰ ਵੱਲੋਂ ਆਫ਼ਤ ਪ੍ਰਭਾਵਿਤ ਸੂਬਿਆਂ ਲਈ 1912 ਕਰੋੜ ਦਾ ਪੈਕੇਜ ਮਨਜ਼ੂਰ

ਨਵੀਂ ਦਿੱਲੀ, 13 ਮਾਰਚ (ਚ.ਨ.ਸ.):ਕੇਂਦਰ ਨੇ 2025 'ਚ ਹੜ੍ਹ, ਅਚਾਨਕ ਆਏ ਹੜ੍ਹ, ਬੱਦਲ ਫਟਣ, ਜ਼ਮੀਨ ਖਿਸਕਣ ਅਤੇ ਚੱਕਰਵਾਤ 'ਮੋਂਥਾ' ਤੋਂ ਪ੍ਰਭਾਵਿਤ 5 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਨੂੰ 1,912.99 ਕਰੋੜ ਰੁਪਏ ਦੀ ਵਾਧੂ ਵਿੱਤੀ ਮਦਦ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰ ਸਰਕਾਰ ਨੇ ਸ਼ੁੱਕਰਵਾਰ ਨੂੰ ਜਾਰੀ ਇਕ ਅਧਿਕਾਰਤ ਬਿਆਨ 'ਚ ਇਹ ਜਾਣਕਾਰੀ ਦਿੱਤੀ। ਬਿਆਨ 'ਚ ਕਿਹਾ ਗਿਆ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਵਾਲੀ ਉੱਚ ਪੱਧਰੀ ਕਮੇਟੀ (ਐੱਚਐੱਲਸੀ) ਨੇ ਇਹ ਫ਼ੈਸਲਾ ਲਿਆ ਹੈ। ਬਿਆਨ ਅਨੁਸਾਰ, ਇਹ 5 ਸੂਬੇ ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਨਾਗਾਲੈਂਡ ਹਨ।ਬਿਆਨ 'ਚ ਕਿਹਾ ਗਿਆ ਹੈ, (ਬਾਕੀ ਸਫਾ 2 'ਤੇ)

ਰਾਹੁਲ ਗਾਂਧੀ ਨੇ ਕਬੂਲੀਆਂ ਪਾਰਟੀ ਦੀਆਂ ਗ਼ਲਤੀਆਂ

## 'ਕਾਂਗਰਸ 'ਚ ਕਮੀਆਂ ਸਨ, ਇਸ ਲਈ ਕਾਂਸ਼ੀ ਰਾਮ ਹੋਏ ਸਫ਼ਲ...'

ਚੜ੍ਹਦੀਕਲਾ ਬਿਊਰੋ
================

ਲਖਨਊ, 13 ਮਾਰਚ: ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਆਯੋਜਿਤ 'ਕਾਂਗਰਸ ਸੰਵਿਧਾਨ ਸੰਮੇਲਨ' ਦੌਰਾਨ ਰਾਹੁਲ ਗਾਂਧੀ ਨੇ ਆਪਣੀ ਪਾਰਟੀ ਦੀਆਂ ਇਤਿਹਾਸਕ ਕਮੀਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ। ਰਾਹੁਲ ਗਾਂਧੀ ਨੇ ਮੰਨਿਆ ਕਿ ਕਾਂਗਰਸ ਵਿੱਚ ਕਮੀਆਂ ਸਨ, ਜਿਸ ਕਾਰਨ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਸਫਲ ਹੋਏ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਨੇ ਆਪਣਾ ਕੰਮ ਸਹੀ ਢੰਗ ਨਾਲ ਕੀਤਾ ਹੁੰਦਾ ਤਾਂ ਕਾਂਸ਼ੀ ਰਾਮ ਇੰਨੇ ਸਫਲ ਨਾ ਹੁੰਦੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਜਵਾਹਰ ਲਾਲ ਨਹਿਰੂ ਜ਼ਿੰਦਾ ਹੁੰਦੇ ਤਾਂ ਕਾਂਸ਼ੀ ਰਾਮ ਕਾਂਗਰਸ ਦੇ ਮੁੱਖ ਮੰਤਰੀ ਹੁੰਦੇ।

ਰਾਹੁਲ ਗਾਂਧੀ ਨੇ



ਆਰ.ਐਸ.ਐਸ. 'ਤੇ ਹਮਲਾ ਕਰਦਿਆਂ ਕਿਹਾ ਕਿ ਜਥੇਬੰਦੀ ਦੇ ਉੱਚ ਅਹੁਦਿਆਂ 'ਤੇ ਕੋਈ ਵੀ ਓ.ਬੀ.ਸੀ., ਦਲਿਤ ਜਾਂ ਆਦਿਵਾਸੀ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੀ 85% ਆਬਾਦੀ ਨੂੰ ਇਹ ਮਹਿਸੂਸ ਕਰਵਾਇਆ ਜਾ ਰਿਹਾ ਹੈ ਕਿ ਇਹ ਦੇਸ਼ ਉਨ੍ਹਾਂ ਦਾ ਨਹੀਂ ਹੈ, (ਬਾਕੀ ਸਫਾ 2 'ਤੇ)

## ਇਰਾਕ ਵਿੱਚ ਅਮਰੀਕੀ ਹਵਾਈ ਫ਼ੌਜ ਦਾ ਜਹਾਜ਼ ਹਾਦਸਾਗ੍ਰਸਤ, 4 ਦੀ ਮੌਤ

ਤਹਿਰਾਨ, 13 ਮਾਰਚ (ਚ.ਨ.ਸ.): ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ 14ਵਾਂ ਦਿਨ ਹੈ। ਵੀਰਵਾਰ ਨੂੰ ਪੱਛਮੀ ਇਰਾਕ ਵਿੱਚ ਇੱਕ ਅਮਰੀਕੀ ਹਵਾਈ ਫੌਜ ਦਾ ਕੇਸੀ-135 ਸਟ੍ਰੈਟੋਟੈਂਕਰ ਰਿਫਿਊਲਿੰਗ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਅਮਰੀਕੀ ਕੇਂਦਰੀ ਕਮਾਂਡ ਦੇ ਅਨੁਸਾਰ, ਜਹਾਜ਼ ਵਿੱਚ ਸਵਾਰ ਛੇ ਚਾਲਕ ਦਲ ਦੇ ਮੈਂਬਰਾਂ ਵਿੱਚੋਂ ਚਾਰ ਦੀ ਮੌਤ ਹੋ ਗਈ, ਜਦੋਂ ਕਿ ਦੋ ਅਜੇ ਵੀ ਲਾਪਤਾ ਹਨ ਅਤੇ ਇੱਕ ਦੀ ਭਾਲ ਜਾਰੀ ਹੈ। ਅਧਿਕਾਰੀਆਂ ਦੇ ਅਨੁਸਾਰ, ਜਹਾਜ਼ ਇੱਕ ਕਾਰਵਾਈ ਦੌਰਾਨ ਹਾਦਸਾਗ੍ਰਸਤ ਹੋ ਗਿਆ। ਉਸ ਸਮੇਂ ਇੱਕ ਦੂਜਾ ਅਮਰੀਕੀ ਟੈਂਕਰ ਜਹਾਜ਼ ਵੀ ਮਿਸ਼ਨ ਵਿੱਚ ਸ਼ਾਮਲ ਸੀ। ਹਾਲਾਂਕਿ, ਦੂਜਾ ਜਹਾਜ਼ ਸੁਰੱਖਿਅਤ ਰਿਹਾ। ਅਮਰੀਕੀ ਫੌਜ ਨੇ ਸਪੱਸ਼ਟ ਕੀਤਾ ਹੈ ਕਿ ਇਹ ਹਾਦਸਾ ਦੁਸ਼ਮਣ ਦੇ ਹਮਲੇ ਜਾਂ ਦੋਸਤਾਨਾ ਫਾਇਰ ਕਾਰਨ ਨਹੀਂ ਹੋਇਆ ਸੀ। (ਬਾਕੀ ਸਫਾ 2 'ਤੇ)

## ਸੋਨਾ ਬਣਾਏਗਾ ਨਵੇਂ ਰਿਕਾਰਡ! ਮਾਹਿਰਾਂ ਵੱਲੋਂ ਭਾਅ 3 ਲੱਖ ਤੋਂ ਪਾਰ ਪੁੱਜਣ ਦੀ ਭਵਿੱਖਬਾਣੀ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 13 ਮਾਰਚ:ਕੁਝ ਸਾਲ ਪਹਿਲਾਂ ਤੱਕ ਸਿਰਫ਼ 10 ਗ੍ਰਾਮ ਸੋਨੇ ਲਈ 3 ਲੱਖ ਰੁਪਏ ਦੀ ਕੀਮਤ ਬਾਰੇ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਪਰ ਹੁਣ



ਬਹੁਤ ਸਾਰੇ ਗਲੋਬਲ ਮਾਰਕੀਟ ਮਾਹਰ ਮੰਨਦੇ ਹਨ ਕਿ ਬਦਲਦੇ ਆਰਥਿਕ ਅਤੇ ਰਾਜਨੀਤਿਕ ਹਾਲਾਤ ਕਾਰਨ,ਆਉਣ ਵਾਲੇ ਸਾਲਾਂ ਵਿੱਚ ਸੋਨੇ ਦੀਆਂ ਕੀਮਤਾਂ ਨਵੀਆਂ ਉਚਾਈਆਂ 'ਤੇ ਪਹੁੰਚ ਸਕਦੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨੇ ਦੀ ਕੀਮਤ 10,000 ਡਾਲਰ ਪ੍ਰਤੀ ਔਂਸ ਤੱਕ ਪਹੁੰਚ ਜਾਂਦੀ ਹੈ, ਤਾਂ ਭਾਰਤ ਵਿੱਚ 10 ਗ੍ਰਾਮ ਸੋਨੇ ਦੀ ਕੀਮਤ 2.7 ਲੱਖ ਰੁਪਏ ਤੋਂ 3.1 ਲੱਖ ਰੁਪਏ ਦੇ ਵਿਚਕਾਰ ਹੋ ਸਕਦੀ ਹੈ। ਸੋਨੇ ਦੀਆਂ ਕੀਮਤਾਂ ਵਿੱਚ ਇਸ ਸੰਭਾਵੀ ਵਾਧੇ ਦਾ ਕਾਰਨ ਕਈ ਪ੍ਰਮੁੱਖ ਗਲੋਬਲ ਕਾਰਕਾਂ ਨੂੰ ਦੱਸਿਆ ਜਾ ਰਿਹਾ ਹੈ, ਜਿਸ ਵਿੱਚ ਵਧਦਾ ਵਿਸ਼ਵਵਿਆਪੀ ਕਰਜ਼ਾ, ਭੂ-ਰਾਜਨੀਤਿਕ ਤਣਾਅ ਅਤੇ ਡਾਲਰ ਵਿੱਚ ਘਟਦਾ ਵਿਸ਼ਵਾਸ ਸ਼ਾਮਲ ਹੈ। ਮਾਰਕੀਟ ਮਾਹਰਾਂ ਅਨੁਸਾਰ,ਆਉਣ ਵਾਲੇ ਸਾਲਾਂ ਵਿੱਚ ਸੋਨੇ ਦੀਆਂ ਕੀਮਤਾਂ ਮਜ਼ਬੂਤ ਰਹਿ ਸਕਦੀਆਂ ਹਨ।

## ਪੰਜਾਬ ਵਿੱਚ ਕੈਂਸਰ ਕਾਰਨ ਰੋਜ਼ਾਨਾ ਹੁੰਦੀਆਂ ਨੇ 68 ਮੌਤਾਂ!

### ਦੇਸ਼ ਵਿੱਚ ਕੈਂਸਰ ਕੇਸ 2021 ਦੌਰਾਨ 14,26,447 ਤੋਂ ਵਧ ਕੇ 2025 'ਚ 15,69,793 ਹੋਏ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 13 ਮਾਰਚ: ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਪੰਜਾਬੀਆਂ ਨੂੰ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਸੂਬੇ ਵਿੱਚ ਸਾਲ 2025 ਦੌਰਾਨ ਹਰ ਰੋਜ਼ ਲਗਭਗ 68 ਲੋਕਾਂ ਦੀ ਮੌਤ ਕੈਂਸਰ ਕਾਰਨ ਹੋਈ, ਜਿਸ ਨਾਲ ਪਿਛਲੇ ਸਾਲਾਂ ਦੇ ਮੁਕਾਬਲੇ ਬਿਮਾਰੀ ਦੇ ਫੈਲਣ ਅਤੇ ਮੌਤ ਦਰ ਦੋਵਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ।

ਗ਼ੌਰਤਲਬ ਹੈ ਕਿ ਦੇਸ਼ ਲਈ ਜਾਰੀ ਸਮੁੱਚੇ ਰੁਝਾਨਾਂ ਵਿੱਚ ਵਾਧਾ ਆਇਆ ਹੈ, ਕਿਉਂਕਿ ਪਿਛਲੇ ਸਾਲ ਰੋਜ਼ਾਨਾ 2,380 ਭਾਰਤੀਆਂ ਨੇ ਕੈਂਸਰ ਕਾਰਨ ਆਪਣੀ ਜਾਨ ਗਵਾਈ, ਜਿਸ ਵਿੱਚ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 343 ਮੌਤਾਂ ਹੋਈਆਂ।ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਸੰਸਦ ਵਿੱਚ ਪੇਸ਼ ਕੀਤੇ ਗਏ ਕੈਂਸਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2025 ਵਿੱਚ ਹਰਿਆਣਾ ਵਿੱਚ ਰੋਜ਼ਾਨਾ 50 ਅਤੇ ਹਿਮਾਚਲ



ਪ੍ਰਦੇਸ਼ ਵਿੱਚ 15 ਮੌਤਾਂ ਕੈਂਸਰ ਕਾਰਨ ਹੋਈਆਂ। ਅੰਕੜੇ ਦਰਸਾਉਂਦੇ ਹਨ ਕਿ 2025 ਦੌਰਾਨ ਭਾਰਤ ਵਿੱਚ ਕੁੱਲ 15,69,793 ਕੇਸ ਸਾਹਮਣੇ ਆਏ ਅਤੇ ਕੈਂਸਰ ਕਾਰਨ ਮੌਤਾਂ ਦੇ ਅਨੁਮਾਨਿਤ ਕੇਸ 8,68,588 ਰਹੇ।

#### ਪੰਜਾਬ ਵਿੱਚ 24886 ਮੌਤਾਂ

ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 2025 ਵਿੱਚ ਕੈਂਸਰ ਦੇ 43,196 ਕੇਸ ਅਤੇ 24,886 ਮੌਤਾਂ ਹੋਈਆਂ, ਜਦੋਂ ਕਿ ਹਰਿਆਣਾ ਵਿੱਚ ਉਸੇ ਸਾਲ 33,395 ਕੇਸ ਅਤੇ 18,387 ਤੋਂ ਵੱਧ ਮੌਤਾਂ ਹੋਈਆਂ। ਉੱਤਰ ਪ੍ਰਦੇਸ਼ ਵਿੱਚ 2025 ਦੌਰਾਨ ਸਭ ਤੋਂ ਵੱਧ 1,25,184 ਕੈਂਸਰ ਮੌਤਾਂ ਦੇ ਕੇਸ ਦੇਖੇ ਗਏ, ਜਦੋਂ ਕਿ ਉੱਥੇ ਰਿਪੋਰਟ ਕੀਤੇ ਗਏ ਅਨੁਮਾਨਿਤ ਕੇਸਾਂ ਦੀ ਸੰਖਿਆ 2,26,125 ਸੀ।

ਭਾਰਤੀ ਮੈਡੀਕਲ ਖੋਜ ਪ੍ਰੀਸ਼ਦ ਦੇ 2021 ਦੇ ਇੱਕ ਅਧਿਐਨ ਨੇ ਖੁਲਾਸਾ ਕੀਤਾ ਸੀ ਕਿ ਪੰਜਾਬ ਦੀਆਂ ਔਰਤਾਂ ਵਿੱਚ ਛਾਤੀ ਦਾ ਕੈਂਸਰ ਸਭ ਤੋਂ ਘਾਤਕ ਸੀ। ਪੰਜਾਬ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਅਨੁਮਾਨਿਤ ਮੌਤਾਂ 2021 ਵਿੱਚ 22,786 ਤੋਂ ਵਧ ਕੇ 2022 ਵਿੱਚ 23,301, 2023 ਵਿੱਚ 23,818, 2024 ਵਿੱਚ 24,369 ਅਤੇ 2025 ਵਿੱਚ 24,886 ਹੋ ਗਈਆਂ। ਇਸਦਾ ਮਤਲਬ ਹੈ ਕਿ ਹਰ ਸਾਲ ਪੰਜਾਬ ਵਿੱਚ ਲਗਭਗ 25,000 ਲੋਕ ਕੈਂਸਰ ਨਾਲ ਮਰ ਰਹੇ ਹਨ — ਇੱਕ ਅੰਕੜਾ ਜੋ ਰੋਜ਼ਾਨਾ ਲਗਭਗ 68 ਮੌਤਾਂ ਵਿੱਚ ਬਦਲਦਾ ਹੈ। (ਬਾਕੀ ਸਫਾ 2 'ਤੇ)

ਭਾਰਤ ਲਈ ਵੱਡੀ ਰਾਹਤ!

## ਅਮਰੀਕਾ ਦੀ ਛੋਟ ਕਾਰਨ 19 ਮਿਲੀਅਨ ਬੈਰਲ ਰੂਸੀ ਤੇਲ ਬਾਜ਼ਾਰ 'ਚ ਪਰਤਿਆ

ਚੜ੍ਹਦੀਕਲਾ ਬਿਊਰੋ
================

ਵਾਸ਼ਿੰਗਟਨ, 13 ਮਾਰਚ: ਈਰਾਨ ਤੇ ਇਜ਼ਰਾਈਲ ਦੇ ਵਧਦੇ ਟਕਰਾਅ ਕਾਰਨ ਪੈਦਾ ਹੋਏ ਊਰਜਾ ਸੰਕਟ ਦੇ ਵਿਚਕਾਰ ਅਮਰੀਕਾ ਨੇ ਇੱਕ ਅਹਿਮ ਫੈਸਲਾ ਲਿਆ ਹੈ। ਅਮਰੀਕੀ



ਪ੍ਰਸ਼ਾਸਨ ਨੇ ਸਮੁੰਦਰ 'ਚ ਫਸੇ ਰੂਸੀ ਤੇਲ ਦੇ ਕਾਰਗੋ ਲਈ ਇੱਕ ਅਸਥਾਈ ਛੋਟ ਜਾਰੀ ਕੀਤੀ ਹੈ, ਜਿਸ ਨਾਲ ਲਗਭਗ 19 ਮਿਲੀਅਨ ਬੈਰਲ ਰੂਸੀ ਕੱਚਾ ਤੇਲ ਮੁੜ ਬਾਜ਼ਾਰ 'ਚ ਆ ਗਿਆ ਹੈ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ ਜਦੋਂ ਹਰਮੁਜ਼ ਜਲਡਮਰੂ 'ਚ ਤਣਾਅ ਕਾਰਨ ਤੇਲ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਅਮਰੀਕੀ ਟ੍ਰੇਜ਼ਰੀ ਵਿਭਾਗ ਦੇ ਇਸ ਫੈਸਲੇ ਨਾਲ ਏਸ਼ੀਆਈ ਦੇਸ਼ਾਂ ਦੇ ਪਾਣੀਆਂ 'ਚ ਖੜ੍ਹੇ ਲਗਭਗ 30 ਟੈਂਕਰਾਂ ਲਈ ਰਸਤਾ ਸਾਫ਼ ਹੋ ਗਿਆ ਹੈ। ਇਨ੍ਹਾਂ 'ਚ 25 ਟੈਂਕਰ ਕੱਚੇ ਤੇਲ ਦੇ ਹਨ ਜਦੋਂ ਕਿ ਬਾਕੀ 'ਚ ਡੀਜ਼ਲ ਤੇ ਪਲਾਸਟਿਕ ਬਣਾਉਣ ਲਈ ਵਰਤਿਆ (ਬਾਕੀ ਸਫਾ 2 'ਤੇ)

# ਪਹਿਲੇ ਸਫ਼ੇ ਦੀ ਬਾਕੀ

## ਪੰਜਾਬ ਦੇ ਸੁਖਾਵੇਂ ਮਾਹੌਲ ਕਰਕੇ ਚਾਰ

ਟਾਟਾ ਸਟੀਲ, ਜੇ.ਐਸ.ਡਬਲਿਊ, ਟ੍ਰਾਈਡੈਂਟ ਗਰੁੱਪ, ਹੀਰੋ ਇੰਡਸਟਰੀਜ਼ ਅਤੇ ਉਦਯੋਗ ਜਗਤ ਦੇ ਕਈ ਹੋਰ ਸਨਅਤਕਾਰਾਂ ਨੇ ਸੂਬੇ ਵਿੱਚ ਪਹਿਲਾਂ ਹੀ ਚੱਲ ਰਹੇ ਕਾਰੋਬਾਰ ਦਾ ਵਿਸਥਾਰ ਕਰਨ ਅਤੇ ਨਵੇਂ ਪ੍ਰੋਜੈਕਟ ਲਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ।'

ਉਨ੍ਹਾਂ ਅੱਗੇ ਕਿਹਾ, ਪੰਜਾਬੀ ਆਪਣੇ ਉੱਦਮੀ ਸੁਭਾਅ, ਨਿਵੇਕਲੀ ਸੋਚਣੀ ਅਤੇ ਹਰੇਕ ਸਮੱਸਿਆ ਦਾ ਹੱਲ ਕੱਢ ਲੈਣ ਵਾਲੀ ਭਾਵਨਾ ਲਈ ਜਾਣੇ ਜਾਂਦੇ ਹਨ। ਤੁਹਾਨੂੰ ਸ਼ਾਇਦ ਹੀ ਕੋਈ ਪੰਜਾਬੀ ਭੀਖ ਮੰਗਦਾ ਮਿਲੇਗਾ ਕਿਉਂਕਿ ਸਾਡੇ ਲੋਕ ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਉਹ ਅਜਿਹੇ ਸੁਭਾਅ ਦੇ ਮਾਲਕ ਹਨ ਕਿ ਸਭ ਤੋਂ ਔਖੇ ਸਮੇਂ ਵਿੱਚ ਵੀ ਹਾਰ ਮੰਨਣ ਦੀ ਬਜਾਏ ਸਫਲ ਹੁੰਦੇ ਹਨ। ਪੰਜਾਬੀ ਸਮਰਪਣ ਭਾਵਨਾ, ਵਚਨਬੱਧਤਾ ਅਤੇ ਸਖ਼ਤ ਮਿਹਨਤ ਨਾਲ ਦਿਨ ਵਿੱਚ 20 ਘੰਟੇ ਕੰਮ ਕਰ ਸਕਦੇ ਹਨ। ਦੁਨੀਆ ਭਰ ਵਿੱਚ ਇਹ ਨਿਰਾਲਾ ਗੁਣ ਪੰਜਾਬੀਆਂ ਵਿੱਚ ਹੀ ਹੈ।

ਪੰਜਾਬੀਆਂ ਦੀ ਵਿਸ਼ਵਵਿਆਪੀ ਪਛਾਣ ਦਾ ਵਿਸ਼ੇਸ਼ ਤੌਰ ਉੱਤੇ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬੀ ਇਕ ਜੁਝਾਰੂ ਕੌਮ ਹੈ ਜੋ ਦਲੇਰ ਤੇ ਉੱਦਮੀ ਹਨ। ਉਨ੍ਹਾਂ ਨੇ ਦੁਨੀਆ ਦੇ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜਦੋਂ ਵੀ ਦੁਨੀਆਂ ਵਿੱਚ ਕਿਤੇ ਵੀ ਕੋਈ ਦੁਖਾਂਤ ਆਉਂਦਾ ਹੈ, ਤਾਂ ਉਸ ਵੇਲੇ ਲੋੜਵੰਦਾਂ ਤੱਕ ਲੰਗਰ ਪਹੁੰਚਾਉਣ ਲਈ ਪੰਜਾਬੀ ਸਭ ਤੋਂ ਪਹਿਲਾਂ ਪਹੁੰਚਦਾ ਹੈ ਅਤੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਅਤੇ ਮਨੁੱਖੀ ਸਿੱਖਿਆਵਾਂ ਦੇ ਸੰਦੇਸ਼ ਦੀ ਪਾਲਣਾ ਕਰਦਾ ਹੈ। ਪੰਜਾਬ ਨੂੰ ਅਮੀਰ ਸੱਭਿਆਚਾਰ, ਜਰਖੇਜ਼ ਧਰਤੀ ਅਤੇ ਭਾਈਚਾਰਕ ਸਾਂਝ ਦੀ ਬਖਸ਼ਿਸ਼ ਪ੍ਰਾਪਤ ਹੈ। ਪੰਜਾਬ ਦੀ ਉਪਜਾਊ ਧਰਤੀ 'ਤੇ ਸਭ ਕੁਝ ਉੱਗ ਸਕਦਾ ਹੈ, ਪਰ ਨਫ਼ਰਤ ਦਾ ਬੀਜ ਇੱਥੇ ਕਦੇ ਵੀ ਜੜ੍ਹ ਨਹੀਂ ਫੜ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਹਾਨ ਸਿੱਖ ਗੁਰੂਆਂ ਦੇ ਸੰਦੇਸ਼ ਦੀ ਪਾਲਣਾ ਕਰਦੇ ਹੋਏ ਹਰ ਪੰਜਾਬੀ ਸਰਬੱਤ ਦੇ ਭਲੇ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ। ਸਾਲ 2022 ਤੋਂ ਜਦੋਂ ਸਾਡੀ ਸਰਕਾਰ ਨੇ ਸੱਤਾ ਸੰਭਾਲੀ ਹੈ, ਪੰਜਾਬ ਨੇ ਬਿਜਲੀ, ਸਿਹਤ, ਰੀਅਲ ਅਸਟੇਟ, ਬੁਨਿਆਦੀ ਢਾਂਚਾ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਸ਼ਾਨਦਾਰ ਤਰੱਕੀ ਦੇਖੀ ਹੈ।

ਸਿੱਖਿਆ ਸੁਧਾਰਾਂ 'ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਅੱਗੇ ਕਿਹਾ, 'ਅੱਜ ਪੰਜਾਬ ਦੇ ਨੌਜਵਾਨ ਯੂ.ਪੀ.ਐਸ.ਸੀ., ਜੇ.ਈ.ਈ., ਨੀਟ ਅਤੇ ਆਈ.ਆਈ.ਟੀ. ਲਈ ਪ੍ਰਵੇਸ਼ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ, ਕਿਉਂਕਿ ਸੂਬਾ ਸਰਕਾਰ ਨੇ ਸਿੱਖਿਆ ਖੇਤਰ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ। ਪੰਜਾਬ ਦੇ 30 ਸਕੂਲ ਪ੍ਰਿੰਸੀਪਲ ਇਸ ਸਮੇਂ ਸਿੰਗਾਪੁਰ ਵਿੱਚ ਵਿਸ਼ਵ ਪੱਧਰੀ ਸਿਖਲਾਈ ਲੈ ਰਹੇ ਹਨ ਤਾਂ ਜੋ ਉਨ੍ਹਾਂ ਦੀ ਮੁਹਾਰਤ ਸੂਬਾ ਭਰ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹੋਰ ਲਾਭ ਪਹੁੰਚਾ ਸਕੇ। ਪੰਜਾਬ ਵਿੱਚ ਇਸ ਸਮੇਂ ਮੋਹਾਲੀ, ਹਲਵਾਰਾ, ਅੰਮ੍ਰਿਤਸਰ, ਬਠਿੰਡਾ, ਪਠਾਨਕੋਟ ਅਤੇ ਆਦਮਪੁਰ ਵਿੱਚ ਹਵਾਈ ਅੱਡੇ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਸੂਬੇ ਵਿੱਚ ਸੜਕੀ ਬੁਨਿਆਦੀ ਢਾਂਚਾ ਵੀ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ। ਮੈਂ ਉਦਯੋਗਾਂ ਨੂੰ ਪੰਜਾਬ ਵਿੱਚ ਆਉਣ, ਨਿਵੇਸ਼ ਕਰਨ ਅਤੇ ਕੰਮ ਕਰਨ ਦਾ ਸੱਦਾ ਦਿੰਦਾ ਹਾਂ ਤਾਂ ਜੋ ਅਸੀਂ ਇਕਜੁਟ ਹੋ ਕੇ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਸੂਬਾ ਬਣਾ ਸਕੀਏ।'

ਪੰਜਾਬ ਦੇ ਸਥਾਨਕ ਉਦਯੋਗ ਦੀਆਂ ਸਫਲ ਕਹਾਣੀਆਂ ਦੀਆਂ ਮਿਸਾਲਾਂ ਦਿੰਦੇ ਹੋਏ, ਉਨ੍ਹਾਂ ਕਿਹਾ, ਪੰਜਾਬ ਅਧਾਰਿਤ ਉੱਦਮ ਜਿਵੇਂ ਕਿ ਸੋਨਾਲੀਕਾ, ਪ੍ਰੀਤ ਟਰੈਕਟਰ, ਡਿਊਕ, ਮੌਂਟੀ ਕਾਰਲੋ ਅਤੇ ਹੋਰ ਬਹੁਤ ਸਾਰੇ ਸਥਾਨਕ ਉੱਦਮੀ ਦੀਆਂ ਪ੍ਰੇਰਨਾਦਾਇਕ ਉਦਾਹਰਣਾਂ ਹਨ। ਪੰਜਾਬ ਦੇ ਦਰਵਾਜ਼ੇ ਸਾਰੇ ਨਿਵੇਸ਼ਕਾਂ ਲਈ ਖੁੱਲ੍ਹੇ ਹਨ ਅਤੇ ਅਸੀਂ ਅੱਖਾਂ ਵਿਛਾ ਕੇ ਉਨ੍ਹਾਂ ਦਾ ਸਵਾਗਤ ਕਰਦੇ ਹਾਂ। ਸਾਡੀਆਂ ਨੀਤੀਆਂ ਲਚਕਦਾਰ ਹਨ ਅਤੇ ਉਦਯੋਗ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਮੈਂ ਤੁਹਾਨੂੰ ਸਾਰਿਆਂ ਨੂੰ ਇੱਥੇ ਨਿਵੇਸ਼ ਕਰਨ, ਪੰਜਾਬੀਆਂ ਲਈ ਨੌਕਰੀਆਂ ਪੈਦਾ ਕਰਨ ਅਤੇ ਪੰਜਾਬ ਨੂੰ ਸਫਲਤਾ ਦੀ ਨਵੀਂ ਕਹਾਣੀ ਲਿਖਣ ਵਿੱਚ ਮਦਦ ਕਰਨ ਦੀ ਅਪੀਲ ਕਰਦਾ ਹਾਂ। ਪੰਜਾਬ ਸਰਕਾਰ ਹੁਨਰ ਸਿੱਖਿਆ ਅਤੇ ਸਿਖਲਾਈ ਨੂੰ ਉਦਯੋਗ ਦੀਆਂ ਜ਼ਰੂਰਤਾਂ ਨਾਲ ਜੋੜ ਰਹੀ ਹੈ ਤਾਂ ਜੋ ਪੰਜਾਬ ਵਿੱਚ ਹੁਨਰਮੰਦ ਮਨੁੱਖੀ ਸ਼ਕਤੀ ਦਾ ਮਜ਼ਬੂਤ ਪੂਲ ਬਣਾਇਆ ਜਾ ਸਕੇ। ਉਦਯੋਗ ਨੂੰ ਜੋ ਵੀ ਮਨੁੱਖੀ ਸ਼ਕਤੀ ਚਾਹੀਦੀ ਹੈ, ਸਰਕਾਰ ਇਹ ਯਕੀਨੀ ਬਣਾਏਗੀ ਕਿ ਨੌਜਵਾਨਾਂ ਨੂੰ ਉਹੀ ਸਿਖਲਾਈ ਮਿਲੇ। ਇਸ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਸੂਬੇ ਵਿੱਚ ਆਰਥਿਕ ਵਿਕਾਸ ਤੇਜ਼ ਹੋਵੇਗਾ।

ਦੇਸ਼-ਵਿਦੇਸ਼ ਤੋਂ ਪਹੁੰਚੇ ਕਾਰੋਬਾਰੀਆਂ ਦਾ ਸਵਾਗਤ ਕਰਦੇ ਹੋਏ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, ਮੈਂ ਗੁਰੂਆਂ, ਸੰਤਾਂ-ਮਹਾਪੁਰਸ਼ਾਂ ਅਤੇ ਪੀਰਾਂ ਦੀ ਧਰਤੀ 'ਤੇ ਸਾਰੇ ਕਾਰੋਬਾਰੀਆਂ ਦਾ ਸਵਾਗਤ ਕਰਦਾ ਹਾਂ। ਸਾਨੂੰ ਅੱਜ ਸਾਡੇ ਵਿਚਕਾਰ ਅਜਿਹੀਆਂ ਉੱਘੀਆਂ ਸ਼ਖਸੀਅਤਾਂ ਹੋਣ ਦਾ ਮਾਣ ਹਾਸਲ ਹੈ। ਪੰਜਾਬ, ਦੇਸ਼ ਦੇ ਸਭ ਤੋਂ ਅਨੁਕੂਲ ਨਿਵੇਸ਼ ਸਥਾਨਾਂ ਵਿੱਚੋਂ ਇੱਕ ਹੈ ਅਤੇ ਅਸੀਂ ਨਿਵੇਸ਼ਕਾਂ ਨੂੰ ਸਹੂਲਤ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਸਾਡਾ ਦ੍ਰਿਸ਼ਟੀਕੋਣ ਪੰਜਾਬ ਨੂੰ ਮੋਹਰੀ ਉਦਯੋਗਿਕ ਹੱਬ ਬਣਾਉਣ ਲਈ ਸਰਕਾਰ ਅਤੇ ਉਦਯੋਗ ਵਿਚਕਾਰ ਮਜ਼ਬੂਤ ਭਾਈਵਾਲੀ ਬਣਾਉਣਾ ਹੈ।

ਉੱਦਮੀਆਂ ਨੂੰ ਅਪੀਲ ਕਰਦੇ ਹੋਏ, ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, ਉੱਦਮੀ ਹਰ ਕਿਸੇ ਲਈ ਪ੍ਰੇਰਨਾ ਦਾ ਸਰੋਤ ਹਨ ਅਤੇ ਉਨ੍ਹਾਂ ਮੌਕਿਆਂ ਦੀ ਨੁਮਾਇੰਦਗੀ ਕਰਦੇ ਹਨ ਜੋ ਪੰਜਾਬ ਅਤੇ ਭਾਰਤ ਦੇ ਨੌਜਵਾਨ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ। ਭਾਵੇਂ ਅਸੀਂ ਜਨਤਕ, ਨਿੱਜੀ ਜਾਂ ਗੈਰ-ਮੁਨਾਫ਼ਾ ਖੇਤਰਾਂ ਵਿੱਚ ਕੰਮ ਕਰਦੇ ਹਾਂ, ਸਾਡੇ ਵਿੱਚੋਂ ਹਰੇਕ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਦੇਸ਼, ਸਮਾਜ ਅਤੇ ਪਰਿਵਾਰਾਂ ਲਈ ਆਪਣੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਪੂਰਾ ਕਰਨਾ ਹੈ। ਇਹ ਸੰਮੇਲਨ ਸਿਰਫ਼ ਸਮਝੌਤਿਆਂ 'ਤੇ ਦਸਤਖਤ ਕਰਨ ਬਾਰੇ ਨਹੀਂ ਹੈ, ਸਗੋਂ ਗਿਆਨ ਸਾਂਝਾ ਕਰਨ, ਵਿਚਾਰ-ਵਟਾਂਦਰਾ ਕਰਨ ਅਤੇ ਇੱਕ ਦੂਜੇ ਤੋਂ ਸਿੱਖਣ ਬਾਰੇ ਹੈ।

ਭਵਿੱਖ ਦੇ ਦ੍ਰਿਸ਼ਟੀਕੋਣ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅਜਿਹਾ ਰਸਤਾ ਚੁਣਿਆ ਹੈ ਜੋ ਆਰਥਿਕ ਵਿਕਾਸ ਨੂੰ ਤੇਜ਼ ਕਰਕੇ ਪੰਜਾਬ ਦੇ ਭਵਿੱਖ ਨੂੰ ਰੌਸ਼ਨ ਬਣਾਏਗਾ। ਮੈਂ ਦੇਖਿਆ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਜ਼ਿੰਦਗੀ ਵਿੱਚ ਕੁਝ ਵੱਡਾ ਪ੍ਰਾਪਤ ਕਰਨਾ ਚਾਹੁੰਦੀ ਹੈ। ਉਹ ਕੁਦਰਤੀ ਅਜਿਹੇ ਹਨ ਜੋ ਇਕੱਲਤਾ ਵਿੱਚ ਨਹੀਂ ਰਹਿ ਸਕਦੇ। ਮੇਰਾ ਪੱਕਾ ਵਿਸ਼ਵਾਸ ਹੈ ਕਿ ਪਰਮਾਤਮਾ ਨੇ ਮੈਨੂੰ ਪੰਜਾਬ ਦੀ ਅਗਵਾਈ ਕਰਨ ਦਾ ਇਹ ਮੌਕਾ ਦਿੱਤਾ ਹੈ ਤਾਂ ਜੋ ਅਸੀਂ ਆਪਣੇ ਲੋਕਾਂ ਦੇ ਜੀਵਨ ਵਿੱਚ ਅਰਥਪੂਰਨ ਤਬਦੀਲੀ ਲਿਆ ਸਕੀਏ।

ਨਵੀਨਤਾ ਅਤੇ ਤਕਨਾਲੋਜੀ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਅੱਗੇ ਕਿਹਾ, ਪੰਜਾਬ ਹੁਣ ਨਵੀਨਤਾ ਅਤੇ ਤਕਨਾਲੋਜੀ ਦੇ ਸਮੂਲੇ ਵਾਲੇ ਉੱਦਮ ਦੇ ਨਵੇਂ ਸੱਭਿਆਚਾਰ ਵੱਲ ਤਬਦੀਲੀ ਦੀ ਦਹਿਲੀਜ਼ 'ਤੇ ਹੈ। ਸੂਬੇ ਦੇ ਨੌਜਵਾਨ ਨਵੇਂ ਵਿਚਾਰਾਂ ਤੇ ਨਵੀਨਤਾਵਾਂ ਨਾਲ ਆ ਰਹੇ ਹਨ ਅਤੇ ਉਨ੍ਹਾਂ ਦਾ ਸਹਿਯੋਗ ਕਰਨਾ ਸਾਡੀ ਜ਼ਿੰਮੇਵਾਰੀ ਹੈ। ਅਸੀਂ ਇਸ ਨੇਕ ਕਾਰਜ ਲਈ ਕੋਈ ਕਸਰ ਨਹੀਂ ਛੱਡ ਰਹੇ। ਵਿਸ਼ਵ ਪੱਧਰੀ ਬੁਨਿਆਦੀ ਢਾਂਚਾ, ਸ਼ਾਨਦਾਰ ਸੰਪਰਕ, ਪ੍ਰਮੁੱਖ ਵਿਦਿਅਕ ਸੰਸਥਾਵਾਂ ਅਤੇ ਸਹਾਇਕ ਸਰਕਾਰੀ ਨੀਤੀਆਂ ਮਿਲ ਕੇ ਪੰਜਾਬ ਨੂੰ ਵਿਸ਼ਵ ਪੱਧਰ 'ਤੇ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨਾਂ ਵਿੱਚੋਂ ਇੱਕ ਬਣਾਉਂਦੀਆਂ ਹਨ।

ਉਦਯੋਗਪਤੀਆਂ ਦਾ ਧੰਨਵਾਦ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੈਂ ਪੰਜਾਬ ਦੀ ਵਿਕਾਸ ਕਹਾਣੀ ਦਾ ਹਿੱਸਾ ਬਣਨ ਲਈ ਸਾਰੇ ਕਾਰੋਬਾਰੀ ਆਗੂਆਂ ਦਾ ਧੰਨਵਾਦ ਕਰਦਾ ਹਾਂ। ਸਾਡੀ ਸਰਕਾਰ ਪੰਜਾਬ ਨੂੰ ਦੁਨੀਆ ਦੇ ਪ੍ਰਮੁੱਖ ਉਦਯੋਗਿਕ ਅਤੇ ਨਿਰਯਾਤ ਕੇਂਦਰ ਵਿੱਚ ਬਦਲਣ ਲਈ ਵਚਨਬੱਧ ਹੈ। ਭਾਰਤ ਸਰਕਾਰ ਦੁਆਰਾ ਕਰਵਾਈ ਗਈ 'ਈਜ਼ ਆਫ ਡੂਇੰਗ ਬਿਜ਼ਨਸ' (ਕਾਰੋਬਾਰ ਨੂੰ ਸੁਖਾਲਾ ਬਣਾਉਣਾ) ਦੀ ਰੈਂਕਿੰਗ ਵਿੱਚ ਪੰਜਾਬ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੇ ਸੂਬਿਆਂ ਵਿੱਚੋਂ ਇੱਕ ਹੈ। ਪੰਜਾਬ ਸਰਕਾਰ ਦੇ ਏਕੀਕ੍ਰਿਤ ਰੈਗੂਲੇਟਰ, ਇਨਵੈਸਟ ਪੰਜਾਬ, ਨੂੰ ਭਾਰਤ ਸਰਕਾਰ ਦੁਆਰਾ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੀਆਂ ਨਿਵੇਸ਼ ਪ੍ਰਮੋਸ਼ਨ ਏਜੰਸੀਆਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਗਈ ਹੈ।

ਚੰਗੇ ਸ਼ਾਸਨ ਦੇ ਤਰੀਕੇ ਬਾਰੇ ਦੱਸਦਿਆਂ, ਉਨ੍ਹਾਂ ਅੱਗੇ ਕਿਹਾ, ਸਾਡੀ ਸਰਕਾਰ ਪੰਜਾਬ ਲਈ ਸੰਪੂਰਨ ਆਰਥਿਕ ਅਤੇ ਵਿੱਤੀ ਸਫਲਤਾ ਚਾਹੁੰਦੀ ਹੈ। ਮੇਰਾ ਪੱਕਾ ਵਿਸ਼ਵਾਸ ਹੈ ਕਿ ਸਾਡੇ ਵਿਕਾਸ ਦੇ ਥੰਮ੍ਹ ਚੰਗੇ ਸ਼ਾਸਨ, ਡਿਜੀਟਾਈਜ਼ੇਸ਼ਨ, ਫੈਸਲਾਕੁੰਨ, ਪਾਰਦਰਸ਼ਤਾ ਅਤੇ ਸੰਵੇਦਨਸ਼ੀਲਤਾ ਹਨ। ਪੰਜਾਬ ਦੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਦੇ ਨਾਲ, ਇਹ ਸਾਰੇ ਦੁਨੀਆ ਭਰ ਦੇ ਨਿਵੇਸ਼ਕਾਂ ਲਈ ਇੱਥੇ ਤੇਜ਼ੀ ਨਾਲ ਵਿਕਾਸ ਕਰਨ ਲਈ ਅਨੁਕੂਲ ਵਾਤਾਵਰਣ ਬਣਾਉਂਦੇ ਹਨ। ਮੈਂ ਉਦਯੋਗ ਦੇ ਸਾਰੇ ਆਗੂਆਂ ਦਾ ਪੰਜਾਬ ਵਿੱਚ ਨਿਵੇਸ਼ ਕਰਨ ਲਈ ਸਵਾਗਤ ਕਰਦਾ ਹਾਂ। ਦੁਨੀਆ ਚੁਣੌਤੀਪੂਰਨ ਸਮਿਆਂ ਵਿੱਚੋਂ ਗੁਜ਼ਰ ਰਹੀ ਹੈ, ਪਰ ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਸਾਡੇ ਵਿੱਚੋਂ ਹਰੇਕ ਕੋਲ ਸਕਾਰਾਤਮਕ ਯੋਗਦਾਨ ਪਾਉਣ ਦੀ ਸਮਰੱਥਾ ਹੈ ਅਤੇ ਇਹੀ ਇਸ ਸੰਮੇਲਨ ਦਾ ਉਦੇਸ਼ ਹੈ।

ਆਪਣੇ ਭਾਸ਼ਣ ਦੀ ਸਮਾਪਤੀ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਭਵਿੱਖ ਸਾਡੇ ਸਾਰਿਆਂ ਲਈ ਸਾਂਝੀ ਜ਼ਿੰਮੇਵਾਰੀ ਹੈ। ਪੰਜਾਬ ਸ਼ਾਇਦ ਦੁਨੀਆ ਦਾ ਇੱਕੋ ਇੱਕ ਸੂਬਾ ਹੈ ਜਿਸ ਦੇ ਲੋਕਾਂ ਦੀ ਦੁਨੀਆ ਭਰ ਵਿੱਚ ਮੌਜੂਦਗੀ ਹੈ ਅਤੇ ਪੰਜਾਬੀ ਜਿੱਥੇ ਵੀ ਜਾਂਦੇ ਹਨ, ਬੁਲੰਦੀਆਂ ਛੂੰਹਦੇ ਹਨ। ਪੰਜਾਬੀ ਸਖ਼ਤ ਮਿਹਨਤ ਕਰਨ ਅਤੇ ਸਫਲ ਹੋਣ ਦੀ ਅਦੁੱਤੀ ਭਾਵਨਾ ਰੱਖਦੇ ਹਨ। ਉਹ ਜਿੱਥੇ ਵੀ ਜਾਂਦੇ ਹਨ, ਆਪਣੀ ਪਛਾਣ ਬਣਾਉਂਦੇ ਹਨ। ਇਸ ਦਾ ਅਰਥ ਹੈ ਕਿ ਕਾਰੋਬਾਰ ਅਤੇ ਮੈਂ ਉਦਯੋਗ ਦੇ ਆਗੂਆਂ ਨੂੰ ਸੱਦਾ ਦਿੰਦਾ ਹਾਂ ਕਿ ਉਹ ਇਕੱਠੇ ਇੱਕ ਖੁਸ਼ਹਾਲ ਭਵਿੱਖ ਬਣਾਉਣ ਲਈ ਸਰਕਾਰ ਨਾਲ ਹੱਥ ਮਿਲਾਉਣ।

ਇਸ ਦੌਰਾਨ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, 'ਪੰਜਾਬ ਗੁਰੂਆਂ ਅਤੇ ਪੀਰਾਂ-ਪੈਗੰਬਰਾਂ ਦੀ ਧਰਤੀ ਹੈ ਜਿਨ੍ਹਾਂ ਨੇ ਅਜਿਹੇ ਸੰਦੇਸ਼ ਦਿੱਤੇ ਜੋ ਸਦੀਆਂ ਤੋਂ ਨਾ ਸਿਰਫ਼ ਪੰਜਾਬ ਨੂੰ, ਨਾ ਸਿਰਫ਼ ਦੇਸ਼ ਨੂੰ, ਸਗੋਂ ਪੂਰੀ ਦੁਨੀਆ ਨੂੰ ਪ੍ਰੇਰਿਤ ਕਰਦੇ ਰਹੇ ਹਨ। ਪੰਜਾਬ ਮਿਹਨਤੀ ਲੋਕਾਂ ਦੀ ਧਰਤੀ ਹੈ। ਜਦੋਂ ਵੀ ਦੇਸ਼ ਨੂੰ ਅਨਾਜ ਦਾ ਸੰਕਟ ਆਇਆ ਤਾਂ ਪੰਜਾਬ ਦੇ ਮਿਹਨਤੀ ਕਿਸਾਨਾਂ ਨੇ ਇਹ ਯਕੀਨੀ ਬਣਾਇਆ ਕਿ ਦੇਸ਼ ਨੂੰ ਆਪਣੀ ਮਿਹਨਤ ਨਾਲ ਭੋਜਨ ਮਿਲੇ ਅਤੇ ਦੇਸ਼ ਦਾ ਪੇਟ ਭਰਿਆ ਜਾਵੇ।'

ਉਨ੍ਹਾਂ ਕਿਹਾ, 'ਪੰਜਾਬ, ਦੇਸ਼ ਭਗਤਾਂ ਦੀ ਧਰਤੀ ਵੀ ਹੈ। ਆਜ਼ਾਦੀ ਸੰਗਰਾਮ ਵਿੱਚ, ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਅਤੇ ਅੱਜ ਵੀ ਤੁਹਾਨੂੰ ਸਾਡੀਆਂ ਹਥਿਆਰਬੰਦ ਫੌਜਾਂ ਵਿੱਚ ਸੇਵਾ ਕਰਨ ਵਾਲੇ ਸਭ ਤੋਂ ਵੱਧ ਪੰਜਾਬੀ ਮਿਲਣਗੇ। ਪੰਜਾਬ ਉੱਦਮੀਆਂ ਅਤੇ ਕਾਰੋਬਾਰੀਆਂ ਦੀ ਧਰਤੀ ਵੀ ਹੈ। ਉੱਦਮੀ ਭਾਵਨਾ ਪੰਜਾਬੀਆਂ ਦੇ ਖ਼ੂਨ ਵਿੱਚ ਦੌੜਦੀ ਹੈ। ਮਜ਼ਾਕ ਵਿੱਚ ਇਹ ਵੀ ਕਿਹਾ ਜਾਂਦਾ ਹੈ ਕਿ ਜੇਕਰ ਇੱਕ ਦਿਨ ਮਨੁੱਖ ਚੰਦ 'ਤੇ ਰਹਿਣਾ ਸ਼ੁਰੂ ਕਰ ਦਿੰਦਾ ਹੈ, ਤਾਂ ਉੱਥੇ ਸਭ ਤੋਂ ਪਹਿਲਾਂ 'ਪੰਜਾਬੀ ਢਾਬਾ' ਖੁੱਲ੍ਹੇਗਾ।'

ਪੰਜਾਬ ਦੇ ਆਰਥਿਕ ਪਿਛੋਕੜ ਦਾ ਜ਼ਿਕਰ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਅੱਗੇ ਕਿਹਾ, 'ਸਾਲ 1980 ਦੇ ਦਹਾਕੇ ਵਿੱਚ ਇੱਕ ਦੌਰ ਸੀ ਜਦੋਂ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਪੰਜਾਬ, ਦੇਸ਼ ਵਿੱਚ ਪਹਿਲੇ ਸਥਾਨ 'ਤੇ ਸੀ। ਆਰਥਿਕ ਤੌਰ 'ਤੇ, ਪੰਜਾਬ ਪੂਰੇ ਦੇਸ਼ ਵਿੱਚ ਸਭ ਤੋਂ ਵਿਕਸਤ ਅਤੇ ਪ੍ਰਗਤੀਸ਼ੀਲ ਸੂਬਾ ਸੀ। ਪਰ ਪਿਛਲੇ 40 ਸਾਲਾਂ ਵਿੱਚ, ਪੰਜਾਬ ਹੌਲੀ-ਹੌਲੀ 18ਵੇਂ ਸਥਾਨ 'ਤੇ ਖਿਸਕ ਗਿਆ। ਜਦੋਂ ਅਸੀਂ 2022 ਵਿੱਚ ਸਰਕਾਰ ਦੀ ਕਮਾਨ ਸੰਭਾਲੀ, ਤਾਂ ਬਹੁਤ ਹੀ ਉਦਾਸੀਨ ਮਾਹੌਲ ਸੀ ਅਤੇ ਉਦਯੋਗ ਪੰਜਾਬ ਵਿੱਚੋਂ ਹਿਜਰਤ ਕਰ ਰਿਹਾ ਸੀ। ਉਦਯੋਗ ਮੱਧ ਪ੍ਰਦੇਸ਼, ਕੁਝ ਹਿਮਾਚਲ ਪ੍ਰਦੇਸ਼ ਅਤੇ ਕੁਝ ਉੱਤਰ ਪ੍ਰਦੇਸ਼ ਜਾ ਰਹੇ ਸਨ। ਪੰਜਾਬ ਦੀ ਆਰਥਿਕ ਸਥਿਤੀ ਬਹੁਤ ਮਾੜੀ ਸੀ ਅਤੇ ਸੂਬਾ ਵੱਡੇ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਸੀ। ਉਸ ਸਥਿਤੀ ਵਿੱਚ ਹੀ ਅਸੀਂ ਪੰਜਾਬ ਦੀ ਕਮਾਨ ਸੰਭਾਲੀ ਸੀ।'

ਆਪਣੀ ਪਾਰਟੀ ਵੱਲੋਂ ਅਪਣਾਏ ਗਈ ਪਹੁੰਚ ਬਾਰੇ ਦੱਸਦਿਆਂ 'ਆਪ' ਮੁਖੀ ਨੇ ਕਿਹਾ, 'ਮੈਂ ਆਮ ਆਦਮੀ ਪਾਰਟੀ ਨੂੰ ਸਿਰਫ਼ ਇੱਕ ਪਾਰਟੀ ਜਾਂ ਇੱਕ ਰਾਜਨੀਤਿਕ ਸ਼ੁਰੂਆਤ ਨਹੀਂ ਮੰਨਦਾ, ਅਤੇ ਉਦਯੋਗ ਦੀ ਭਾਸ਼ਾ ਵਿੱਚ ਇਹ ਇੱਕ 'ਯੂਨੀਕੋਰਨ' ਹੈ। ਆਮ ਆਦਮੀ ਪਾਰਟੀ ਨੇ ਪਿਛਲੇ ਕੁਝ ਸਾਲਾਂ ਵਿੱਚ ਜੋ ਤਰੱਕੀ ਕੀਤੀ ਹੈ, ਉਹ ਕਮਾਲ ਦੀ ਹੈ। ਇਸ ਨੂੰ ਸਿਰਫ਼ 10 ਤੋਂ 12 ਸਾਲ ਹੋਏ ਹਨ, ਅਤੇ ਇਸ ਥੋੜ੍ਹੇ ਸਮੇਂ ਵਿੱਚ ਆਮ ਆਦਮੀ ਪਾਰਟੀ ਇੱਕ ਰਾਸ਼ਟਰੀ ਪਾਰਟੀ ਬਣ ਗਈ ਹੈ। ਆਮ ਆਦਮੀ ਪਾਰਟੀ ਨੌਜਵਾਨਾਂ ਅਤੇ ਪੜ੍ਹੇ-ਲਿਖੇ ਲੋਕਾਂ ਦੀ ਪਾਰਟੀ ਹੈ। ਸਾਡੀ ਪਾਰਟੀ ਵਿੱਚ ਤੁਹਾਨੂੰ ਆਈਆਈਟੀ ਇੰਜੀਨੀਅਰ, ਆਈਆਈਐਮ ਮੈਨੇਜਰ, ਚਾਰਟਰਡ ਅਕਾਊਂਟੈਂਟ, ਆਕਸਫੋਰਡ ਤੋਂ ਪੜ੍ਹੇ ਲਿਖੇ ਲੋਕ, ਵਕੀਲ, ਪੱਤਰਕਾਰ ਮਿਲਣਗੇ। ਇਸ ਲਈ ਜਦੋਂ ਵੀ ਕੋਈ ਸਮੱਸਿਆ ਆਉਂਦੀ ਹੈ, ਅਸੀਂ ਇਸ ਦਾ ਵਿਗਿਆਨਕ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਦੇ ਹਾਂ।'

ਉਨ੍ਹਾਂ ਅੱਗੇ ਕਿਹਾ, 'ਜਦੋਂ ਅਸੀਂ ਪੰਜਾਬ ਵਿੱਚ ਸਰਕਾਰ ਦੀ ਵਾਗਡੋਰ ਸੰਭਾਲੀ ਅਤੇ ਹਰ ਪਾਸੇ ਹਨੇਰਾ ਦੇਖਿਆ, ਅਸੀਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਕਿੰਨੇ ਦੇਸ਼ ਜੋ ਕਦੇ ਭਾਰਤ ਤੋਂ ਪਿੱਛੇ ਸਨ, ਅੱਜ ਇੰਨੀ ਤਰੱਕੀ ਕਰ ਚੁੱਕੇ ਹਨ। ਦੱਖਣੀ ਕੋਰੀਆ, ਜਾਪਾਨ, ਜਰਮਨੀ, ਸਿੰਗਾਪੁਰ, ਜਾਂ ਚੀਨ ਨੂੰ ਹੀ ਲੈ ਲਓ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਜਾਪਾਨ ਅਤੇ ਜਰਮਨੀ ਪੂਰੀ ਤਰ੍ਹਾਂ ਤਬਾਹ ਹੋ ਗਏ ਸਨ, ਫਿਰ ਵੀ ਅੱਜ ਉਹ ਸਭ ਤੋਂ ਵਿਕਸਤ ਦੇਸ਼ਾਂ ਵਿੱਚੋਂ ਇੱਕ ਹਨ। ਜਦੋਂ ਸਿੰਗਾਪੁਰ ਆਜ਼ਾਦ ਹੋਇਆ, ਤਾਂ ਇਸ ਕੋਲ ਲਗਭਗ ਕੁਝ ਵੀ ਨਹੀਂ ਸੀ ਅਤੇ ਇਸਦੀ ਹਾਲਤ ਬਹੁਤ ਮਾੜੀ ਸੀ। ਉਸ ਸਮੇਂ ਸਿੰਗਾਪੁਰ ਸਾਡੇ ਤੋਂ ਬਹੁਤ ਪਿੱਛੇ ਸੀ, ਫਿਰ ਵੀ ਅੱਜ ਸਿੰਗਾਪੁਰ ਦੁਨੀਆ ਵਿੱਚ ਸਭ ਤੋਂ ਵੱਧ ਪ੍ਰਤੀ ਵਿਅਕਤੀ ਆਮਦਨੀ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਕੋਰੀਆਈ ਯੁੱਧ ਤੋਂ ਬਾਅਦ ਦੱਖਣੀ ਕੋਰੀਆ ਦੀ ਹਾਲਤ ਬਹੁਤ ਭਿਆਨਕ ਸੀ, ਪਰ ਅੱਜ ਇਹ ਸਭ ਤੋਂ ਵਿਕਸਤ ਦੇਸ਼ਾਂ ਵਿੱਚੋਂ ਇੱਕ ਹੈ। ਕੁਝ ਦਹਾਕੇ ਪਹਿਲਾਂ ਚੀਨ ਭਾਰਤ ਤੋਂ ਬਹੁਤ ਪਿੱਛੇ ਸੀ, ਪਰ ਅੱਜ ਚੀਨ ਦੁਨੀਆ ਦਾ ਨੰਬਰ ਇੱਕ ਦੇਸ਼ ਬਣ ਗਿਆ ਹੈ।'

ਇਨ੍ਹਾਂ ਉਦਾਹਰਣਾਂ ਤੋਂ ਲਏ ਸਬਕਾਂ ਨੂੰ ਬਾਰੇ ਦੱਸਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਨ੍ਹਾਂ ਦੇਸ਼ਾਂ ਦੇ ਅਧਿਐਨ ਤੋਂ ਦੋ ਵਿਆਪਕ ਗੱਲਾਂ ਸਾਹਮਣੇ ਆਈਆਂ, ਜਿਨ੍ਹਾਂ ਤੋਂ ਅਸੀਂ ਪ੍ਰੇਰਨਾ ਲਈ। ਸਭ ਤੋਂ ਪਹਿਲਾਂ, ਉਨ੍ਹਾਂ ਨੇ ਆਪਣੇ ਉਦਯੋਗਪਤੀਆਂ ਨਾਲ ਬੈਠ ਕੇ ਚਰਚਾ ਕੀਤੀ ਕਿ ਵੱਡੇ ਪੱਧਰ 'ਤੇ ਉਦਯੋਗਿਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਕੀ ਕਰਨ ਦੀ ਲੋੜ ਹੈ। ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਦਯੋਗਾਂ ਦੀਆਂ ਕੀ ਲੋੜਾਂ ਹਨ, ਲੋਕਾਂ ਨੂੰ ਕੀ ਚਾਹੀਦਾ ਹੈ ਅਤੇ ਕਾਰੋਬਾਰ ਕਰਨ ਵਾਲਿਆਂ ਨੂੰ ਕੀ ਚਾਹੀਦਾ ਹੈ। ਜੇਕਰ ਤੁਸੀਂ 4 ਫੀਸਦ ਜਾਂ 5 ਫੀਸਦ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਉਦਯੋਗਿਕ ਵਿਕਾਸ ਚਾਹੁੰਦੇ ਹੋ, ਤਾਂ ਕੀ ਕਰਨ ਦੀ ਲੋੜ ਹੈ। ਉਨ੍ਹਾਂ ਨੇ ਦੂਜਾ ਕੰਮ ਜੋ ਕੀਤਾ ਉਹ ਸੀ ਆਪਣੀ ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਨਾ। ਇਨ੍ਹਾਂ ਦੋ ਨੁਕਤਿਆਂ ਨੂੰ ਧਿਆਨ ਵਿੱਚ ਰੱਖਦਿਆਂ ਉਸੇ ਰਾਹ 'ਤੇ ਚੱਲੇ।

ਉਦਯੋਗਾਂ ਨਾਲ ਹੋਏ ਸਲਾਹ-ਮਸ਼ਵਰੇ ਬਾਰੇ ਦੱਸਦਿਆਂ ਉਨ੍ਹਾਂ ਅੱਗੇ ਕਿਹ ਕਿ ਪਿਛਲੇ ਦੋ ਤੋਂ ਤਿੰਨ ਸਾਲਾਂ ਵਿੱਚ ਮੈਂ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਭਰ ਵਿੱਚ ਚੱਕਰ ਲਗਾਏ ਅਤੇ ਉਦਯੋਗਪਤੀਆਂ, ਵਪਾਰੀਆਂ ਤੇ ਕਾਰੋਬਾਰੀਆਂ ਨਾਲ ਕਈ ਮੀਟਿੰਗਾਂ ਕੀਤੀਆਂ ਅਤੇ ਉਨ੍ਹਾਂ ਤੋਂ ਉਨ੍ਹਾਂ ਦੀਆਂ ਜ਼ਰੂਰਤਾਂ ਬਾਰੇ ਜਾਣਿਆ। ਜੇਕਰ ਅਸੀਂ ਆਪਣੇ ਏਅਰ ਕੰਡੀਸ਼ਨਡ ਕਮਰਿਆਂ ਵਿੱਚ ਬੈਠਦੇ ਹਾਂ ਜਾਂ ਜੇ ਅਧਿਕਾਰੀ ਬੈਠ ਕੇ ਸੋਚਦੇ ਹਨ ਕਿ ਅਸੀਂ ਸਭ ਕੁਝ ਜਾਣਦੇ ਹਾਂ, ਤਾਂ ਇਹ ਸੱਚ ਨਹੀਂ ਹੈ। ਸਾਡੇ ਕੋਲ ਟੈਕਸਟਾਈਲ ਉਦਯੋਗ ਜਾਂ ਪ੍ਰਾਹੁਣਚਾਰੀ ਉਦਯੋਗ ਕਿਵੇਂ ਕੰਮ ਕਰਦਾ ਹੈ, ਜਾਂ ਰੀਅਲ ਅਸਟੇਟ ਨੂੰ ਕੀ ਚੁਣੌਤੀਆਂ ਦਰਪੇਸ਼ ਆਉਂਦੀਆਂ ਹਨ, ਇਸ ਬਾਰੇ ਕੋਈ ਮੁਹਾਰਤ ਨਹੀਂ ਹੈ। ਉਦਯੋਗਾਂ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਕੀ ਚਾਹੀਦਾ ਹੈ, ਇਹ ਸਿਰਫ਼ ਉਨ੍ਹਾਂ ਤੋਂ ਸੁਣ ਕੇ ਹੀ ਜਾਣਿਆ ਜਾ ਸਕਦਾ ਹੈ।

ਆਪ ਸੁਪਰੀਮੋ ਨੇ ਸਾਂਝਾ ਕੀਤਾ ਕਿ ਇਨ੍ਹਾਂ ਸਾਰੀਆਂ ਮੀਟਿੰਗਾਂ ਤੋਂ ਬਾਅਦ ਇੱਕ ਵੱਡਾ ਸਿੱਟਾ ਨਿਕਲਿਆ ਅਤੇ ਸਾਨੂੰ ਪਤਾ ਚੱਲਿਆ ਕਿ ਇਹ ਉਦਯੋਗ ਜਾਂ ਵਪਾਰੀ/ਕਾਰੋਬਾਰੀ ਸਰਕਾਰੀ ਦਖਲਅੰਦਾਜ਼ੀ ਤੋਂ ਨਾਰਾਜ਼ ਅਤੇ ਪਰੇਸ਼ਾਨ ਸਨ। ਸਾਰਿਆਂ ਦੀ ਸਿਰਫ਼ ਇੱਕ ਹੀ ਮੰਗ ਸੀ ਕਿ ਸਰਕਾਰ ਦਖਲਅੰਦਾਜ਼ੀ ਬੰਦ ਕਰੇ ਅਤੇ ਉਨ੍ਹਾਂ ਨੂੰ ਸੁਤੰਤਰਤਾ ਨਾਲ ਆਪਣਾ ਕੰਮ ਕਰਨ ਅਤੇ ਆਪਣੇ ਕਾਰੋਬਾਰ ਨੂੰ ਚਲਾਉਣ ਦੀ ਇਜਾਜ਼ਤ ਦੇਵੇ। ਕਾਰੋਬਾਰੀਆਂ ਨੂੰ ਸਰਕਾਰੀ ਵਿਭਾਗਾਂ, ਪ੍ਰਵਾਨਗੀਆਂ, ਜੁਰਮਾਨਿਆਂ, ਧਮਕੀਆਂ ਅਤੇ ਨਿਰੀਖਣਾਂ ਵਰਗੀਆਂ ਸਮੱਸਿਆਵਾਂ ਦਰਪੇਸ਼ ਸਨ। ਸਾਰੇ ਕਾਰੋਬਾਰੀ ਅਤੇ ਉੱਦਮੀ ਇਸ ਸਿਸਟਮ ਵਿੱਚ ਫਸੇ ਹੋਏ ਸਨ। ਇਸ ਲਈ ਉਨ੍ਹਾਂ ਨਾਲ ਕੀਤੀਆਂ ਮੀਟਿੰਗਾਂ ਤੋਂ ਅਸੀਂ ਪ੍ਰੇਰਨਾ ਲੈ ਕੇ, ਅਸੀਂ ਕਈ ਵੱਡੇ ਸੁਧਾਰ ਕੀਤੇ।

ਉਨ੍ਹਾਂ ਕਿਹਾ ਕਿ ਅਸੀਂ ਪਹਿਲੇ ਕਦਮ ਵਿੱਚ ਪਿਛਲੇ ਸਾਲ ਜੂਨ ਵਿੱਚ ਫਾਸਟ ਟ੍ਰੈਕ ਪੰਜਾਬ ਪੋਰਟਲ ਲਾਂਚ ਕੀਤਾ ਸੀ। ਜੇਕਰ ਤੁਸੀਂ ਇੱਕ ਨਵਾਂ ਉਦਯੋਗ ਸਥਾਪਤ ਕਰਨਾ ਚਾਹੁੰਦੇ ਹੋ ਜਾਂ ਮੌਜੂਦਾ ਉਦਯੋਗ ਦਾ ਵਿਸਥਾਰ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਸਿੰਗਲ ਵਿੰਡੋ ਸਿਸਟਮ ਰਾਹੀਂ 45 ਦਿਨਾਂ ਦੇ ਅੰਦਰ ਪ੍ਰਵਾਨਗੀ ਮਿਲ ਜਾਵੇਗੀ। ਤੁਸੀਂ ਸਿਰਫ਼ ਔਨਲਾਈਨ ਅਰਜ਼ੀ ਦਿਓ। ਕਿਸੇ ਨੂੰ ਮਿਲਣ ਦੀ ਕੋਈ ਲੋੜ ਨਹੀਂ ਹੈ ਅਤੇ ਕਿਤੇ ਜਾਣ ਦੀ ਕੋਈ ਲੋੜ ਨਹੀਂ ਹੈ। ਜੇਕਰ 45 ਦਿਨਾਂ ਦੇ ਅੰਦਰ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ ਹੈ ਤਾਂ 46ਵੇਂ ਦਿਨ ਸਾਫਟਵੇਅਰ ਆਪਣੇ ਆਪ ਸਾਰੀਆਂ ਪ੍ਰਵਾਨਗੀਆਂ ਦੇ ਦਿੰਦਾ ਹੈ। ਤੁਹਾਨੂੰ ਸਾਰੇ ਵਿਭਾਗਾਂ ਤੋਂ ਆਪਣੇ ਆਪ ਹੀ ਡੀਮਡ ਪ੍ਰਵਾਨਗੀ ਮਿਲ ਜਾਂਦੀ ਹੈ ਅਤੇ ਤੁਹਾਨੂੰ ਕਿਤੇ ਵੀ ਜਾਣ ਦੀ ਲੋੜ ਨਹੀਂ ਹੈ।

ਹਰੇ ਕੋਈ ਸਿੰਗਲ ਵਿੰਡੋ ਹੋਣ ਦਾ ਦਾਅਵਾ ਤਾਂ ਕਰਦਾ ਹੈ, ਪਰ ਅਸਲੀਅਤ ਇਸ ਤੋਂ ਕਿਤੇ ਪੜ੍ਹੇ ਹੈ। ਹਾਲਾਂਕਿ ਪੰਜਾਬ 'ਚ ਸਭ ਤੋਂ ਵੱਖਰਾ ਅਤੇ ਉਦਯੋਗ ਲਈ ਪੂਰੀ ਤਰ੍ਹਾਂ ਸਾਜ਼ਗਾਰ ਮਾਹੌਲ ਹੈ। ਮੁੱਖ ਮੰਤਰੀ ਭਗਵੰਤ ਮਾਨ ਨਿੱਜੀ ਤੌਰ 'ਤੇ ਇਸਦੀ ਨਿਗਰਾਨੀ ਕਰਦੇ ਹਨ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨਿੱਜੀ ਤੌਰ 'ਤੇ ਹਰ ਪ੍ਰਸਤਾਵ ਦੀ ਨਿਗਰਾਨੀ ਕਰਦੇ ਹਨ। ਕੋਈ ਵੀ ਪ੍ਰਸਤਾਵ 45 ਦਿਨਾਂ ਤੋਂ ਵੱਧ ਨਹੀਂ ਲਟਕਦਾ। 45 ਦਿਨਾਂ ਦੇ ਅੰਦਰ ਪ੍ਰਵਾਨਗੀ ਦੀ ਗਰੰਟੀ ਹੈ ਭਾਵੇਂ ਇਹ ਵੱਡਾ ਉਦਯੋਗ ਹੋਵੇ ਜਾਂ ਛੋਟਾ। ਉਨ੍ਹਾਂ ਜ਼ੋਰ ਦੇ ਕੇ ਕਿਹਾ। ਮੈਨੂੰ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਅਸੀਂ ਇਸ ਸਮਾਂ-ਸੀਮਾ ਨੂੰ 10 ਜਾਂ 15 ਦਿਨਾਂ ਤੱਕ ਵੀ ਘਟਾ ਦੇਵਾਂਗੇ।

ਨਵੀਂ ਪ੍ਰਣਾਲੀ ਦੀ ਤੁਲਨਾ ਪਹਿਲਾਂ ਵਾਲੇ ਸਿਸਟਮ ਨਾਲ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਅੱਗੇ ਕਿਹਾ ਕਿ ਸਾਡੀ ਸਰਕਾਰ ਤੋਂ ਪਹਿਲਾਂ ਇੱਕ ਸਮਾਂ ਸੀ ਜਦੋਂ ਜਦੋਂ ਤੱਕ ਤੁਸੀਂ ਕਿਸੇ ਮੰਤਰੀ ਜਾਂ ਅਧਿਕਾਰੀ ਨੂੰ ਪੈਸਿਆਂ ਜਾਂ ਲਾਭ ਦੀ ਪੇਸ਼ਕਸ਼ ਨਹੀਂ ਕਰਦੇ ਸੀ ਤਾਂ ਪ੍ਰਵਾਨਗੀਆਂ ਨਹੀਂ ਮਿਲਦੀਆਂ ਸਨ। ਇਨ੍ਹਾਂ ਵਿੱਚ ਕਈ-ਕਈ ਮਹੀਨੇ ਅਤੇ ਕਈ ਵਾਰ ਤਾਂ ਕਈ ਸਾਲ ਵੀ ਲੱਗ ਜਾਂਦੇ ਸਨ। ਜੇਕਰ ਤੁਸੀਂ ਕੋਈ ਉਦਯੋਗ ਸਥਾਪਤ ਕਰਨਾ ਚਾਹੁੰਦੇ ਸੀ ਤਾਂ ਤੁਹਾਨੂੰ ਸਿਫ਼ਾਰਸ਼ਾਂ ਕਰਾਉਣੀ ਅਤੇ ਰਿਸ਼ਵਤ ਦੇਣੀ ਪੈਂਦੀ ਸੀ ਅਤੇ ਫਿਰ ਵੀ ਕੰਮ ਨਹੀਂ ਹੁੰਦਾ ਸੀ। ਹੁਣ ਅਜਿਹਾ ਨਹੀਂ ਹੈ। ਤੁਸੀਂ ਸਿਰਫ਼ ਅਰਜ਼ੀ ਦਿਓ ਅਤੇ 45ਵੇਂ ਦਿਨ ਤੱਕ ਤੁਹਾਨੂੰ ਹਰ ਪ੍ਰਵਾਨਗੀ ਮਿਲ ਜਾਵੇਗੀ।

ਛੋਟੇ ਕਾਰੋਬਾਰਾਂ ਲਈ ਰਾਹਤ ਉਪਾਵਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਅੱਗੇ ਕਿਹਾ ਕਿ ਐਮਐਸਐਮਈਜ਼ (ਮਾਈਕਰੋ, ਲਘੂ ਅਤੇ ਦਰਮਿਆਨੇ ਉੱਦਮਾਂ) ਲਈ ਇੱਕ ਹੋਰ ਵੱਡਾ ਕਦਮ ਚੁੱਕਿਆ ਗਿਆ ਹੈ। ਜੇਕਰ ਤੁਹਾਡਾ ਨਿਵੇਸ਼ 15 ਕਰੋੜ ਰੁਪਏ ਤੱਕ ਹੈ, ਤਾਂ ਤੁਹਾਨੂੰ ਕਿਸੇ ਵੀ ਪ੍ਰਵਾਨਗੀ ਦੀ ਲੋੜ ਨਹੀਂ ਹੈ। ਤੁਹਾਨੂੰ 45 ਦਿਨਾਂ ਤੱਕ ਇੰਤਜ਼ਾਰ ਵੀ ਨਹੀਂ ਕਰਨਾ ਪੈਂਦਾ। ਤੁਸੀਂ ਸਿਰਫ਼ ਅਰਜ਼ੀ ਦਿਓ ਅਤੇ 5 ਦਿਨਾਂ ਦੇ ਅੰਦਰ ਤੁਹਾਨੂੰ ਮਨਜ਼ੂਰੀ ਪੱਤਰ ਮਿਲ ਜਾਵੇਗਾ। ਅਸੀਂ ਉੱਦਮੀ ਤੋਂ ਹਲਫ਼ਨਾਮੇ ਵਜੋਂ ਸਵੈ-ਪ੍ਰਮਾਣੀਕਰਨ ਲੈਂਦੇ ਹਾਂ। ਮੇਰਾ ਮੰਨਣਾ ਹੈ ਕਿ ਅਜਿਹਾ ਸਿਸਟਮ ਜੋ ਖੁਦ-ਬ-ਖੁਦ ਡੀਮਡ ਪ੍ਰਵਾਨਗੀਆਂ ਪ੍ਰਦਾਨ ਕਰਦਾ ਹੈ, ਦੇਸ਼ ਵਿੱਚ ਕਿਤੇ ਵੀ ਹੋਰ ਮੌਜੂਦ ਨਹੀਂ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਕਦਮ ਦੀ ਸਫ਼ਲਤਾ ਤੋਂ ਬਾਅਦ ਅਸੀਂ ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਜੇਕਰ ਤੁਹਾਡੇ ਕੋਲ ਪੜ੍ਹੇ-ਲਿਖੇ, ਸਿਹਤਮੰਦ ਲੋਕ ਨਹੀਂ ਹਨ, ਤਾਂ ਉਦਯੋਗ ਕੌਣ ਚਲਾਏਗਾ ਅਤੇ ਉਦਯੋਗ ਕਿਵੇਂ ਕੰਮ ਕਰਨਗੇ। ਜਦੋਂ ਅਸੀਂ ਦੂਜੇ ਦੇਸ਼ਾਂ ਦਾ ਅਧਿਐਨ ਕੀਤਾ ਤਾਂ ਅਸੀਂ ਪਾਇਆ ਕਿ ਜਾਪਾਨ, ਜਰਮਨੀ ਅਤੇ ਸਿੰਗਾਪੁਰ ਨੇ ਸਿਹਤ ਅਤੇ ਸਿੱਖਿਆ ਵਿੱਚ ਸਭ ਤੋਂ ਵੱਧ ਨਿਵੇਸ਼ ਕੀਤਾ ਹੈ। ਮੈਂ ਲੀ ਕੁਆਨ ਯੂ ਦੀ ਕਿਤਾਬ ਪੜ੍ਹੀ ਹੈ ਅਤੇ ਇਨ੍ਹਾਂ ਸਾਰੇ ਦੇਸ਼ਾਂ ਨੇ ਇਨ੍ਹਾਂ ਖੇਤਰਾਂ ਵਿੱਚ ਭਾਰੀ ਨਿਵੇਸ਼ ਕੀਤਾ ਹੈ। ਅਸੀਂ ਪਹਿਲਾਂ ਦਿੱਲੀ ਵਿੱਚ ਵੀ ਅਜਿਹਾ ਹੀ ਕੀਤਾ ਸੀ ਅਤੇ ਹੁਣ ਅਸੀਂ ਪੰਜਾਬ ਵਿੱਚ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਅੱਜ ਮੈਨੂੰ ਇਹ ਕਹਿੰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਕੇਂਦਰ ਸਰਕਾਰ ਨੇ ਸਾਰੇ ਰਾਜਾਂ ਦਾ ਅਧਿਐਨ ਕੀਤਾ। ਜਦੋਂ ਅਸੀਂ ਸੱਤਾ ਸੰਭਾਲੀ ਤਾਂ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ 'ਚੋਂ 18ਵੇਂ ਸਥਾਨ 'ਤੇ ਸੀ ਅਤੇ ਕੇਂਦਰ ਦੇ ਸਰਵੇਖਣ ਅਨੁਸਾਰ ਪੰਜਾਬ ਪਿਛਲੇ ਸਾਲ ਸਿੱਖਿਆ ਦੇ ਖੇਤਰ ਵਿੱਚ ਪੂਰੇ ਦੇਸ਼ 'ਤੋਂ ਅੱਵਲ ਹੋ ਕੇ ਉੱਭਰਿਆ। ਸਿਰਫ਼ ਤਿੰਨ ਸਾਲਾਂ ਵਿੱਚ ਅਸੀਂ ਸਿੱਖਿਆ ਵਿੱਚ ਪਹਿਲੇ ਸਥਾਨ 'ਤੇ ਪਹੁੰਚ ਗਏ।

ਸਿੱਖਿਆ ਦੇ ਖੇਤਰ ਵਿੱਚ ਕੀਤੇ ਸੁਧਾਰਾਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਅੱਗੇ ਕਿਹਾ, ਅੱਜ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬੱਚੇ, ਜਿਨ੍ਹਾਂ ਨੂੰ ਪਹਿਲਾਂ ਇਹ ਵੀ ਨਹੀਂ ਪਤਾ ਸੀ ਕਿ ਜੀਈਈ ਕੀ ਹੈ ਜਾਂ ਨੀਟ ਕੀ ਹੈ ਅਤੇ ਇਹਨਾਂ ਪ੍ਰੀਖਿਆਵਾਂ ਤੋਂ ਜਾਣੂ ਨਹੀਂ ਸਨ, ਨੇ ਸ਼ਾਨਦਾਰ ਨਤੀਜੇ ਪ੍ਰਾਪਤ ਕਰਨੇ ਸ਼ੁਰੂ ਕਰ ਦਿੱਤੇ ਹਨ। ਪਿਛਲੇ ਸਾਲ, ਸਰਕਾਰੀ ਸਕੂਲਾਂ ਦੇ 300 ਵਿਦਿਆਰਥੀਆਂ ਨੇ ਜੀਈਈ ਪਾਸ ਪ੍ਰੀਖਿਆ ਪਾਸ ਕੀਤੀ ਅਤੇ 800 ਵਿਦਿਆਰਥੀਆਂ ਨੇ ਨੀਟ ਪਾਸ ਕੀਤੀ। ਅੱਜ ਸਾਡੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਸਿਖਲਾਈ ਲਈ ਫਿਨਲੈਂਡ, ਸਿੰਗਾਪੁਰ ਅਤੇ ਕੈਨੇਡਾ ਭੇਜਿਆ ਜਾ ਰਿਹਾ ਹੈ। ਬੱਚਿਆਂ ਲਈ ਇੱਕ ਬਹੁਤ ਹੀ ਸਕਾਰਾਤਮਕ ਮਾਹੌਲ ਵਿਕਸਤ ਕੀਤਾ ਗਿਆ ਹੈ ਜਿੱਥੇ ਬੱਚੇ ਵੀ ਮਹਿਸੂਸ ਕਰਦੇ ਹਨ ਕਿ ਉਹ ਮਿਆਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਸਿਹਤ ਸੰਭਾਲ ਸੁਧਾਰਾਂ ਬਾਰੇ ਬੋਲਦਿਆਂ, ਅਰਵਿੰਦ ਕੇਜਰੀਵਾਲ ਨੇ ਕਿਹਾ, 'ਪਹਿਲਾਂ ਜੇਕਰ ਕੋਈ ਗਰੀਬ ਪਰਿਵਾਰ ਦਾ ਕੋਈ ਮੈਂਬਰ ਬੀਮਾਰ ਹੋ ਜਾਂਦਾ ਸੀ ਤਾਂ ਇਹ ਅਕਸਰ ਦੁਖਾਂਤ ਦਾ ਕਾਰਨ ਬਣਦਾ ਸੀ। ਕਿਸਾਨ ਖੁਦਕੁਸ਼ੀਆਂ ਦਾ ਇੱਕ ਵੱਡਾ ਕਾਰਨ ਕਿਸੇ ਪਰਿਵਾਰਕ ਮੈਂਬਰ ਦਾ ਬਿਮਾਰ ਹੋਣਾ ਸੀ, ਕਿਉਂਕਿ ਜਦੋਂ ਕੋਈ ਬੀਮਾਰ ਹੋ ਜਾਂਦਾ ਸੀ ਤਾਂ ਉਸਨੂੰ ਕਰਜ਼ਾ ਲੈਣਾ ਪੈਂਦਾ ਸੀ ਅਤੇ ਜਦੋਂ ਉਹ ਉਨ੍ਹਾਂ ਕਰਜ਼ਿਆਂ ਨੂੰ ਵਾਪਸ ਨਹੀਂ ਕਰ ਸਕਦੇ ਸਨ ਤਾਂ ਉਹ ਖੁਦਕੁਸ਼ੀ ਕਰ ਲੈਂਦੇ ਸਨ। ਹੁਣ ਜੇਕਰ ਕੋਈ ਬਿਮਾਰ ਹੋ ਜਾਂਦਾ ਹੈ ਤਾਂ ਉਸਨੂੰ ਅਜਿਹੇ ਸਖ਼ਤ ਕਦਮ ਚੁੱਕਣ ਦੀ ਲੋੜ ਨਹੀਂ ਹੈ। ਹੁਣ ਸਰਕਾਰੀ ਹਸਪਤਾਲਾਂ ਵਿੱਚ ਕਾਫ਼ੀ ਸੁਧਾਰ ਕੀਤਾ ਗਿਆ ਹੈ। ਸੂਬਾ ਸਰਕਾਰ ਦੀ ਨਵੀਂ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਤਹਿਤ, ਸੂਬੇ ਦੇ ਵੱਡੇ ਹਸਪਤਾਲ ਵੀ ਗਰੀਬ ਕਿਸਾਨਾਂ ਅਤੇ ਗਰੀਬ ਮਜ਼ਦੂਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪ੍ਰਦਾਨ ਕਰਦੇ ਹਨ। ਅਜਿਹਾ ਸਰਵਪੱਖੀ ਸਿਹਤ ਸੰਭਾਲ ਅਤੇ ਸੁਰੱਖਿਆ ਬੀਮਾ ਸ਼ਾਇਦ ਹੀ ਕਿਤੇ ਹੋਰ ਦੇਖਿਆ ਜਾਂਦਾ ਹੈ।'

ਇਹਨਾਂ ਸੁਧਾਰਾਂ ਨੂੰ ਨਿਵੇਸ਼ ਨਾਲ ਜੋੜਦਿਆਂ ਉਨ੍ਹਾਂ ਕਿਹਾ, 'ਇਨ੍ਹਾਂ ਸਾਰੇ ਯਤਨਾਂ ਦੇ ਸਪੱਸ਼ਟ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ। ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਵਿੱਚ 1.5 ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਮੈਂ ਸਮਝੌਤਿਆਂ ਬਾਰੇ ਗੱਲ ਨਹੀਂ ਕਰ ਰਿਹਾ। ਮੈਂ 1.5 ਲੱਖ ਕਰੋੜ ਰੁਪਏ ਦੇ ਨਿਵੇਸ਼ਾਂ ਬਾਰੇ ਗੱਲ ਕਰ ਰਿਹਾ ਹਾਂ ਜੋ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਹਨ। ਜ਼ਮੀਨ ਖਰੀਦੀ ਜਾ ਚੁੱਕੀ ਹੈ ਅਤੇ ਜ਼ਮੀਨੀ ਪੱਧਰ 'ਤੇ ਪ੍ਰੋਜੈਕਟ ਸ਼ੁਰੂ ਹੋ ਗਏ ਹਨ। ਇਹਨਾਂ ਨਿਵੇਸ਼ਾਂ ਨਾਲ ਸਾਡੇ ਨੌਜਵਾਨਾਂ ਲਈ 5.5 ਲੱਖ ਨੌਕਰੀਆਂ ਪੈਦੀ ਹੋਣਗੀਆਂ।'

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਾਡਾ ਦੇਸ਼ ਇੱਕ ਮਹਾਨ ਰਾਸ਼ਟਰ ਹੈ ਅਤੇ ਇਸ ਦੀ ਸੱਭਿਅਤਾ ਬਹੁਤ ਪ੍ਰਾਚੀਨ ਹੈ। ਪਰਮਾਤਮਾ ਨੇ ਇਸ ਦੇਸ਼ ਨੂੰ ਸਭ ਕੁਝ ਦਿੱਤਾ ਹੈ। ਜਦੋਂ ਪਰਮਾਤਮਾ ਨੇ ਧਰਤੀ ਬਣਾਈ ਤਾਂ ਉਸ ਨੇ 'ਭਾਰਤਵਰਸ਼' ਨੂੰ ਸਭ ਤੋਂ ਖੁਸ਼ਹਾਲ ਅਤੇ ਸੁੰਦਰ ਧਰਤੀ ਬਣਾਇਆ। ਸਾਡੇ ਕੋਲ ਪਹਾੜ, ਨਦੀਆਂ, ਔਸ਼ਧੀ ਜੜ੍ਹੀਆਂ ਬੂਟੀਆਂ, ਖਣਿਜ, ਲੋਹਾ, ਕੋਲਾ ਅਤੇ ਹੋਰ ਅਣਗਿਣਤ ਸਰੋਤ ਹਨ। ਪਰਮਾਤਮਾ ਨੇ ਸਾਨੂੰ ਇਹਨਾਂ ਸਾਰੇ ਤੋਹਫਿਆਂ ਨਾਲ ਨਿਵਾਜਿਆ ਹੈ। ਜਦੋਂ ਪਰਮਾਤਮਾ ਨੇ ਮਨੁੱਖਾਂ ਨੂੰ ਬਣਾਇਆ, ਤਾਂ ਉਨ੍ਹਾਂ ਨੇ ਭਾਰਤ ਵਿੱਚ ਸਭ ਤੋਂ ਬੁੱਧੀਮਾਨ ਲੋਕ ਪੈਦਾ ਕੀਤੇ। ਅਸੀਂ ਦੁਨੀਆ ਵਿੱਚ ਜਿੱਥੇ ਵੀ ਜਾਂਦੇ ਹਾਂ, ਅਸੀਂ ਖੁਦ ਨੂੰ ਉੱਤਮ ਸਾਬਤ ਕਰਦੇ ਹਾਂ। ਦੁਨੀਆ ਭਰ ਦੀਆਂ ਉੱਘੀਆਂ ਕੰਪਨੀਆਂ ਦੇ ਸੀਈਓਜ਼ ਵਿੱਚੋਂ ਬਹੁਤ ਸਾਰੇ ਭਾਰਤੀ ਹਨ। ਮਾਈਕ੍ਰੋਸਾਫਟ, ਅਲਫਾਬੇਟ, ਆਈਬੀਐਮ, ਅਡੋਬ, ਚੈਨਲ, ਨੋਵਾਰਟਿਸ ਅਤੇ ਪਾਲੋ ਆਲਟੋ ਦੇ ਸੀਈਓ ਭਾਰਤੀ ਮੂਲ ਦੇ ਵਿਅਕਤੀ ਹਨ।

ਉਨ੍ਹਾਂ ਕਿਹਾ, 'ਪਰ ਮੈਨੂੰ ਬੇਹੱਦ ਦੁੱਖ ਹੁੰਦਾ ਹੈ ਜਦੋਂ ਅਸੀਂ ਚੀਨ ਤੋਂ ਖਿਡੌਣੇ ਆਯਾਤ ਕਰਦੇ ਹਾਂ। ਅਸੀਂ ਪਲਾਸਟਿਕ ਦੀਆਂ ਬਾਲਟੀਆਂ, ਸਟੇਸ਼ਨਰੀ ਤੋਂ ਲੈ ਕੇ ਪਲਾਸਟਿਕ ਦੇ ਡੱਬੇ ਵੀ ਜਿਨ੍ਹਾਂ ਵਿੱਚ ਅਸੀਂ ਆਪਣੀਆਂ ਰਸੋਈਆਂ ਵਿੱਚ ਮਸਾਲੇ ਰੱਖਦੇ ਹਾਂ, ਚੀਨ ਤੋਂ ਆਯਾਤ ਕੀਤੇ ਜਾਂਦੇ ਹਨ। ਅਸੀਂ ਐਈਡੀ ਬਲਬ, ਸਜਾਵਟੀ ਲਾਈਟਾਂ, ਇਲੈਕਟ੍ਰਿਕ ਕੇਤਲੀਆਂ, ਤਾਰਾਂ, ਮੋਬਾਈਲ ਫੋਨ ਚਾਰਜਰ, ਅਲਾਰਮ ਘੜੀਆਂ, ਪਲਾਸਟਿਕ ਦੇ ਖਿਡੌਣੇ ਅਤੇ ਬੈਟਰੀ ਨਾਲ ਚੱਲਣ ਵਾਲੇ ਖਿਡੌਣੇ ਵੀ ਆਯਾਤ ਕਰਦੇ ਹਾਂ। ਦੀਵਾਲੀ ਦੌਰਾਨ ਅਸੀਂ ਲਕਸ਼ਮੀ ਅਤੇ ਗਣੇਸ਼ ਮੂਰਤੀਆਂ ਦੀ ਪੂਜਾ ਕਰਦੇ ਹਾਂ, ਉਹ ਵੀ ਆਯਾਤ ਕੀਤੀਆਂ ਜਾਂਦੀਆਂ ਹਨ। ਇਹਨਾਂ ਵਸਤਾਂ ਦੀ ਸੂਚੀ ਬਹੁਤ ਲੰਬੀ ਹੈ, ਜਿਹਨਾਂ ਵਿੱਚ ਕੁੰਭਕਰਨ, ਰਾਵਣ ਅਤੇ ਮੇਘਨਾਥ ਦੀਆਂ ਮੂਰਤੀਆਂ ਵੀ ਸ਼ਾਮਲ ਹਨ। ਕੀ ਅਸੀਂ ਇਹ ਖੁਦ ਨਹੀਂ ਬਣਾ ਸਕਦੇ? ਕਿਸੇ ਨੇ ਮੈਨੂੰ ਦੱਸਿਆ ਕਿ ਚੀਨੀ ਉਤਪਾਦ ਸਸਤੇ ਹਨ, ਪਰ ਅਸੀਂ ਖੁਦ ਸਸਤੇ ਉਤਪਾਦ ਕਿਉਂ ਨਹੀਂ ਬਣਾ ਸਕਦੇ? ਪੰਜਾਬੀਆਂ ਨੂੰ ਮੌਕਾ ਦਿਓ ਅਤੇ ਉਹ ਚੀਨ ਨਾਲੋਂ ਸਸਤੇ ਉਤਪਾਦ ਤਿਆਰ ਕਰਨਗੇ ਅਤੇ ਉਨ੍ਹਾਂ ਨੂੰ ਨਿਰਯਾਤ ਵੀ ਕਰਨਗੇ।'

'ਆਪ' ਸੁਪਰੀਮੋ ਨੇ ਕਿਹਾ ਕਿ ਪਿਛਲੇ 75 ਸਾਲਾਂ ਵਿੱਚ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਸਾਡੇ ਲੋਕਾਂ ਦੇ ਹੁਨਰ 'ਤੇ ਭਰੋਸਾ ਨਹੀਂ ਕੀਤਾ। ਪਰ ਸਾਡੇ ਸਿਸਟਮ ਇੰਨੇ ਕਮਜ਼ੋਰ ਹੋ ਗਏ ਹਨ ਕਿ ਉਹ ਕਿਸੇ ਨੂੰ ਕੁਝ ਵੀ ਕਰਨ ਨਹੀਂ ਦਿੰਦੇ। ਸਾਨੂੰ ਮੌਕੇ ਦਿੱਤੇ ਜਾਣੇ ਚਾਹੀਦੇ ਹਨ। ਭਾਰਤ ਨੂੰ ਨੰਬਰ ਮੋਹਰੀ ਬਣਨਾ ਚਾਹੀਦਾ ਹੈ ਅਤੇ ਸਾਨੂੰ ਚੀਨ ਨੂੰ ਪਛਾੜਨਾ ਚਾਹੀਦਾ ਹੈ। ਇਹ ਸਾਡਾ ਟੀਚਾ ਹੋਣਾ ਚਾਹੀਦਾ ਹੈ। ਮਾਧੁਰੀ ਦੀਕਸ਼ਿਤ ਅਤੇ ਅਨਿਲ ਕਪੂਰ ਅਭਿਨੀਤ 'ਤੇਜ਼ਾਬ' ਨਾਮਕ ਇੱਕ ਫਿਲਮ ਸੀ। ਇਸ ਵਿੱਚ ਇੱਕ ਗੀਤ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਆਮ ਵਿਰੋਧੀਆਂ ਨੂੰ ਹਰਾਉਣ ਦਾ ਕੋਈ ਮਤਲਬ ਨਹੀਂ ਹੈ, ਜੇਕਰ ਤੁਸੀਂ ਸੱਚਮੁੱਚ ਆਪਣੇ ਆਪ ਨੂੰ ਸਾਬਤ ਕਰਨਾ ਚਾਹੁੰਦੇ ਹੋ ਤਾਂ ਦਾਰਾ ਸਿੰਘ ਨੂੰ ਹਰਾਓ। ਸਾਨੂੰ ਦੱਸੋ ਕਿ ਤੁਹਾਨੂੰ ਚੀਨ ਨੂੰ ਹਰਾਉਣ ਲਈ ਕੀ ਚਾਹੀਦਾ ਹੈ ਅਤੇ ਅਸੀਂ ਤੁਹਾਨੂੰ ਪੰਜਾਬ ਵਿੱਚ ਉਹ ਸਭ ਵਸਤਾਂ ਪ੍ਰਦਾਨ ਕਰਾਂਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੂਰੀ ਪੰਜਾਬ ਸਰਕਾਰ ਅਤੇ ਮੈਂ ਤੁਹਾਡੇ ਨਾਲ ਖੜ੍ਹੇ ਹਾਂ।

ਉਨ੍ਹਾਂ ਕਿਹਾ, 'ਮੇਰਾ ਖ਼ੂਨ ਖੌਲ ਜਾਂਦਾ ਹੈ ਜਦੋਂ ਮੈਂ ਦੇਖਦਾ ਹਾਂ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਅਸੀਂ ਚੀਨ ਤੋਂ ਪਲਾਸਟਿਕ ਦੀਆਂ ਬਾਲਟੀਆਂ ਅਤੇ ਫੋਨ ਚਾਰਜਰ ਆਯਾਤ ਕਰਦੇ ਹਾਂ। ਅਸੀਂ ਆਪਣੀਆਂ ਲਕਸ਼ਮੀ ਅਤੇ ਗਣੇਸ਼ ਮੂਰਤੀਆਂ ਨਹੀਂ ਬਣਾ ਸਕਦੇ। ਇਹ ਮੁੱਦਾ ਦੇਸ਼ ਭਗਤੀ ਨਾਲ ਸਬੰਧਤ ਹੈ। ਤੁਹਾਨੂੰ ਦੇਸ਼ ਲਈ ਇਹ ਕਰਨਾ ਚਾਹੀਦਾ ਹੈ। ਸਾਨੂੰ ਦੱਸੋ ਕਿ ਤੁਹਾਨੂੰ ਕੀ ਚਾਹੀਦਾ ਹੈ ਅਤੇ ਚੀਨ ਨੂੰ ਨਿਰਯਾਤ ਕਰਨਾ ਸ਼ੁਰੂ ਕਰੋ। ਤੁਹਾਨੂੰ ਜਿਹੜੇ ਵੀ ਮਾਹੌਲ ਜ਼ਰੂਰਤ ਹੈ, ਉਹ ਅਸੀਂ ਪ੍ਰਦਾਨ ਕਰਾਂਗੇ। ਇਹ ਕੋਈ ਖੋਖਲਾ ਵਾਅਦਾ ਨਹੀਂ ਹੈ। ਤੁਸੀਂ ਪਹਿਲਾਂ ਹੀ ਦੇਖਿਆ ਹੋਵੇਗਾ ਕਿ ਪਿਛਲੀਆਂ ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਵੱਲੋਂ ਕੀਤੇ ਸਾਰੇ ਵਾਅਦਿਆਂ ਨੂੰ ਪੂਰਾ ਕਰ ਦਿੱਤਾ ਗਿਆ ਹੈ। ਮੈਂ ਇਹ ਵਾਅਦਾ ਸਾਰੇ ਉਦਯੋਗਾਂ ਨਾਲ ਕਰ ਰਿਹਾ ਹਾਂ। ਸਾਨੂੰ ਦੱਸੋ ਕਿ ਤੁਹਾਨੂੰ ਕੀ ਚਾਹੀਦਾ ਹੈ ਤਾਂ ਅਸੀਂ ਤੁਹਾਨੂੰ ਹਰ ਲੋੜੀਂਦੀ ਚੀਜ਼ ਪ੍ਰਦਾਨ ਕਰਾਂਗੇ।'

ਉਨ੍ਹਾਂ ਕਿਹਾ, 'ਆਪ ਲੀਡਰਸ਼ਿਪ, ਖਾਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਇੱਕ ਬਹੁਤ ਹੀ ਹਰਮਨ ਪਿਆਰੇ ਲੋਕ ਨੇਤਾ ਵਜੋਂ ਜਾਣੇ ਜਾਂਦੇ ਹਨ। ਉਹ ਲੋਕਾਂ ਵਿੱਚ ਰਹਿੰਦੇ ਹਨ ਅਤੇ ਤੁਸੀਂ ਉਨ੍ਹਾਂ ਨੂੰ ਕਿਸੇ ਵੀ ਸਮੇਂ ਮਿਲ ਸਕਦੇ ਹੋ। ਮੈਨੂੰ ਨਹੀਂ ਲੱਗਦਾ ਕਿ ਤੁਹਾਨੂੰ ਅਜਿਹਾ ਮੁੱਖ ਮੰਤਰੀ ਦੁਬਾਰਾ ਮਿਲੇਗਾ। ਮੰਤਰੀ ਸੰਜੀਵ ਅਰੋੜਾ ਨੇ ਸੱਚਮੁੱਚ ਉਦਯੋਗਪਤੀਆਂ ਦਾ ਦਿਲ ਜਿੱਤ ਲਿਆ ਹੈ। ਕੱਲ੍ਹ ਇੱਕ ਉਦਯੋਗਪਤੀ ਮੇਰੇ ਕੋਲ ਆਇਆ ਅਤੇ ਉਸ ਨੇ ਕਿਹਾ ਕਿ ਉਹ ਸਮੇਂ ਸੂਬੇ ਦੇ ਵਿਕਾਸ ਵਿੱਚ ਰੁਝੇ ਰਹਿੰਦੇ ਹਨ ਅਤੇ ਕੋਈ ਨਹੀਂ ਜਾਣਦਾ ਕਿ ਉਹ ਕਦੋਂ ਸੌਂਦੇ ਹਨ। ਜਦੋਂ ਅਸੀਂ ਪਹਿਲਾਂ ਵੱਖ-ਵੱਖ ਥਾਵਾਂ 'ਤੇ ਉਦਯੋਗਪਤੀਆਂ ਨਾਲ ਮੀਟਿੰਗਾਂ ਕਰਦੇ ਸੀ, ਤਾਂ ਸਾਨੂੰ ਉਦਯੋਗਪਤੀਆਂ ਅਤੇ ਵਪਾਰੀਆਂ ਤੋਂ ਬਹੁਤ ਸਾਰੀਆਂ ਨਕਾਰਾਤਮਕ ਗੱਲਾਂ ਸੁਣਨੀਆਂ ਪੈਂਦੀਆ ਸਨ। ਲੋਕਾਂ ਨੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸਰਕਾਰੀ ਦਫਤਰਾਂ ਵਿੱਚ ਵਾਰ-ਵਾਰ ਚੱਕਰ ਲਗਾਉਣ ਬਾਰੇ ਸ਼ਿਕਾਇਤ ਕੀਤੀ। ਉਸ ਸਮੇਂ ਮਾਹੌਲ ਨਕਾਰਾਤਮਕਤਾ ਨਾਲ ਭਰਿਆ ਹੋਇਆ ਸੀ। ਪਰ ਕੱਲ੍ਹ ਰਾਤ ਉਦਯੋਗਪਤੀਆਂ ਨਾਲ ਰਾਤ ਦੇ ਖਾਣੇ ਦੌਰਾਨ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮੈਂ ਮੌਜੂਦ ਸੀ, ਮਾਹੌਲ ਬਹੁਤ ਸਕਾਰਾਤਮਕ ਬਣਿਆ ਹੋਇਆ ਸੀ। ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਅਜਿਹੀ ਸਰਕਾਰ ਨਹੀਂ ਦੇਖੀ ਜੋ ਉਦਯੋਗ ਪ੍ਰਤੀ ਇੰਨੀ ਸਕਾਰਾਤਮਕ ਹੋਵੇ।'

ਸੂਬੇ ਵਿੱਚ ਹੋਈ ਪ੍ਰਗਤੀ ਬਾਰੇ ਗੱਲ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, 'ਕਿਸੇ ਵੀ ਸੂਬੇ ਜਾਂ ਦੇਸ਼ ਦੀ ਪ੍ਰਗਤੀ ਲਈ ਤਿੰਨ ਜਾਂ ਚਾਰ ਸਾਲ ਦਾ ਸਮਾਂ ਬਹੁਤ ਘੱਟ ਹੁੰਦਾ ਹੈ। ਪਰ ਜੇਕਰ ਚਾਰ ਸਾਲਾਂ ਵਿੱਚ ਅਸੀਂ ਹਵਾ ਦੀ ਦਿਸ਼ਾ ਬਦਲਣ ਅਤੇ ਪੰਜਾਬ ਬਾਰੇ ਨਵੀਂ ਊਰਜਾ ਅਤੇ ਸਕਾਰਾਤਮਕਤਾ ਲਿਆਉਣ ਵਿੱਚ ਕਾਮਯਾਬ ਹੋ ਗਏ ਹਾਂ ਤਾਂ ਮੇਰਾ ਮੰਨਣਾ ਹੈ ਕਿ ਇਹ ਪੰਜਾਬ ਸਰਕਾਰ ਦੀ ਇੱਕ ਵੱਡੀ ਪ੍ਰਾਪਤੀ ਹੈ।'

## ਐਲ.ਪੀ.ਜੀ. ਦੇ ਮੁੱਦੇ 'ਤੇ ਵਿਰੋਧੀ ਧਿਰ

'ਕਾਂਗਰਸ ਦੇ ਮੈਂਬਰ ਆਪਣੇ ਨੇਤਾ (ਰਾਹੁਲ ਗਾਂਧੀ) ਦੇ ਨਾਲ-ਨਾਲ ਖੁਦ ਵੀ ਵਿਗੜ ਗਏ ਹਨ। ਅਜੇ ਵੀ ਸਮਾਂ ਹੈ ਸੁਧਰ ਜਾਓ, ਜਨਤਾ ਤੁਹਾਨੂੰ ਸੱਤਾ ਨਹੀਂ ਦੇਣ ਵਾਲੀ।'

ਸਵੇਰੇ ਜਿਵੇਂ ਹੀ ਸਪੀਕਰ ਓਮ ਬਿਰਲਾ ਨੇ ਪ੍ਰਸ਼ਨਕਾਲ ਸ਼ੁਰੂ ਕੀਤਾ, ਵਿਰੋਧੀ ਮੈਂਬਰ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਕੇ ਨਾਅਰੇਬਾਜ਼ੀ ਕਰਨ ਲੱਗੇ। ਹੰਗਾਮਾ ਵਧਦਾ ਦੇਖ ਸਪੀਕਰ ਨੇ ਸਖ਼ਤ ਲਹਿਜੇ 'ਚ ਚੇਤਾਵਨੀ ਦਿੱਤੀ, 'ਸਦਨ ਦੀਆਂ ਮੇਜ਼ਾਂ 'ਤੇ ਚੜ੍ਹੋਗੇ ਤਾਂ ਸਖ਼ਤ ਕਾਰਵਾਈ ਹੋਵੇਗੀ। ਸੰਸਦ ਦੀ ਮਰਿਆਦਾ ਬਣਾਈ ਰੱਖਣਾ ਸਭ ਦੀ ਜ਼ਿੰਮੇਵਾਰੀ ਹੈ, ਜੋ ਆਚਰਣ ਤੁਸੀਂ ਕਰ ਰਹੇ ਹੋ, ਉਹ ਬਿਲਕੁਲ ਠੀਕ ਨਹੀਂ ਹੈ।' ਵਾਰ-ਵਾਰ ਕਾਰਵਾਈ ਮੁਲਤਵੀ ਹੋਣ ਦੇ ਬਾਵਜੂਦ, ਦੁਪਹਿਰ 2 ਵਜੇ ਜਦੋਂ ਸਦਨ ਮੁੜ ਜੁੜਿਆ ਤਾਂ ਹੰਗਾਮੇ ਦੇ ਵਿਚਕਾਰ ਹੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵਿੱਤ ਸਾਲ 2025-26 ਦੀਆਂ ਵਾਧੂ ਗ੍ਰਾਂਟ ਮੰਗਾਂ 'ਤੇ ਜਵਾਬ ਦਿੱਤਾ। ਇਸ ਤੋਂ ਬਾਅਦ ਵਿਨਿਯੋਗ ਬਿੱਲ 2026 ਨੂੰ ਪਾਸ ਕਰ ਦਿੱਤਾ ਗਿਆ। ਪਰ ਵਿਰੋਧੀਆਂ ਦਾ ਰੌਲਾ ਨਾ ਘੱਟਦਾ ਦੇਖ ਪੀਠਾਸੀਨ ਕ੍ਰਿਸ਼ਨ ਪ੍ਰਸਾਦ ਤੇਨੇਤੀ ਨੇ ਸਦਨ ਨੂੰ ਸੋਮਵਾਰ ਸਵੇਰੇ 11 ਵਜੇ ਤੱਕ ਲਈ ਮੁਲਤਵੀ ਕਰ ਦਿੱਤਾ।'

## ਵਿਰੋਧੀ ਧਿਰ ਵੱਲੋਂ ਅੱਠ ਸਾਂਸਦਾਂ ਦੀ ਮੁਅੱਤਲੀ

ਰੱਦ ਕਰਨ ਦੀ ਮੰਗ ਕੀਤੀ। ਸੂਤਰਾਂ ਅਨੁਸਾਰ ਰਿਜਿਜੂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਲੋਕ ਸਭਾ ਸਪੀਕਰ ਕੋਲ ਉਠਾਉਣਗੇ। ਸੂਤਰਾਂ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਵਪਾਰ ਸਲਾਹਕਾਰ ਕਮੇਟੀ (ਬੀਏਸੀ) ਦੀ ਮੀਟਿੰਗ ਦੌਰਾਨ ਕਾਂਗਰਸ ਦੇ ਮੁੱਖ ਵ੍ਹਿਪ ਕੋਡਿਕੁਨਿਲ ਸੁਰੇਸ਼ ਨੇ ਬਿਰਲਾ ਅਤੇ ਰਿਜਿਜੂ ਨਾਲ ਦੁਬਾਰਾ ਇਹ ਮੁੱਦਾ ਉਠਾਇਆ। ਸੂਤਰਾਂ ਨੇ ਇਹ ਵੀ ਕਿਹਾ, 'ਰਿਜੀਜੂ ਨੇ ਵਿਰੋਧੀ ਧਿਰ ਨੂੰ ਕਿਹਾ ਹੈ ਕਿ ਉਹ ਇਸ ਮੁੱਦੇ 'ਤੇ ਸਲਾਹ-ਮਸ਼ਵਰੇ ਤੋਂ ਬਾਅਦ ਉਨ੍ਹਾਂ ਨਾਲ ਸੰਪਰਕ ਕਰਨਗੇ।' ਸੂਤਰਾਂ ਨੇ ਦੱਸਿਆ ਕਿ ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਦਾ ਮੁੱਦਾ ਵਿਰੋਧੀ ਧਿਰ ਅਤੇ ਸਰਕਾਰ ਵਿਚਕਾਰ ਟਕਰਾਅ ਦਾ ਮੁੱਦਾ ਹੈ। ਵਿਰੋਧੀ ਧਿਰ ਪੱਛਮੀ ਏਸ਼ੀਆ ਟਕਰਾਅ ਅਤੇ ਭਾਰਤ ਦੀ ਊਰਜਾ ਸੁਰੱਖਿਆ 'ਤੇ ਵੀ ਚਰਚਾ ਦੀ ਮੰਗ ਕਰ ਰਹੀ ਹੈ।

3 ਫਰਵਰੀ ਨੂੰ ਬਜਟ ਸੈਸ਼ਨ ਦੇ ਪਹਿਲੇ ਪੜਾਅ ਦੌਰਾਨ ਸਦਨ ਦੇ ਵੈੱਲ ਵੱਲ ਕਾਗਜ਼ ਸੁੱਟਣ ਦੇ ਦੋਸ਼ ਹੇਠ ਅੱਠ ਵਿਰੋਧੀ ਸੰਸਦ ਮੈਂਬਰਾਂ ਨੂੰ ਬਜਟ ਸੈਸ਼ਨ ਦੇ ਬਾਕੀ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ ਸੀ। ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਵਿੱਚ ਮਨਿਕਮ ਟੈਗੋਰ, ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ, ਹਿਬੀ ਈਡਨ, ਡੀਨ ਕੁਰੀਆਕੋਸ, ਪ੍ਰਸ਼ਾਂਤ ਪਡੋਲੇ, ਕਾਂਗਰਸ ਪਾਰਟੀ ਦੇ ਕਿਰਨ ਕੁਮਾਰ ਰੈਡੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਐਸ. ਵੈਂਕਟੇਸਨ ਸ਼ਾਮਲ ਹਨ। ਮੁਅੱਤਲੀ ਤੋਂ ਬਾਅਦ ਇਹ ਸੰਸਦ ਮੈਂਬਰ ਸੰਸਦ ਦੀ ਕਾਰਵਾਈ ਵਾਲੇ ਦਿਨ ਮਕਰ ਦੁਆਰ 'ਤੇ ਧਰਨਾ ਦਿੰਦੇ ਆ ਰਹੇ ਹਨ।

## ਲਗਾਤਾਰ ਤੀਜੇ ਦਿਨ ਸ਼ੇਅਰ ਬਾਜ਼ਾਰ 'ਚ

ਨਾਲ 74,563.92 'ਤੇ ਬੰਦ ਹੋਇਆ। ਬੀ.ਐਸ.ਈ. 'ਤੇ ਕੁੱਲ 3,348 ਸ਼ੇਅਰਾਂ ਵਿੱਚ ਗਿਰਾਵਟ ਦਰਜ ਕੀਤੀ ਗਈ, ਜਦੋਂ ਕਿ 941 ਵਿੱਚ ਵਾਧਾ ਹੋਇਆ ਅਤੇ 132 ਬਿਨਾਂ ਕਿਸੇ ਬਦਲਾਅ ਦੇ ਰਹੇ। 50 ਸ਼ੇਅਰਾਂ ਵਾਲਾ ਐਨਐਸਈ ਨਿਫਟੀ ਵੀ 488.05 ਅੰਕ ਜਾਂ 2.06 ਫੀਸਦੀ ਡਿੱਗ ਕੇ 23,151.10 'ਤੇ ਬੰਦ ਹੋਇਆ।

## ਸੁਪਰੀਮ ਕੋਰਟ ਵੱਲੋਂ ਮਾਹਵਾਰੀ ਦੀ ਛੁੱਟੀ

ਕਰਨ ਤੋਂ ਬਾਅਦ ਇਸ ਮਾਮਲੇ 'ਤੇ ਨੀਤੀ ਬਣਾਉਣ ਦੀ ਸੰਭਾਵਨਾ 'ਤੇ ਵਿਚਾਰ ਕਰਨ। ਸੁਣਵਾਈ ਦੌਰਾਨ ਕੇਰਲ ਦੀ ਉਦਾਹਰਨ ਵੀ ਦਿੱਤੀ ਗਈ ਜਿੱਥੇ ਸਕੂਲਾਂ ਵਿੱਚ ਅਜਿਹੀ ਰਿਆਇਤ ਦਿੱਤੀ ਗਈ ਹੈ। ਅਦਾਲਤ ਨੇ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਮਾਮਲਾ ਸਰਕਾਰ ਦੇ ਪਾਲੇ ਵਿੱਚ ਪਾ ਦਿੱਤਾ ਹੈ।

## ਭਾਜਪਾ ਦੀ ਅਗਵਾਈ ਵਾਲੀ ਸਰਕਾਰ

ਕਰਦਿਆਂ ਕਿਹਾ ਕਿ ਜਿੱਥੇ ਪਹਿਲਾਂ ਸਿਰਫ਼ ਬੰਬਾਂ ਅਤੇ ਬੰਦੂਕਾਂ ਦੀ ਗੂੰਜ ਸੁਣਾਈ ਦਿੰਦੀ ਸੀ, ਅੱਜ ਉੱਥੇ ਸ਼ਾਂਤੀ ਅਤੇ ਵਿਕਾਸ ਦਾ ਨਵਾਂ ਅਧਿਆਇ ਲਿਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਦਹਾਕਿਆਂ ਤੱਕ ਬੋਡੋਲੈਂਡ ਦੀਆਂ ਮੰਗਾਂ ਨੂੰ ਸਿਰਫ਼ ਕਾਗਜ਼ੀ ਸਮਝੌਤਿਆਂ ਅਤੇ ਝੂਠੇ ਸੁਪਨਿਆਂ ਵਿੱਚ ਉਲਝਾ ਕੇ ਰੱਖਿਆ, ਪਰ ਐਨਡੀਏ ਸਰਕਾਰ ਨੇ ਸਾਰੇ ਪ੍ਰਮੁੱਖ ਸਮੂਹਾਂ ਨੂੰ ਇੱਕ ਮੰਚ 'ਤੇ ਲਿਆ ਕੇ ਇਤਿਹਾਸਕ ਬੋਡੋ ਸ਼ਾਂਤੀ ਸਮਝੌਤਾ ਕੀਤਾ।

## ਇਸਰੋ ਵੱਲੋਂ 22 ਟਨ ਦੀ ਸਮਰੱਥਾ ਵਾਲੇ

ਦੀ ਸਮਰੱਥਾ ਵਧਾਉਣ ਲਈ ਭਵਿੱਖ ਦੇ ਮਿਸ਼ਨਾਂ 'ਚ 22-ਟਨ ਥ੍ਰਸਟ ਸਮਰੱਥਾ ਨਾਲ ਸੀਈ20 ਇੰਜਣਾਂ ਨੂੰ ਇਸਤੇਮਾਲ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸਰੋ ਨੇ ਦੱਸਿਆ ਕਿ 165 ਸਕਿੰਟ ਦੇ ਪੂਰੇ ਪ੍ਰੀਖਣ ਦੌਰਾਨ ਇੰਜਣ ਅਤੇ ਪ੍ਰੀਖਣ ਸਹੂਲਤ ਦੋਵਾਂ ਦਾ ਪ੍ਰਦਰਸ਼ਨ ਉਮੀਦਾਂ ਦੇ ਅਨੁਰੂਪ ਰਿਹਾ।

## ਪੰਜਾਬ 'ਚ 4 ਦਿਨ ਪਵੇਗਾ ਮੀਂਹ,

ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟਾ) ਦੇ ਨਾਲ ਗਰਜ-ਤੂਫਾਨ ਆਉਣ ਦੀ ਸੰਭਾਵਨਾ ਹੈ। ਇਨ੍ਹਾਂ ਇਲਾਕਿਆਂ ਵਿੱਚ ਵੱਖ-ਵੱਖ ਥਾਵਾਂ 'ਤੇ ਹਲਕੀ ਬਾਰਿਸ਼ ਵੀ ਹੋ ਸਕਦੀ ਹੈ। 16 ਮਾਰਚ ਨੂੰ ਪਠਾਨਕੋਟ, ਹੁਸ਼ਿਆਰਪੁਰ, ਮੋਹਾਲੀ ਅਤੇ ਰੂਪਨਗਰ ਵਿੱਚ ਵੱਖ-ਵੱਖ ਥਾਵਾਂ 'ਤੇ ਮੀਂਹ, ਬਿਜਲੀ ਅਤੇ ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟਾ) ਦੇ ਨਾਲ ਗਰਜ-ਤੂਫਾਨ ਆਉਣ ਦੀ ਸੰਭਾਵਨਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਵੱਖ-ਵੱਖ ਥਾਵਾਂ 'ਤੇ ਹਲਕੀ ਬਾਰਿਸ਼ ਵੀ ਹੋ ਸਕਦੀ ਹੈ। ਹਾਲਾਂਕਿ ਅੱਜ ਮੌਸਮ ਖੁਸ਼ਕ ਰਹੇਗਾ, ਪਰ ਕੁਝ ਇਲਾਕਿਆਂ ਵਿੱਚ ਬੱਦਲਵਾਈ ਰਹੇਗੀ। ਪਿਛਲੇ 24 ਘੰਟਿਆਂ ਵਿੱਚ ਪਹਾੜੀ ਖੇਤਰ ਨਾਲ ਲੱਗਦੇ ਪਠਾਨਕੋਟ ਅਤੇ ਅੰਮ੍ਰਿਤਸਰ ਵਿੱਚ ਸਵੇਰ ਦੀ ਬਾਰਿਸ਼ ਦਰਜ ਕੀਤੀ ਗਈ। ਹਾਲਾਂਕਿ, ਆਮ ਤਾਪਮਾਨ ਵਿੱਚ ਕੋਈ ਖਾਸ ਬਦਲਾਅ ਨਹੀਂ ਆਇਆ ਹੈ। ਇਹ ਆਮ ਨਾਲੋਂ 3.8 ਡਿਗਰੀ ਵੱਧ ਰਿਹਾ। ਸ੍ਰੀ ਆਨੰਦਪੁਰ ਸਾਹਿਬ ਵਿੱਚ ਸਭ ਤੋਂ ਵੱਧ 33.5 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਮੌਸਮ ਵਿਭਾਗ ਮੁਤਾਬਕ ਕੱਲ੍ਹ ਤੋਂ ਚਾਰ ਦਿਨਾਂ ਤੱਕ ਇਸ ਖੇਤਰ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਅਤੇ ਬਰਫ਼ਬਾਰੀ ਦੀ ਸੰਭਾਵਨਾ ਹੈ। ਮੌਸਮ ਠੰਢਾ ਰਹੇਗਾ ਅਤੇ ਕੁਝ ਇਲਾਕਿਆਂ ਵਿੱਚ ਤੇਜ਼ ਹਵਾਵਾਂ ਵੀ ਆ ਸਕਦੀਆਂ ਹਨ। 7 ਜ਼ਿਲ੍ਹਿਆਂ ਵਿੱਚ ਤਾਪਮਾਨ 30 ਡਿਗਰੀ ਸੈਲਸੀਅਸ ਤੋਂ ਉੱਪਰ ਦਰਜ ਕੀਤਾ ਗਿਆ ਹੈ।

## ਵਾਦੀ 'ਚ ਬਰਫ਼ਬਾਰੀ ਕਾਰਨ ਸ੍ਰੀਨਗਰ-ਲੇਹ

ਠੱਪ ਹੈ। ਖ਼ਾਸਕਰ ਗੁਮਰੀ ਸੈਕਟਰ ਵਿੱਚ ਲੱਗਭੱਗ ਡੇਢ ਫੁੱਟ ਤਾਜ਼ਾ ਬਰਫ਼ਬਾਰੀ ਦਰਜ ਕੀਤੀ ਗਈ ਹੈ, ਜਿਸ ਕਾਰਨ ਸੜਕ 'ਤੇ ਫਿਸਲਣ ਵੱਧ ਗਈ ਹੈ ਅਤੇ ਹਾਲਾਤ ਖ਼ਤਰਨਾਕ ਬਣ ਗਏ ਹਨ,। ਹਾਈਵੇਅ ਦੇ ਦੋਵੇਂ ਪਾਸੇ ਵੱਡੀ ਗਿਣਤੀ ਵਿੱਚ ਟਰੱਕ ਅਤੇ ਯਾਤਰੀ ਵਾਹਨ ਰੁਕੇ ਹੋਏ ਹਨ, ਜਿਸ ਕਾਰਨ ਮੁਸਾਫਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਈਵੇਅ ਦੀ ਦੇਖਭਾਲ ਲਈ ਜ਼ਿੰਮੇਵਾਰ ਸੀਮਾ ਸੜਕ ਸੰਗਠਨ (ਬੀ.ਆਰ.ਓ.) ਅਤੇ ਪ੍ਰੋਜੈਕਟ ਵਿਜਯਕ ਵੱਲੋਂ ਬਰਫ਼ ਹਟਾਉਣ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ। ਮੌਸਮ ਵਿੱਚ ਸੁਧਾਰ ਹੋਣ ਤੋਂ ਬਾਅਦ ਸਨੋ ਕਟਰ ਅਤੇ ਹੋਰ ਭਾਰੀ ਮਸ਼ੀਨਰੀ ਤਾਇਨਾਤ ਕੀਤੀ ਗਈ ਹੈ।

## 'ਕੇਂਦਰ ਵੱਲੋਂ ਆਫ਼ਤ ਪ੍ਰਭਾਵਿਤ ਸੂਬਿਆਂ ਲਈ

'ਕੁੱਲ ਰਾਸ਼ੀ 'ਚੋਂ 341.48 ਕਰੋੜ ਰੁਪਏ ਆਂਧਰਾ ਪ੍ਰਦੇਸ਼ ਲਈ, 15.70 ਕਰੋੜ ਰੁਪਏ ਛੱਤੀਸਗੜ੍ਹ ਲਈ, 778.67 ਕਰੋੜ ਰੁਪਏ ਗੁਜਰਾਤ ਲਈ, 288.39 ਕਰੋੜ ਰੁਪਏ ਹਿਮਾਚਲ ਪ੍ਰਦੇਸ਼ ਲਈ, 158.41 ਕਰੋੜ ਰੁਪਏ ਨਾਗਾਲੈਂਡ ਲਈ ਅਤੇ 330.34 ਕਰੋੜ ਰੁਪਏ ਜੰਮੂ ਕਸ਼ਮੀਰ ਲਈ ਮਨਜ਼ੂਰ ਕੀਤੇ ਗਏ ਹਨ।'' ਇਹ ਮਦਦ ਰਾਜ ਆਫ਼ਤ ਪ੍ਰਤੀਕਿਰਿਆ ਫੰਡ ਦੇ ਅਧੀਨ ਸੂਬਿਆਂ ਨੂੰ ਪਹਿਲਾਂ ਤੋਂ ਜਾਰੀ ਕੀਤੀ ਗਈ ਧਨ ਰਾਸ਼ੀ ਤੋਂ ਇਲਾਵਾ ਹੈ। ਇਸ 'ਚ ਕਿਹਾ ਗਿਆ ਹੈ ਕਿ ਵਿੱਤ ਸਾਲ 2025-26 ਦੌਰਾਨ ਕੇਂਦਰ ਨੇ ਐੱਸਡੀਆਰਐੱਫ ਦੇ ਅਧੀਨ 28 ਸੂਬਿਆਂ ਨੂੰ 20,735 ਕਰੋੜ ਰੁਪਏ ਅਤੇ ਐਨ.ਡੀ.ਆਰ.ਐਫ.) ਦੇ ਅਧੀਨ 21 ਸੂਬਿਆਂ ਨੂੰ 3,628.18 ਕਰੋੜ ਰੁਪਏ ਜਾਰੀ ਕੀਤੇ ਹਨ।

## 'ਕਾਂਗਰਸ 'ਚ ਕਮੀਆਂ ਸਨ,

ਖਾਸ ਕਰਕੇ ਜਦੋਂ ਗੱਲ ਪਾਵਰ ਸ਼ੇਅਰਿੰਗ ਜਾਂ ਧਨ ਦੀ ਵੰਡ ਦੀ ਆਉਂਦੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਸਭ ਦੀ ਬਰਾਬਰ ਭਾਗੀਦਾਰੀ ਦੀ ਗੱਲ ਕਰਦਾ ਹੈ, ਪਰ ਅੱਜ ਦੇ ਵੱਡੇ ਹਸਪਤਾਲਾਂ ਵਿੱਚ ਦਲਿਤ ਜਾਂ ਆਦਿਵਾਸੀ ਡਾਕਟਰ ਨਹੀਂ ਮਿਲਦੇ।

ਆਪਣੇ ਸੰਬੋਧਨ ਵਿੱਚ ਰਾਹੁਲ ਗਾਂਧੀ ਨੇ 'ਜਿੰਨੀ ਆਬਾਦੀ, ਉਨੀ ਭਾਗੀਦਾਰੀ' ਦਾ ਨਾਅਰਾ ਦੁਹਰਾਇਆ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਪਾਰਟੀ ਨੇ ਹੁਣ ਮਨ ਬਣਾ ਲਿਆ ਹੈ ਕਿ ਦੇਸ਼ ਵਿੱਚ ਜਾਤੀਗਤ ਜਨਗਣਨਾ ਕਰਵਾਈ ਜਾਵੇਗੀ ਤਾਂ ਜੋ ਪਛੜਿਆਂ ਅਤੇ ਦਲਿਤਾਂ ਨੂੰ ਸੱਤਾ ਦੇ ਕੇਂਦਰਾਂ ਵਿੱਚ ਬਣਦੀ ਥਾਂ ਮਿਲ ਸਕੇ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੇਸ਼ ਦੀ ਊਰਜਾ ਸੁਰੱਖਿਆ ਨਾਲ ਸਮਝੌਤਾ ਕਰਨ ਦਾ ਗੰਭੀਰ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਅੱਜ ਅਮਰੀਕਾ ਇਹ ਤੈਅ ਕਰ ਰਿਹਾ ਹੈ ਕਿ ਭਾਰਤ ਤੇਲ ਕਿੱਥੋਂ ਲਵੇਗਾ। ਉਨ੍ਹਾਂ ਤੇਲ ਮੰਤਰੀ ਦੀ ਨਿਯੁਕਤੀ 'ਤੇ ਵੀ ਸਵਾਲ ਚੁੱਕਦਿਆਂ ਇਸ ਨੂੰ ਇੱਕ ਵੱਡਾ ਸਮਝੌਤਾ ਦੱਸਿਆ।

ਰਾਹੁਲ ਗਾਂਧੀ ਨੇ ਅੰਤ ਵਿੱਚ ਕਿਹਾ ਕਿ ਡਾ. ਅੰਬੇਡਕਰ, ਮਹਾਤਮਾ ਗਾਂਧੀ ਅਤੇ ਕਾਂਸ਼ੀ ਰਾਮ ਵਰਗੇ ਆਗੂਆਂ ਨੇ ਕਦੇ ਵੀ ਆਪਣੇ ਸਿਧਾਂਤਾਂ ਨਾਲ ਸਮਝੌਤਾ ਨਹੀਂ ਕੀਤਾ।

## ਇਰਾਕ ਵਿੱਚ ਅਮਰੀਕੀ ਹਵਾਈ ਫ਼ੌਜ

ਇਸ ਹਾਦਸੇ ਨਾਲ ਈਰਾਨ ਯੁੱਧ ਵਿੱਚ ਮਾਰੇ ਗਏ ਅਮਰੀਕੀ ਸੈਨਿਕਾਂ ਦੀ ਗਿਣਤੀ 11 ਹੋ ਗਈ ਹੈ। 1 ਮਾਰਚ ਨੂੰ ਕੁਵੈਤ ਦੇ ਸ਼ੁਆਈਬਾ ਬੰਦਰਗਾਹ 'ਤੇ ਹੋਏ ਹਮਲੇ ਵਿੱਚ ਛੇ ਅਮਰੀਕੀ ਸੈਨਿਕ ਮਾਰੇ ਗਏ ਸਨ, ਜਦੋਂ ਕਿ ਇਸ ਮਹੀਨੇ ਸਾਊਦੀ ਅਰਬ ਵਿੱਚ ਹੋਏ ਹਮਲੇ ਵਿੱਚ ਜ਼ਖ਼ਮੀ ਹੋਏ ਇੱਕ ਸੈਨਿਕ ਦੀ ਬਾਅਦ ਵਿੱਚ ਮੌਤ ਹੋ ਗਈ।

## ਅਮਰੀਕਾ ਦੀ ਛੋਟ ਕਾਰਨ 19 ਮਿਲੀਅਨ

ਜਾਣ ਵਾਲਾ 'ਨਾਫਥਾ' ਮੌਜੂਦ ਹੈ। ਰਿਪੋਰਟਾਂ ਅਨੁਸਾਰ, ਇਹ ਛੋਟ ਉਨ੍ਹਾਂ ਜਹਾਜ਼ਾਂ ਲਈ ਹੈ ਜੋ 12 ਮਾਰਚ ਦੀ ਅੱਧੀ ਰਾਤ ਤੋਂ ਪਹਿਲਾਂ ਲੋਡ ਕੀਤੇ ਗਏ ਸਨ। ਇਹ ਨਵੀਂ ਰਾਹਤ 11 ਅਪ੍ਰੈਲ ਤੱਕ ਵੈਧ ਰਹੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਦਾ ਇਹ ਫੈਸਲਾ ਰਿਫਾਇਨਰੀਆਂ ਨੂੰ ਮੱਧ ਪੂਰਬ ਦੇ ਸਪਲਾਈ ਝਟਕੇ ਨਾਲ ਨਜਿੱਠਣ ਲਈ ਸਮਾਂ ਦੇਣ ਦੀ ਇੱਕ ਕੋਸ਼ਿਸ਼ ਹੈ। ਜਿੱਥੇ ਜਾਪਾਨ ਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਨੇ ਰੂਸੀ ਤੇਲ ਤੋਂ ਦੂਰੀ ਬਣਾਈ ਹੋਈ ਹੈ, ਉੱਥੇ ਹੀ ਭਾਰਤ ਤੇ ਚੀਨ ਲਗਾਤਾਰ ਰੂਸੀ ਤੇਲ ਦੀ ਖਰੀਦ ਕਰ ਰਹੇ ਹਨ।

## ਪੰਜਾਬ ਵਿੱਚ ਕੈਂਸਰ ਕਾਰਨ ਰੋਜ਼ਾਨਾ

ਲਗਾਤਾਰ ਵੱਧ ਰਹੀ ਗਿਣਤੀ

ਸਿਹਤ ਮੰਤਰਾਲੇ ਦੇ ਅੰਕੜਿਆਂ ਨੇ ਖੁਲਾਸਾ ਕੀਤਾ ਹੈ ਕਿ ਉੱਤਰੀ ਰਾਜਾਂ ਵਿੱਚ ਕੈਂਸਰ ਦੇ ਕੇਸਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਪੰਜਾਬ ਵਿੱਚ ਕੇਸ 2021 ਵਿੱਚ 39,251 ਤੋਂ ਵਧ ਕੇ 2025 ਵਿੱਚ 43,196 ਹੋ ਗਏ ਅਤੇ ਹਰਿਆਣਾ ਵਿੱਚ ਇਸੇ ਮਿਆਦ ਦੌਰਾਨ ਇਹ ਗਿਣਤੀ 30,015 ਤੋਂ ਵਧ ਕੇ 33,395 ਹੋ ਗਈ।

ਪਹਾੜੀ ਖੇਤਰ ਵਿੱਚ ਕੈਂਸਰ ਦਾ ਕਹਿਰ ਜਾਰੀ ਹੈ, ਹਿਮਾਚਲ ਪ੍ਰਦੇਸ਼ ਵਿੱਚ ਪਿਛਲੇ ਸਾਲ 9,761 ਕੇਸ ਦਰਜ ਕੀਤੇ ਗਏ ਅਤੇ 5,382 ਮੌਤਾਂ ਹੋਈਆਂ।

ਭਾਰਤੀ ਮੈਡੀਕਲ ਖੋਜ ਪ੍ਰੀਸ਼ਦ ਦੇ 2021 ਦੇ ਇੱਕ ਅਧਿਐਨ ਅਨੁਸਾਰ ਹਰਿਆਣਾ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ 2021 ਵਿੱਚ 16,543 ਤੋਂ ਵੱਧ ਕੇ 2025 ਵਿੱਚ 18,387 ਹੋ ਗਈਆਂ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿੱਚ ਕੇਸਾਂ ਦੀ ਗਿਣਤੀ 2021 ਵਿੱਚ 8,978 ਤੋਂ ਲਗਾਤਾਰ ਵੱਧ ਕੇ 2025 ਵਿੱਚ 9,761 ਹੋ ਗਈ।

ਆਪਣੀ ਮੁਕਾਬਲਤਨ ਘੱਟ ਆਬਾਦੀ ਦੇ ਬਾਵਜੂਦ ਚੰਡੀਗੜ੍ਹ ਵਿੱਚ ਕੈਂਸਰ ਦੇ ਕੇਸਾਂ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਗਿਆ, ਜਿੱਥੇ ਅਨੁਮਾਨਿਤ ਕੇਸ 2021 ਵਿੱਚ 1,053 ਤੋਂ ਵਧ ਕੇ 2025 ਵਿੱਚ 1,183 ਹੋ ਗਏ ਅਤੇ ਮੌਤਾਂ 582 ਤੋਂ ਵਧ ਕੇ 644 ਹੋ ਗਈਆਂ।

ਕੌਮੀ ਪੱਧਰ 'ਤੇ ਵੱਧ ਰਿਹਾ ਅੰਕੜਾ

ਕੌਮੀ ਪੱਧਰ ਦੀ ਗੱਲ ਕਰੀਏ ਤਾਂ ਪੂਰੇ ਭਾਰਤ ਵਿੱਚ ਕੁੱਲ ਅਨੁਮਾਨਿਤ ਕੈਂਸਰ ਕੇਸ 2021 ਵਿੱਚ 14,26,447 ਤੋਂ ਵੱਧ ਕੇ 2025 ਵਿੱਚ 15,69,793 ਹੋ ਗਏ। ਦੇਸ਼ ਵਿੱਚ ਸਭ ਤੋਂ ਵੱਧ ਬੋਝ ਵਾਲੇ ਰਾਜਾਂ ਵਿੱਚ ਉੱਤਰ ਪ੍ਰਦੇਸ਼ 2025 ਵਿੱਚ 2,26,125 ਨਵੇਂ ਕੇਸਾਂ ਨਾਲ ਸੂਚੀ ਵਿੱਚ ਸਿਖਰ 'ਤੇ ਹੈ, ਜਿਸ ਤੋਂ ਬਾਅਦ ਮਹਾਰਾਸ਼ਟਰ, ਪੱਛਮੀ ਬੰਗਾਲ, ਬਿਹਾਰ ਅਤੇ ਤਾਮਿਲਨਾਡੂ ਆਉਂਦੇ ਹਨ। ਕੇਂਦਰੀ ਮੰਤਰੀ ਪ੍ਰਤਾਪ ਰਾਓ ਜਾਧਵ ਨੇ ਸੰਸਦ ਨੂੰ ਦੱਸਿਆ ਕਿ ਆਈਸੀਐਮਆਰ ਅਨੁਸਾਰ ਉਦਯੋਗਿਕ ਰਹਿੰਦ-ਖੂੰਹਦ, ਕੀਟਨਾਸ਼ਕਾਂ ਅਤੇ ਭਾਰੀ ਧਾਤਾਂ ਦੁਆਰਾ ਪਾਣੀ ਦੇ ਸਰੋਤਾਂ ਦਾ ਪ੍ਰਦੂਸ਼ਿਤ ਹੋਣਾ ਕੈਂਸਰ ਦਾ ਇੱਕ ਮਹੱਤਵਪੂਰਨ ਕਾਰਨ ਹੈ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਿਟਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'

PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**

PRGI (RNI) Regd. No. 22972/1972

ਅਮਿਤ ਸ਼ਾਹ ਦੀ ਮੋਗਾ ਰੈਲੀ ਤੋਂ ਪਹਿਲਾਂ ਹਰਪਾਲ ਸਿੰਘ ਚੀਮਾ ਵੱਲੋਂ ਭਾਜਪਾ ਆਗੂਆਂ ਨੂੰ ਸਵਾਲ : ਕੀ ਤੁਸੀਂ ਪੰਜਾਬ ਦੇ ਹੱਕਾਂ ਦੀ ਮੰਗ ਕਰੋਗੇ ਜਾਂ ਚੁੱਪ ਰਹੋਗੇ?

# ਪੰਜਾਬ ਭਾਜਪਾ ਆਗੂਆਂ ਨੂੰ ਰੈਲੀ ਦੌਰਾਨ ਕੇਂਦਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਬਾਰੇ ਅਮਿਤ ਸ਼ਾਹ ਤੋਂ ਜਵਾਬ ਮੰਗਣਾ ਚਾਹੀਦੈ : ਚੀਮਾ

ਚੰਡੀਗੜ੍ਹ, 13 ਮਾਰਚ (ਚ.ਨ.ਸ.): ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ 14 ਮਾਰਚ ਨੂੰ ਮੋਗਾ ਵਿੱਚ ਹੋਣ ਵਾਲੀ ਸਿਆਸੀ ਰੈਲੀ ਤੋਂ ਪਹਿਲਾਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਕਈ ਤਿੱਖੇ ਸਵਾਲ ਕੀਤੇ ਤੇ ਪੰਜਾਬ ਭਾਜਪਾ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਰੈਲੀ ਦੌਰਾਨ ਅਮਿਤ ਸ਼ਾਹ ਤੋਂ ਸਪੱਸ਼ਟ ਜਵਾਬ ਮੰਗਣ। ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਪਿਛਲੇ ਕਈ ਸਾਲਾਂ ਤੋਂ ਪੰਜਾਬ ਨਾਲ ਲਗਾਤਾਰ ਵਿਤਕਰਾ ਤੇ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 'ਆਪ' ਸਰਕਾਰ ਦੇ ਚਾਰ ਸਾਲ ਹੋਣ ਦੇ ਬਾਵਜੂਦ ਕੇਂਦਰ ਨੇ ਵਾਰ-ਵਾਰ ਜਾਇਜ਼ ਫੰਡ ਰੋਕੇ ਹਨ ਅਤੇ ਸੂਬੇ ਦੀ ਆਰਥਿਕਤਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੰਤਰੀ ਚੀਮਾ ਨੇ ਕਿਹਾ ਕਿ ਆਜ਼ਾਦੀ ਦੇ ਸੰਘਰਸ਼ ਤੋਂ ਲੈ ਕੇ ਦੇਸ਼ ਦਾ ਢਿੱਡ ਭਰਨ ਤੱਕ ਪੰਜਾਬ ਹਮੇਸ਼ਾ ਦੇਸ਼ ਦੇ ਨਾਲ ਚਟਾਨ ਵਾਂਗ ਖੜ੍ਹਾ ਰਿਹਾ ਹੈ। ਪੰਜਾਬੀਆਂ ਨੇ ਭਾਰਤ ਦੀ ਆਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਤੇ ਹਰੀ ਕ੍ਰਾਂਤੀ ਤੋਂ ਬਾਅਦ ਦੇਸ਼ ਦੀ ਅੰਨ ਸੁਰੱਖਿਆ ਵਿੱਚ ਵੱਡਾ ਯੋਗਦਾਨ ਪਾਇਆ। ਪਰ ਅੱਜ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਜਾਣਬੁੱਝ ਕੇ ਪੰਜਾਬ ਨੂੰ ਪਾਸੇ ਕਰ ਰਹੀ ਹੈ। ਪੰਜਾਬ ਦੇ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀ ਅਗਵਾਈ ਵਿੱਚ ਹੋਏ ਵੱਡੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਤਿੰਨ ਖੇਤੀ ਕਾਨੂੰਨਾਂ ਦੇ ਰੱਦ ਹੋਣ ਮਗਰੋਂ ਭਾਜਪਾ ਲੀਡਰਸ਼ਿਪ ਦੇ ਮਨ ਵਿੱਚ ਪੰਜਾਬ ਪ੍ਰਤੀ ਰੰਜਿਸ਼ ਪੈਦਾ ਹੋ ਗਈ ਹੈ ਅਤੇ ਉਦੋਂ ਤੋਂ ਹੀ ਉਹ ਸੂਬੇ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।



ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਨੇ ਦਿਹਾਤੀ ਵਿਕਾਸ ਫੰਡ (ਆਰਡੀਐਫ) ਸਮੇਤ ਕਈ ਸਕੀਮਾਂ ਤਹਿਤ ਪੰਜਾਬ ਦੇ ਹਜ਼ਾਰਾਂ ਕਰੋੜ ਰੁਪਏ ਰੋਕੇ ਹੋਏ ਹਨ। ਉਨ੍ਹਾਂ ਯਾਦ ਦਿਵਾਇਆ ਕਿ 2022 ਵਿੱਚ ਕੇਂਦਰ ਸਰਕਾਰ ਨੇ ਇਤਰਾਜ਼ ਉਠਾਇਆ ਸੀ ਕਿ ਆਰਡੀਐਫ ਦੇ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਤੁਰੰਤ ਕਾਨੂੰਨ ਵਿੱਚ ਸੋਧ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਆਰਡੀਐਫ ਫੰਡਾਂ ਦੀ ਵਰਤੋਂ ਸਿਰਫ਼ ਖੇਤੀਬਾੜੀ ਨਾਲ ਜੁੜੀਆਂ ਪੇਂਡੂ ਮੰਡੀਆਂ ਅਤੇ ਪਿੰਡਾਂ ਦੀਆਂ ਸੜਕਾਂ ਲਈ ਕੀਤੀ ਜਾਵੇਗੀ। ਇਸ ਦੇ ਬਾਵਜੂਦ ਕੇਂਦਰ ਪੰਜਾਬ ਦੇ ਬਕਾਏ ਰੋਕ ਰਿਹਾ ਹੈ।

ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਮੀਟਿੰਗਾਂ ਦੌਰਾਨ ਵਾਰ-ਵਾਰ ਇਹ ਚਿੰਤਾਵਾਂ ਉਠਾਈਆਂ ਹਨ ਅਤੇ ਦਿਹਾਤੀ ਵਿਕਾਸ ਫੰਡ, ਨੈਸ਼ਨਲ ਹੈਲਥ ਮਿਸ਼ਨ, ਪ੍ਰਧਾਨ ਮੰਤਰੀ ਆਵਾਸ ਯੋਜਨਾ ਅਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਪੰਜਾਬ ਦੇ ਪੈਂਡਿੰਗ ਫੰਡ ਜਾਰੀ ਕਰਨ ਦੀ ਮੰਗ ਕੀਤੀ ਹੈ। ਹਾਲਾਂਕਿ ਕੇਂਦਰ ਨੇ ਕਿਸੇ ਨਾ ਕਿਸੇ ਬਹਾਨੇ ਭੁਗਤਾਨ ਵਿੱਚ ਲਗਾਤਾਰ ਦੇਰੀ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪਾਣੀ ਦੇ ਸਰੋਤਾਂ 'ਤੇ ਪੰਜਾਬ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ। ਐਸਵਾਈਐਲ ਨਹਿਰ ਦੇ ਮੁੱਦੇ ਅਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਨਾਲ ਸਬੰਧਤ ਵਿਵਾਦਾਂ ਦਾ ਹਵਾਲਾ ਦਿੰਦੇ ਹੋਏ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਨੇ ਵਾਰ-ਵਾਰ ਪਾਣੀ ਵਿੱਚ ਪੰਜਾਬ ਦੇ ਹੱਕੀ ਹਿੱਸੇ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਚੀਮਾ ਨੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਹਰਿਆਣਾ ਸਮੇਤ ਗੁਆਂਢੀ ਰਾਜਾਂ ਪ੍ਰਤੀ ਆਪਣੀਆਂ ਵਚਨਬੱਧਤਾਵਾਂ ਪੂਰੀਆਂ ਕੀਤੀਆਂ ਹਨ, ਪਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਜਿਹੇ ਫੈਸਲੇ ਲੈ ਰਹੀ ਹੈ ਜੋ ਪੰਜਾਬ ਦੇ ਹੱਕਾਂ ਲਈ ਖਤਰਾ ਹਨ। ਪੰਜਾਬ ਆਪਣੇ ਜਾਇਜ਼ ਦਾਵਿਆਂ 'ਤੇ ਕਦੇ ਵੀ ਸਮਝੌਤਾ ਨਹੀਂ ਕਰੇਗਾ। ਇੱਕ ਹੋਰ ਚਿੰਤਾ ਜ਼ਾਹਰ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਸਵਾਲ ਕੀਤਾ ਕਿ ਕੀ ਖੇਤੀਬਾੜੀ ਵਿੱਚ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਭਾਰਤੀ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣਗੇ? ਅਮਰੀਕੀ ਖੇਤੀਬਾੜੀ ਸਕੱਤਰ ਦੀਆਂ ਟਿੱਪਣੀਆਂ ਦਾ ਹਵਾਲਾ ਦਿੰਦੇ ਹੋਏ, ਜਿਸ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਭਾਰਤੀ ਬਾਜ਼ਾਰ ਤੱਕ ਪਹੁੰਚ ਨਾਲ ਅਮਰੀਕੀ ਕਿਸਾਨਾਂ ਨੂੰ ਫਾਇਦਾ ਹੋਵੇਗਾ, ਉਨ੍ਹਾਂ ਕਿਹਾ ਕਿ ਜੇਕਰ ਅਮਰੀਕੀ ਕਿਸਾਨ ਭਾਰਤ ਦੇ ਬਾਜ਼ਾਰ ਤੱਕ ਪਹੁੰਚ ਪ੍ਰਾਪਤ ਕਰਕੇ ਖੁਸ਼ਹਾਲ ਹੁੰਦੇ ਹਨ, ਤਾਂ ਕੀ ਇਸਦਾ ਮਤਲਬ ਇਹ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਨੁਕਸਾਨ ਹੋਵੇਗਾ? ਇਸ ਦੇਸ਼ ਦੇ ਲੋਕ ਜਵਾਬ ਦੇ ਹੱਕਦਾਰ ਹਨ। ਹਰਪਾਲ ਸਿੰਘ ਚੀਮਾ ਨੇ ਇਹ ਵੀ ਕਿਹਾ ਕਿ ਮੋਦੀ ਸਰਕਾਰ ਬਾਹਰੀ ਦਬਾਅ ਨੂੰ ਭਾਰਤੀ ਕਿਸਾਨਾਂ ਅਤੇ ਵਪਾਰੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਆਰਥਿਕ ਫੈਸਲੇ ਲੈਣ ਦੀ ਇਜਾਜ਼ਤ ਦਿੰਦੀ ਜਾਪਦੀ ਹੈ, ਜੋ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਨੂੰ ਖਤਰੇ ਵਿੱਚ ਪਾ ਸਕਦਾ ਹੈ।

ਉਨ੍ਹਾਂ ਸੁਨੀਲ ਜਾਖੜ, ਰਵਨੀਤ ਸਿੰਘ ਬਿੱਟੂ ਤੇ ਅਸ਼ਵਨੀ ਸ਼ਰਮਾ ਸਮੇਤ ਪੰਜਾਬ ਭਾਜਪਾ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਹਿੰਮਤ ਦਿਖਾਉਣ ਅਤੇ ਰੈਲੀ ਦੌਰਾਨ ਪੰਜਾਬ ਦੀਆਂ ਚਿੰਤਾਵਾਂ ਸਿੱਧੇ ਅਮਿਤ ਸ਼ਾਹ ਕੋਲ ਉਠਾਉਣ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜੇਕਰ ਉਹ ਸੱਚਮੁੱਚ ਪੰਜਾਬ ਦੀ ਪਰਵਾਹ ਕਰਦੇ ਹਨ, ਤਾਂ ਉਨ੍ਹਾਂ ਨੂੰ ਅਮਿਤ ਸ਼ਾਹ ਤੋਂ ਸਾਰੇ ਪੈਂਡਿੰਗ ਫੰਡ, ਆਰਡੀਐਫ ਬਕਾਏ, ਨੈਸ਼ਨਲ ਹੈਲਥ ਮਿਸ਼ਨ ਫੰਡ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਪੈਸੇ ਦੇ ਨਾਲ-ਨਾਲ ਜੀਐਸਟੀ ਲਾਗੂ ਹੋਣ ਤੋਂ ਬਾਅਦ ਪੰਜਾਬ ਨੂੰ ਹੋਏ ਵਿੱਤੀ ਨੁਕਸਾਨ ਦੇ ਮੁਆਵਜ਼ੇ ਦੀ ਮੰਗ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਕੇਂਦਰ ਪੰਜਾਬ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐਲਾਨਿਆ 1,600 ਕਰੋੜ ਰੁਪਏ ਦਾ ਹੜ੍ਹ ਰਾਹਤ ਪੈਕੇਜ ਜਾਰੀ ਕਰੇ ਅਤੇ ਭਿਆਨਕ ਹੜ੍ਹਾਂ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਆਂਕੇ ਗਏ 20,000 ਕਰੋੜ ਰੁਪਏ ਦੇ ਨੁਕਸਾਨ ਦੇ ਮੁਆਵਜ਼ੇ ਦੀ ਸਮਾਂ ਸੀਮਾ ਸਪੱਸ਼ਟ ਕਰੇ। ਹਰਪਾਲ ਸਿੰਘ ਚੀਮਾ ਨੇ ਅੱਗੇ ਸਵਾਲ ਕੀਤਾ ਕਿ ਕੇਂਦਰ ਨੇ ਪਾਕਿਸਤਾਨ ਨਾਲ ਪੰਜਾਬ ਦੀ 550 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ ਨੂੰ ਮਜ਼ਬੂਤ ਕਰਨ ਲਈ ਲੋੜੀਂਦੀ ਵਿੱਤੀ ਸਹਾਇਤਾ ਕਿਉਂ ਨਹੀਂ ਦਿੱਤੀ, ਜੋ ਕਿ ਨਸ਼ਿਆਂ ਦੀ ਸਰਹੱਦ ਪਾਰ ਸਮਗਲਿੰਗ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਬਹੁਤ ਮਹੱਤਵਪੂਰਨ ਹੈ। ਮੰਤਰੀ ਨੇ ਪੇਂਡੂ ਰੁਜ਼ਗਾਰ ਸਕੀਮਾਂ ਵਿੱਚ ਕੀਤੀਆਂ ਤਬਦੀਲੀਆਂ ਦੀ ਵੀ ਆਲੋਚਨਾ ਕੀਤੀ ਜਿਸ ਨਾਲ ਗਰੀਬ ਅਤੇ ਦਲਿਤ ਪਰਿਵਾਰ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਤਹਿਤ ਲਗਭਗ 70 ਫੀਸਦੀ ਕਾਮੇ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨਾਲ ਸਬੰਧਤ ਹਨ ਅਤੇ ਮੰਗ ਕੀਤੀ ਕਿ ਇਸ ਸਕੀਮ ਦਾ ਅਸਲ ਢਾਂਚਾ ਬਹਾਲ ਕੀਤਾ ਜਾਵੇ ਤਾਂ ਜੋ ਕਮਜ਼ੋਰ ਪਰਿਵਾਰ ਆਪਣੀ ਰੋਜ਼ੀ-ਰੋਟੀ ਨਾ ਗੁਆਉਣ। ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕ ਬੜੀ ਬਾਰੀਕੀ ਨਾਲ ਦੇਖ ਰਹੇ ਹਨ। ਕੱਲ੍ਹ ਦੀ ਰੈਲੀ ਨਾਅਰਿਆਂ ਜਾਂ ਸਿਆਸੀ ਨਾਟਕਬਾਜ਼ੀ ਬਾਰੇ ਨਹੀਂ ਹੋਣੀ ਚਾਹੀਦੀ। ਭਾਜਪਾ ਲੀਡਰਸ਼ਿਪ ਨੂੰ ਪੰਜਾਬ ਦੇ ਜਾਇਜ਼ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ ਅਤੇ ਸੂਬੇ ਦੇ ਹੱਕੀ ਫੰਡਾਂ ਦੀ ਤੁਰੰਤ ਰਿਹਾਈ ਯਕੀਨੀ ਬਣਾਉਣੀ ਚਾਹੀਦੀ ਹੈ।

# ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 'ਚ ਪੰਜਾਬ-ਕੋਰੀਆ ਦਰਮਿਆਨ ਵਧ ਰਹੀ ਉਦਯੋਗਿਕ ਭਾਈਵਾਲੀ ਨੂੰ ਕੀਤਾ ਉਜਾਗਰ

ਚੰਡੀਗੜ੍ਹ, 13 ਮਾਰਚ (ਚ.ਨ.ਸ.): ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ (ਪੀਪੀਆਈਐਸ) 2026 ਕਰਵਾਏ ਗਏ ਰਿਪਬਲਿਕ ਆਫ਼ ਕੋਰੀਆ ਕੰਟਰੀ ਸੈਸ਼ਨ ਦੌਰਾਨ ਪੰਜਾਬ ਅਤੇ ਕੋਰੀਆ ਦਰਮਿਆਨ ਵਧ ਰਹੀ ਆਰਥਿਕ ਭਾਈਵਾਲੀ ਨੂੰ ਉਜਾਗਰ ਕੀਤਾ ਗਿਆ, ਜਿਸ ਵਿੱਚ ਉੱਨਤ ਨਿਰਮਾਣ, ਤਕਨਾਲੋਜੀ ਅਧਾਰਤ ਸਹਿਯੋਗ, ਐਮਐਸਐਮਈ ਸਬੰਧਾਂ ਅਤੇ ਭਵਿੱਖੀ ਨਿਵੇਸ਼ ਦੀਆਂ ਸੰਭਾਵਨਾਵਾਂ 'ਤੇ ਕੇਂਦ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸੈਸ਼ਨ ਦੌਰਾਨ ਪੰਜਾਬ ਸਰਕਾਰ, ਰਿਪਬਲਿਕ ਆਫ਼ ਕੋਰੀਆ ਦੇ ਦੂਤਾਵਾਸ, ਉਦਯੋਗਪਤੀਆਂ ਅਤੇ ਵਪਾਰ ਪ੍ਰੋਤਸਾਹਨ ਸੰਸਥਾਵਾਂ ਦੇ ਨੁਮਾਇੰਦਿਆਂ ਦਰਮਿਆਨ ਦੁਵੱਲੇ ਉਦਯੋਗਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀਆਂ ਸੰਭਾਵਨਾਵਾਂ ਦੀ ਪੜਚੋਲ ਕੀਤੀ ਗਈ। ਰਿਪਬਲਿਕ ਆਫ਼ ਕੋਰੀਆ ਦੇ ਦੂਤਾਵਾਸ ਦੀ ਮੰਤਰੀ ਕੌਂਸਲਰ ਮਿਸ ਯੂਈ-ਜਿਨ ਚੋਨ ਨੇ ਦੱਸਿਆ ਕਿ ਭਾਰਤ ਅਤੇ ਕੋਰੀਆ ਦਰਮਿਆਨ ਦੁਵੱਲੇ ਆਰਥਿਕ ਸਬੰਧ ਕਾਫ਼ੀ ਮਜ਼ਬੂਤ ਹੋਏ ਹਨ ਅਤੇ ਇਸ ਵੇਲੇ 670 ਤੋਂ ਵੱਧ ਕੋਰੀਆਈ ਕੰਪਨੀਆਂ ਭਾਰਤ ਵਿੱਚ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਜਹਾਜ਼ ਨਿਰਮਾਣ, ਸੈਮੀਕੰਡਕਟਰ, ਐਮਐਸਐਮਈ ਸਹਿਯੋਗ ਅਤੇ ਉੱਨਤ ਨਿਰਮਾਣ ਵਰਗੇ ਖੇਤਰਾਂ ਵਿੱਚ ਕੋਰੀਆਈ ਨਿਵੇਸ਼ ਹੋਣ ਦੀ ਉਮੀਦ ਹੈ। ਉਨ੍ਹਾਂ ਨੇ ਰੱਖਿਆ, ਪੁਲਾੜ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਵਰਗੇ ਉੱਭਰ ਰਹੇ ਖੇਤਰਾਂ ਵਿੱਚ ਭਾਰਤ ਨਾਲ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਵਿੱਚ ਕੋਰੀਆ ਦੀ ਰਣਨੀਤਕ ਦਿਲਚਸਪੀ ਨੂੰ ਵੀ ਉਜਾਗਰ ਕੀਤਾ, ਜਦੋਂ ਕਿ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਲਈ ਦੋਵੇਂ ਦੇਸ਼ਾਂ ਦੇ ਨਾਗਰਿਕਾਂ ਦੇ ਸਬੰਧਾਂ ਨੂੰ ਸੰਸਥਾਗਤ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਕੋਰੀਆ ਟ੍ਰੇਡ-ਇਨਵੈਸਟਮੈਂਟ ਪ੍ਰਮੋਸ਼ਨ ਏਜੰਸੀ (ਕਓਟੀਆਰਏ) ਦੇ ਕਾਰਜਕਾਰੀ ਨਿਰਦੇਸ਼ਕ ਜੈਵੁੱਕ (ਜੇਕ) ਲੀ ਨੇ ਕੋਰੀਆਈ ਕੰਪਨੀਆਂ ਤੇ ਗਲੋਬਲ ਭਾਈਵਾਲਾਂ ਵਿਚਕਾਰ ਵਪਾਰ ਤੇ ਨਿਵੇਸ਼ ਸਬੰਧਾਂ ਨੂੰ ਉਤਸ਼ਾਹਿਤ ਕਰਨ ਵਿੱਚ ਕਓਟੀਆਰਏ ਦੀ ਭੂਮਿਕਾ 'ਤੇ ਚਾਨਣਾ ਪਾਇਆ ਤੇ ਪੰਜਾਬ ਦੇ ਤਰਜੀਹੀ ਖੇਤਰਾਂ ਵਿੱਚ ਕੋਰੀਆਈ ਨਿਵੇਸ਼ਾਂ ਨੂੰ ਸੁਵਿਧਾਜਨਕ ਬਣਾਉਣ ਸਬੰਧੀ ਆਪਣੀ ਦਿਲਚਸਪੀ ਨੂੰ ਦੁਹਰਾਇਆ। ਸੁਨਜਿਨ ਇੰਡੀਆ ਦੇ ਪ੍ਰਧਾਨ ਬੀ.ਕੇ. ਲੀ ਨੇ ਉਦਯੋਗਿਕ ਵਿਕਾਸ ਦੇ ਇੱਕ ਮਜ਼ਬੂਤ ਇੰਜਣ ਵਜੋਂ ਉਭਰਨ ਦੀ ਪੰਜਾਬ ਦੀ ਸੰਭਾਵਨਾ ਨੂੰ ਉਜਾਗਰ ਕੀਤਾ ਤੇ ਕੋਰੀਆਈ ਕੰਪਨੀਆਂ ਤੇ ਪੰਜਾਬ ਦੇ ਨਿਰਮਾਣ ਵਾਤਾਵਰਣ ਪ੍ਰਣਾਲੀ ਵਿਚਕਾਰ ਤਕਨਾਲੋਜੀ-ਅਧਾਰਤ ਉਦਯੋਗਿਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਕਿਹਾ।



ਇਸ ਸੈਸ਼ਨ ਦੌਰਾਨ ਡੀਸੀਐਮ ਗਰੁੱਪ ਆਫ਼ ਸਕੂਲਜ਼, ਪੰਜਾਬ ਅਤੇ ਟੈਗਹਾਈਵ, ਕੋਰੀਆ ਗਣਰਾਜ ਦਰਮਿਆਨ ਇੱਕ ਸਮਝੌਤੇ ਪੱਤਰ (ਐਮਓਯੂ) 'ਤੇ ਵੀ ਹਸਤਾਖਰ ਕੀਤੇ, ਜਿਸਦਾ ਉਦੇਸ਼ ਸਿੱਖਿਆ ਤਕਨਾਲੋਜੀ ਤੇ ਡਿਜੀਟਲ ਸਿਖਲਾਈ ਸਮਾਧਾਨਾਂ ਵਿੱਚ ਸਹਿਯੋਗ ਨੂੰ ਵਧਾਉਣਾ ਹੈ। ਡੀਸੀਐਮ ਗਰੁੱਪ ਆਫ਼ ਸਕੂਲਜ਼ ਦੇ ਸੀਈਓ ਅਨਿਰੁੱਧ ਗੁਪਤਾ ਤੇ ਟੈਗਹਾਈਵ ਦੇ ਸੀਈਓ ਪੰਕਜ ਅਗਰਵਾਲ ਵੱਲੋਂ ਪਤਵੰਤਿਆਂ ਦੀ ਮੌਜੂਦਗੀ ਵਿੱਚ ਸਮਝੌਤਾ ਪੱਤਰ ਦਾ ਆਦਾਨ-ਪ੍ਰਦਾਨ ਕੀਤਾ ਗਿਆ। ਇਸ ਸੈਸ਼ਨ ਨੂੰ ਸੰਬੋਧਨ ਕਰਦਿਆਂ ਮਾਨਯੋਗ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਦੇ ਆਰਥਿਕ ਹੱਬ ਵਿੱਚ ਪਰਿਵਰਤਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਪੰਜਾਬ ਦੀ ਖੇਤੀਬਾੜੀ ਵਿਰਾਸਤ ਬਹੁਤ ਮਜ਼ਬੂਤ ਹੈ, ਪਰ ਸੂਬਾ ਸਰਕਾਰ ਅਗਲੀ ਪੀੜ੍ਹੀ ਨੂੰ ਆਧੁਨਿਕ ਉਦਯੋਗ ਅਤੇ ਕਾਰੋਬਾਰ ਵਿੱਚ ਸ਼ਾਮਲ ਕਰਨ ਲਈ ਨਵੇਂ ਖੇਤਰਾਂ ਨੂੰ ਸਰਗਰਮੀ ਨਾਲ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਆਪਣੇ-ਆਪ ਨੂੰ ਉਦਯੋਗਿਕ ਵਿਕਾਸ, ਨਵੀਨਤਾ ਅਤੇ ਮਜ਼ਬੂਤ ਆਰਥਿਕ ਵਿਕਾਸ ਲਈ ਇੱਕ ਪ੍ਰਵੇਸ਼ ਦੁਆਰ ਵਜੋਂ ਸਥਾਪਤ ਕਰ ਰਿਹਾ ਹੈ। ਇਸ ਸੈਸ਼ਨ ਦੌਰਾਨ ਤਕਨਾਲੋਜੀ, ਨਿਰਮਾਣ ਅਤੇ ਹੁਨਰ ਵਿਕਾਸ ਵਿੱਚ ਪੰਜਾਬ-ਕੋਰੀਆ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਤੇ ਸੰਸਥਾਗਤ ਤੇ ਉਦਯੋਗਿਕ ਸ਼ਮੂਲੀਅਤ ਰਾਹੀਂ ਸਹਿਯੋਗ ਦੇ ਨਵੇਂ ਰਾਹਾਂ ਦੀ ਪੜਚੋਲ ਕਰਨ ਲਈ ਦੋਵਾਂ ਧਿਰਾਂ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਗਈ।

# ਨਿਵੇਸ਼ ਸੰਮੇਲਨ ਦੌਰਾਨ ਮਾਰਕਫੈੱਡ ਦੇ ਉਤਪਾਦਾਂ ਵਿੱਚ ਲੋਕਾਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 13 ਮਾਰਚ (ਚ.ਨ.ਸ.): ਪੰਜਾਬ ਰਾਜ ਵਿੱਚ ਨਿਵੇਸ਼ ਨੂੰ ਹੁਲਾਰਾ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਨਿਵੇਸ਼ ਸੰਮੇਲਨ ਦੌਰਾਨ ਵੱਖ ਵੱਖ ਕੰਪਨੀਆਂ ਵਲੋਂ ਲਗਾਏ ਗਏ ਪ੍ਰਦਰਸ਼ਨੀ ਸਟਾਲਾਂ ਤੇ ਡੈਲੀਗੇਟਸ ਵਲੋਂ ਭਰਪੂਰ ਦਿਲਚਸਪੀ ਦਿਖਾਈ ਜਾ ਰਹੀ ਹੈ। ਪੰਜਾਬ ਦੇ ਸਹਿਕਾਰੀ ਅਦਾਰੇ ਮਾਰਕਫੈੱਡ ਵਲੋਂ ਲਗਾਏ ਗਏ ਪ੍ਰਦਰਸ਼ਨੀ ਸਟਾਲਾਂ ਉਤੇ ਸਭ ਤੋਂ ਜ਼ਿਆਦਾ ਭੀੜ ਦੇਖਣ ਨੂੰ ਮਿਲੀ । ਇਸ ਸਟਾਲ ਉਤੇ ਮਾਰਕਫੈੱਡ ਵੱਲੋਂ ਚਾਵਲ, ਸ਼ਹਿਦ, ਡੱਬਾਬੰਦ ਸਬਜ਼ੀਆਂ,ਮਲਟੀਗ੍ਰੇਨ ਦਲੀਆ,ਗੁੜ੍ਹ ਸੱਕਰ, ਸਰੋਂ ਦਾ ਤੇਲ ਘਿਓ, ਅਚਾਰ ਅਤੇ ਆਟਾ ਸਮੇਤ ਹੋਰ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਸੀ। ਮਾਰਕਫੈੱਡ ਸਟਾਲ ਦੇ ਨੋਡਲ ਇੰਚਾਰਜ ਅਨਿਲ ਕੁਮਾਰ ਪੁਰੀ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ ਹਿੱਸਾ ਲੈਣ ਆਏ ਹੋਏ ਡੈਲੀਗੇਟਸ ਵਲੋਂ ਮਾਰਕਫੈੱਡ ਦੇ ਸ਼ਹਿਦ, ਮਸਾਲਾ ਗੁੜ, ਤੇਲ, ਅਚਾਰ ਤੇ ਡੱਬਾਬੰਦ ਭੋਜਨ ਪਦਾਰਥਾਂ ਬਾਰੇ ਡੈਲੀਗੇਟਸ ਵਲੋਂ ਸਭ ਤੋਂ ਜ਼ਿਆਦਾ ਜਾਣਕਾਰੀ ਲਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਾਰਕਫੈੱਡ ਦੇ ਉਤਪਾਦ ਆਸਟ੍ਰੇਲੀਆ, ਨਿਊਜ਼ੀਲੈਂਡ ਕਨੈਡਾ ਅਰਬ ਤੇ ਕਈ ਹੋਰ ਦੇਸ਼ਾਂ ਵਿੱਚ ਨਿਰਯਾਤ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਦੀ ਮੰਗ ਦਿਨੋਦਿਨ ਵਧਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਕੁਝ ਡੈਲੀਗੇਟਸ ਨੇ ਅਫਰੀਕਨ ਦੇਸ਼ਾਂ ਵਿਚ ਮਾਰਕਫੈੱਡ ਦੇ ਉਤਪਾਦਾਂ ਨੂੰ ਬਰਾਮਦ ਕਰਨ ਲਈ ਮਾਰਕਫੈੱਡ ਰਾਬਤਾ ਵੀ ਕੀਤਾ ਗਿਆ।



ਅਨਿਲ ਕੁਮਾਰ ਪੁਰੀ ਨੇ ਦੱਸਿਆ ਕਿ ਮਾਰਕਫੈੱਡ ਵੱਲੋਂ ਤਿਆਰ ਕੀਤੇ ਗਏ ਸ਼ਹਿਦ ਨੇ ਦੁਨੀਆ ਦੇ ਸਭ ਤੋਂ ਵੱਡੇ ਗੁਣਵੱਤਾ ਟੈਸਟ ਐਨ. ਐਮ.ਆਰ ਜੋ ਕਿ ਜਰਮਨ ਕੰਪਨੀ ਵਲੋਂ ਪਹਿਲਾਂ ਸਥਾਨ ਹਾਸਲ ਕੀਤੀ ਹੈ।

# ਯੂਕੇ ਦੀ ਫਰਮ "3 ਐਸੋਸੀਏਟਸ" ਵੱਲੋਂ ਪੰਜਾਬ ਵਿੱਚ 1,407 ਕਰੋੜ ਦੇ ਨਿਵੇਸ਼ ਦਾ ਐਲਾਨ

ਚੰਡੀਗੜ੍ਹ, 13 ਮਾਰਚ (ਚ.ਨ.ਸ.): ਪੰਜਾਬ ਵਿੱਚ ਨਿਵੇਸ਼ ਲਈ ਬਣੇ ਪ੍ਰੋ-ਇੰਡਸਟਰੀ ਮਾਹੌਲ 'ਤੇ ਵਿਸ਼ਵ ਪੱਧਰ 'ਤੇ ਵਧਦੇ ਭਰੋਸੇ ਨੂੰ ਹੋਰ ਮਜ਼ਬੂਤ ਕਰਦਿਆਂ ਯੂ.ਕੇ. ਅਧਾਰਿਤ ਕੰਪਨੀ "3 ਐਸੋਸੀਏਟਸ" ਨੇ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿਟ ਤਹਿਤ ਸੂਬੇ ਵਿੱਚ 1,407 ਕਰੋੜ ਰੁਪਏ ਦੇ ਵੱਡੇ ਨਿਵੇਸ਼ ਦਾ ਐਲਾਨ ਕੀਤਾ ਹੈ। ਇਹ ਵੱਡਾ ਨਿਵੇਸ਼ ਐਲਾਨ ਪੰਜਾਬ ਦੇ ਉਦਯੋਗ ਤੇ ਵਪਾਰ ਮੰਤਰੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਕੀਤੀਆਂ ਲਗਾਤਾਰ ਨਿਵੇਸ਼ਕ ਸੰਪਰਕ ਮੁਹਿੰਮਾਂ ਤੇ ਨੀਤੀਗਤ ਸੁਧਾਰਾਂ ਦਾ ਨਤੀਜਾ ਹੈ, ਜਿਨ੍ਹਾਂ ਨੇ ਪੰਜਾਬ ਨੂੰ ਨਿਵੇਸ਼ ਲਈ ਇੱਕ ਪਸੰਦੀਦਾ ਮੰਜ਼ਿਲ ਵਜੋਂ ਉਭਾਰਿਆ ਹੈ।

ਇਸ ਨਿਵੇਸ਼ ਦਾ ਐਲਾਨ "3 ਐਸੋਸੀਏਟਸ" ਦੇ ਸੀਈਓ ਜਸਦੇਵ ਸੱਗਰ ਵੱਲੋਂ ਪਲਕਸ਼ਾ ਯੂਨੀਵਰਸਿਟੀ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਆਯੋਜਿਤ ਇੱਕ ਉੱਚ ਪੱਧਰੀ ਸੈਸ਼ਨ ਸੈਸ਼ਨ "ਅਨਲੋਕਿੰਗ ਆਪਰਚੁਨਿਟੀਜ਼ ਅੰਡਰ ਸੀ.ਈ.ਟੀ.ਏ.: ਸਟਰੈਥਨਿੰਗ ਯੂਕੇ ਪੰਜਾਬ ਟਰੇਡ ਇਨਵੈਸਟਮੈਂਟ ਪਾਰਟਨਰਸ਼ਿਪਸ" ਦੌਰਾਨ ਕੀਤਾ ਗਿਆ। ਇਸ ਮੌਕੇ ਉਦਯੋਗ ਮੰਤਰੀ ਸੰਜੀਵ ਅਰੋੜਾ ਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਵੀ ਹਾਜ਼ਰ ਸਨ। ਪ੍ਰਸਤਾਵਿਤ ਪ੍ਰੋਜੈਕਟ, ਜਿਸ ਦੀ ਅਨੁਮਾਨਿਤ ਗ੍ਰੋਸ ਡਿਵੈਲਪਮੈਂਟ ਵੈਲਯੂ (74V) 4,700 ਕਰੋੜ ਰੁਪਏ ਹੈ, ਨਾਲ ਵੱਡੇ ਪੱਧਰ 'ਤੇ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਉਮੀਦ ਹੈ ਅਤੇ ਇਸ ਨਾਲ ਗਿਆਨ-ਅਧਾਰਿਤ ਅਤੇ ਡਿਜ਼ੀਟਲ ਅਰਥਵਿਵਸਥਾ ਦੇ ਖੇਤਰਾਂ ਵਿੱਚ ਪੰਜਾਬ ਦੀ ਅਗਵਾਈ ਹੋਰ ਮਜ਼ਬੂਤ ਹੋਵੇਗੀ।



ਇਸ ਮੌਕੇ ਬੋਲਦਿਆਂ ਉਦਯੋਗ ਮੰਤਰੀ ਸੰਜੀਵ ਅਰੋੜਾ ਨੇ "3 ਐਸੋਸੀਏਟਸ" ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਪੰਜਾਬ 'ਤੇ ਭਰੋਸਾ ਜਤਾਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਨਿਵੇਸ਼ਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਪ੍ਰੋ-ਐਕਟਿਵ ਗਵਰਨੈਂਸ, ਨੀਤੀਗਤ ਸਥਿਰਤਾ ਅਤੇ ਨਿਵੇਸ਼ਕ ਸਹਾਇਤਾ ਪ੍ਰਣਾਲੀਆਂ ਰਾਹੀਂ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਅਰੋੜਾ ਨੇ ਦੱਸਿਆ ਕਿ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿਟ ਕਈ ਮਹੀਨਿਆਂ ਤੋਂ ਚੱਲ ਰਹੀਆਂ ਵਿਸ਼ਵ ਪੱਧਰੀ ਪਹੁੰਚ ਮੁਹਿੰਮਾਂ, ਉਦਯੋਗਿਕ ਆਗੂਆਂ ਨਾਲ ਰਣਨੀਤਿਕ ਮੁਲਾਕਾਤਾਂ ਅਤੇ ਨਿਵੇਸ਼ ਇਰਾਦਿਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਕੀਤੇ ਲਗਾਤਾਰ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀਆਂ ਪ੍ਰਗਤੀਸ਼ੀਲ ਉਦਯੋਗ ਨੀਤੀਆਂ, ਕਾਰੋਬਾਰ ਕਰਨ ਦੀ ਪ੍ਰਕਿਰਿਆ ਵਿੱਚ ਸੁਧਾਰ, ਮਜ਼ਬੂਤ ਬੁਨਿਆਦੀ ਢਾਂਚਾ ਅਤੇ ਹੁਨਰਮੰਦ ਮਾਨਵ ਸੰਸਾਧਨ ਸੂਬੇ ਵਿੱਚ ਉਦਯੋਗਿਕ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰ ਰਹੇ ਹਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਉਦਯੋਗ ਮੰਤਰੀ ਵੱਲੋਂ ਪਿਛਲੇ ਕਈ ਮਹੀਨਿਆਂ ਦੌਰਾਨ ਇਤਿਹਾਸਕ ਨਿਵੇਸ਼ ਖਿੱਚਣ ਲਈ ਕੀਤੀਆਂ ਲਗਾਤਾਰ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਇਸ ਨਾਲ ਪੰਜਾਬ ਦੀ ਅਰਥਵਿਵਸਥਾ ਬਾਰੇ ਸਕਾਰਾਤਮਕ ਨਵਾਂ ਦ੍ਰਿਸ਼ਟੀਕੋਣ ਸਾਹਮਣੇ ਆ ਰਿਹਾ ਹੈ। ਉਨ੍ਹਾਂ ਨੇ ਖੁਰਾਕ ਪ੍ਰੋਸੈਸਿੰਗ ਤੇ ਐਡਵਾਂਸਡ ਮੈਨੂਫੈਕਚਰਿੰਗ ਵਰਗੇ ਖੇਤਰਾਂ ਵਿੱਚ ਸਹਿਯੋਗ ਦੀਆਂ ਵੱਡੀਆਂ ਸੰਭਾਵਨਾਵਾਂ 'ਤੇ ਜ਼ੋਰ ਦਿੰਦਿਆਂ ਯੂਕੇ ਦੀਆਂ ਆਧੁਨਿਕ ਸਿੱਖਿਆ ਸੰਸਥਾਵਾਂ ਜਿਵੇਂ ਕਿ ਕੈਂਬ੍ਰਿਜ ਅਤੇ ਆਕਸਫੋਰਡ ਨਾਲ ਅਕਾਦਮਿਕ ਸਾਂਝ ਬਣਾਉਣ ਦੀ ਵੀ ਪੇਸ਼ਕਸ਼ ਕੀਤੀ। ਪੰਜਾਬ ਦੀਆਂ ਖਾਸੀਅਤਾਂ ਬਾਰੇ ਗੱਲ ਕਰਦਿਆਂ ਜਸਦੇਵ ਸੱਗਰ ਨੇ ਕਿਹਾ ਕਿ ਸੂਬੇ ਦੀ ਨੌਜਵਾਨ ਤੇ ਗਤੀਸ਼ੀਲ ਆਬਾਦੀ, ਮਜ਼ਬੂਤ ਸੰਸਥਾਗਤ ਢਾਂਚਾ ਤੇ ਪ੍ਰਗਤੀਸ਼ੀਲ ਨੀਤੀਗਤ ਮਾਹੌਲ ਕੰਪਨੀ ਦੇ ਪੰਜਾਬ ਵਿੱਚ ਨਿਵੇਸ਼ ਕਰਨ ਦੇ ਫੈਸਲੇ ਲਈ ਮਹੱਤਵਪੂਰਨ ਕਾਰਕ ਰਹੇ ਹਨ।

ਵਧੀਕ ਮੁੱਖ ਸਕੱਤਰ (ਤਕਨੀਕੀ ਸਿੱਖਿਆ) ਤੇਜਵੀਰ ਸਿੰਘ ਨੇ ਸੂਬੇ ਦੀ ਅਗਾਂਹ ਵਧੂ ਸੋਚ ਵਾਲੀ ਉਦਯੋਗ ਨੀਤੀ ਤੇ ਮੋਹਾਲੀ ਸਮੇਤ ਆਲੇ-ਦੁਆਲੇ ਦੇ ਖੇਤਰਾਂ ਵਿੱਚ ਉੱਚ ਸਿੱਖਿਆ ਸੰਸਥਾਵਾਂ, ਗਲੋਬਲ ਕੈਪੇਬਿਲਿਟੀ ਸੈਂਟਰਾਂ ਤੇ ਗਿਆਨ-ਅਧਾਰਿਤ ਉਦਯੋਗਾਂ ਦੀ ਸਥਾਪਨਾ ਲਈ ਮੌਜੂਦ ਰਣਨੀਤਿਕ ਫਾਇਦਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਯੂਕੇ ਦੀ ਡਿਪਟੀ ਹਾਈ ਕਮਿਸ਼ਨਰ ਮਿਸ ਅਲਬਾ ਸਮੇਰਿਗਲਿਓ ਨੇ ਕਿਹਾ ਕਿ ਪੰਜਾਬ-ਯੂਕੇ ਭਾਗੀਦਾਰੀ ਸਾਂਝੀਆਂ ਮਹੱਤਵਕਾਂਸ਼ਾਵਾਂ ਤੇ ਆਪਸੀ ਭਰੋਸੇ 'ਤੇ ਆਧਾਰਿਤ ਲੰਬੇ ਸਮੇਂ ਦੀ ਯਾਤਰਾ ਹੈ। ਉਨ੍ਹਾਂ ਦੱਸਿਆ ਕਿ ਭਾਰਤ-ਯੂਕੇ ਵਿਆਪਕ ਆਰਥਿਕ ਤੇ ਵਪਾਰ ਸਮਝੌਤਾ (35-1) ਨਾਲ ਦੋਵੇਂ ਦੇਸ਼ਾਂ ਵਿਚਕਾਰ ਵਪਾਰਕ ਸੰਬੰਧ ਹੋਰ ਮਜ਼ਬੂਤ ਹੋਣਗੇ ਤੇ ਨਿਵੇਸ਼ ਤੇ ਸਹਿਯੋਗ ਲਈ ਨਵੇਂ ਮੌਕੇ ਖੁੱਲ੍ਹਣਗੇ। ਯੂਕੇ ਦੇ ਡਿਪਾਰਟਮੈਂਟ ਫਾਰ ਬਿਜ਼ਨਸ ਐਂਡ ਟਰੇਡ ਤੋਂ ਹਰਜਿੰਦਰ ਕੰਗ ਨੇ ਹਿੱਸੇਦਾਰਾਂ ਨੂੰ ਭਾਰਤ ਅਤੇ ਯੂਕੇ ਵਿਚਕਾਰ ਸਾਂਝੀ ਖੁਸ਼ਹਾਲੀ ਲਈ ਉਭਰ ਰਹੇ ਮੌਕਿਆਂ ਦਾ ਲਾਭ ਲੈਣ ਦੀ ਅਪੀਲ ਕੀਤੀ। ਪੰਜਾਬ ਡਿਵੈਲਪਮੈਂਟ ਕਮਿਸ਼ਨ ਦੀ ਵਾਈਸ-ਚੇਅਰਪਰਸਨ ਮਿਸ ਸੀਮਾ ਬੰਸਲ ਵੀ ਇਸ ਸੈਸ਼ਨ ਦੌਰਾਨ ਮੌਜੂਦ ਸਨ। ਇਹ ਤਾਜ਼ਾ ਨਿਵੇਸ਼ ਐਲਾਨ ਉਦਯੋਗ ਮੰਤਰੀ ਸੰਜੀਵ ਅਰੋੜਾ ਦੇ ਲਗਾਤਾਰ ਯਤਨਾਂ ਨਾਲ ਹਾਸਲ ਕੀਤੀਆਂ ਵੱਡੀਆਂ ਉਦਯੋਗਿਕ ਵਚਨਬੱਧਤਾਵਾਂ ਦੀ ਲੜੀ ਵਿੱਚ ਇੱਕ ਹੋਰ ਮਹੱਤਵਪੂਰਨ ਕੜੀ ਹੈ, ਜਿਸ ਨਾਲ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿਟ ਨੂੰ ਸੂਬੇ ਦੀ ਆਰਥਿਕ ਤਬਦੀਲੀ ਦੀ ਯਾਤਰਾ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਬਣਾਉਣ ਵੱਲ ਮਜ਼ਬੂਤੀ ਮਿਲ ਰਹੀ ਹੈ।

# ਦਿੱਲੀ ਗੁਰਦੁਆਰਾ ਕਮੇਟੀ ਦੀ ਲੰਗਰ ਸੇਵਾ ਨੂੰ ਗੈਸ ਸਿਲੰਡਰਾਂ ਦੀ ਘਾਟ ਕਿਸੇ ਵੀ ਤਰੀਕੇ ਪ੍ਰਭਾਵਤ ਨਹੀਂ ਕਰੇਗੀ : ਕਾਲਕਾ, ਕਾਹਲੋਂ

ਨਵੀਂ ਦਿੱਲੀ, 13 ਮਾਰਚ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ



ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਚਲਾਈ ਜਾਂਦੀ ਲੰਗਰ ਸੇਵਾ ਨੂੰ ਗੈਸ ਸਿਲੰਡਰਾਂ ਦੀ ਕਿਸੇ ਵੀ ਤਰੀਕੇ ਦੀ ਘਾਟ ਕਿਸੇ ਵੀ ਤਰੀਕੇ ਪ੍ਰਭਾਵਤ ਨਹੀਂ ਕਰੇਗੀ। ਜਾਰੀ ਕੀਤੇ ਇਕ ਬਿਆਨ ਵਿਚ ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਸੰਗਤਾਂ ਦੇ ਸਹਿਯੋਗ ਨਾਲ ਲੰਗਰ ਸੇਵਾ ਦਾ ਕਾਰਜ ਕਰਦੀ ਆ ਰਹੀ ਹੈ। ਉਹਨਾਂ ਕਿਹਾ ਕਿ ਕੋਰੋਨਾ ਕਾਲ ਵਿਚ ਜਦੋਂ ਸਾਰੀ ਦੁਨੀਆਂ ਹੱਥ ਖੜ੍ਹੀ ਕਰ ਗਈ ਸੀ ਤਾਂ ਉਸ ਵੇਲੇ ਵੀ ਦਿੱਲੀ ਗੁਰਦੁਆਰਾ ਕਮੇਟੀ ਦੀ ਲੰਗਰ ਸੇਵਾ ਜਾਰੀ ਰਹੀ। ਉਹਨਾਂ ਕਿਹਾ ਕਿ ਸਿਰਫ ਲੰਗਰ ਸੇਵਾ ਹੀ ਨਹੀਂ ਬਲਕਿ ਆਕਸੀਜ਼ਨ ਸਿਲੰਡਰਾਂ ਦੀ ਸੇਵਾ ਤੇ ਮਨੁੱਖਤਾ ਦੀ ਸੇਵਾ ਵਾਸਤੇ ਹਰ ਕਿਸਮ ਦੀ ਸੇਵਾ ਜਾਰੀ ਰਹੀ ਸੀ। ਉਹਨਾਂ ਕਿਹਾ ਕਿ ਜਦੋਂ ਇੰਨੇ ਔਖੇ ਵੇਲੇ ਸਾਡੀਆਂ ਸੇਵਾਵਾਂ ਸੰਗਤ ਦੇ ਸਹਿਯੋਗ ਸਦਕਾ ਪ੍ਰਭਾਵਤ ਨਹੀਂ ਹੋਈਆਂ ਤਾਂ ਹੁਣ ਤਾਂ ਪ੍ਰਭਾਵਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਉਹਨਾਂ ਨੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਕਿਸਮ ਦੀਆਂ ਅਫਵਾਹਾਂ ਤੋਂ ਸੁਚੇਤ ਰਹਿਣ ਕਿਉਂਕਿ ਦੇਸ਼ ਦੀ ਸਰਕਾਰ ਵਾਰ-ਵਾਰ ਇਹ ਸਪਸ਼ਟ ਕਰ ਰਹੀ ਹੈ ਕਿ ਐਲ ਪੀ ਜੀ ਗੈਸ ਸਿਲੰਡਰ ਤੇ ਕਿਸੇ ਵੀ ਕਿਸਮ ਦੇ ਇੰਧਣ ਦੀ ਦੇਸ਼ ਵਿਚ ਕੋਈ ਤੋਟ ਨਹੀਂ ਹੈ ਤੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਨੇ ਮੁੜ ਦੁਹਰਾਇਆ ਹੈ ਕਿ ਸੰਗਤਾਂ ਦੇ ਸਹਿਯੋਗ ਨਾਲ ਲੰਗਰ ਤੇ ਹੋਰ ਸੇਵਾਵਾਂ ਜਾਰੀ ਰਹਿਣਗੀਆਂ ਤੇ ਸੰਗਤਾਂ ਨੂੰ ਕਿਸੇ ਵੀ ਕਿਸਮ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

# ਜਾਪਾਨ ਕੰਪਨੀ ਲਿਮਟਿਡ ਨੇ ਗਰੀਨ ਐਨਰਜੀ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਨਾਲ ਸਹਿਯੋਗ ਕਰਨ ਵਿੱਚ ਪ੍ਰਗਟਾਈ ਦਿਲਚਸਪੀ

ਚੰਡੀਗੜ੍ਹ/ਮੋਹਾਲੀ, 13 ਮਾਰਚ (ਚ.ਨ.ਸ.): ਪਲਾਕਸ਼ਾ ਯੂਨੀਵਰਸਿਟੀ ਵਿਖੇ ਸ਼ੁਰੂ ਹੋਏ ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ-2026 ਮੌਕੇ ਗਲੋਬਲ ਨੈੱਟਵਰਕ ਜਾਪਾਨ ਕੰਪਨੀ ਲਿਮਟਿਡ ਨੇ ਸਾਫ਼ ਅਤੇ ਗਰੀਨ ਐਨਰਜੀ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਾਲ ਭਾਈਵਾਲੀ ਕਰਨ ਲਈ ਵਚਨਬੱਧਤਾ ਪ੍ਰਗਟ ਕੀਤੀ ਹੈ। ਗਲੋਬਲ ਨੈੱਟਵਰਕ ਜਾਪਾਨ ਕੰਪਨੀ ਦੇ ਡਾ. ਰੋਹਿਤ ਬਖਸ਼ੀ ਨੇ ਖੁਲਾਸਾ ਕੀਤਾ ਕਿ ਕੰਪਨੀ ਦਾ ਮੁੱਖ ਮੰਤਵ ਕਿਸਾਨਾਂ ਤੋਂ ਸਿੱਧੇ ਤੌਰ 'ਤੇ ਝੋਨਾ ਖਰੀਦ ਕੇ ਇਸਦੀ ਫਸਲੀ ਰਹਿੰਦ-ਖੂੰਹਦ ਤੋਂ ਈਥਾਨੋਲ ਤਿਆਰ ਕਰਨਾ ਹੈ ਜੋ ਕਿ ਵਾਤਾਵਰਣ ਅਨੁਕੂਲ ਅਤੇ ਅਹਿਮ ਨਵਿਆਉਣਯੋਗ ਊਰਜਾ ਹੈ ਅਤੇ ਇਸ ਜ਼ਰੀਏ ਫਸਲੀ ਰਹਿੰਦ ਖੂੰਹਦ ਦਾ ਵੀ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਸੰਭਵ ਹੈ। ਇਸ ਪਿਛੇ ਮੁੱਖ ਉਦੇਸ਼ ਗਰੀਨ ਐਨਰਜੀ ਨੂੰ ਉਤਸ਼ਾਹਿਤ ਕਰਨਾ ਤੇ ਰਹਿੰਦ-ਖੂੰਹਦ ਤੋਂ ਅਜਿਹੇ ਮੁਲਵਾਨ ਉਤਪਾਦ ਬਣਾਉਣਾ ਹੈ ਜੋ ਆਰਥਿਕਤਾ ਨੂੰ ਉਸਾਰੂ ਹੁਲਾਰਾ ਦੇਣਗੇ।

ਪੰਜਾਬ ਹਰ ਸਾਲ 20 ਕਰੋੜ ਟਨ ਰਹਿੰਦ-ਖੂੰਹਦ ਪੈਦਾ ਕਰਦਾ ਹੈ ਅਤੇ ਜੇਕਰ ਇਸਨੂੰ ਸਹੀ ਢੰਗ ਨਾਲ ਰੀਸਾਈਕਲ ਕੀਤਾ ਜਾਵੇ ਤਾਂ ਇਹ ਗਰੀਨ ਐਨਰਜੀ ਦੇ ਇਸ ਸੰਕਲਪ ਨੂੰ ਉਤਸ਼ਾਹਿਤ ਕਰਨ ਵਿੱਚ ਹੈਰਾਨੀਜਨਕ



ਭੂਮਿਕਾ ਨਿਭਾ ਸਕਦਾ ਹੈ। ਪੰਜਾਬ ਸਰਕਾਰ ਨਾਲ ਤਜਰਬਾ ਬਹੁਤ ਉਸਾਰੂ ਤੇ ਚੰਗਾ ਰਿਹਾ ਕਿਉਂਕਿ ਸਾਡਾ ਮਾਰਗਦਰਸ਼ਨ ਬਹੁਤ ਠਰੰਮੇ ਨਾਲ ਕੀਤਾ ਗਿਆ ਅਤੇ ਹਰ ਕਦਮ 'ਤੇ ਜਾਣਕਾਰੀ ਵਿਸਥਾਰ ਵਿਚ ਮੁਹੱਈਆ ਕਰਵਾਈ ਗਈ। ਡਾ. ਰੋਹਿਤ ਬਖਸ਼ੀ ਨੇ ਅੱਗੇ ਕਿਹਾ ਕਿ, "ਅਸੀਂ ਸਮਝੌਤੇ ਦੇ ਪੜਾਅ 'ਤੇ ਹਾਂ ਅਤੇ 500 ਕਰੋੜ ਰੁਪਏ ਦੇ ਨਿਵੇਸ਼ ਨਾਲ ਸ਼ੁਰੂ ਵਿੱਚ ਪਾਇਲਟ ਪ੍ਰੋਜੈਕਟ ਵਜੋਂ ਇੱਕ ਪਲਾਂਟ ਸਥਾਪਤ ਕਰਨ ਦਾ ਇਰਾਦਾ ਰੱਖਦੇ ਹਾਂ। ਇਸ ਦੇ ਮੁੱਢ ਲਈ 20 ਏਕੜ ਜ਼ਮੀਨ ਦੀ ਲੋੜ ਹੈ।"

ਇਸ ਮੌਕੇ ਸੀ.ਈ.ਓ ਮੇਬੂਟੋਕੀ ਇਟੋ, ਮਾਸਾਹਿਰੋ ਸੈਤੋ, ਡਾ. ਮਨਪ੍ਰੀਤ ਸਿੰਘ, ਡਾ. ਰੋਹਿਤ ਬਖਸ਼ੀ ਅਤੇ ਹੋਰ ਮੌਜੂਦ ਸਨ।

# ਪੰਜਾਬ ਦੇ ਪੇਂਡੂ ਵਿਕਾਸ ਦੇ ਅੱਠ ਹਜ਼ਾਰ ਕਰੋੜ ਰੁਕਣ ਨਾਲ ਪਿੰਡਾਂ ਦਾ ਵਿਕਾਸ ਠੱਪ

ਨਵੀਂ ਦਿੱਲੀ/ਚੰਡੀਗੜ੍ਹ, 13 ਮਾਰਚ (ਅੰਮ੍ਰਿਤਪਾਲ ਸਿੰਘ): ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਵਿੱਚ ਪੇਂਡੂ ਵਿਕਾਸ ਮੰਤਰਾਲੇ ਦੇ ਬਜਟ 'ਤੇ ਚੱਲ ਰਹੀ ਚਰਚਾ ਦੌਰਾਨ ਪੰਜਾਬ ਨਾਲ ਜੁੜੇ ਅਹਿਮ ਮਸਲਿਆਂ ਨੂੰ ਪੂਰੇ ਜ਼ੋਰਦਾਰ ਢੰਗ ਨਾਲ ਉਠਾਇਆ। ਸੰਤ ਸੀਚੇਵਾਲ ਨੇ ਹਾਊਸ ਵਿੱਚ ਚਲ ਰਹੀ ਚਰਚਾ ਵਿੱਚ ਹਿੱਸਾ ਲੈਂਦਿਆ ਕਿਹਾ ਕਿ ਪੰਜਾਬ ਦੇ ਪੇਂਡੂ ਵਿਕਾਸ ਲਈ ਕਰੀਬ 8 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਫੰਡ ਕੇਂਦਰ ਸਰਕਾਰ ਦੀਆਂ ਫਾਇਲਾਂ ਵਿੱਚ ਰੁਕੇ ਹੋਏ ਹਨ। ਸੰਤ ਬਲਬੀਰ ਸਿੰਘ ਨੇ ਰਾਜ ਸਭਾ ਹਾਊਸ ਵਿੱਚ ਦੱਸਿਆ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੇ ਫੇਜ਼ ਤਿੰਨ ਤਹਿਤ ਪੰਜਾਬ ਵਿੱਚ ਕਰੀਬ 828 ਕਰੋੜ ਰੁਪਏ ਦੇ ਪ੍ਰੋਜੈਕਟ ਮਨਜ਼ੂਰ ਹੋਏ ਸਨ, ਜਿਨ੍ਹਾਂ ਵਿੱਚ 64 ਸੜਕਾਂ ਅਤੇ 38 ਪੁਲਾਂ ਦਾ ਨਿਰਮਾਣ ਹੋਣਾ ਸੀ, ਪਰ ਐਫ.ਡੀ.ਆਰ. ਤਕਨੀਕ ਰਾਹੀਂ ਬਣਨ ਵਾਲੀਆ ਇਹ ਸੜਕਾਂ ਅਤੇ ਪੁਲ ਪਿਛਲੇ ਛੇ-ਸੱਤ ਮਹੀਨਿਆਂ ਤੋਂ ਟੈਂਡਰ ਪ੍ਰਕਿਰਿਆ ਵਿੱਚ ਹੀ ਅਟਕੇ ਹੋਏ ਹਨ ਅਤੇ ਕੰਮ ਸ਼ੁਰੂ ਨਹੀਂ ਹੋ ਸਕਿਆ। ਉਨ੍ਹਾਂ ਮੰਗ ਕੀਤੀ ਕਿ ਕਿਸੇ ਪਿੰਡ ਦੀਆਂ ਸੜਕਾਂ ਹੀ ਇੱਕ ਤਰਾਂ ਨਾਲ ਵਿਕਾਸ ਦੀ ਸਾਹ ਰਗਾਂ ਹੁੰਦੀਆਂ ਹਨ ਅਤੇ ਜਦੋਂ ਇਹ ਕੰਮ ਰੁਕਦੇ ਹਨ ਤਾਂ ਪਿੰਡਾਂ ਦਾ ਸਮੂਹਿਕ ਵਿਕਾਸ ਹੀ ਰੁਕ ਜਾਂਦਾ ਹੈ।

ਸੰਤ ਸੀਚੇਵਾਲ ਨੇ ਕਿਹਾ ਕਿ ਪਿੰਡਾਂ ਵਿੱਚ ਸੜਕਾਂ, ਪਾਣੀ ਦੀ ਸਪਲਾਈ, ਮਨਰੇਗਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਅਤੇ ਹੋਰ ਵਿਕਾਸੀ ਸਕੀਮਾਂ ਦਾ ਸਿੱਧਾ ਸਬੰਧ ਰੂਰਲ ਡਿਵੈਲਪਮੈਂਟ ਫੰਡ ਨਾਲ ਹੈ। ਜਦੋਂ ਇਹ ਫੰਡ ਰੁਕ ਜਾਂਦਾ ਹੈ ਤਾਂ ਪਿੰਡਾਂ ਵਿੱਚ ਲਗਭਗ ਹਰ ਤਰ੍ਹਾਂ ਦਾ ਵਿਕਾਸ ਰੁਕ ਜਾਂਦਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਦਾ ਰੁਕਿਆ ਹੋਇਆ ਇਹ ਫੰਡ ਤੁਰੰਤ ਜਾਰੀ ਕੀਤਾ ਜਾਵੇ ਤਾਂ ਜੋ ਪਿੰਡਾਂ ਵਿੱਚ ਵਿਕਾਸੀ ਕੰਮ ਮੁੜ ਸ਼ੁਰੂ ਹੋ ਸਕਣ। ਉਨ੍ਹਾਂ ਸਪੱਸ਼ਟ ਕਿਹਾ ਕਿ ਫੰਡ ਰੋਕ ਕੇ ਸਜ਼ਾ ਪੰਜਾਬ ਦੇ ਲੋਕਾਂ ਨੂੰ ਦਿੱਤੀ ਜਾ ਰਹੀ ਹੈ, ਜਿਸਦਾ ਸਭ ਤੋਂ ਵੱਡਾ ਨੁਕਸਾਨ ਪਿੰਡਾਂ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਹੋ ਰਿਹਾ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਅਤੇ ਇੱਥੋਂ ਦਾ ਕਿਸਾਨ ਤੇ ਮਜ਼ਦੂਰ ਦੇਸ਼ ਦੀ ਅਰਥਵਿਵਸਥਾ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਇਸ ਲਈ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਭੇਦਭਾਵ ਕਰਨ ਦੀ ਬਜਾਏ ਪੰਜਾਬ ਦੇ ਹੱਕ ਦੇ ਫੰਡ ਤੁਰੰਤ ਜਾਰੀ ਕਰਨੇ ਚਾਹੀਦੇ ਹਨ ਤਾਂ ਜੋ ਪਿੰਡਾਂ ਵਿੱਚ ਰੁਕੇ ਹੋਏ ਵਿਕਾਸੀ ਕੰਮ ਮੁੜ ਸ਼ੁਰੂ ਹੋ ਸਕਣ।

## ਆਲੂ ਦੇ ਡਿੱਗੇ ਭਾਅ ਕਾਰਨ ਕਿਸਾਨ ਮੁਸੀਬਤ ਵਿੱਚ, ਕੇਂਦਰ ਕਿਸਾਨਾਂ ਦੀ ਬਾਂਹ ਫੜੇ

ਸੰਤ ਸੀਚੇਵਾਲ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ ਆਲੂ ਦੇ ਭਾਅ ਬਹੁਤ ਹੀ ਡਿੱਗ ਗਏ ਹਨ ਅਤੇ ਕਿਸਾਨ ਭਾਰੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਕਈ ਥਾਵਾਂ 'ਤੇ ਕਿਸਾਨਾਂ ਨੂੰ ਆਪਣੀ ਫਸਲ ਢੇਰੀਆਂ ਵਿੱਚ ਰਾਹਾਂ 'ਤੇ ਸੁੱਟਣੀ ਪੈ ਰਹੀ ਹੈ, ਕਿਉਂਕਿ ਕੋਈ ਖਰੀਦਦਾਰ ਨਹੀਂ ਮਿਲ ਰਿਹਾ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨਾਂ ਦੀ ਮਦਦ ਲਈ ਤੁਰੰਤ ਕਦਮ ਚੁੱਕੇ ਜਾਣ ਤਾਂ ਜੋ ਉਨ੍ਹਾਂ ਦੀ ਫਸਲ ਨੂੰ ਢੰਗ ਦਾ ਭਾਅ ਮਿਲ ਸਕੇ।

# ਗੁਰੂਘਰਾਂ ਦੇ ਲੰਗਰ ਸੇਵਾ ਲਈ ਗੈਸ ਸਿਲੰਡਰਾਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾਵੇ : ਕਾਲਕਾ

ਨਵੀਂ ਦਿੱਲੀ 13 ਮਾਰਚ (ਅੰਮ੍ਰਿਤਪਾਲ ਸਿੰਘ): ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਦੀਪ ਸਿੰਘ ਪੁਰੀ ਕੇਂਦਰੀ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਨੂੰ ਇਕ ਪੱਤਰ ਰਾਹੀਂ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਚੱਲ ਰਹੀ ਲੰਗਰ ਸੇਵਾ ਲਈ ਗੈਸ ਸਿਲੰਡਰਾਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਆਪਣੇ ਪੱਤਰ ਵਿੱਚ ਕਾਲਕਾ ਨੇ ਦੱਸਿਆ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਵਿੱਚ ਹਰ ਰੋਜ਼ ਵੱਡੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਲੰਗਰ ਰੂਪ ਵਿੱਚ ਭੋਜਨ ਦੀ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਸੇਵਾ ਸਿੱਖ ਧਰਮ ਦੀ ਮਹਾਨ ਪ੍ਰੰਪਰਾ ਤੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਵਿਸ਼ਵ ਪੱਧਰੀ ਤਣਾਅਪੂਰਨ ਹਾਲਾਤਾਂ ਅਤੇ ਜੰਗੀ ਸਥਿਤੀ ਕਾਰਨ ਗੈਸ ਏਜੰਸੀਆਂ ਵੱਲੋਂ ਗੈਸ ਸਿਲੰਡਰਾਂ ਦੀ ਸਪਲਾਈ ਰੁਕਣ ਦੀ ਜਾਣਕਾਰੀ ਮਿਲੀ ਹੈ, ਜਿਸ ਕਾਰਨ ਗੁਰਦੁਆਰਿਆਂ ਵਿੱਚ ਲੰਗਰ ਦੀ ਪ੍ਰਭਾਵਿਤ ਹੋ ਰਹੀ ਹੈ।



ਕਾਲਕਾ ਨੇ ਕਿਹਾ ਕਿ ਮੌਜੂਦਾ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸੰਬੰਧਿਤ ਵਿਭਾਗਾਂ ਅਤੇ ਅਧਿਕਾਰੀਆਂ ਨੂੰ ਤੁਰੰਤ ਲੋੜੀਂਦੀ ਕਾਰਵਾਈ ਕਰਨ ਤਾਂ ਜੋ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੈਸ ਸਿਲੰਡਰਾਂ ਦੀ ਸਪਲਾਈ ਵਿੱਚ ਕੋਈ ਵੀ ਰੁਕਾਵਟ ਨਾ ਆਵੇ। ਉਨ੍ਹਾਂ ਇਹ ਵੀ ਬੇਨਤੀ ਕੀਤੀ ਕਿ ਦਿੱਲੀ ਦੇ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਜਾਰੀ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਇਤਿਹਾਸਕ ਗੁਰਦੁਆਰਿਆਂ ਵਿੱਚ ਚੱਲ ਰਹੀ ਲੰਗਰ ਸੇਵਾ ਬਿਨਾਂ ਕਿਸੇ ਵਿਘਨ ਦੇ ਲਗਾਤਾਰ ਜਾਰੀ ਰਹੇ ਅਤੇ ਸ਼ਰਧਾਲੂਆਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਭਗਵੰਤ ਸਿੰਘ ਮਾਨ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ ਦੀ ਟੀ-ਸ਼ਰਟ ਜਾਰੀ

ਚੰਡੀਗੜ੍ਹ, 13 ਮਾਰਚ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ ਦੀ ਅਧਿਕਾਰਿਕ ਟੀ-ਸ਼ਰਟ ਜਾਰੀ ਕੀਤੀ ਗਈ। ਇਹ ਮੈਰਾਥਨ ਨਸ਼ਿਆਂ ਦੇ ਖ਼ਿਲਾਫ਼ ਚੱਲ ਰਹੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਅਤੇ ਪੰਜਾਬ ਦੀ ਨੌਜਵਾਨੀ ਨੂੰ ਸਿਹਤਮੰਦ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਵਾਲੇ ਇੱਕ ਵੱਡਾ ਕਦਮ ਹੈ। ਇਸ ਮੌਕੇ ਮੌਜੂਦ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਦੱਸਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਏ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਲਗਾਤਾਰਤਾ ਵਿੱਚ ਪੰਜਾਬ ਦੀ ਜਵਾਨੀ ਨੂੰ ਬਚਾਉਣ, ਨੌਜਵਾਨਾਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਅਤੇ ਸੂਬੇ ਨੂੰ ਮੁੜ ਹੱਸਦਾ-ਖੇਡਦਾ ਤੇ ਰੰਗਲਾ ਬਣਾਉਣ ਦੇ ਮਕਸਦ ਨਾਲ 22 ਮਾਰਚ 2026 ਨੂੰ ਫੁੱਟਬਾਲ ਦੀ ਨਰਸਰੀ ਵਜੋਂ ਪ੍ਰਸਿੱਧ ਮਾਹਿਲਪੁਰ (ਗੜ੍ਹਸ਼ੰਕਰ), ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਹ ਵਿਸ਼ਾਲ ਮੈਰਾਥਨ ਕਰਵਾਈ ਜਾ ਰਹੀ ਹੈ। ਡਿਪਟੀ ਸਪੀਕਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣਾ ਸਹੁੰ ਚੁੱਕ ਸਮਾਗਮ ਵੀ ਖਟਕੜ ਕਲਾਂ ਵਿਖੇ ਸ਼ਹੀਦਾਂ ਨੂੰ ਮੱਥਾ ਟੇਕਣ ਉਪਰੰਤ ਕੀਤਾ ਸੀ ਤੇ ਇੱਥੇ ਹਰ ਸਾਲ ਸ਼ਹੀਦ-ਏ-ਆਜ਼ਮ



ਸਰਦਾਰ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ ਕਰਵਾਇਆ ਜਾਂਦਾ ਹੈ। ਇਸੇ ਸਤਿਕਾਰ ਤਹਿਤ ਸ਼ਹੀਦੀ ਦਿਹਾੜੇ ਤੋਂ ਇੱਕ ਦਿਨ ਪਹਿਲਾਂ 22 ਮਾਰਚ ਨੂੰ ਇਹ ਮੈਰਾਥਨ ਸ਼ਹੀਦ-ਏ-ਆਜ਼ਮ ਨੂੰ ਸਮਰਪਿਤ ਕੀਤੀ ਜਾ ਰਹੀ ਹੈ।

ਜੈ ਕ੍ਰਿਸ਼ਨ ਸਿੰਘ ਰੋੜੀ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਇੱਕ ਸਿਹਤਮੰਦ ਅਤੇ ਮਜ਼ਬੂਤ ਦੇਸ਼ ਦਾ ਸੁਪਨਾ ਦੇਖਿਆ ਸੀ, ਜਿਸ ਵਿੱਚ ਹਰ ਨੌਜਵਾਨ ਦੇਸ਼ ਦੀ ਸੇਵਾ ਲਈ ਸਮਰਪਿਤ ਹੋਵੇ। ਉਨ੍ਹਾਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਨਸ਼ਿਆਂ ਦਾ ਖ਼ਾਤਮਾ ਕਰਨਾ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਲੋੜ ਹੈ। ਇਸ ਤਰ੍ਹਾਂ ਦੀਆਂ ਮੁਹਿੰਮਾਂ ਰਾਹੀਂ ਨੌਜਵਾਨਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਵੀ ਮਜ਼ਬੂਤ ਹੋਵੇਗਾ। ਰੋੜੀ ਨੇ ਮੈਰਾਥਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਨੈਸ਼ਨਲ ਮੈਰਾਥਨ ਵਿੱਚ 5 ਕਿਲੋਮੀਟਰ, 10 ਕਿਲੋਮੀਟਰ, 21 ਕਿਲੋਮੀਟਰ ਅਤੇ 42 ਕਿਲੋਮੀਟਰ ਦੀਆਂ ਵੱਖ-ਵੱਖ ਕੈਟਾਗਰੀਆਂ ਵਿੱਚ ਬੱਚੇ, ਨੌਜਵਾਨ, ਬਜ਼ੁਰਗ ਅਤੇ ਵਿਸ਼ੇਸ਼ ਯੋਗਤਾ ਵਾਲੇ ਵਿਅਕਤੀ ਭਾਗ ਲੈ ਸਕਣਗੇ। ਜੇਤੂਆਂ ਦੀ ਹੌਸਲਾ ਅਫਜ਼ਾਈ ਲਈ ਉਨ੍ਹਾਂ ਨੂੰ ਵੱਖ-ਵੱਖ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਪ੍ਰੋਗਰਾਮ ਵਿੱਚ ਪੰਜਾਬ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਭਰਪੂਰ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ। ਇਸਦੇ ਨਾਲ ਹੀ ਦੇਸ਼-ਵਿਦੇਸ਼ ਵਿੱਚ ਨਾਮਣਾ ਖੱਟਣ ਵਾਲੀਆਂ ਕਈ ਪ੍ਰਮੁੱਖ ਹਸਤੀਆਂ ਵੀ ਇਸ ਸਮਾਗਮ ਵਿੱਚ ਸ਼ਿਰਕਤ ਕਰਨਗੀਆਂ। ਜੈ ਕ੍ਰਿਸ਼ਨ ਸਿੰਘ ਰੋੜੀ ਨੇ ਕਿਹਾ ਕਿ ਇਹ ਮੈਰਾਥਨ ਨਸ਼ਾ ਮੁਕਤ ਪੰਜਾਬ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਨੌਜਵਾਨਾਂ ਨੂੰ ਖੇਡਾਂ ਅਤੇ ਸਿਹਤਮੰਦ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗੀ।

# ਸਵੱਛ ਭਾਰਤ ਮੁਹਿੰਮ ਤਹਿਤ ਕੈਂਪਸ ਦੀ ਸਫ਼ਾਈ ਤੇ ਜਾਗਰੂਕਤਾ ਰੈਲੀ



ਮੋਹਾਲੀ, 13 ਮਾਰਚ (ਹਰਦੀਪ ਕੌਰ): ਦੁਆਬਾ ਕਾਲਜ ਆਫ ਐਜੂਕੇਸ਼ਨ ਵੱਲੋਂ ਦੁਆਬਾ ਗਰੁੱਪ ਆਫ ਕਾਲਜ ਕੈਂਪਸ-1 ਮੋਹਾਲੀ ਵਿਖੇ ਐਨ.ਐਸ.ਐਸ. ਦਾ ਵਨ ਡੇ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਦੁਆਬਾ ਗਰੁੱਪ ਆਫ ਕਾਲਜ ਦੀ ਮੈਨੇਜਮੈਂਟ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਪ੍ਰੈਜ਼ੀਡੈਂਟ ਡਾ. ਐਚ. ਐਸ. ਬਾਠ, ਮੈਨੇਜਿੰਗ ਵਾਈਸ ਚੇਅਰਮੈਨ ਐਸ. ਐਸ. ਐਸ. ਸਾਂਘਾ, ਪ੍ਰਸ਼ਾਸਨਿਕ ਵਾਈਸ ਚੇਅਰਮੈਨ ਮਨਜੀਤ ਸਿੰਘ, ਕਾਲਜ ਟਰੱਸਟੀ ਰਮਨਜੀਤ ਕੌਰ ਬਾਠ, ਦੁਆਬਾ ਕਾਲਜ ਆਫ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਸੁਖਜਿੰਦਰ ਸਿੰਘ, ਸਮੂਹ ਸਟਾਫ ਤੇ ਐਨ.ਐਸ.ਐਸ. ਵਲੰਟੀਅਰ ਮੌਜੂਦ ਸਨ। ਇਹ ਵਨ ਡੇ ਐਨ.ਐਸ. ਐਸ. ਕੈਂਪ ਪ੍ਰੋਗਰਾਮ ਅਫਸਰ ਵਿਜੇ ਕੁਮਾਰ ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਕੈਂਪ ਦੌਰਾਨ ਐਨ.ਐਸ.ਐਸ. ਦੇ ਵਲੰਟੀਅਰਾਂ ਨੇ "ਸਵੱਛ ਭਾਰਤ" ਮੁਹਿੰਮ ਤਹਿਤ ਦੁਆਬਾ ਗਰੁੱਪ ਆਫ ਕਾਲਜ ਦੀਆਂ ਬਿਲਡਿੰਗਾਂ, ਗਰਾਊਂਡ ਤੇ ਪਾਰਕਾਂ ਦੀ ਸਫਾਈ ਕੀਤੀ ਅਤੇ ਸਵੱਛਤਾ ਸੰਬੰਧੀ ਨਾਅਰੇ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਦੌਰਾਨ ਕੱਢੀ ਗਈ ਜਾਗਰੂਕਤਾ ਰੈਲੀ ਵਿੱਚ ਵਲੰਟੀਅਰਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਐਨ.ਐਸ.ਐਸ. ਵਲੰਟੀਅਰਾਂ ਨੇ ਕੈਂਪਸ ਦੀ ਸਫਾਈ ਬਣਾਈ ਰੱਖਣ ਅਤੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਦਾ ਪ੍ਰਣ ਵੀ ਲਿਆ।

## ਸੰਪਾਦਕੀ

# ਪੰਜਾਬ ਨਸ਼ਾ ਤਸਕਰੀ ਅਤੇ ਸੱਤਾ ਦਾ ਗੁੰਝਲਦਾਰ ਗੱਠਜੋੜ

ਪੰਜਾਬ ਦੀ ਧਰਤੀ ਜੋ ਕਦੇ ਆਪਣੇ ਹਰੇ-ਭਰੇ ਖੇਤਾਂ ਅਤੇ ਸੂਰਬੀਰਤਾ ਲਈ ਦੁਨੀਆ ਭਰ ਵਿੱਚ ਮਸ਼ਹੂਰ ਸੀ, ਅੱਜ ਨਸ਼ਿਆਂ ਦੀ ਇੱਕ ਅਜਿਹੀ ਭਿਆਨਕ ਲਪੇਟ ਵਿੱਚ ਹੈ ਜੋ ਸੂਬੇ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੀ ਹੈ। ਹਾਲ ਹੀ ਵਿੱਚ ਤਰਨ ਤਾਰਨ ਜ਼ਿਲ੍ਹੇ ਤੋਂ ਸਾਹਮਣੇ ਆਈ ਇੱਕ ਘਟਨਾ ਨੇ ਪੂਰੇ ਸੂਬੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਜਿੱਥੇ ਸੱਤਾਧਾਰੀ ਪਾਰਟੀ ਦੇ ਇੱਕ ਸਰਪੰਚ ਨੂੰ 18 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਇਹ ਮਾਮਲਾ ਸਿਰਫ਼ ਨਸ਼ੇ ਦੀ ਵੱਡੀ ਮਾਤਰਾ ਤੱਕ ਸੀਮਤ ਨਹੀਂ ਹੈ ਸਗੋਂ ਇਹ ਉਸ ਕੌੜੇ ਸੱਚ ਨੂੰ ਉਜਾਗਰ ਕਰਦਾ ਹੈ ਕਿ ਕਿਵੇਂ ਨਸ਼ਾ ਤਸਕਰਾਂ ਨੇ ਸਿਆਸੀ ਅਤੇ ਸਮਾਜਿਕ ਸੁਰੱਖਿਆ ਦੇ ਨਾਂ 'ਤੇ ਬਣਾਏ ਗਏ ਢਾਂਚੇ ਵਿੱਚ ਆਪਣੀ ਪੈਂਠ ਬਣਾ ਲਈ ਹੈ। ਸਭ ਤੋਂ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਫੜਿਆ ਗਿਆ ਮੁਲਜ਼ਮ ਉਸ 'ਪਿੰਡ ਰੱਖਿਆ ਕਮੇਟੀ' ਦਾ ਮੁਖੀ ਸੀ, ਜਿਸ ਦਾ ਮੁੱਖ ਕੰਮ ਹੀ ਪਿੰਡ ਨੂੰ ਨਸ਼ਾ ਮੁਕਤ ਰੱਖਣਾ ਅਤੇ ਤਸਕਰਾਂ 'ਤੇ ਨਜ਼ਰ ਰੱਖਣਾ ਸੀ। ਜਦੋਂ ਸਮਾਜ ਦੇ ਰਾਖੇ ਹੀ ਭੱਖਕ ਬਣ ਜਾਣ ਅਤੇ ਨਸ਼ਾ ਵਿਰੋਧੀ ਮੁਹਿੰਮਾਂ ਦੀ ਅਗਵਾਈ ਕਰਨ ਵਾਲੇ ਹੀ ਤਸਕਰੀ ਦੇ ਕਾਲੇ ਕਾਰੋਬਾਰ ਵਿੱਚ ਸ਼ਾਮਲ ਹੋਣ, ਤਾਂ ਆਮ ਜਨਤਾ ਲਈ ਉਮੀਦ ਦੀ ਕਿਰਨ ਧੁੰਦਲੀ ਪੈ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਅਤੇ ਪ੍ਰਸ਼ਾਸਨ 'ਤੇ ਸਵਾਲ ਉੱਠਣੇ ਲਾਜ਼ਮੀ ਹਨ ਕਿ ਕੀ ਇਹ ਕਮੇਟੀਆਂ ਵਾਕਈ ਨਸ਼ਾ ਰੋਕਣ ਲਈ ਹਨ ਜਾਂ ਫਿਰ ਤਸਕਰਾਂ ਨੂੰ ਸੁਰੱਖਿਅਤ ਰਸਤਾ ਦੇਣ ਦਾ ਇੱਕ ਸਾਧਨ ਬਣ ਚੁੱਕੀਆਂ ਹਨ। ਪੰਜਾਬ ਇੱਕ ਸਰਹੱਦੀ ਸੂਬਾ ਹੋਣ ਕਰਕੇ ਹਮੇਸ਼ਾ ਹੀ ਬਾਹਰੀ ਦੇਸ਼ਾਂ ਤੋਂ ਹੁੰਦੀ ਤਸਕਰੀ ਦਾ ਸ਼ਿਕਾਰ ਰਿਹਾ ਹੈ। ਪਾਕਿਸਤਾਨੀ ਸਰਹੱਦ ਤੋਂ ਡਰੋਨਾਂ ਰਾਹੀਂ ਸੁੱਟੀ ਜਾ ਰਹੀ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥਾਂ ਨੇ ਸੁਰੱਖਿਆ ਏਜੰਸੀਆਂ ਲਈ ਇੱਕ ਨਵੀਂ ਅਤੇ ਜਟਿਲ ਚੁਣੌਤੀ ਪੈਦਾ ਕਰ ਦਿੱਤੀ ਹੈ। ਹਾਲਾਂਕਿ ਸਰਕਾਰਾਂ ਅਕਸਰ ਵੱਡੇ ਦਾਅਵੇ ਕਰਦੀਆਂ ਹਨ ਅਤੇ ਅੰਕੜੇ ਪੇਸ਼ ਕੀਤੇ ਜਾਂਦੇ ਹਨ ਕਿ ਕਿੰਨੇ ਨਸ਼ਾ ਤਸਕਰ ਫੜੇ ਗਏ ਅਤੇ ਕਿੰਨੀ ਮਾਤਰਾ ਵਿੱਚ ਨਸ਼ਾ ਜ਼ਬਤ ਕੀਤਾ ਗਿਆ ਪਰ ਜ਼ਮੀਨੀ ਹਕੀਕਤ ਇਹ ਦਰਸਾਉਂਦੀ ਹੈ ਕਿ ਨਸ਼ੇ ਦੀ ਸਪਲਾਈ ਲਾਈਨ ਅਜੇ ਵੀ ਪੂਰੀ ਤਰ੍ਹਾਂ ਸਰਗਰਮ ਹੈ। ਜਲੰਧਰ ਜ਼ਿਲ੍ਹੇ ਦੇ ਮਹਿਤਪੁਰ ਵਰਗੇ ਇਲਾਕਿਆਂ ਵਿੱਚ ਮਹਿਜ਼ ਚਾਰ ਦਿਨਾਂ ਅੰਦਰ ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਮੌਤਾਂ ਇਹ ਸਾਬਤ ਕਰਨ ਲਈ ਕਾਫ਼ੀ ਹਨ ਕਿ ਨਸ਼ਾ ਅਜੇ ਵੀ ਗਲੀਆਂ-ਮੁਹੱਲਿਆਂ ਵਿੱਚ ਆਮ ਉਪਲਬਧ ਹੈ। ਇਹ ਮੌਤਾਂ ਸਿਰਫ਼ ਅੰਕੜੇ ਨਹੀਂ ਹਨ ਸਗੋਂ ਇਹ ਉਨ੍ਹਾਂ ਉੱਜੜ ਰਹੇ ਪਰਿਵਾਰਾਂ ਦੀਆਂ ਚੀਕਾਂ ਹਨ, ਜਿਨ੍ਹਾਂ ਦੇ ਜਵਾਨ ਪੁੱਤ ਇਸ ਦਲਦਲ ਵਿੱਚ ਫਸ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਚੁੱਕੇ ਹਨ। ਸਰਕਾਰ ਵੱਲੋਂ ਬਜਟ ਦੌਰਾਨ ਪੇਸ਼ ਕੀਤੀ ਗਈ ਤਿੰਨ-ਸੂਤਰੀ ਰਣਨੀਤੀ, ਜਿਸ ਵਿੱਚ ਸਖ਼ਤੀ, ਭਾਈਚਾਰਕ ਸਾਂਝ ਅਤੇ ਸਿੱਖਿਆ 'ਤੇ ਜ਼ੋਰ ਦਿੱਤਾ ਗਿਆ ਹੈ, ਕਾਗਜ਼ਾਂ 'ਤੇ ਬਹੁਤ ਪ੍ਰਭਾਵਸ਼ਾਲੀ ਜਾਪਦੀ ਹੈ। ਪਰ ਇਸ ਦੀ ਸਫ਼ਲਤਾ ਸਿਰਫ਼ ਨੀਤੀਆਂ ਬਣਾਉਣ ਵਿੱਚ ਨਹੀਂ ਸਗੋਂ ਉਨ੍ਹਾਂ ਨੂੰ ਬਿਨਾਂ ਕਿਸੇ ਸਿਆਸੀ ਪੱਖਪਾਤ ਦੇ ਲਾਗੂ ਕਰਨ ਵਿੱਚ ਹੈ। ਸੂਬੇ ਦੇ ਵਿੱਤ ਮੰਤਰੀ ਵੱਲੋਂ ਨਸ਼ਿਆਂ ਵਿਰੁੱਧ ਲਗਾਤਾਰ ਮੁਹਿੰਮ ਚਲਾਉਣ ਦੇ ਦਾਅਵੇ ਉਦੋਂ ਤੱਕ ਬੇਮਾਅਨਾ ਰਹਿਣਗੇ ਜਦੋਂ ਤੱਕ ਸਿਸਟਮ ਦੇ ਅੰਦਰ ਮੌਜੂਦ 'ਕਾਲੀਆਂ ਭੇਡਾਂ' ਨੂੰ ਬਾਹਰ ਨਹੀਂ ਕੱਢਿਆ ਜਾਂਦਾ। ਇਹ ਬੇਹੱਦ ਜ਼ਰੂਰੀ ਹੈ ਕਿ ਸਰਕਾਰ ਆਪਣੇ ਅੰਦਰੂਨੀ ਢਾਂਚੇ ਦੀ ਸਫਾਈ ਕਰੇ ਅਤੇ ਇਹ ਯਕੀਨੀ ਬਣਾਏ ਕਿ ਕੋਈ ਵੀ ਸਿਆਸੀ ਆਗੂ ਜਾਂ ਪੁਲਿਸ ਅਧਿਕਾਰੀ ਤਸਕਰਾਂ ਦੀ ਪਿੱਠ ਨਾ ਥਾਪੜੇ। ਪਾਰਦਰਸ਼ੀ ਜਾਂਚ ਅਤੇ ਨਸ਼ਾ ਤਸਕਰਾਂ ਨੂੰ ਮਿਸਾਲੀ ਸਜ਼ਾਵਾਂ ਦੇਣਾ ਸਮੇਂ ਦੀ ਮੁੱਖ ਲੋੜ ਹੈ। ਅੰਤ ਵਿੱਚ ਪੰਜਾਬ ਲਈ ਇਹ ਲੜਾਈ ਸਿਰਫ਼ ਕਾਨੂੰਨ-ਵਿਵਸਥਾ ਦੀ ਲੜਾਈ ਨਹੀਂ ਹੈ, ਸਗੋਂ ਇਹ ਆਪਣੀ ਆਉਣ ਵਾਲੀ ਨਸਲ ਨੂੰ ਬਚਾਉਣ ਦੀ ਇੱਕ ਨੈਤਿਕ ਜੰਗ ਹੈ। ਜਦੋਂ ਤੱਕ ਹਰ ਪੱਧਰ 'ਤੇ ਜਵਾਬਦੇਹੀ ਤੈਅ ਨਹੀਂ ਕੀਤੀ ਜਾਂਦੀ ਅਤੇ ਤਸਕਰਾਂ ਦੇ ਸਿਆਸੀ ਗੱਠਜੋੜ ਨੂੰ ਤੋੜਿਆ ਨਹੀਂ ਜਾਂਦਾ, ਉਦੋਂ ਤੱਕ ਜਨਤਾ ਦਾ ਵਿਸ਼ਵਾਸ ਬਹਾਲ ਕਰਨਾ ਅਸੰਭਵ ਹੋਵੇਗਾ। ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਿਰਫ਼ ਭਾਸ਼ਣਾਂ ਜਾਂ ਅੰਕੜਿਆਂ ਦੀ ਨਹੀਂ, ਸਗੋਂ ਇੱਕ ਦ੍ਰਿੜ ਇੱਛਾ ਸ਼ਕਤੀ ਅਤੇ ਇਮਾਨਦਾਰਾਨਾ ਕਾਰਵਾਈ ਦੀ ਲੋੜ ਹੈ। ਜੇਕਰ ਹੁਣ ਵੀ ਸਖ਼ਤ ਕਦਮ ਨਾ ਚੁੱਕੇ ਗਏ ਤਾਂ ਸੂਬੇ ਦੀ ਸਮਾਜਿਕ ਅਤੇ ਆਰਥਿਕ ਤਰੱਕੀ ਹਮੇਸ਼ਾ ਲਈ ਲੀਹੋਂ ਉਤਰ ਸਕਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪਿੰਡ ਰੱਖਿਆ ਕਮੇਟੀਆਂ ਦੀ ਨਿਗਰਾਨੀ ਸਖ਼ਤ ਕਰੇ ਅਤੇ ਗੁਪਤਚਰ ਵਿਭਾਗ ਨੂੰ ਹੋਰ ਮਜ਼ਬੂਤ ਕਰੇ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਹੋਣ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ ਅਤੇ ਪੰਜਾਬ ਦੇ ਮੱਥੇ 'ਤੇ ਲੱਗੇ ਇਸ ਕਾਲੇ ਦਾਗ ਨੂੰ ਧੋਤਾ ਜਾ ਸਕੇ।

-ਜਗਜੀਤ ਸਿੰਘ ਦਰਦੀ

## ਈਰਾਨ ਅਤੇ ਇਜ਼ਰਾਈਲ-ਅਮਰੀਕਾ ਜੰਗ

# ਇਹ ਯੁੱਧ ਹੁਣ ਮਨੁੱਖੀ ਤੇ ਧਰਤੀ ਦੀ ਬਰਬਾਦੀ ਦੇ ਬਦਲਦੇ ਨੈਰੇਟਿਵ ਦੀ ਤਰਾਸ਼ਦੀ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਹੁਣ ਖਾੜੀ ਯੁੱਧ ਵਿੱਚ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ ਨੂੰ ਨਿਊਕਲੀਅਰ ਅਤੇ ਮਿਜ਼ਾਈਲ ਖਤਰੇ ਵਜੋਂ ਪੇਸ਼ ਕੀਤਾ ਹੈ ਪਰ ਅਸਲ ਵਿੱਚ ਇਹ ਤੇਲ ਅਤੇ ਰੀਜਨਲ ਕੰਟਰੋਲ ਬਾਰੇ ਹੈ। ਅੱਜ ਪੂਰਬੀ ਮੱਧ ਏਸ਼ੀਆ ਵਿੱਚ ਫੈਲੀ ਇਹ ਜੰਗ ਨਾ ਸਿਰਫ ਤਿੰਨ ਦੇਸ਼ਾਂ ਵਿਚਕਾਰ ਦੀ ਲੜਾਈ ਹੈ, ਬਲਕਿ ਇਹ ਪੂਰੀ ਦੁਨੀਆ ਨੂੰ ਤਬਾਹੀ ਵੱਲ ਧੱਕ ਰਹੀ ਹੈ। ਮਾਰਚ 2026 ਵਿੱਚ ਸ਼ੁਰੂ ਹੋਈ ਇਸ ਜੰਗ ਨੇ ਤੇਲ ਦੇ ਵੱਡੇ ਜਖੀਰੇ ਬਲਦੇ ਵੇਖੇ ਹਨ, ਮਨੁੱਖੀ ਲਾਸ਼ਾਂ ਦੇ ਅੰਬਾਰ ਲੱਗ ਗਏ ਹਨ ਅਤੇ ਪਰਮਾਣੂ ਲੜਾਈ ਦੇ ਆਸਾਰ ਵੱਧ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਸ ਨੂੰ ਇੱਕ ਛੋਟੀ ਅਤੇ ਤੇਜ਼ ਕਾਰਵਾਈ ਕਹਿ ਕੇ ਨਜ਼ਰਅੰਦਾਜ਼ ਕਰ ਰਹੇ ਹਨ ਪਰ ਈਰਾਨ ਵੱਲੋਂ ਜਵਾਬੀ ਹਮਲੇ ਹੋਰ ਵੀ ਭਿਆਨਕ ਤਬਾਹੀ ਲਿਆ ਰਹੇ ਹਨ।

ਅੱਜ ਯੂਐੱਨਓ ਤੋਂ ਲੈ ਕੇ ਵਿਸ਼ਵ ਨੇਤਾਵਾਂ ਤੱਕ ਕਿਸੇ ਨੂੰ ਵੀ ਇਸ ਮਨੁੱਖੀ ਅਤੇ ਵਾਤਾਵਰਣਿਕ ਤਬਾਹੀ ਵੱਲ ਧਿਆਨ ਨਹੀਂ ਹੈ। ਇਹ ਕਿਹੜੀ ਜੀਓਪਾਲਿਟੀਕਸ ਹੈ ਜੋ ਮਾਨਵਤਾ ਨੂੰ ਖਤਮ ਕਰਨ ਵੱਲ ਵੱਧ ਰਹੀ ਹੈ? ਜੇ ਧਰਤੀ, ਹਵਾ, ਪਾਣੀ ਅਤੇ ਸਮੁੰਦਰ ਨਹੀਂ ਬਚਣਗੇ ਤਾਂ ਮਨੁੱਖੀ ਵਜੂਦ ਲਈ ਕੀ ਬਚੇਗਾ? ਅੱਜ ਅਸੀਂ ਅੰਕੜਿਆਂ ਨਾਲ ਇਸ ਜੰਗ ਦੀ ਤਬਾਹੀ, ਬਦਲਦੇ ਨੈਰੇਟਿਵ ਅਤੇ ਨਵੇਂ ਦਿਸਹੱਦੇ ਵਿਸ਼ਲੇਸ਼ਣ ਕਰਦਿਆਂ ਕਹਿ ਸਕਦੇ ਹਾਂ ਜੋ ਸ਼ਾਇਦ ਮਨੁੱਖਤਾ ਨੂੰ ਤਬਾਹ ਕਰ ਦੇਣਗੇ ਜਾਂ ਕੁਝ ਹੋਰ ਹੀ ਨਤੀਜਾ ਲਿਆਉਣਗੇ।

ਇਹ ਜੰਗ ਦੀ ਸ਼ੁਰੂਆਤ ਅਤੇ ਮਨੁੱਖੀ ਤਬਾਹੀ ਦੇ ਅੰਕੜੇ ਫਰਵਰੀ 28. 2026 ਨੂੰ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਹਮਲਾ ਕੀਤਾ, ਜਿਸ ਵਿੱਚ ਈਰਾਨੀ ਸੁਪਰੀਮ ਲੀਡਰ ਅਲੀ ਖਾਮੇਨੇਈ ਨੂੰ ਮਾਰ ਦਿੱਤਾ ਗਿਆ। ਇਹ ਹਮਲਾ 'ਆਪਰੇਸ਼ਨ ਐਪਿਕ ਫਿਊਰੀ' ਨਾਂ ਨਾਲ ਚੱਲਿਆ ਗਿਆ, ਜਿਸ ਵਿੱਚ ਟੋਮਾਹਾਕ ਮਿਜ਼ਾਈਲਾਂ, ਐੱਫ-35 ਜੈੱਟ ਅਤੇ ਡਰੋਨ ਵਰਤੇ ਗਏ। ਈਰਾਨ ਨੇ ਜਵਾਬ ਵਿੱਚ ਅਮਰੀਕੀ ਬੇਸਾਂ ਅਤੇ ਇਜ਼ਰਾਈਲੀ ਟਾਰਗੇਟਾਂ 'ਤੇ ਹਮਲੇ ਕੀਤੇ। ਅਮਰੀਕੀ ਅਤੇ ਇਜ਼ਰਾਈਲੀ ਸੂਤਰਾਂ ਅਨੁਸਾਰ, ਈਰਾਨ ਵਿੱਚ 3,000 ਤੋਂ ਵੱਧ ਫੌਜੀ ਮਾਰੇ ਗਏ ਹਨ, ਜਦਕਿ ਈਰਾਨ ਨੇ ਆਪਣੇ ਨੁਕਸਾਨ ਨੂੰ 1, 255 ਲੋਕਾਂ ਤੱਕ ਮੰਨਿਆ ਹੈ।

ਹੁਣ ਤੱਕ ਇਸ ਜੰਗ ਵਿੱਚ ਕੁੱਲ ਮੌਤਾਂ 1,800 ਤੋਂ ਵੱਧ ਹਨ, ਜਿਸ ਵਿੱਚ 8 ਅਮਰੀਕੀ ਫੌਜੀ ਅਤੇ 175 ਵਿਦਿਆਰਥੀ ਸ਼ਾਮਲ ਹਨ, ਜੋ ਇੱਕ ਈਰਾਨੀ ਸਕੂਲ ਤੇ ਅਮਰੀਕੀ ਹਮਲੇ ਵਿੱਚ ਮਾਰੇ ਗਏ।

ਅੱਜ ਇਹ ਤਬਾਹੀ ਨੇ ਪੂਰੀ ਦੁਨੀਆ ਵਿੱਚ ਹਾਹਾਕਾਰ ਪੈਦਾ ਕੀਤੀ ਹੈ ਪਰ ਟਰੰਪ ਨੇ ਇਸ ਨੂੰ ਬਹੁਤ ਅੱਗੇ ਵਧਾ ਰਹੀ ਅਤੇ ਪੂਰੀ ਹੋਈ ਜੰਗ ਕਿਹਾ ਹੈ।

ਇਹ ਜੰਗ ਨੇ ਲੱਖਾਂ ਲੋਕਾਂ ਨੂੰ ਬੇਘਰ ਕੀਤਾ ਹੈ। ਈਰਾਨ ਵਿੱਚ ਬੰਬਿੰਗ ਨੇ ਸਕੂਲਾਂ, ਹਸਪਤਾਲਾਂ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਤਬਾਹ ਕਰ ਦਿੱਤਾ ਹੈ। ਲੈਬਨਾਨ ਵਿੱਚ ਇਜ਼ਰਾਈਲੀ ਹਮਲਿਆਂ ਨੇ 400 ਤੋਂ ਵੱਧ ਲੋਕਾਂ ਨੂੰ ਮਾਰਿਆ ਹੈ। ਹਿਜ਼ਬੁੱਲਾ ਅਤੇ ਈਰਾਨੀ ਪ੍ਰੌਕਸੀਆਂ ਨੇ ਜਵਾਬ ਵਿੱਚ ਇਜ਼ਰਾਈਲ ਅਤੇ ਅਮਰੀਕੀ ਬੇਸਾਂ 'ਤੇ ਰਾਕੇਟ ਅਤੇ ਡਰੋਨ ਹਮਲੇ ਕੀਤੇ ਹਨ। ਇਹ ਮਨੁੱਖੀ ਤਬਾਹੀ ਨੇ ਲੱਖਾਂ ਨੂੰ ਭੁੱਖਮਰੀ ਅਤੇ ਬਿਮਾਰੀਆਂ ਵੱਲ ਧੱਕਿਆ ਹੈ। ਅੱਜ ਤੇਲ ਦੇ ਜਖੀਰੇ ਅਤੇ ਆਰਥਿਕ ਤਬਾਹੀ ਇਹ ਜੰਗ ਤੇਲ ਨਾਲ ਜੁੜੀ ਹੈ। ਈਰਾਨ ਦੇ ਤੇਲ ਡਿਪੂਆਂ 'ਤੇ ਹਮਲਿਆਂ ਨਾਲ ਵੱਡੀਆਂ ਅੱਗਾਂ ਲੱਗੀਆਂ ਹਨ, ਜਿਸ ਨਾਲ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਵੱਧ ਗਈਆਂ ਹਨ।

ਹੁਣ ਸਟਰੇਟ ਆਫ਼ ਹੋਰਮੁਜ਼ ਨੂੰ ਬੰਦ ਕਰਨ ਨਾਲ ਗਲੋਬਲ ਤੇਲ ਸਪਲਾਈ 20% ਘੱਟ ਗਈ ਹੈ, ਜਿਸ ਨਾਲ ਕਈ ਦੇਸ਼ ਕੋਲੇ ਵੱਲ ਵਾਪਸ ਪਰਤ ਰਹੇ ਹਨ। ਈਰਾਨ ਨੇ ਅਮਰੀਕੀ ਬੇਸਾਂ ਅਤੇ ਗਲਫ਼ ਦੇਸ਼ਾਂ 'ਤੇ ਮਿਜ਼ਾਈਲ ਅਤੇ ਮਾਈਨ ਹਮਲੇ ਕੀਤੇ ਹਨ, ਜਿਸ ਨਾਲ ਬਹਿਰੀਨ, ਕੁਵੈਤ ਅਤੇ ਯੂਏਈ ਵਿੱਚ ਤੇਲ ਸਹੂਲਤਾਂ ਤਬਾਹ ਹੋਈਆਂ ਹਨ।

ਅੱਜ ਇਸ ਬਦਲਾਅ ਨੇ ਇਸ ਗਲੋਬਲ ਅਰਥਵਿਵਸਥਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਸਟਾਕ ਮਾਰਕੀਟਾਂ ਡਿੱਗ ਰਹੀਆਂ ਹਨ ਅਤੇ ਗੈਸ ਕੀਮਤਾਂ ਵੱਧ ਰਹੀਆਂ ਹਨ। ਟਰੰਪ ਨੇ ਇਸ ਨੂੰ ਛੋਟੀ ਕੀਮਤ ਕਿਹਾ ਹੈ, ਪਰ ਇਹ ਦੁਨੀਆ ਲਈ ਵੱਡੀ ਤਬਾਹੀ ਹੈ। ਈਰਾਨ ਦੇ ਤੇਲ ਜਖੀਰੇ ਤੀਸਰੇ ਸਭ ਤੋਂ ਵੱਡੇ ਹਨ ਅਤੇ ਇਸ ਜੰਗ ਨੇ ਉਹਨਾਂ ਨੂੰ ਨਿਸ਼ਾਨਾ ਬਣਾਇਆ ਹੈ। ਅਮਰੀਕੀ ਅਧਿਕਾਰੀ ਨੇ ਮੰਨਿਆ ਕਿ ਇਹ ਜੰਗ ਤੇਲ ਨੂੰ ਕੰਟਰੋਲ ਕਰਨ ਲਈ ਹੈ, ਨਾ ਕਿ ਨਿਊਕਲੀਅਰ ਖਤਰੇ ਲਈ। ਅੱਜ ਇਸ ਨਾਲ ਗਲੋਬਲ ਊਰਜਾ ਸੰਕਟ ਪੈਦਾ ਕਰ ਰਿਹਾ ਹੈ, ਜਿਸ ਨਾਲ ਚੀਨ ਅਤੇ ਰੂਸ ਵਰਗੇ ਦੇਸ਼ ਨਵੇਂ ਗਠਜੋੜ ਬਣਾ ਰਹੇ ਹਨ। ਪਰਮਾਣੂ ਲੜਾਈ ਦੇ ਆਸਾਰ ਅਤੇ ਗਲੋਬਲ ਹਾਹਾਕਾਰ ਜੰਗ ਨੇ ਪਰਮਾਣੂ ਖਤਰੇ ਨੂੰ ਵਧਾ ਦਿੱਤਾ ਹੈ। ਈਰਾਨ ਨੇ ਆਪਣੇ ਨਿਊਕਲੀਅਰ ਪ੍ਰੋਗਰਾਮ ਨੂੰ ਤੇਜ਼ ਕੀਤਾ ਹੈ ਅਤੇ ਅਮਰੀਕਾ ਨੇ ਫੋਰਡੋ, ਇਸਫਾਹਾਨ ਅਤੇ ਨਤਾਂਜ ਨਿਊਕਲੀਅਰ ਸਾਈਟਾਂ 'ਤੇ ਹਮਲੇ ਕੀਤੇ ਹਨ।

ਅੱਜ ਟਰੰਪ ਨੇ ਈਰਾਨ ਨੂੰ ਕਦੇ ਵੀ ਨਿਊਕਲੀਅਰ ਹਥਿਆਰ ਨਹੀਂ ਬਣਾਉਣ ਦੇਣਾ ਕਿਹਾ ਹੈ, ਪਰ ਇਹ ਜੰਗ ਨੇ ਨਿਊਕਲੀਅਰ ਪ੍ਰਸਾਰ ਨੂੰ ਵਧਾਇਆ ਹੈ। ਇੰਟਰਨੈਸ਼ਨਲ ਐਟੌਮਿਕ ਐਨਰਜੀ ਏਜੰਸੀ ਨੇ ਚੇਤਾਵਨੀ ਦਿੱਤੀ ਕਿ ਈਰਾਨ ਨੂੰ ਵੈਪਨ-ਗ੍ਰੇਡ ਯੂਰੇਨੀਅਮ ਬਣਾਉਣ ਵਿੱਚ ਮਹੀਨੇ ਲੱਗ ਸਕਦੇ ਹਨ।

ਅੱਜ ਇਹ ਖਤਰਾ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰ ਰਿਹਾ ਹੈ। ਏਸ਼ੀਆ ਵਿੱਚ ਹਿਮਾਲਿਆ ਦੇ ਗਲੇਸ਼ੀਅਰ ਪਿਘਲ ਰਹੇ ਹਨ, ਜਿਸ ਨਾਲ ਚੀਨ, ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵੱਧ ਰਿਹਾ ਹੈ ਅਤੇ ਨਿਊਕਲੀਅਰ ਜੰਗ ਦਾ ਖਤਰਾ ਹੈ। ਯੂਐੱਨ ਸਕਿਊਰਿਟੀ ਕੌਂਸਲ ਨੇ ਐਮਰਜੈਂਸੀ ਮੀਟਿੰਗ ਵਿੱਚ ਅਮਰੀਕਾ ਅਤੇ ਇਜ਼ਰਾਈਲ ਨੂੰ ਨਿੰਦਿਆ ਹੈ, ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ।

ਅੱਜ ਇਹ ਨਿਊਕਲੀਅਰ ਖਤਰਾ ਮਨੁੱਖਤਾ ਲਈ ਸਭ ਤੋਂ ਵੱਡਾ ਚਿੰਤਾ ਵਾਲਾ ਮੁੱਦਾ ਹੈ।

**ਵਾਤਾਵਰਣਿਕ ਤਬਾਹੀ ਅਤੇ ਧਰਤੀ ਦੀ ਬਰਬਾਦੀ**: ਇਸ ਜੰਗ ਨੇ ਵਾਤਾਵਰਣ ਨੂੰ ਭਿਆਨਕ ਨੁਕਸਾਨ ਪਹੁੰਚਾਇਆ ਹੈ। ਤੇਲ ਡਿਪੂਆਂ ਵਿੱਚ ਅੱਗ ਨੇ ਤੇਹਰਾਨ ਵਿੱਚ ਕਾਲੀ ਬਾਰਿਸ਼ ਲਿਆਂਦੀ ਹੈ, ਜਿਸ ਨਾਲ ਹਵਾ ਵਿੱਚ ਟੌਕਸਿਕ ਪ੍ਰਦੂਸ਼ਣ ਵੱਧ ਗਿਆ ਹੈ।

ਲਗਭਗ 20 ਮਿਲੀਅਨ ਲੀਟਰ ਤੇਲ ਜਲ ਰਹੇ ਹਨ, ਜਿਸ ਨਾਲ ਗ੍ਰੀਨਹਾਊਸ ਗੈਸਾਂ ਅਤੇ ਟੌਕਸਿਕ ਕਣ ਵੱਧ ਰਹੇ ਹਨ। ਜ਼ਾਗਰੋਸ ਜੰਗਲ ਅਤੇ 13 ਸੁਰੱਖਿਅਤ ਵਾਈਲਡਲਾਈਫ ਏਰੀਆ ਜਲ ਰਹੇ ਹਨ, 9,000 ਹੈਕਟੇਅਰ ਤਬਾਹ ਹੋ ਚੁੱਕੇ ਹਨ। ਇਹ ਨੁਕਸਾਨ ਦਹਾਕਿਆਂ ਤੱਕ ਰਹੇਗਾ, ਮਿੱਟੀ ਅਤੇ ਪਾਣੀ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਜੰਗ ਨੇ ਗਲੋਬਲ ਐਮਿਸ਼ਨ ਨੂੰ ਵਧਾਇਆ ਹੈ, ਜੋ ਏਵੀਏਸ਼ਨ ਅਤੇ ਸ਼ਿਪਿੰਗ ਨਾਲੋਂ ਵੱਧ ਹੈ। ਗਾਜ਼ਾ ਅਤੇ ਯੂਕਰੇਨ ਵਰਗੀਆਂ ਜੰਗਾਂ ਨੇ ਲੱਖਾਂ ਟਨ ਕਾਰਬਨ ਐਮਿਸ਼ਨ ਪੈਦਾ ਕੀਤੇ ਹਨ ਅਤੇ ਇਹ ਜੰਗ ਵੀ ਉਸੇ ਰਾਹ 'ਤੇ ਹੈ।

ਅੱਜ ਸਮੁੰਦਰ ਵਿੱਚ ਤੇਲ ਲੀਕ ਅਤੇ ਅੱਗ ਨੇ ਮੱਛੀਆਂ ਅਤੇ ਵਾਈਲਡ ਲਾਈਫ ਨੂੰ ਤਬਾਹ ਕੀਤਾ ਹੈ। ਇਹ ਵਾਤਾਵਰਣਿਕ ਤਬਾਹੀ ਮਨੁੱਖੀ ਸਿਹਤ ਲਈ ਖਤਰਨਾਕ ਹੈ ਅਤੇ ਗਲੋਬਲ ਵਾਰਮਿੰਗ ਨੂੰ ਵਧਾ ਰਹੀ ਹੈ। ਅੱਜ ਯੂਐੱਨਓ ਅਤੇ ਅੰਤਰਰਾਸ਼ਟਰੀ ਨੇਤਾਵਾਂ ਦੀ ਚੁੱਪੀ ਯੂਐੱਨ ਨੇ ਐਮਰਜੈਂਸੀ ਮੀਟਿੰਗ ਵਿੱਚ ਅਮਰੀਕਾ ਅਤੇ ਇਜ਼ਰਾਈਲ ਨੂੰ ਨਿੰਦਿਆ ਹੈ ਪਰ ਕੋਈ ਸੀਜ਼ਫਾਇਰ ਨਹੀਂ ਹੋਇਆ। ਸੈਕਰੇਟਰੀ ਜਨਰਲ ਐਂਟੋਨੀਓ ਗੁਟੇਰੇਸ ਨੇ ਡੀ-ਐਸਕਲੇਸ਼ਨ ਦੀ ਅਪੀਲ ਕੀਤੀ ਹੈ ਪਰ ਇਹ ਬੇਅਸਰ ਹੈ।

ਅੱਜ ਵਿਸ਼ਵ ਨੇਤਾ ਆਪਣੇ ਹਿੱਤਾਂ ਵਿੱਚ ਫਸੇ ਹਨ ਅਤੇ ਇਹ ਚੁੱਪੀ ਨੇ ਜੰਗ ਨੂੰ ਲੰਮਾ ਖਿੱਚਿਆ ਹੈ। ਇਸ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਨਜ਼ਰਅੰਦਾਜ਼ ਕੀਤਾ ਹੈ। ਜੀਓਪਾਲਿਟੀਕਸ ਅਤੇ ਬਦਲਦੇ ਨੈਰੇਟਿਵ ਇਹ ਜੰਗ ਜੀਓਪਾਲਿਟੀਕਲ ਹੈ। ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ ਨੂੰ ਨਿਊਕਲੀਅਰ ਅਤੇ ਮਿਜ਼ਾਈਲ ਖਤਰੇ ਵਜੋਂ ਪੇਸ਼ ਕੀਤਾ ਹੈ ਪਰ ਅਸਲ ਵਿੱਚ ਇਹ ਤੇਲ ਅਤੇ ਰੀਜਨਲ ਕੰਟਰੋਲ ਬਾਰੇ ਹੈ।

ਅੱਜ ਟਰੰਪ ਨੇ ਰੀਜੀਮ ਚੇਂਜ ਦਾ ਟੀਚਾ ਰੱਖਿਆ ਹੈ, ਪਰ ਇਹ ਨੈਰੇਟਿਵ ਬਦਲ ਰਿਹਾ ਹੈ। ਸ਼ੁਰੂ ਵਿੱਚ ਛੋਟੀ ਜੰਗ ਕਿਹਾ ਗਿਆ, ਪਰ ਹੁਣ ਇਹ ਲੰਮੀ ਅਤੇ ਖਤਰਨਾਕ ਬਣ ਗਈ ਹੈ।

ਅੱਜ ਨਵੇਂ ਦਿਸਹੱਦੇ ਵਿੱਚ ਚੀਨ ਅਤੇ ਰੂਸ ਈਰਾਨ ਨਾਲ ਗਠਜੋੜ ਬਣਾ ਰਹੇ ਹਨ, ਜਦਕਿ ਅਮਰੀਕੀ ਅਲਾਈਜ਼ ਜਿਵੇਂ ਯੂਏਈ ਅਤੇ ਸਾਊਦੀ ਅਰਬ ਨੇ ਜੰਗ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ। ਇਸ ਨੈਰੇਟਿਵ ਨੇ ਵਿਸ਼ਵ ਨੂੰ ਦੋ ਖੇਮਿਆਂ ਵਿੱਚ ਵੰਡ ਦਿੱਤਾ ਹੈ। ਪਾਕਿਸਤਾਨ ਵਰਗੇ ਦੇਸ਼ ਨਿਊਕਲੀਅਰ ਵੈਪਨਾਂ ਨੂੰ ਈਰਾਨ ਨੂੰ ਟਰਾਂਸਫਰ ਕਰਨ ਦੇ ਵਿਚਾਰ ਵਿੱਚ ਹਨ, ਜੋ ਦੱਖਣੀ ਏਸ਼ੀਆ ਵਿੱਚ ਐਸਕਲੇਸ਼ਨ ਲਿਆ ਸਕਦਾ ਹੈ। ਮਨੁੱਖਤਾ ਨੂੰ ਤਬਾਹੀ ਜਾਂ ਨਵਾਂ ਅਧਿਆਏ? ਇਹ ਜੰਗ ਮਨੁੱਖਤਾ ਨੂੰ ਤਬਾਹ ਕਰ ਸਕਦੀ ਹੈ। ਜੇ ਨਿਊਕਲੀਅਰ ਹਮਲਾ ਹੋਇਆ ਤਾਂ ਲੱਖਾਂ ਮਰਨਗੇ ਅਤੇ ਵਾਤਾਵਰਣ ਤਬਾਹ ਹੋ ਜਾਵੇਗਾ। ਪਰ ਸ਼ਾਇਦ ਇਹ ਨਵੇਂ ਗਠਜੋੜ ਅਤੇ ਸ਼ਾਂਤੀ ਲਿਆਵੇ। ਈਰਾਨ ਵਿੱਚ ਪ੍ਰੋਟੈਸਟਸ ਵੱਧ ਰਹੇ ਹਨ, ਜੋ ਰੀਜੀਮ ਚੇਂਜ ਲਿਆ ਸਕਦੇ ਹਨ।

ਪਰ ਇਸ ਰਾਜਨੀਤੀ ਨੇ ਮਾਨਵਤਾ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਵਿਸ਼ਵ ਨੂੰ ਚਾਹੀਦਾ ਹੈ ਕਿ ਇਸ ਨੂੰ ਰੋਕੇ, ਨਹੀਂ ਤਾਂ ਕੁਝ ਵੀ ਨਹੀਂ ਬਚੇਗਾ।

# ਪੰਜਾਬ ਵਿਧਾਨ ਸਭਾ 'ਚੋਂ ਤਮੀਜ਼ ਗਾਇਬ ਰਹੀ !



ਕਮਲਜੀਤ ਸਿੰਘ ਬਨਵੈਤ
98147 34035

- ਸੁਖਪਾਲ ਸਿੰਘ ਖਹਿਰਾ ਨੂੰ ਹਿਰਖ ਕਿ ਨਿੰਦਾ ਮਤੇ ਤੋਂ ਪਹਿਲਾਂ ਪੱਖ ਰੱਖਣ ਦਾ ਮੌਕਾ ਨਹੀਂ ਦਿੱਤਾ ਗਿਆ
- ਕਾਂਗਰਸ ਨੇ ਮੁੱਖ ਮੰਤਰੀ ਮਾਨ ਖ਼ਿਲਾਫ਼ ਨਿੰਦਾ ਮਤੇ ਦੀ ਮੰਗ ਰੱਖੀ, ਸਪੀਕਰ ਨੇ ਕਰ ਦਿੱਤੀ ਕੋਰੀ ਨਾਂਹ
- ਖਹਿਰਾ ਦਾ ਮਾਮਲਾ ਪੰਜਾਬ ਮਹਿਲਾ ਕਮਿਸ਼ਨ ਤੇ ਮਾਨ ਦਾ ਕੇਸ ਕੌਮੀ ਮਹਿਲਾ ਕਮਿਸ਼ਨ ਕੋਲ ਪੁੱਜਿਆ
- ਪਾਰਲੀਮੈਂਟ ਵਿੱਚ ਸਤਨਾਮ ਸਿੰਘ ਸੰਧੂ ਤੇ ਚਰਨਜੀਤ ਸਿੰਘ ਚੰਨੀ ਨੇ ਚੁੱਕੇ ਪੰਜਾਬ ਨਾਲ ਸਬੰਧਤ ਮੁੱਦੇ

ਸਿਆਸੀ ਲੀਡਰਾਂ ਨੂੰ ਹਿਰਖ ਹੈ ਕਿ ਮੀਡੀਆ ਉਹਨਾਂ ਦੀਆਂ ਪ੍ਰਾਪਤੀਆਂ ਦੀ ਥਾਂ ਬਦਤਮੀਜ਼ੀਆਂ ਨੂੰ ਜ਼ਿਆਦਾ ਉਛਾਲਦਾ ਹੈ। ਬਿਜਲਈ ਮੀਡੀਆ ਆਪਣੀ ਟੀਆਰਪੀ ਅਤੇ ਪ੍ਰਿੰਟ ਮੀਡੀਆ ਪਾਠਕਾਂ ਦੀ ਗਿਣਤੀ ਵਧਾਉਣ ਲਈ ਅਜਿਹਾ ਕਰ ਰਿਹਾ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਚੰਡੀਗੜ੍ਹ ਦੇ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਦੇ ਸੱਦੇ ਰੂਬਰੂ ਦੌਰਾਨ ਇਹ ਉਲਾਂਭਾ ਮੈਨੂੰ ਇੱਕ ਉਮੀਦਵਾਰ ਨੇ ਉਦੋਂ ਦਿੱਤਾ ਸੀ, ਜਦੋਂ ਮੈਂ ਤਿੱਖਾ ਸਵਾਲ ਪੁੱਛ ਲਿਆ। ਮੈਂ ਉਸ ਨੂੰ ਦੱਸਿਆ ਕਿ ਜਦੋਂ ਪੱਤਰਕਾਰੀ ਦੀ ਪੜ੍ਹਾਈ ਕੀਤੀ ਸੀ ਤਾਂ ਸਾਨੂੰ ਇਹ ਦੱਸਿਆ ਗਿਆ ਸੀ ਕਿ ਜੇ ਕੁੱਤਾ ਬੰਦੇ ਨੂੰ ਕੱਟਦਾ ਹੈ ਤਾਂ ਖ਼ਬਰ ਨਹੀਂ ਬਣਦੀ ਹੈ ਅਤੇ ਜੇ ਬੰਦਾ ਕੁੱਤੇ ਨੂੰ ਕੱਟਦਾ ਹੈ ਤਾਂ ਖ਼ਬਰ ਬਣਦੀ ਹੈ। ਮੈਥੋਂ ਅੱਗੇ ਵੀ ਕਿਹਾ ਗਿਆ ਕਿ ਜਨਤਾ ਨੇ ਤੁਹਾਨੂੰ ਆਪਣਾ ਪ੍ਰਤੀਨਿੱਧ ਚੁਣਿਆ ਹੈ ਅਤੇ ਤੁਹਾਡੀ ਡਿਊਟੀ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਆਪਣੀ ਕਾਰਗੁਜ਼ਾਰੀ ਦੱਸਣ ਦੀ ਹੁੰਦੀ ਹੈ ਜਾਂ ਫਿਰ ਮੁਲਕ ਜਾਂ ਸੂਬੇ ਨਾਲ ਸਬੰਧਤ ਮਸਲੇ ਵਿਚਾਰ ਕੇ ਹੱਲ ਲੱਭਣ ਦੀ ਹੁੰਦੀ ਹੈ। ਜੇ ਤੁਸੀਂ ਇੱਕ ਸੂਬੇ ਦੀ ਵਿਧਾਨ ਸਭਾ ਜਾਂ ਮੁਲਕ ਦੀ ਪਾਰਲੀਮੈਂਟ ਵਿੱਚ ਦੂਜੇ ਦੀਆਂ ਪੱਗਾਂ ਨੂੰ ਹੱਥ ਪਾਉਣ ਲੱਗ ਪਵੋ, ਤਮੀਜ਼ ਗੁਆ ਬੈਠੋ ਅਤੇ ਗੱਲ ਗਾਲੀ ਗਲੋਚ ਜਾਂ ਘਸੁੰਨ ਮੁੱਕੀ ਤੱਕ ਆ ਜਾਵੇ ਤਾਂ ਇਹ ਵੱਡੀ ਖ਼ਬਰ ਬਣ ਗਈ ਹੈ। ਇਸ ਨੂੰ ਉਛਾਲਣਾ ਬਣਦਾ ਹੈ । ਖੌਰੇ ਤੁਹਾਨੂੰ ਕੋਈ ਮੱਤ ਆ ਜਾਵੇ। ਇਹ ਗੱਲ ਸਟੇਜ ਤੋਂ ਸਰੋਤਿਆਂ ਦੇ ਸਾਹਮਣੇ ਆਈ ਅਤੇ ਹਾਲ ਵਿੱਚ ਲੰਮਾ ਸਮਾਂ ਚੁੱਪ ਪਸਰੀ ਰਹੀ।

ਪੰਜਾਬ ਵਿਧਾਨ ਸਭਾ ਦਾ ਸੈਸ਼ਨ ਚੱਲ ਰਿਹਾ ਹੈ। ਪਾਰਲੀਮੈਂਟ ਵੀ ਜੁੜੀ ਹੋਈ। ਦੋਹੀ ਥਾਈਂ ਗ਼ੈਰ ਪ੍ਰਸੰਗਕ ਮੁੱਦੇ ਮਿਥੇ ਗਏ ਹਨ। ਵਿਧਾਨ ਸਭਾ ਵਿੱਚ ਪੰਜਾਬ ਨਾਲ ਅਤੇ ਪਾਰਲੀਮੈਂਟ ਵਿੱਚ ਦੇਸ਼ ਨਾਲ ਜੁੜੇ ਮੁੱਦੇ ਗਾਇਬ ਰਹੇ। ਉਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਕਿ ਹਾਊਸ ਵਿੱਚੋਂ ਬੋਲ ਚਾਲ ਦਾ ਸਲੀਕਾ ਵੀ ਗਾਇਬ ਰਿਹਾ। ਸੱਤਾਧਾਰੀ ਅਤੇ ਵਿਰੋਧੀ ਇੱਕ ਦੂਜੇ ਨੂੰ ਉੱਛਲ ਉੱਛਲ ਕੇ ਪੈਂਦੇ ਰਹੇ। ਪੰਜਾਬ ਵਿਧਾਨ ਸਭਾ ਵਿੱਚ ਤਾਂ ਇੱਕ ਦੂਜੇ ਨੂੰ ਦੇਖਣ ਤੱਕ ਵੀ ਨੌਬਤ ਆ ਗਈ। ਪਾਰਲੀਮੈਂਟ ਦੇ ਅੰਦਰ ਬੀਤੇ ਕੱਲ ਰਾਜ ਸਭਾ ਦੇ ਮੈਂਬਰ ਸਤਨਾਮ ਸਿੰਘ ਸੰਧੂ ਨੇ ਸ਼੍ਰੀ ਦਰਬਾਰ ਸਾਹਿਬ 'ਤੇ ਹਮਲੇ ਵੇਲੇ ਲਾਇਬ੍ਰੇਰੀ ਵਿੱਚੋਂ ਗਵਾਚੀਆਂ ਹੱਥ ਲਿਖਤ ਦੁਰਲਭ ਬੀੜਾਂ ਦਾ ਮਸਲਾ ਉਠਾ ਕੇ ਵਾਹ ਵਾਹ ਖੱਟੀ ਹੈ। ਜਲੰਧਰ ਤੋਂ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦਾ ਮੁੱਦਾ ਚੁੱਕ ਕੇ ਸ਼ੋਭਾ ਖੱਟੀ ਹੈ।

ਵਿਧਾਨ ਸਭਾ ਵਿੱਚ ਅਗਲੇ ਵਿੱਤੀ ਸਾਲ ਲਈ ਬਜਟ ਪਾਸ ਕਰ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਬਜਟ ਦੇ ਸੋਹਲੇ ਗਾਉਣ ਤੋਂ ਨਹੀਂ ਹੱਟ ਰਹੀ ਹੈ ਜਦਕਿ ਵਿਰੋਧੀ ਚਿਰ ਇਸ ਨੂੰ ਨਿੰਦਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦੇ ਰਹੀ ਹੈ।

ਪੰਜਾਬ ਵਿਧਾਨ ਸਭਾ ਵਿੱਚ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਲੋਂ ਰਗੜਾ ਲਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ ਗਿਆ ਹੈ। ਇੱਕ ਟਵੀਟ ਨੂੰ ਲੈ ਕੇ ਵਿਧਾਨ ਸਭਾ ਵਿੱਚ ਸ਼ਹਿਰਾਂ ਦੇ ਖ਼ਿਲਾਫ਼ ਨਿੰਦਾ ਮਤਾ ਪਾਸ ਕੀਤਾ ਗਿਆ, ਹਾਲਾਂਕਿ ਉਸ ਵੇਲੇ ਉਸ ਹਾਊਸ ਵਿੱਚ ਮੌਜੂਦ ਨਹੀਂ ਸੀ। ਉਸ ਨੂੰ ਪੱਖ ਰੱਖਣ ਦਾ ਵੀ ਮੌਕਾ ਨਹੀਂ ਦਿੱਤਾ ਗਿਆ। ਉਸ ਤੋਂ ਮਗਰਲੇ ਦਿਨ ਭਾਵ 12 ਮਾਰਚ ਨੂੰ ਸੱਤਾਧਾਰੀਆਂ ਨੇ ਖਹਿਰਾ ਨੂੰ ਪਹਿਲਾਂ ਨਾਲੋਂ ਵੀ ਲੰਮੇ ਹੱਥੀ ਲਿਆ । ਇਸ ਦੇ ਖ਼ਿਲਾਫ਼ ਵਿਧਾਨ ਸਭਾ ਦੀ ਮਰਿਆਦਾ ਦੀ ਉਲੰਘਣਾ ਦਾ ਪ੍ਰਸਤਾਵ ਪਾਸ ਕਰਕੇ ਮਾਮਲਾ ਪ੍ਰੀਵਲੇਜ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਦੂਜੇ ਬੰਨੇ ਸੁਖਪਾਲ ਸਿੰਘ ਖਹਿਰਾ ਪੈਰਾਂ 'ਤੇ ਪਾਣੀ ਨਹੀਂ ਪੈਣ ਦੇ ਰਹੇ ਹਨ। ਉਹ ਕਹਿੰਦੇ ਹਨ ਕਿ ਟਵੀਟ ਉਹਨਾਂ ਦਾ ਆਪਣਾ ਨਹੀਂ ਸਗੋਂ ਉਹਨਾਂ ਨੇ ਤਾਂ ਕਿਸੇ ਦਾ ਟਵੀਟ ਹੀ ਫਾਰਵਰਡ ਕੀਤਾ ਸੀ। ਦੂਜੇ ਮਾਮਲੇ ਵਿੱਚ ਉਹਨਾਂ ਉੱਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਬੰਧੂਆ ਕਹਿਣ ਦਾ ਦੋਸ਼ ਹੈ। ਸੱਤਾਧਾਰੀਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਉਸਨੇ ਵਿਧਾਨ ਸਭਾ ਦੀ ਹੱਤਕ ਕੀਤੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੌਮਾਂਤਰੀ ਮਹਿਲਾ ਦਿਵਸ ਮੌਕੇ ਦਿੱਤੇ ਇੱਕ ਭਾਸ਼ਣ ਨੂੰ ਲੈ ਕੇ ਵੀ ਕਾਂਗਰਸ ਨੇ ਉਹਨਾਂ ਦੇ ਖ਼ਿਲਾਫ਼ ਨਿੰਦਾ ਮਤਾ ਪਾਸ ਕਰਨ ਦੀ ਮੰਗ ਰੱਖੀ, ਜਿਸ ਨੂੰ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਨਾਂਹ ਕਰ ਦਿੱਤੀ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਕਾਂਗਰਸ ਆਪਣੇ ਹੀ ਸਾਥੀ ਖਹਿਰਾ ਦੇ ਹੱਕ ਵਿੱਚ ਡੱਟ ਕੇ ਨਹੀਂ ਖੜੀ ਜਿੰਨਾ ਖੜਨਾ ਬਣਦਾ ਸੀ। ਇਸ ਨਾਲ ਪੰਜਾਬ ਦੀ ਕਾਂਗਰਸ ਅੰਦਰਲੀ ਪਾਟੋਧਾੜ ਹੋਰ ਉਭਰ ਕੇ ਸਾਹਮਣੇ ਆਈ ਹੈ। ਮੁੱਖ ਮੰਤਰੀ ਮਾਨ ਨੇ ਕੌਮਾਂਤਰੀ ਮਹਿਲਾ ਦਿਵਸ ਵੇਲੇ ਦਿੱਤੇ ਭਾਸ਼ਣ ਵਿੱਚ ਆਪਣੇ ਕਾਲਜ ਦੇ ਦਿਨਾਂ ਦੌਰਾਨ ਇੱਕ ਲੜਕੀ ਜਿਹੜੀ ਉਹਨਾਂ ਦੇ ਮਨ ਨੂੰ ਭਾਉਂਦੀ ਸੀ ਨੂੰ ਜੋੜ ਕੇ ਕਈ ਸਾਰੀਆਂ ਗੱਲਾਂ ਕੀਤੀਆਂ, ਜਿਨਾਂ ਬਾਰੇ ਚਾਰੇ ਪਾਸੇ ਤੋਂ ਇਤਰਾਜ਼ ਉੱਠ ਰਹੇ ਹਨ।

ਪੰਜਾਬ ਮਹਿਲਾ ਕਮਿਸ਼ਨ ਨੇ ਸੁਖਪਾਲ ਸਿੰਘ ਖਹਿਰਾ ਨੂੰ ਉਹਨਾਂ ਦੇ ਟਵੀਟ ਨੂੰ ਲੈ ਕੇ ਤਲਬ ਕਰ ਲਿਆ ਸੀ। ਕਮਿਸ਼ਨ ਮੂਹਰੇ ਖੈਰਾ ਦੇ ਵਕੀਲ ਨੇ ਪੇਸ਼ ਹੋ ਕੇ ਇੱਕ ਹਫ਼ਤੇ ਦਾ ਸਮਾਂ ਮੰਗ ਲਿਆ ਹੈ। ਕਾਂਗਰਸ ਨੇ ਵੀ ਮੁੱਖ ਮੰਤਰੀ ਦੇ ਖ਼ਿਲਾਫ਼ ਮਹਿਲਾ ਕਮਿਸ਼ਨ ਦਾ ਦਰਵਾਜ਼ਾ ਖੜਕਾਇਆ ਹੈ। ਸੁਖਪਾਲ ਸਿੰਘ ਖਹਿਰਾ ਨੇ ਇਸ ਤੋਂ ਅੱਗੇ ਜਾਂਦਿਆਂ ਕੌਮੀ ਮਹਿਲਾ ਕਮਿਸ਼ਨ ਕੋਲ ਜਾਣ ਦਾ ਐਲਾਨ ਕਰ ਦਿੱਤਾ ਹੈ। ਪਰ ਇਸ ਤੋਂ ਪਹਿਲਾਂ ਅਕਾਲੀ ਦਲ ਦੀ ਵਿਧਾਇਕਾ ਗਨੀਵ ਕੌਰ ਮਜੀਠੀਆ ਨੇ ਮਾਨ ਵੱਲੋਂ ਔਰਤਾਂ ਬਾਰੇ ਕੀਤੀਆਂ ਗਈਆਂ ਕਥਿਤ ਟਿੱਪਣੀਆਂ ਦੇ ਮਾਮਲੇ ਵਿੱਚ ਕੌਮੀ ਮੇਲਾ ਕਮਿਸ਼ਨ ਦੀ ਚੇਅਰਪਰਸਨ ਨੂੰ ਚਿੱਠੀ ਲੈ ਕੇ ਕਾਰਵਾਈ ਦੀ ਮੰਗ ਕੀਤੀ ਹੈ। ਗਨੀਵ ਕੌਰ ਨੇ ਵਿਧਾਨ ਸਭਾ ਵਿੱਚ ਵੀ ਇਹ ਮਾਮਲਾ ਉਠਾਇਆ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ਵਿਧਾਨ ਸਭਾ ਵਿੱਚੋਂ ਸਲੀਕਾ ਇਸ ਵਾਰ ਖੰਭ ਲਾ ਕੇ ਉੱਡਦਾ ਦਿਸਿਆ ਹੈ। ਭਾਵੇਂ ਕਿ ਇਸ ਤੋਂ ਪਹਿਲਾਂ ਵੀ ਵਿਧਾਇਕਾਂ ਅਤੇ ਮੰਤਰੀਆਂ ਸਮੇਤ ਮੁੱਖ ਮੰਤਰੀ ਦੀ ਬੋਲ ਬਾਣੀ ਉੱਤੇ ਇਤਰਾਜ਼ ਉੱਠਦਾ ਰਿਹਾ ਹੈ ਪਰ ਇਸ ਵਾਰ ਤਾਂ ਵਿਧਾਇਕਾਂ ਨੇ ਸਾਰੀਆਂ ਹੱਦਾਂ ਬੰਨੇ ਪਾਰ ਕਰ ਦਿੱਤੇ। ਹੋਰ ਵੀ ਹੈਰਾਨੀ ਦੀ ਗੱਲ ਇਹ ਹੈ ਕਿ 12 ਮਾਰਚ ਤੱਕ ਚੱਲੇ ਸੈਸ਼ਨ ਵਿੱਚ ਪਹਿਲਾਂ ਤਾਂ ਬੈਠਕਾਂ ਹੀ ਸੀਮਤ ਹੋਈਆਂ ਪਰ ਉਹ ਵੀ ਲੜਾਈ ਦੀ ਭੇਟ ਚੜ੍ਹੀਆਂ । ਇਸ ਵਾਰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕਾਫੀ ਤਲਖ਼ ਦਿਸੇ। ਸੱਚ ਇਹ ਕਿ ਦੋਨੋਂ ਧਿਰਾਂ ਤੇ ਵਿਧਾਇਕ ਔਰਤਾਂ ਦੀ ਗਲੀ ਦੀ ਲੜਾਈ ਦੀ ਤਰ੍ਹਾਂ ਮੇਹਣੋ ਮੇਹਣੀ ਹੁੰਦੇ ਰਹੇ। ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਹਾਊਸ ਅੰਦਰ ਉਸ ਵੇਲੇ ਆਪਣਾ ਝੰਡਾ ਗੱਡਿਆ ਜਦੋਂ ਉਹ ਹਿੱਕ ਠੋਕ ਕੇ ਦਾਅਵਾ ਕਰਦੇ ਹਨ ਕਿ ਉਹਨਾਂ ਨੇ ਅੱਜ ਤੱਕ ਕਦੇ ਵੀ ਕਿਸੇ ਉੱਤੇ ਨਾ ਵਿਧਾਨ ਸਭਾ ਦੇ ਅੰਦਰ ਅਤੇ ਨਾ ਹੀ ਬਾਹਰ ਕਿਸੇ ਰੈਲੀ ਨੂੰ ਸੰਬੋਧਨ ਕਰਦਿਆਂ ਚਿੱਕੜ ਉਛਾਲਿਆ ਹੈ। ਹਾਂ ਇੱਕ ਗੱਲ ਇਹ ਵੀ ਕਹਿਣੀ ਬਣਦੀ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਕੈਪਟਨ ਅਮਰਿੰਦਰ ਸਿੰਘ ਨਾਲੋਂ ਭਗਵੰਤ ਸਿੰਘ ਮਾਨ ਜ਼ਿਆਦਾ ਮਿਰਚਾਂ ਲੱਗਣ ਵਾਲੀਆਂ ਗੱਲਾਂ ਕਰ ਜਾਂਦੇ ਹਨ।

ਅਸਲ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਗੱਲ ਕਰੀਏ ਜਾਂ ਫਿਰ ਵਿਰੋਧੀ ਧਿਰ ਕਾਂਗਰਸ ਪਾਰਟੀ ਦੀ ਸਾਰਿਆਂ ਨੂੰ 2027 ਦਿਸ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਰੈਲੀਆਂ ਵੀ 2027 ਦੀ ਸੱਤਾ ਪ੍ਰਾਪਤੀ ਲਈ ਹਨ। ਹੁਣ ਤਾਂ ਬਹੁਜਨ ਸਮਾਜ ਪਾਰਟੀ ਨੇ ਵੀ 15 ਮਾਰਚ ਨੂੰ ਰੈਲੀ ਰੱਖ ਲਈ ਹੈ। ਨਾ ਵਿਧਾਨ ਸਭਾ ਅੰਦਰ ਪੰਜਾਬ ਦੇ ਮਸਲਿਆਂ ਉੱਤੇ ਕੋਈ ਚਿੰਤਾ ਕੀਤੀ ਗਈ ਅਤੇ ਨਾ ਹੀ ਰੈਲੀਆਂ ਕਰ ਰਹੀਆਂ ਪਾਰਟੀਆਂ ਪਾਰਟੀਆਂ ਕੋਲੇ ਕੋਈ ਮਾਡਲ ਹੈ। ਇੰਝ ਲੱਗਣ ਲੱਗਾ ਹੈ ਜਿਵੇਂ ਸਰਕਾਰੀ ਕੁਰਸੀਆਂ ਉੱਤੇ ਬੈਠੇ ਲੋਕ ਇਸ ਦੇ ਹਾਣ ਦੇ ਨਾ ਹੋਣ। ਕਦੇ ਕਦੇ ਇੰਝ ਵੀ ਲੱਗਦਾ ਹੈ ਕਿ ਵੱਡੀਆਂ ਕੁਰਸੀਆਂ ਦੇ ਕੱਦ ਛੋਟੇ ਹੋ ਗਏ ਹਨ। ਪਰ ਇਹ ਪਹਿਲੀ ਵਾਰ ਨਹੀਂ ਹੋ ਰਿਹਾ ਹੈ।

ਗੋਪਾਲ ਸਿੰਘ ਸਿੱਧੂ
99148-11835

# ਬਰਬਾਦੀ ਦੀ ਇਬਾਰਤ ਲਿਖਦੀ ਜੰਗ

ਜੰਗ ਸਿਰਫ਼ ਦੋ ਦੇਸ਼ਾਂ ਦੀ ਲੜਾਈ ਨਹੀਂ ਹੁੰਦੀ, ਇਹ ਮਨੁੱਖਤਾ ਦੇ ਵਿਨਾਸ਼ ਦਾ ਮੁੱਢ ਵੀ ਬੰਨ੍ਹ ਦਿੰਦੀ ਹੈ। ਪਹਿਲੇ ਵਿਸ਼ਵ ਯੁੱਧ ਤੋਂ ਲੈ ਕੇ ਹੁਣ ਅਮਰੀਕਾ-ਇਜ਼ਰਾਈਲ ਤੇ ਈਰਾਨ ਦਰਮਿਆਨ ਚੱਲ ਰਹੀ ਜੰਗ ਤੱਕ ਜਿੰਨੀਆਂ ਵੀ ਜੰਗਾਂ ਹੋਈਆਂ, ਸਭ ਨੇ ਮਨੁੱਖਤਾ ਨੂੰ ਜ਼ਖ਼ਮ ਹੀ ਦਿੱਤੇ ਹਨ। ਜੰਗ ਪਿੱਛੇ ਮਨੋਰਥ ਕੋਈ ਹੋਵੇ ਪਰ ਨਤੀਜਾ ਤਬਾਹੀ 'ਚ ਨਿਕਲਦਾ ਹੈ। ਆਮ ਇਨਸਾਨ ਜੋ ਮਿਹਨਤ ਕਰਕੇ ਦੋ ਵੇਲੇ ਦੀ ਰੋਟੀ ਕਮਾਉਂਦਾ ਹੈ, ਉਹ ਕਦੇ ਜੰਗ ਨਹੀਂ ਚਾਹੁੰਦਾ ਹੁੰਦਾ। ਉਹ ਨਹੀਂ ਚਾਹੇਗਾ ਕਿ ਉਸ ਦੀ ਸ਼ਾਂਤਮਈ ਜ਼ਿੰਦਗੀ ਬਾਰੂਦ ਦੇ ਢੇਰ 'ਤੇ ਰੱਖ ਦਿੱਤੀ ਜਾਵੇ ਅਤੇ ਉਸ ਦੇ ਖ਼ੂਨ ਪਸੀਨੇ ਨਾਲ ਬਣਿਆ ਉਸ ਦਾ ਘਰ ਦੁਸ਼ਮਣ ਦੀ ਤੋਪ ਦਾ ਸ਼ਿਕਾਰ ਬਣੇ। ਉਸ ਦੇ ਮਾਸੂਮ ਧੀ-ਪੁੱਤ ਸਕੂਲ ਗਏ ਹੀ ਰਾਖ ਬਣ ਜਾਣ। ਅਮਰੀਕਾ-ਇਜ਼ਰਾਈਲ ਤੇ ਈਰਾਨ ਦਰਮਿਆਨ ਚੱਲ ਰਹੀ ਜੰਗ ਵਿੱਚ ਜਿਨ੍ਹਾਂ ਮਾਂਵਾਂ ਨੇ ਆਪਣੇ ਧੀ-ਪੁੱਤ ਗਵਾਏ ਹਨ, ਉਨ੍ਹਾਂ ਲਈ ਇਸ ਜੰਗ ਦਾ ਸੇਕ ਕਦੇ ਠੰਢਾ ਨਹੀਂ ਹੋਵੇਗਾ।

ਪਹਿਲਾ ਵਿਸ਼ਵ ਯੁੱਧ (1914-1918), ਦੂਜਾ ਵਿਸ਼ਵ ਯੁੱਧ (1939-1945), ਭਾਰਤ-ਪਾਕਿਸਤਾਨ ਜੰਗਾਂ (1947, 1965, 1971, 1999), ਵੀਅਤਨਾਮ ਜੰਗ (1955-1975), ਈਰਾਨ-ਇਰਾਕ ਜੰਗ (1980-1988), ਖਾੜੀ ਜੰਗ (1990-1991), ਅਫਗਾਨਿਸਤਾਨ ਜੰਗ (2001-2021), ਰੂਸ-ਯੂਕਰੇਨ ਜੰਗ (2022-ਮੌਜੂਦਾ), ਅਮਰੀਕਾ-ਇਜ਼ਰਾਈਲ ਤੇ ਈਰਾਨ ਦਰਮਿਆਨ ਜੰਗ (2023-ਮੌਜੂਦਾ)। ਇਨ੍ਹਾਂ ਜੰਗਾਂ ਨਾਲ ਮਨੁੱਖਤਾ ਦੀ ਭਿਆਨਕ ਤਬਾਹੀ ਹੋਈ। ਜਾਨੀ-ਮਾਲੀ ਨੁਕਸਾਨ ਨੇ ਸਮਾਜਿਕ ਤੇ ਆਰਥਿਕ ਵਿਵਸਥਾ ਤਹਿਤ ਨਹਿਸ ਕਰ ਦਿੱਤੀ। ਵਿਸ਼ਵਵਿਆਪੀ ਮਹਿੰਗਾਈ, ਤੇਲ, ਗੈਸ ਤੇ ਖਾਣ-ਪੀਣ ਦੀਆਂ ਚੀਜ਼ਾਂ ਦੀ ਸਪਲਾਈ ਰੁਕ ਜਾਣ ਕਾਰਨ ਭੁੱਖਮਰੀ ਪੈਦਾ ਹੋਈ। ਦੇਸ਼ਾਂ ਦਾ ਪੈਸਾ ਸਿਹਤ, ਸਿੱਖਿਆ ਤੇ ਮਨੁੱਖਤਾ ਦੇ ਭਲੇ ਦੀ ਥਾਂ ਬਾਰੂਦ ਤੇ ਹਥਿਆਰਾਂ 'ਤੇ ਖਰਚ ਹੋਣ ਲੱਗਾ। ਲੱਖਾਂ ਲੋਕ ਬੇਘਰ ਹੋਏ। ਸਦੀਆਂ ਵਿੱਚ ਬਣੇ ਸਕੂਲ, ਕਾਲਜ, ਹਸਪਤਾਲ, ਸਰਕਾਰੀ ਤੇ ਵਿਰਾਸਤੀ ਇਮਾਰਤਾਂ ਢਹਿ ਗਈਆਂ। ਜੰਗ ਦਾ ਕਹਿਰ ਦੇਖਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਵਿੱਚ ਡਰ ਤੇ ਸਦਮਾ ਬੈਠ ਗਿਆ। ਦੇਸ਼ਾਂ ਤੇ ਕੌਮਾਂ ਦਰਮਿਆਨ ਨਫ਼ਰਤ ਦਾ ਅਜਿਹਾ ਬੀਜ ਬੀਜਿਆ ਗਿਆ, ਜਿਸਦੀਆਂ ਜੜ੍ਹਾਂ ਦਿਲਾਂ ਵਿੱਚ ਡੂੰਘੀਆਂ ਉਤਰ ਗਈਆਂ। ਇਹ ਸਭ ਅਤੇ ਹੋਰ ਤ੍ਰਾਸਦੀਆਂ ਹੁਣ ਵੀ ਜਾਰੀ ਹਨ।

ਹੁਣ ਫਿਰ ਦੁਨੀਆ ਬਾਰੂਦ ਦੇ ਢੇਰ 'ਤੇ ਬੈਠੀ ਹੈ। ਅਮਰੀਕਾ ਤੇ ਇਜ਼ਰਾਈਲ ਨੇ ਮਿਲ ਕੇ ਈਰਾਨ ਦੇ ਸਰਵਉੱਚ ਆਗੂ ਆਇਤੁੱਲਾ ਖਮੇਨੇਈ ਨੂੰ ਮਾਰ ਮੁਕਾਇਆ ਹੈ। ਈਰਾਨ ਵਿੱਚ ਰੋਸ ਦਾ ਭਾਂਬੜ ਬਲ ਰਿਹਾ ਹੈ। ਇਸ ਜੰਗ ਵਿੱਚ ਅਮਰੀਕਾ ਮਹਿਜ਼ 15 ਦਿਨਾਂ ਵਿੱਚ 15 ਅਰਬ ਡਾਲਰ ਖਰਚ ਚੁੱਕਾ ਹੈ। ਇਸ ਤਰਤੀਬ ਨਾਲ ਅਮਰੀਕਾ ਰੋਜ਼ਾਨਾ 143 ਕਰੋੜ ਰੁਪਏ ਖਰਚ ਰਿਹਾ ਹੈ। ਇਜ਼ਰਾਈਲ ਨੂੰ 24 ਹਜ਼ਾਰ ਕਰੋੜ ਰੁਪਏ ਪ੍ਰਤੀ ਹਫ਼ਤਾ ਨੁਕਸਾਨ ਹੋ ਰਿਹਾ ਹੈ। ਇਰਾਨ ਦੇ ਤੇਲ ਪਲਾਂਟਾਂ ਅਤੇ ਬੁਨਿਆਦੀ ਢਾਂਚੇ 'ਤੇ ਹਮਲਿਆਂ ਕਾਰਨ ਉਸ ਨੂੰ ਅਰਬਾਂ ਡਾਲਰਾਂ ਦਾ ਸਿੱਧਾ ਨੁਕਸਾਨ ਹੋਇਆ ਹੈ। ਮਾਰਚ 2026 ਤੱਕ ਦੇ ਅੰਦਾਜ਼ਨ ਅੰਕੜਿਆਂ ਅਨੁਸਾਰ, ਜੇਕਰ ਅਮਰੀਕਾ, ਇਜ਼ਰਾਈਲ ਅਤੇ ਈਰਾਨ ਤਿੰਨਾਂ ਦੇਸ਼ਾਂ ਦੇ ਜੰਗੀ ਖਰਚੇ ਨੂੰ ਮਿਲਾ ਦੇਈਏ ਤਾਂ ਇਹ ਅੰਕੜਾ ਲਗਭਗ 172 ਅਰਬ ਡਾਲਰ ਬਣਦਾ ਹੈ। ਅੱਧ ਮਾਰਚ ਤੱਕ ਕਰੀਬ 1900 ਲੋਕ ਮਾਰੇ ਜਾ ਚੁੱਕੇ ਹਨ। ਮੱਧ ਪੂਰਬ ਪਹਿਲਾਂ ਵੀ ਅਜਿਹੇ ਦੌਰ ਵਿੱਚੋਂ ਲੰਘ ਚੁੱਕਾ ਹੈ। 1990 ਵਿੱਚ ਖਾੜੀ ਦੀ ਜੰਗ ਹੋਈ, ਜਿਸ ਨੂੰ 'ਅਪਰੇਸ਼ਨ ਡੈਜ਼ਰਟ ਸਟੋਰਮ' ਵੀ ਕਿਹਾ ਜਾਂਦਾ ਹੈ। ਇਹ ਜੰਗ ਇਰਾਕ ਅਤੇ ਅਮਰੀਕਾ ਦੀ ਅਗਵਾਈ ਵਾਲੇ 35 ਦੇਸ਼ਾਂ ਦੇ ਗਠਜੋੜ ਦਰਮਿਆਨ ਹੋਈ ਸੀ। ਜੰਗ ਪਿੱਛੇ ਆਰਥਿਕ ਤੇ ਸਿਆਸੀ ਕਾਰਨ ਸਨ। ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਨੇ ਦਾਅਵਾ ਕੀਤਾ ਕਿ ਕੁਵੈਤ ਇਰਾਕ ਦਾ ਹਿੱਸਾ ਹੈ। 2 ਅਗਸਤ 1990 ਨੂੰ ਇਰਾਕੀ ਫੌਜ ਨੇ ਕੁਵੈਤ 'ਤੇ ਹਮਲਾ ਕਰਕੇ ਉਸ 'ਤੇ ਕਬਜ਼ਾ ਕਰ ਲਿਆ। ਇਰਾਕ-ਈਰਾਨ ਜੰਗ (1980-88) ਦੌਰਾਨ ਇਰਾਕ ਨੇ ਕੁਵੈਤ ਤੋਂ ਬਹੁਤ ਸਾਰਾ ਪੈਸਾ ਕਰਜ਼ ਲਿਆ ਸੀ। ਸੱਦਾਮ ਹੁਸੈਨ ਚਾਹੁੰਦਾ ਸੀ ਕਿ ਕੁਵੈਤ ਇਹ ਕਰਜ਼ ਮੁਆਫ਼ ਕਰ ਦੇਵੇ, ਪਰ ਕੁਵੈਤ ਨਹੀਂ ਮੰਨਿਆ। ਇਰਾਕ ਚਾਹੁੰਦਾ ਸੀ ਕਿ ਤੇਲ ਦੀਆਂ ਕੀਮਤਾਂ ਵਧਣ ਤਾਂ ਜੋ ਉਹ ਆਪਣੀ ਆਰਥਿਕਤਾ ਸੁਧਾਰ ਸਕੇ, ਪਰ ਕੁਵੈਤ ਕੀਮਤਾਂ ਘਟਾ ਰਿਹਾ ਸੀ। ਅੰਤ ਵਿੱਚ ਇਰਾਕੀ ਫੌਜ ਨੂੰ ਕੁਵੈਤ ਛੱਡ ਕੇ ਭੱਜਣਾ ਪਿਆ। ਓਸਾਮਾ ਬਿਨ ਲਾਦੇਨ ਇਸ ਗੱਲੋਂ ਔਖਾ ਸੀ ਕਿ 1990 ਦੀ ਖਾੜੀ ਜੰਗ ਤੋਂ ਬਾਅਦ ਅਮਰੀਕੀ ਫੌਜਾਂ ਮੁਸਲਮਾਨਾਂ ਦੇ ਦੇਸ਼ ਸਾਊਦੀ ਅਰਬ ਵਿੱਚ ਕਿਉਂ ਰੁਕੀਆਂ ਹੋਈਆਂ ਹਨ। ਬਿਨ ਲਾਦੇਨ ਇਰਾਕ ਦਾ ਸਮਰਥਕ ਨਹੀਂ ਸੀ, ਸਗੋਂ ਉਹ ਅਮਰੀਕਾ ਦਾ ਕੱਟੜ ਵਿਰੋਧੀ ਸੀ। ਉਹ ਅਮਰੀਕਾ ਵੱਲੋਂ ਇਜ਼ਰਾਈਲ ਨੂੰ ਦਿੱਤੀ ਜਾਂਦੀ ਫੌਜੀ ਮਦਦ ਤੋਂ ਵੀ ਨਾਰਾਜ਼ ਸੀ। ਖਾੜੀ ਜੰਗ ਤੋਂ ਬਾਅਦ ਅਮਰੀਕਾ ਨੇ ਇਰਾਕ 'ਤੇ ਆਰਥਿਕ ਪਾਬੰਦੀਆਂ ਲਗਾਈਆਂ। ਇਸ ਨਾਲ ਲੱਖਾਂ ਲੋਕਾਂ ਦੀ ਮੌਤ ਹੋਈ, ਜਿਸ ਦਾ ਬਿਨ ਲਾਦੇਨ ਬਦਲਾ ਲੈਣਾ ਚਾਹੁੰਦਾ ਸੀ। ਅਮਰੀਕਾ 'ਤੇ 11 ਸਤੰਬਰ 2001 ਨੂੰ ਭਿਆਨਕ ਹਮਲਾ ਹੋਇਆ। ਹਮਲੇ ਦਾ ਮੁੱਢ 1996 ਵਿੱਚ ਬੰਨ੍ਹਿਆ ਗਿਆ ਸੀ। ਇਸ ਨੂੰ 9/11 ਦਾ ਹਮਲਾ ਵੀ ਕਿਹਾ ਜਾਂਦਾ ਹੈ। 9/11 ਦੇ ਹਮਲੇ ਨੇ 'ਅਤਿਵਾਦ 'ਤੇ ਵਾਰ' ਮੁਹਿੰਮ ਦੀ ਸ਼ੁਰੂਆਤ ਕੀਤੀ। ਮਗਰੋਂ ਅਮਰੀਕਾ ਨੇ ਅਫਗਾਨਿਸਤਾਨ 'ਤੇ ਹਮਲਾ ਕਰਕੇ ਤਾਲਿਬਾਨ ਨੂੰ ਸੱਤਾ ਤੋਂ ਲਾਹ ਦਿੱਤਾ ਤੇ ਮਈ 2011 ਵਿੱਚ ਪਾਕਿਸਤਾਨ ਦੇ ਐਬਟਾਬਾਦ ਵਿੱਚ ਓਸਾਮਾ ਬਿਨ ਲਾਦੇਨ ਨੂੰ ਮਾਰ ਮੁਕਾਇਆ। ਅਮਰੀਕਾ ਨੇ ਜੋ 1990 ਵਿੱਚ ਕੀਤਾ, ਉਸ ਦਾ ਬਦਲਾ 2001 ਵਿੱਚ 9/11 ਦੇ ਹਮਲੇ ਨਾਲ ਲਿਆ ਗਿਆ। ਫਿਰ 2011 ਵਿੱਚ ਅਮਰੀਕਾ ਨੇ ਬਿਨ ਲਾਦੇਨ ਨੂੰ ਮਾਰ ਕੇ 9/11 ਦਾ ਬਦਲਾ ਲਿਆ। 21 ਸਾਲਾਂ ਤੱਕ ਜੰਗ ਦਾ ਸੇਕ ਰਿਹਾ। ਖ਼ਮੇਨੇਈ ਦੀ 2026 ਵਿੱਚ ਹੋਈ ਮੌਤ ਦਾ ਰੋਸ ਪਤਾ ਨਹੀਂ ਕਿੰਨੇ ਸਾਲਾਂ ਤੱਕ ਸੁਲਗਦਾ ਰਹੇਗਾ। ਤੇਲ ਦਾ ਮਸਲਾ ਕੋਈ ਛੋਟਾ ਨਹੀਂ ਹੈ। ਇਸ ਕਾਰਨ 1980 ਦੀ ਇਰਾਕ ਤੇ ਈਰਾਨ ਦੀ ਜੰਗ ਸਣੇ ਪਹਿਲਾਂ ਵੀ ਕਈ ਜੰਗਾਂ ਹੋਈਆਂ। ਭਾਵੇਂ ਟਰੰਪ ਈਰਾਨ 'ਤੇ ਪਰਮਾਣੂ ਹਥਿਆਰ ਘੜ੍ਹਨ ਦਾ ਦੋਸ਼ ਲਾਉਂਦੇ ਹਨ ਪਰ ਮਸਲਾ ਹੁਣ ਵੀ ਤੇਲ ਦਾ ਹੈ। ਇੱਥੇ ਸਭ ਤੋਂ ਅਹਿਮ ਭੂਗੋਲਿਕ ਬਿੰਦੂ 'ਹੋਰਮੁਜ਼ ਜਲਡਮਰੂ' ਹੈ। ਇਹ ਇੱਕ ਕੌਮਾਂਤਰੀ ਜਲਮਾਰਗ ਹੈ ਜੋ ਈਰਾਨ ਤੇ ਓਮਾਨ ਦੇ ਵਿਚਕਾਰ ਹੈ। ਦੁਨੀਆ ਦਾ ਲਗਭਗ 20-25% ਕੱਚਾ ਤੇਲ ਇਸੇ ਤੰਗ ਰਸਤੇ ਵਿੱਚੋਂ ਲੰਘਦਾ ਹੈ। ਈਰਾਨ ਨੇ ਕਈ ਵਾਰ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਜਾਂ ਇਜ਼ਰਾਈਲ ਨੇ ਉਸ 'ਤੇ ਸਿੱਧਾ ਹਮਲਾ ਕੀਤਾ, ਤਾਂ ਉਹ ਇਸ ਰਸਤੇ ਨੂੰ ਬੰਦ ਕਰ ਦੇਵੇਗਾ। ਜੇਕਰ ਅਜਿਹਾ ਹੁੰਦਾ ਹੈ, ਤਾਂ ਦੁਨੀਆ ਭਰ ਵਿੱਚ ਤੇਲ ਦੀ ਸਪਲਾਈ ਰੁਕ ਜਾਵੇਗੀ ਅਤੇ ਕੀਮਤਾਂ ਅਸਮਾਨੀ ਚੜ੍ਹ ਜਾਣਗੀਆਂ। ਤੇਲ ਮਹਿੰਗਾ ਹੋਣ ਦਾ ਮਤਲਬ ਹੈ ਟਰਾਂਸਪੋਰਟ ਮਹਿੰਗੀ ਹੋਣਾ, ਜਿਸ ਨਾਲ ਖਾਣ-ਪੀਣ ਦੀਆਂ ਚੀਜ਼ਾਂ ਸਮੇਤ ਹਰ ਚੀਜ਼ ਦੀ ਕੀਮਤ ਵਧੇਗੀ। ਅਧਿਕਾਰਤ ਤੌਰ 'ਤੇ ਹਾਲੇ ਇਹ ਰਸਤਾ ਬੰਦ ਨਹੀਂ ਹੈ, ਪਰ ਮੱਧ ਪੂਰਬ ਵਿੱਚ ਤਣਾਅ ਕਾਰਨ ਵੱਖ-ਵੱਖ ਦੇਸ਼ਾਂ ਦੇ ਜਹਾਜ਼ਾਂ ਨੇ ਇੱਥੋਂ ਲੰਘਣਾ ਬੰਦ ਕਰ ਦਿੱਤਾ ਹੈ। ਇਸੇ ਕਾਰਨ ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਦਾ ਖਤਰਾ ਬਣਿਆ ਹੋਇਆ ਹੈ। ਈਰਾਨ ਦੀ ਆਰਥਿਕਤਾ ਤੇਲ 'ਤੇ ਟਿਕੀ ਹੋਈ ਹੈ। ਅਮਰੀਕਾ ਚਾਹੁੰਦਾ ਹੈ ਕਿ ਈਰਾਨ ਦਾ ਤੇਲ ਵਿਕਣਾ ਬੰਦ ਹੋ ਜਾਵੇ ਤਾਂ ਜੋ ਉਸ ਕੋਲ ਜੰਗ ਲੜਨ ਲਈ ਪੈਸੇ ਨਾ ਬਚਣ। ਵੈਨੇਜ਼ੁਏਲਾ ਕੋਲ ਵੀ ਵੱਡੇ ਤੇਲ ਭੰਡਾਰ ਹਨ। ਅਮਰੀਕਾ ਚਾਹੁੰਦਾ ਹੈ ਕਿ ਵੈਨੇਜ਼ੁਏਲਾ ਵਿੱਚ ਉਸ ਦੀ ਭਾਈਵਾਲ ਸਰਕਾਰ ਹੋਵੇ ਜੋ ਤੇਲ ਦੀ ਬਰਾਮਦ 'ਤੇ ਅਮਰੀਕੀ ਹਿੱਤਾਂ ਦਾ ਧਿਆਨ ਰੱਖੇ। ਇਸੇ ਕਾਰਨ ਹਾਲ ਹੀ ਵਿੱਚ ਅਮਰੀਕਾ ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਤੇ ਉਸ ਦੀ ਪਤਨੀ ਨੂੰ ਅਗਵਾ ਕੀਤਾ ਸੀ। ਮਗਰੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬਿਆਨ ਜਾਰੀ ਕੀਤਾ ਕਿ ਭਾਰਤ ਈਰਾਨ ਦੀ ਥਾਂ ਵੈਨੇਜ਼ੁਏਲਾ ਤੋਂ ਤੇਲ ਖਰੀਦੇਗਾ। 6 ਮਾਰਚ 2026 ਨੂੰ ਸੰਯੁਕਤ ਰਾਜ ਦੇ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਟਵੀਟ ਕਰਕੇ ਭਾਰਤੀ ਰਿਫਾਇਨਰਾਂ ਨੂੰ ਰੂਸ ਤੋਂ ਤੇਲ ਖਰੀਦਣ ਲਈ 30 ਦਿਨ ਦੀ ਛੋਟ ਦਿੱਤੀ। ਉਨ੍ਹਾਂ ਉਮੀਦ ਜਤਾਈ ਕਿ ਭਾਰਤ, ਅਮਰੀਕਾ ਤੋਂ ਤੇਲ ਦੀ ਖਰੀਦ ਵਧਾਏਗਾ। ਅਮਰੀਕਾ ਦਾ ਇਹ ਬਿਆਨ ਭਾਰਤ ਲਈ ਫੁਰਮਾਨ ਵਰਗਾ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਭਾਰਤ ਦੇਸ਼ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਹੀਂ, ਟਰੰਪ ਚਲਾ ਰਹੇ ਹਨ। ਦਰਅਸਲ ਸਾਰਾ ਖੇਡ ਤੇਲ ਭੰਡਾਰਾਂ ਦਾ ਹੈ। ਅਮਰੀਕਾ ਦੀ ਪਿਛਲੇ ਲੰਮੇ ਅਰਸੇ ਤੋਂ ਇਹ ਨੀਤੀ ਰਹੀ ਹੈ ਕਿ ਉਹ ਮੱਧ ਪੂਰਬ ਦੇ ਤੇਲ ਭੰਡਾਰਾਂ 'ਤੇ ਕਬਜ਼ਾ ਕਰ ਲਵੇ। ਇਰਾਕ ਤੇ ਵੈਨੇਜ਼ੁਏਲਾ ਨੂੰ ਵੀ ਅਮਰੀਕਾ ਦੀ ਇਸ ਲਾਲਸਾ ਦੇ ਨਤੀਜੇ ਭੁਗਤਣੇ ਪਏ। ਇਜ਼ਰਾਈਲ ਨੂੰ ਸ਼ੁਰੂ ਤੋਂ ਹੀ ਅਮਰੀਕਾ ਸ਼ਹਿ ਦਿੰਦਾ ਰਿਹਾ ਹੈ। ਪਹਿਲਾਂ ਵੀ ਈਰਾਨ 'ਤੇ ਵਿਆਪਕ ਤਬਾਹੀ ਵਾਲੇ ਹਥਿਆਰਾਂ ਦੇ ਬਹਾਨੇ ਹਮਲਾ ਕੀਤਾ ਗਿਆ ਪਰ ਉਦੋਂ ਇਜ਼ਰਾਈਲ ਨੂੰ ਮੂੰਹ ਦੀ ਖਾਣੀ ਪਈ। ਹੁਣ ਫਿਰ ਆਪਣੀਆਂ ਲੋੜਾਂ ਦੀ ਪੂਰਤੀ ਲਈ ਈਰਾਨ ਦੇ ਸਵੈਮਾਣ ਨੂੰ ਮਿੱਟੀ 'ਚ ਮਿਲਾਇਆ ਜਾ ਰਿਹਾ ਹੈ। ਅਜੋਕੇ ਸਮੇਂ ਦੀ ਜੰਗ ਦਰਮਿਆਨ ਐਪਸਟੀਨ ਫਾਈਲਾਂ ਦੇ ਵਿਵਾਦ ਨੂੰ ਵੀ ਯਾਦ ਰੱਖਣਾ ਜ਼ਰੂਰੀ ਹੈ, ਜਿਸ ਵਿੱਚ ਡੋਨਲਡ ਟਰੰਪ ਦਾ ਨਾਂਅ ਸਿਖਰ 'ਤੇ ਹੈ।

ਭਾਰਤ-ਪਾਕਿਸਤਾਨ ਸਣੇ 8 ਜੰਗਾਂ ਨੂੰ ਰੋਕਣ ਦਾ ਦਾਅਵਾ ਕਰਨ ਵਾਲੇ ਅਤੇ ਦੁਨੀਆ ਦਾ ਸਭ ਤੋਂ ਵੱਕਾਰੀ ਸਨਮਾਨ ਨੋਬਲ ਪੁਰਸਕਾਰ ਦੀ ਮੰਗ ਕਰਨ ਵਾਲੇ ਟਰੰਪ ਖ਼ੁਦ ਹੀ ਕਈ ਜੰਗਾਂ ਛੇੜ ਬੈਠੇ ਹਨ। ਜੰਗ ਵਿੱਚ ਜੇਕਰ ਇਜ਼ਰਾਈਲ ਤੇ ਅਮਰੀਕਾ ਮਿਲ ਕੇ ਈਰਾਨ ਦੀਆਂ ਤੇਲ ਰਿਫਾਇਨਰੀਆਂ ਨੂੰ ਤਬਾਹ ਕਰਦੇ ਹਨ ਤਾਂ ਈਰਾਨ ਦਾ ਲੱਕ ਟੁੱਟ ਜਾਵੇਗਾ। ਬਦਲੇ ਵਿੱਚ ਈਰਾਨ ਖਾੜੀ ਦੇ ਹੋਰ ਦੇਸ਼ਾਂ (ਜੋ ਅਮਰੀਕਾ ਦੇ ਸਾਥੀ ਹਨ) ਦੇ ਤੇਲ ਪਲਾਂਟਾਂ ਨੂੰ ਨਿਸ਼ਾਨਾ ਬਣਾ ਸਕਦਾ ਹੈ। ਤੇਲ ਇਸ ਜੰਗ ਦੀ ਲਾਈਫਲਾਈਨ ਵੀ ਹੈ ਅਤੇ ਟਾਰਗੇਟ ਵੀ। ਈਰਾਨ ਤੇਲ ਦੀ ਵਰਤੋਂ ਦੁਨੀਆ ਨੂੰ ਦਬਾਉਣ ਲਈ ਕਰ ਰਿਹਾ ਹੈ, ਜਦਕਿ ਅਮਰੀਕਾ ਅਤੇ ਇਜ਼ਰਾਈਲ ਇਸ ਦੀ ਵਰਤੋਂ ਈਰਾਨ ਨੂੰ ਕਮਜ਼ੋਰ ਕਰਨ ਲਈ ਕਰ ਰਹੇ ਹਨ। ਇਹ ਗੱਲ ਬਹੁਤਾ ਹੈਰਾਨ ਨਹੀਂ ਕਰਦੀ ਕਿ ਵਿਸ਼ਵਵਿਆਪੀ ਜੰਗਾਂ ਤੇਲ ਪਿੱਛੇ ਹੋ ਰਹੀਆਂ ਹਨ। ਸਿਆਸੀ, ਸਮਾਜਿਕ ਤੇ ਧਾਰਮਿਕ ਮਤਭੇਦਾਂ ਪਿੱਛੇ ਹੋਣ ਵਾਲੀਆਂ ਲੜਾਈਆਂ ਜ਼ਰੂਰ ਹੈਰਾਨ ਕਰਦੀਆਂ ਹਨ। ਤੇਲ ਨਾਲ ਲੱਗੀ ਅੱਗ ਛੇਤੀ ਬੁਝ ਸਕਦੀ ਹੈ ਪਰ ਤੇਲ ਪਿੱਛੇ ਲੱਗ ਰਹੀ ਅੱਗ ਜਲਦ ਬੁਝਣ ਵਾਲੀ ਨਹੀਂ। ਹਰ ਜੰਗ ਬਰਬਾਦੀ ਦੀ ਇਬਾਰਤ ਲਿਖਦੀ ਆਈ ਹੈ। ਅਜੋਕੇ ਸਮੇਂ ਦੀ ਜੰਗ ਨਾ ਰੁਕੀ ਤਾਂ ਇਸ ਜੰਗ ਦੀ ਕੁੱਖੋਂ ਵੀ ਸਿਰਫ਼ ਜ਼ਖ਼ਮ ਹੀ ਪੈਦਾ ਹੋਣਗੇ। ਜੰਗ ਇਹ ਤੈਅ ਨਹੀਂ ਕਰਦੀ ਕਿ ਕੌਣ ਸਹੀ ਹੈ, ਜੰਗ ਇਹ ਤੈਅ ਜ਼ਰੂਰ ਕਰ ਦਿੰਦੀ ਹੈ ਕਿ ਕੌਣ ਬਚਿਆ ਹੈ। ਇਸੇ ਕਾਰਨ ਲਿਖਿਆ ਗਿਆ ਹੈ, "ਰਮਜ਼ਾਂ ਰਲ਼ੀਆਂ ਚੰਗੀਆਂ ਨੇ, ਜੰਗਾਂ ਟਲ਼ੀਆਂ ਚੰਗੀਆਂ ਨੇ।"

# ਪਾਕਿਸਤਾਨ 'ਚ 99 ਫ਼ੀਸਦੀ ਸਫ਼ਾਈ ਕਰਮਚਾਰੀ ਈਸਾਈ ਤੇ ਹਿੰਦੂ ਭਾਈਚਾਰਿਆਂ ਨਾਲ ਸਬੰਧਤ

ਗੁਰਦਾਸਪੁਰ/ਇਸਲਾਮਾਬਾਦ, 13 ਮਾਰਚ (ਚ.ਨ.ਸ): ਪਾਕਿਸਤਾਨ ਦੇ ਸਫਾਈ ਕਰਮਚਾਰੀਆਂ ਨੂੰ ਜਾਤ ਦੇ ਆਧਾਰ 'ਤੇ ਵਿਤਕਰੇ, ਪੱਖਪਾਤੀ ਭਰਤੀ, ਕਾਨੂੰਨੀ ਸੁਰੱਖਿਆ ਦੀ ਘਾਟ, ਸੰਸਥਾਵਾਂ ਦੀ ਅਣਦੇਖੀ, ਸਮਾਜਿਕ ਕਲੰਕ, ਜਿਨਸੀ ਸ਼ੋਸ਼ਣ ਤੇ ਆਰਥਿਕ ਅੰਨਿਆਂ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਜਾਰੀ ਇੱਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਹਾਲਤ ਪਾਕਿਸਤਾਨ ਤੇ ਸਮਾਜ ਦੇ ਤਾਣੇ-ਬਾਣੇ 'ਚ ਡੂੰਘੀ ਸਮਾਈ ਹੋਈ ਹੈ, ਜਿਸ ਕਾਰਨ ਇਹ ਕਾਫ਼ੀ ਹੱਦ ਤੱਕ ਦਿਖਾਈ ਨਹੀਂ ਦਿੰਦੀ। ਪਾਕਿਸਤਾਨ ਦੀ ਸਫਾਈ ਵਿਵਸਥਾ 99 ਫੀਸਦੀ ਈਸਾਈ ਤੇ ਹਿੰਦੂ ਭਾਈਚਾਰਿਆਂ ਦੇ ਲੋਕਾਂ 'ਤੇ ਨਿਰਭਰ ਹੈ, ਜੋ ਲੋਕ ਸੜਕਾਂ, ਨਾਲੀਆਂ ਸਾਫ਼ ਕਰਕੇ ਤੇ ਸੀਵਰਾਂ ਵਿੱਚ ਉਤਰ ਕੇ ਪਾਕਿਸਤਾਨ ਦੇ ਸ਼ਹਿਰਾਂ ਨੂੰ ਚਲਾਉਂਦੇ ਹਨ, ਉਨ੍ਹਾਂ ਨੂੰ ਬੇਕਾਰ ਸਮਝਿਆ ਜਾਂਦਾ ਹੈ। ਆਰਥਿਕ ਤੌਰ 'ਤੇ ਵੱਖ-ਵੱਖ ਰੱਖਣਾ ਪਾਕਿਸਤਾਨ ਵਿੱਚ ਸਫਾਈ ਦੇ ਕੰਮ ਦੀ ਇੱਕ ਖ਼ਾਸੀਅਤ ਹੈ। ਭਾਵੇਂ ਇਹ ਕਰਮਚਾਰੀ ਦੇਸ਼ ਵਿੱਚ ਸਭ ਤੋਂ ਜ਼ਰੂਰੀ ਤੇ ਖ਼ਤਰਨਾਕ ਕੰਮ ਕਰਦੇ ਹਨ, ਫਿਰ ਵੀ ਉਨ੍ਹਾਂ ਨੂੰ ਸਭ ਤੋਂ ਘੱਟ ਪੈਸੇ ਮਿਲਦੇ ਹਨ।



# ਸ੍ਰੀ ਦਰਬਾਰ ਸਾਹਿਬ ਦੇ ਲੰਗਰ ਘਰ 'ਚ ਰਸੋਈ ਗੈਸ ਦੀ ਸਪਲਾਈ ਮੁਕੰਮਲ, ਸ਼ਰਧਾਲੂਆਂ ਲਈ ਲੰਗਰ ਸੇਵਾ ਨਿਰਵਿਘਨ ਜਾਰੀ

ਅੰਮ੍ਰਿਤਸਰ, 13 ਮਾਰਚ (ਚ.ਨ.ਸ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਿਤ ਵਿਸ਼ਵ ਦੀ ਸਭ ਤੋਂ ਵੱਡੀ ਸਾਂਝੀ ਰਸੋਈ 'ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ' ਵਿੱਚ ਰਸੋਈ ਗੈਸ ਦੀ ਸਪਲਾਈ ਨੂੰ ਲੈ ਕੇ ਪੈਦਾ ਹੋਏ ਖਦਸ਼ਿਆਂ ਦਰਮਿਆਨ ਪ੍ਰਬੰਧਕਾਂ ਵੱਲੋਂ ਵੱਡੀ ਰਾਹਤ ਵਾਲੀ ਖਬਰ ਸਾਂਝੀ ਕੀਤੀ ਗਈ ਹੈ। ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਅੱਜ ਅਧਿਕਾਰਤ ਤੌਰ 'ਤੇ ਪੁਸ਼ਟੀ ਕੀਤੀ ਹੈ ਕਿ ਲੰਗਰ ਹਾਲ ਵਿੱਚ ਐਲ.ਪੀ.ਜੀ. ਸਿਲੰਡਰਾਂ ਤੇ ਪਾਈਪਡ ਸੀ.ਐਨ.ਜੀ. ਦੀ ਸਪਲਾਈ ਪੂਰੀ ਤਰ੍ਹਾਂ ਨਿਰਵਿਘਨ ਜਾਰੀ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਵੀ ਕਿਸੇ ਕਿਸਮ ਦੀ ਕਿੱਲਤ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ। ਜਨਰਲ ਮੈਨੇਜਰ ਧੰਗੇੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦਾ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ ਕੋਲ 115 ਐਲ.ਪੀ.ਜੀ. ਸਿਲੰਡਰਾਂ ਦਾ ਸਟਾਕ ਮੌਜੂਦ ਹੈ, ਜਦਕਿ ਇੱਥੇ ਕੁੱਲ 700 ਐਲ.ਪੀ.ਜੀ. ਕੁਨੈਕਸ਼ਨ ਮਨਜ਼ੂਰਸ਼ੁਦਾ ਹਨ। ਉਨ੍ਹਾਂ ਦੱਸਿਆ ਕਿ ਸਪਲਾਈ ਨੂੰ ਹੋਰ ਮਜ਼ਬੂਤ ਕਰਨ ਲਈ 100 ਹੋਰ ਸਿਲੰਡਰਾਂ ਦੀ ਖੇਪ ਭਲਕੇ ਪਹੁੰਚ ਰਹੀ ਹੈ। ਤੇਲ ਮਾਰਕੀਟਿੰਗ ਨਾਲ ਜੁੜੀਆਂ ਪ੍ਰਮੁੱਖ ਕੰਪਨੀਆਂ ਹਿੰਦੁਸਤਾਨ ਪੈਟਰੋਲੀਅਮ, ਇੰਡੇਨ ਤੇ ਭਾਰਤ ਗੈਸ ਦੇ ਅਧਿਕਾਰੀਆਂ ਨੇ ਭਲਕੇ ਇੱਕ ਅਹਿਮ ਮੀਟਿੰਗ ਦਾ ਸਮਾਂ ਲਿਆ ਹੈ। ਹਾਲਾਂਕਿ ਹੁਣ ਤੱਕ ਕੰਪਨੀਆਂ ਵੱਲੋਂ ਸਪਲਾਈ ਨੂੰ ਲੈ ਕੇ ਕੋਈ ਵੀ ਚਿੰਤਾ ਜ਼ਾਹਿਰ ਨਹੀਂ ਕੀਤੀ ਗਈ ਹੈ, ਪਰ ਭਲਕੇ ਹੋਣ ਵਾਲੀ ਮੀਟਿੰਗ ਤੋਂ ਬਾਅਦ ਸਥਿਤੀ ਹੋਰ ਵੀ ਸਪੱਸ਼ਟ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਲੰਗਰ ਹਾਲ ਵਿੱਚ ਖਾਣਾ ਪਕਾਉਣ ਲਈ ਮੁੱਖ ਤੌਰ 'ਤੇ ਗੁਜਰਾਤ ਸਟੇਟ ਪੈਟਰੋਲੀਅਮ ਕਾਰਪੋਰੇਸ਼ਨ ਵੱਲੋਂ ਸਪਲਾਈ ਕੀਤੀ ਜਾਂਦੀ ਪਾਈਪਡ ਸੀ.ਐਨ.ਜੀ. ਦੀ ਵਰਤੋਂ ਕੀਤੀ ਜਾਂਦੀ ਹੈ। ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ ਵਿੱਚ ਰੋਜ਼ਾਨਾ 80,000 ਤੋਂ 90,000 ਸ਼ਰਧਾਲੂ ਲੰਗਰ ਛਕਦੇ ਹਨ ਤੇ ਹਫਤੇ ਦੇ ਅਖੀਰਲੇ ਦਿਨਾਂ ਵਿੱਚ ਇਹ ਗਿਣਤੀ ਇੱਕ ਲੱਖ ਨੂੰ ਵੀ ਪਾਰ ਕਰ ਜਾਂਦੀ ਹੈ। 2019 ਤੋਂ ਪਹਿਲਾਂ, ਜਦੋਂ ਸੀ.ਐਨ.ਜੀ. ਪਾਈਪਲਾਈਨ ਨਹੀਂ ਸੀ, ਉਦੋਂ 60,000 ਲੋਕਾਂ ਦੇ ਖਾਣੇ ਲਈ ਰੋਜ਼ਾਨਾ 100 ਐਲ.ਪੀ.ਜੀ. ਸਿਲੰਡਰ ਤੇ 50-60 ਕੁਇੰਟਲ ਲੱਕੜਾਂ ਦੀ ਵਰਤੋਂ ਕਰਨੀ ਪੈਂਦੀ ਸੀ। ਹੁਣ ਆਧੁਨਿਕ ਤਕਨੀਕ ਤੇ ਨਿਰਵਿਘਨ ਗੈਸ ਸਪਲਾਈ ਸਦਕਾ ਲੰਗਰ ਦੀ ਸੇਵਾ ਬਿਨਾਂ ਕਿਸੇ ਰੁਕਾਵਟ ਦੇ ਚੱਲ ਰਹੀ ਹੈ, ਜਿਸ ਨਾਲ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਵੱਡੀ ਸਹੂਲਤ ਮਿਲ ਰਹੀ ਹੈ।



# ਈਰਾਨ ਦੇ ਰਾਸ਼ਟਰਪਤੀ ਨੇ ਅਮਰੀਕਾ ਤੇ ਇਜ਼ਰਾਈਲ ਨਾਲ ਜੰਗ ਖ਼ਤਮ ਕਰਨ ਲਈ ਤਿੰਨ ਵੱਡੀਆਂ ਸ਼ਰਤਾਂ ਰੱਖੀਆਂ

ਦੁਬਈ, 13 ਮਾਰਚ (ਚ.ਨ.ਸ) : ਵਪਾਰਕ ਬੇੜਿਆਂ ਤੇ ਊਰਜਾ ਢਾਂਚਿਆਂ 'ਤੇ ਹਮਲਿਆਂ ਦਰਮਿਆਨ ਈਰਾਨ ਦੇ ਸਦਰ ਮਸੂਦ ਪੇਜ਼ੇਸ਼ਕੀਅਨ ਨੇ ਅਮਰੀਕਾ ਤੇ ਇਜ਼ਰਾਈਲ ਨਾਲ ਜੰਗ ਖ਼ਤਮ ਕਰਨ ਲਈ ਤਿੰਨ ਵੱਡੀਆਂ ਸ਼ਰਤਾਂ ਰੱਖੀਆਂ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਈਰਾਨੀ ਰਾਸ਼ਟਰਪਤੀ ਪੇਜ਼ੇਸ਼ਕੀਅਨ ਨਾਲ ਫੋਨ 'ਤੇ ਪੱਛਮੀ ਏਸ਼ੀਆ ਦੇ ਗੰਭੀਰ ਹਾਲਾਤ ਬਾਰੇ ਚਰਚਾ ਕੀਤੀ। ਈਰਾਨ ਨੇ ਸਲਾਮਤੀ ਕੌਂਸਲ ਦੇ ਖਾੜੀ ਮੁਲਕਾਂ 'ਤੇ ਹਮਲੇ ਰੋਕਣ ਦੀ ਮੰਗ ਵਾਲੇ ਮਤੇ ਦੀ ਪ੍ਰਵਾਹ ਨਾ ਕਰਦਿਆਂ ਕੁਵੈਤ ਤੇ ਸੰਯੁਕਤ ਅਰਬ ਅਮੀਰਾਤ ਨੂੰ ਨਿਸ਼ਾਨਾ ਬਣਾਇਆ। ਰਾਸ਼ਟਰਪਤੀ ਪੇਜ਼ੇਸ਼ਕੀਅਨ ਨੇ ਕਿਹਾ ਕਿ ਈਰਾਨ ਦੇ ਹੱਕਾਂ ਨੂੰ ਮਾਨਤਾ ਦਿੱਤੇ ਜਾਣ, ਜੰਗ ਲਈ ਮੁਆਵਜ਼ਾ ਦੇਣ ਤੇ ਭਵਿੱਖ 'ਚ ਹਮਲੇ ਨਾ ਹੋਣ, ਕੌਮਾਂਤਰੀ ਗਾਰੰਟੀ ਮਿਲਣ 'ਤੇ ਹੀ ਟਕਰਾਅ ਖ਼ਤਮ ਹੋ ਸਕਦਾ ਹੈ। ਈਰਾਨ ਨੇ 28 ਫਰਵਰੀ ਤੋਂ ਥੋਪੀ ਗਈ ਜੰਗ ਮਗਰੋਂ ਊਰਜਾ ਟਿਕਾਣਿਆਂ ਤੇ ਹਰਮੁਜ਼ ਜਲ ਮਾਰਗ 'ਚੋਂ ਲੰਘ ਰਹੇ ਜਹਾਜ਼ਾਂ 'ਤੇ ਹਮਲੇ ਕਰਕੇ ਆਲਮੀ ਅਰਥਚਾਰੇ ਨੂੰ ਢਾਹ ਲਗਾ ਕੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਯੂਏਈ 'ਚ ਸਿਟੀ ਬੈਂਕ ਨੇ ਈਰਾਨ ਵੱਲੋਂ ਹਮਲਿਆਂ ਦੀ ਧਮਕੀ ਮਿਲਣ ਨੇ ਖਾੜੀ ਮੁਲਕਾਂ 'ਤੇ ਹਮਲੇ ਰੋਕਣ ਲਈ ਕਿਹਾ ਸਲਾਮਤੀ ਕੌਂਸਲ ਮਗਰੋਂ ਇੱਕ ਨੂੰ ਛੱਡ ਕੇ ਬਾਕੀ ਬ੍ਰਾਂਚਾਂ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਹੋਰ ਵਿੱਤੀ ਅਦਾਰਿਆਂ ਨੇ ਵੀ ਆਪਣੇ ਅਮਲੇ ਨੂੰ ਘਰੋਂ ਕੰਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਈਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਗ਼ੇਰ ਕਲੀਬਾਫ ਨੇ ਚਿਤਾਵਨੀ ਦਿੱਤੀ ਕਿ ਜੇ ਮੁਲਕ ਦੇ ਟਾਪੂਆਂ 'ਤੇ ਕਿਸੇ ਵੀ ਤਰ੍ਹਾਂ ਦੇ ਹਮਲੇ ਹੋਏ ਤਾਂ ਫ਼ਾਰਸ ਦੀ ਖਾੜੀ 'ਚ ਹਮਲਾਵਰਾਂ ਦਾ ਖ਼ੂਨ ਵਹੇਗਾ। ਈਰਾਨ ਕੋਲ ਤਿੰਨ ਟਾਪੂ ਹਨ ਜੋ ਉਸ ਨੇ 1971 'ਚ ਸੰਯੁਕਤ ਅਰਬ ਅਮੀਰਾਤ ਦੇ ਗਠਨ ਤੋਂ ਪਹਿਲਾਂ ਉਸ ਤੋਂ ਹਾਸਲ ਕੀਤੇ ਸਨ। ਈਰਾਨ ਨੇ ਦੁਬਈ ਦੇ ਕੰਢੇ 'ਤੇ ਕੰਟੇਨਰ ਜਹਾਜ਼ ਨੂੰ ਨਿਸ਼ਾਨਾ ਬਣਾਇਆ। ਇੱਕ ਹੋਰ ਹਮਲੇ 'ਚ ਬਹਿਰੀਨ ਨੇੜੇ ਕੌਮਾਂਤਰੀ ਹਵਾਈ ਅੱਡੇ 'ਤੇ ਅੱਗ ਲੱਗ ਗਈ ਤੇ ਡਰੋਨ ਨਾਲ ਵੱਡੇ ਸਾਊਦੀ ਤੇਲ ਖੇਤਰ 'ਤੇ ਹਮਲਾ ਕੀਤਾ। ਈਰਾਕ ਨੇ ਬਸਰਾ ਬੰਦਰਗਾਹ 'ਤੇ ਹਮਲੇ ਮਗਰੋਂ ਆਪਣੇ ਸਾਰੇ ਤੇਲ ਟਰਮੀਨਲਾਂ 'ਚ ਕੰਮ ਬੰਦ ਕਰ ਦਿੱਤਾ ਹੈ। ਯੇਰੂਸ਼ਲਮ 'ਚ ਵੀ ਸਾਇਰਨਾਂ ਦੀ ਆਵਾਜ਼ ਗੂੰਜਦੀ ਰਹੀ। ਇਜ਼ਰਾਈਲ ਨੇ ਤਹਿਰਾਨ ਤੇ ਲਿਬਨਾਨ 'ਚ ਜ਼ੋਰਦਾਰ ਹਮਲੇ ਕੀਤੇ। ਅੱਜ ਤੜਕੇ ਕੀਤੇ ਦੋ ਹਮਲਿਆਂ 'ਚ 11 ਜਣੇ ਮਾਰੇ ਗਏ। ਲਿਬਨਾਨ 'ਚ ਹੁਣ ਤੱਕ 634 ਜਣੇ ਮਾਰੇ ਜਾ ਚੁੱਕੇ ਹਨ।



# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਅਵਤਾਰ ਸਿੰਘ ਮਹਿਮਾਂ ਤੇ ਪਰਿਵਾਰਕ ਮੈਂਬਰਾਂ 'ਤੇ ਦਰਜ ਮੁਕੱਦਮਾ ਰੱਦ ਕਰਵਾਉਣ ਲਈ ਮੁੱਖ ਮੰਤਰੀ ਤੇ ਡੀਜੀਪੀ ਦੇ ਨਾਂ ਮੰਗ ਪੱਤਰ ਭੇਜੇ

## ☛ਕਿਸਾਨ ਆਗੂ 'ਤੇ ਕੀਤਾ ਪਰਚਾ ਰੱਦ ਨਾ ਹੋਇਆ ਤਾਂ ਜਥੇਬੰਦੀ ਪਵੇਗੀ ਸੰਘਰਸ਼ ਦੇ ਰਾਹ: ਘੁੰਮਣ

ਬਟਾਲਾ, 13 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਬਲਵਿੰਦਰ ਸਿੰਘ ਪੰਜਗਰਾਈਂ): ਬੀਤੇ ਦਿਨ ਫਾਜ਼ਿਲਕਾ ਪੁਲਿਸ ਦੇ ਥਾਣਾ ਅਮੀਰਖਾਸ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਅਵਤਾਰ ਸਿੰਘ ਮਹਿਮਾਂ ਉਪਰ ਕੀਤੇ ਗਏ ਝੂਠੇ ਮੁਕੱਦਮੇ ਨੂੰ ਰੱਦ ਕਰਵਾਉਣ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਅੱਜ ਐਸਡੀਐਮ ਬਟਾਲਾ ਰਾਹੀਂ ਮੁੱਖ ਮੰਤਰੀ ਪੰਜਾਬ ਤੇ ਡੀਜੀਪੀ ਨੂੰ ਮੰਗ ਪੱਤਰ ਭੇਜੇ। ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰਾਜਗੁਰਵਿੰਦਰ ਸਿੰਘ ਘੁੰਮਣ ਨੇ ਕਿਹਾ ਕਿ ਥਾਣਾ ਅਮੀਰ ਖਾਸ ਵਿੱਚ ਪਰਚਾ ਦਰਜ ਕਰਵਾਉਣ ਵਾਲੇ ਮੁਦੱਈ ਸੁਖਚੈਨ ਸਿੰਘ ਤੇ ਸੁਬੇਗ ਸਿੰਘ (ਜੋ ਕਿ ਅਵਤਾਰ ਸਿੰਘ ਮਹਿਮਾਂ ਦਾ ਰਿਸ਼ਤੇਦਾਰ ਹੈ) ਦਾ ਆਪਸ ਵਿੱਚ ਪੈਸਿਆਂ ਨੂੰ ਲੈ ਕੇ ਮਸਲਾ ਚੱਲ ਰਿਹਾ ਸੀ। ਇਸ ਦੌਰਾਨ ਸੁਖਚੈਨ ਸਿੰਘ ਦਾ ਲੜਕਾ ਨਵਜੋਤ ਸਿੰਘ ਆਪਣੇ ਸਾਥੀਆਂ ਨਾਲ ਰਲ ਕੇ ਸੁਬੇਗ ਸਿੰਘ ਦੇ ਘਰੋਂ ਮੋਟਰਸਾਈਕਲ ਜ਼ਬਰਦਸਤੀ ਚੁੱਕ ਕੇ ਲੈ ਗਿਆ। ਜਿਸਦੀ ਥਾਣਾ ਸਿਟੀ ਫਿਰੋਜ਼ਪੁਰ ਵਿੱਚ ਦਰਖ਼ਾਸਤ ਦੇਣ ਮਗਰੋਂ ਪੁਲਿਸ ਨੇ ਚੋਰੀ ਕਰਨ ਵਾਲੇ ਦੇ ਘਰੋਂ ਮੋਟਰਸਾਈਕਲ ਬ੍ਰਾਮਦ ਕਰ ਲਿਆ। ਜਿਸ ਤੋਂ ਬਾਅਦ ਕਈ ਹਫਤੇ ਕੁਝ ਵਿਅਕਤੀਆਂ ਰਾਹੀਂ ਰਾਜ਼ੀਨਾਮੇ ਦੀ ਗੱਲਬਾਤ ਚੱਲਦੀ ਰਹੀ ਪਰ ਆਖਿਰ ਫਿਰੋਜ਼ਪੁਰ ਪੁਲਿਸ ਵੱਲੋਂ ਦੋਸ਼ੀ ਨਵਜੋਤ ਸਿੰਘ ਉਪਰ ਬਲਪੂਰਵਕ ਚੋਰੀ ਕਰਨ ਦਾ ਪਰਚਾ ਦਰਜ ਕਰ ਦਿੱਤਾ ਗਿਆ। ਜਿਸ ਤੋਂ ਬਾਅਦ ਸੁਖਚੈਨ ਸਿੰਘ ਵੱਲੋਂ ਇੱਕ ਦਰਖ਼ਾਸਤ ਐਸਐਸਪੀ ਫਾਜ਼ਿਲਕਾ ਨੂੰ ਦਿੱਤੀ ਗਈ ਜਿਸਦੀ ਪੜਤਾਲ ਡੀਐਸਪੀ ਜਲਾਲਾਬਾਦ ਕੋਲ ਆਈ। ਇਸ ਜਗ੍ਹਾ ਅਵਤਾਰ ਸਿੰਘ ਮਹਿਮਾਂ ਵੱਲੋਂ ਆਪਣੇ ਤੇ ਬਾਕੀ ਪਰਿਵਾਰਕ ਮੈਂਬਰਾਂ ਦੇ ਸਾਰੇ ਤੱਥ ਪਰੂਫ਼ ਪੇਸ਼ ਕੀਤੇ। ਮੌਜੂਦ ਅਧਿਕਾਰੀਆਂ ਸਾਹਮਣੇ ਮੁਦੱਈ ਸੁਖਚੈਨ ਸਿੰਘ ਨੇ ਮੰਨਿਆ ਕਿ ਉਨ੍ਹਾਂ ਦਾ ਮਸਲਾ ਸਿਰਫ਼ ਸੁਬੇਗ ਸਿੰਘ ਨਾਲ ਹੈ ਬਾਕੀ ਕਿਸੇ ਨਾਲ ਨਹੀਂ ਪਰ ਹੁਣ ਫਾਜ਼ਿਲਕਾ ਪੁਲਿਸ ਵੱਲੋਂ ਘਰ ਦੀਆਂ ਔਰਤਾਂ, ਬਜ਼ੁਰਗਾਂ ਤੇ ਕਿਸਾਨ ਆਗੂ ਅਵਤਾਰ ਸਿੰਘ ਮਹਿਮਾਂ ਨੂੰ ਟਾਰਗੇਟ ਕਰਦਿਆਂ ਝੂਠਾ ਮੁਕੱਦਮਾ ਦਰਜ ਕੀਤਾ ਗਿਆ ਹੈ।



# ਰਾਖੀ ਤੇ ਕ੍ਰਿਤਿਕਾ ਦੀ ਯੂਪੀਐਸਸੀ 'ਚ ਸਫਲਤਾ ਲੜਕੀਆਂ ਲਈ ਪ੍ਰੇਰਨਾ: ਡੀ.ਸੀ. ਔਲਖ

## ☛ਨਾਮਣਾ ਖੱਟਣ ਵਾਲੀਆਂ ਦੋਵੇਂ ਸਫਲ ਲੜਕੀਆਂ ਦਾ ਸਨਮਾਨ

ਸ਼ਹੀਦ ਭਗਤ ਸਿੰਘ ਨਗਰ, 13 ਮਾਰਚ (ਸੁਖਦੇਵ ਸਿੰਘ ਉੜਾਪੜ): ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਜ਼ਿਲ੍ਹੇ ਦੀਆਂ ਦੋ ਨੌਜਵਾਨ ਲੜਕੀਆਂ ਦਾ ਸਨਮਾਨ ਕੀਤਾ, ਜਿਨ੍ਹਾਂ ਹਾਲ ਹੀ ਵਿੱਚ ਐਲਾਨੇ ਗਏ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਸੀ) ਪ੍ਰੀਖਿਆ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਨਾਮਣਾ ਖੱਟਿਆ। ਬਲਾਚੌਰ ਸ਼ਹਿਰ ਦੀ ਰਹਿਣ ਵਾਲੀ ਰਾਖੀ ਨੇ ਵੱਕਾਰੀ ਪ੍ਰੀਖਿਆ ਵਿੱਚ ਪ੍ਰਭਾਵਸ਼ਾਲੀ ਆਲ ਇੰਡੀਆ ਰੈਂਕ (ਏਆਈਆਰ) 65 ਪ੍ਰਾਪਤ ਕੀਤਾ, ਜਦੋਂ ਕਿ ਕ੍ਰਿਤਿਕਾ ਚੌਧਰੀ, ਜੋ ਕਿ ਬਲਾਚੌਰ ਤਹਿਸੀਲ ਅਧੀਨ ਪਿੰਡ ਕਰੀਮਪੁਰ ਧਿਆਨੀ ਦੀ ਰਹਿਣ ਵਾਲੀ ਹੈ, ਨੇ ਏਆਈਆਰ 315 ਪ੍ਰਾਪਤ ਕੀਤਾ। ਦੋਵੇਂ ਸਫਲ ਉਮੀਦਵਾਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਵਿਸ਼ੇਸ਼ ਸੱਦੇ 'ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੋਵੇਂ ਸਫਲ ਲੜਕੀਆਂ ਦਾ ਸਨਮਾਨ ਕੀਤਾ ਤੇ ਉਨ੍ਹਾਂ ਨੂੰ ਦੇਸ਼ ਦੀਆਂ ਸਭ ਤੋਂ ਔਖੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚੋਂ ਇੱਕ ਪਾਸ ਕਰਨ ਲਈ ਵਧਾਈ ਦਿੱਤੀ। ਇੰਸਪੈਕਟਰ ਰਾਜੀਵ ਕੁਮਾਰ ਦੀ ਧੀ ਕ੍ਰਿਤਿਕਾ ਚੌਧਰੀ ਨੇ ਆਪਣੀ ਬੈਚਲਰ ਡਿਗਰੀ ਦਿੱਲੀ ਦੇ ਲੇਡੀ ਰਾਮ ਕਾਲਜ ਤੋਂ ਪੂਰੀ ਕੀਤੀ, ਜਿੱਥੇ ਉਹ ਗੋਲਡ ਮੈਡਲ ਜੇਤੂ ਸੀ ਤੇ ਬਾਅਦ ਵਿੱਚ ਦਿੱਲੀ ਯੂਨੀਵਰਸਿਟੀ ਤੋਂ ਮਨੋਵਿਗਿਆਨ ਵਿੱਚ ਐਮ.ਐਸ.ਸੀ. ਕੀਤੀ, ਜਿਸ ਵਿੱਚ ਉਸਨੇ ਗੋਲਡ ਮੈਡਲ ਵੀ ਹਾਸਲ ਕੀਤਾ। ਜਦੋਂ ਕਿ ਰਾਖੀ ਆਈਆਈਟੀ ਰੁੜਕੀ ਤੋਂ ਪਾਸ ਆਊਟ ਹੈ ਤੇ ਪੰਜਾਬ ਯੂਨੀਵਰਸਿਟੀ ਤੋਂ ਆਪਣੀ ਪੋਸਟ ਗ੍ਰੈਜੂਏਸ਼ਨ ਪੂਰੀ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਲਬੀਰ ਰਾਜ ਸਿੰਘ ਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ ਵੀ ਮੌਜੂਦ ਸਨ।



# ਕੈਬਨਿਟ ਮੰਤਰੀ ਵਿੱਜ ਦੀ ਸਿਹਤ ਦਾ ਹਾਲ ਜਾਣਨ ਲਈ ਹੁੱਡਾ ਤੇ ਕਈ ਵਿਧਾਇਕ ਪਹੁੰਚੇ

ਅੰਬਾਲਾ, 13 ਮਾਰਚ (ਚ.ਨ.ਸ): ਹਰਿਆਣਾ ਦੇ ਊਰਜਾ, ਟਰਾਂਸਪੋਰਟ ਤੇ ਕਿਰਤ ਮੰਤਰੀ ਅਨਿਲ ਵਿੱਜ ਦੀ ਸਿਹਤ ਬਾਰੇ ਜਾਣਕਾਰੀ ਲੈਣ ਲਈ ਅੱਜ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸਾਬਕਾ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਪੁੱਜੇ। ਉਨ੍ਹਾਂ ਸ੍ਰੀ ਵਿੱਜ ਦਾ ਹਾਲ-ਚਾਲ ਜਾਣਿਆ ਤੇ ਉਨ੍ਹਾਂ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ। ਇਸ ਮੌਕੇ ਦੋਵੇਂ ਆਗੂਆਂ ਵਿਚਾਲੇ ਕੁਝ ਸਮੇਂ ਲਈ ਗੱਲਬਾਤ ਵੀ ਹੋਈ। ਇਸ ਦੌਰਾਨ ਬਦਲੀ (ਝੱਜਰ) ਤੋਂ ਵਿਧਾਇਕ ਕੁਲਦੀਪ ਵਤਸ, ਅੰਬਾਲਾ ਸ਼ਹਿਰ ਦੇ ਵਿਧਾਇਕ ਚੌਧਰੀ ਨਿਰਮਲ ਸਿੰਘ ਤੇ ਫਤਿਹਾਬਾਦ ਤੋਂ ਵਿਧਾਇਕ ਬਲਵਾਨ ਸਿੰਘ ਦੌਲਤਪੁਰੀਆ ਸਮੇਤ ਹੋਰ ਆਗੂ ਵੀ ਮੌਜੂਦ ਸਨ।ਇਸ ਤੋਂ ਇਲਾਵਾ ਸਾਇੰਸ ਇੰਡਸਟਰੀ, ਰੋਟਰੀ ਹਸਪਤਾਲ ਅਤੇ ਹਰਿਆਣਾ ਚੈਂਬਰਜ਼ ਆਫ ਕਾਮਰਸ ਨਾਲ ਸਬੰਧਤ ਨੁਮਾਇੰਦਿਆਂ ਨੇ ਵੀ ਅਨਿਲ ਵਿੱਜ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ। ਇਨ੍ਹਾਂ ਵਿੱਚ ਸੀਨੀਅਰ ਸੀਏਏਡੀ ਗਾਂਧੀ, ਸਨਅਤਕਾਰ ਆਸ਼ਾਵੰਤ, ਕਮਲਜੀਤ ਜੈਨ, ਸੀਏ ਸੰਜੈ ਲਾਲ, ਅਸ਼ਵਨੀ ਗੋਇਲ, ਪੁਨੀਤ ਗੁਪਤਾ, ਪ੍ਰੋ. ਕੇਕੇ ਜੈਨ, ਸੁਰੇਸ਼ ਧੀਮਾਨ ਤੇ ਸੁਭਾਸ਼ ਬੰਸਲ ਸ਼ਾਮਲ ਸਨ। ਵੱਖ-ਵੱਖ ਸਕੂਲਾਂ ਤੋਂ ਆਏ ਬੱਚਿਆਂ ਨੇ ਵੀ ਸ੍ਰੀ ਵਿੱਜ ਦੀ ਖੈਰ-ਖ਼ਬਰ ਪੁੱਛੀ ਤੇ ਉਨ੍ਹਾਂ ਦੀ ਤੰਦਰੁਸਤੀ ਲਈ ਅਰਦਾਸ ਕੀਤੀ। ਇਸ ਦੌਰਾਨ ਗੁਜਰਾਤ ਨਿਆਂਪਾਲਿਕਾ ਵਿੱਚ ਨਵ-ਨਿਯੁਕਤ ਜੱਜ ਰੀਆ ਗੋਇਲ ਨੇ ਵੀ ਉਨ੍ਹਾਂ ਨਾਲ ਮੁਲਾਕਾਤ ਕੀਤੀ।



# ਬੀਐਸਐਫ ਤੇ ਪੁਲਿਸ ਵੱਲੋਂ ਚਲਾਏ ਸਾਂਝੇ ਸਰਚ ਓਪਰੇਸ਼ਨ ਦੌਰਾਨ 481 ਗ੍ਰਾਮ ਅਫੀਮ ਬ੍ਰਾਮਦ

ਡੇਰਾ ਬਾਬਾ ਨਾਨਕ, 13 ਮਾਰਚ (ਹੈਪੀ ਕੋਟਲੀ): ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਰੱਤੜ ਛੱਤੜ ਦੇ ਖੇਤਾਂ ਵਿੱਚੋਂ 481 ਗ੍ਰਾਮ ਅਫੀਮ ਬ੍ਰਾਮਦ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਹੋਇਆਂ ਪੁਲਿਸ ਥਾਣਾ ਡੇਰਾ ਬਾਬਾ ਨਾਨਕ ਦੇ ਐਸਐਚਓ ਅਸ਼ੋਕ ਕੁਮਾਰ ਨੇ ਦੱਸਿਆ ਕਿ ਬੀਤੀ ਸ਼ਾਮ ਪੁਲਿਸ ਤੇ ਬੀਐਸਐਫ ਵੱਲੋਂ ਸਰਹੱਦੀ ਇਲਾਕੇ ਅੰਦਰ ਨਸ਼ਿਆਂ ਨੂੰ ਠੱਲ ਪਾਉਣ ਲਈ ਚਲਾਏ ਗਏ ਸਾਂਝੇ ਸਰਚ ਓਪਰੇਸ਼ਨ ਦੌਰਾਨ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਰੱਤੜ ਛੱਤੜ ਦੇ ਖੇਤਾਂ ਵਿੱਚੋਂ ਇੱਕ ਮੋਮੀ ਲਿਫਾਫੇ ਵਿੱਚ ਲਪੇਟੀ ਹੋਈ ਕੋਈ ਸ਼ੱਕੀ ਵਸਤੂ ਦਿਖਾਈ ਦਿੱਤੀ। ਉਨ੍ਹਾਂ ਦੱਸਿਆ ਕਿ ਜਦ ਇਸਨੂੰ ਖੋਲ੍ਹ ਕੇ ਦੇਖਿਆ ਗਿਆ ਤਾਂ ਇਸ ਵਿੱਚੋਂ ਅਫੀਮ ਬ੍ਰਾਮਦ ਹੋਈ ਹੈ। ਐਸਐਚਓ ਨੇ ਦੱਸਿਆ ਕਿ ਪੁਲਿਸ ਵੱਲੋਂ ਤੋਲਣ ਮੁਤਾਬਿਕ ਜਿਸਦਾ ਵੇਟ 481 ਗ੍ਰਾਮ ਪਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਅਫੀਮ ਦੀ ਖੇਪ ਨੂੰ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਭਾਰਤ ਭੇਜਿਆ ਗਿਆ ਹੈ, ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਪੁਲਿਸ ਵੱਲੋਂ ਇਸ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



# ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਤਹਿਤ ਵਪਾਰੀਆਂ ਤੇ ਦੁਕਾਨਦਾਰਾਂ ਨਾਲ ਮੀਟਿੰਗ

ਫਤਹਿਗੜ੍ਹ ਚੂੜੀਆਂ, 13 ਮਾਰਚ (ਰਾਜਨ ਸ਼ਰਮਾ): ਪੰਜਾਬ ਰਾਜ ਟਰੇਡਰਜ਼ ਕਮਿਸ਼ਨ ਵੱਲੋਂ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਵਪਾਰੀਆਂ ਨਾਲ ਮੀਟਿੰਗਾਂ ਕਰਨ ਦੀ ਯੋਜਨਾ ਤਹਿਤ ਫਤਹਿਗੜ੍ਹ ਚੂੜੀਆਂ ਦੇ ਮੇਨ ਬਾਜ਼ਾਰ ਵਿੱਚ ਇੱਕ ਅਹਿਮ ਤੇ ਪ੍ਰਭਾਵਸ਼ਾਲੀ ਮੀਟਿੰਗ ਕੀਤੀ ਗਈ। ਜਿਸ ਵਿੱਚ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ, ਐਸ.ਡੀ.ਐਮ. ਨਵਜੋਤ ਸ਼ਰਮਾ ਤੇ ਚੇਅਰਮੈਨ ਟਰੇਡਰਜ਼ ਕਮਿਸ਼ਨ ਜ਼ਿਲ੍ਹਾ ਗੁਰਦਾਸਪੁਰ ਸਿਮਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਪਾਰੀਆਂ, ਦੁਕਾਨਦਾਰਾਂ ਤੇ ਉਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ ਪੰਜਾਬ ਟਰੇਡ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਪ੍ਰਸ਼ਾਸਨ ਨੂੰ ਵਧੇਰੇ ਪਹੁੰਚਯੋਗ ਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਦੇ ਵਪਾਰੀਆਂ ਦੀਆਂ ਮੁਸ਼ਕਿਲਾਂ ਲਈ ਵਚਨਬੱਧ ਹਨ ਤੇ ਉਨ੍ਹਾਂ ਦੀ ਹਰ ਸਮੱਸਿਆ ਪਹਿਲ ਦੇ ਆਧਾਰ 'ਤੇ ਹੱਲ ਕੀਤੀ ਜਾਵੇਗੀ। ਮੀਟਿੰਗ ਸੰਬੋਧਨ ਕਰਦਿਆਂ ਚੇਅਰਮੈਨ ਸਿਮਰਜੀਤ ਸਿੰਘ ਨੇ ਕਿਹਾ ਪੰਜਾਬ ਸਰਕਾਰ ਹਰ ਪੱਖੋਂ ਵਪਾਰੀ ਵਰਗ ਦੀ ਭਲਾਈ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਵਚਨਬੱਧ ਹੈ ਤੇ ਵਪਾਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਵਪਾਰੀ ਕਮਿਸ਼ਨ ਦੀ ਮੀਟਿੰਗ ਵਿੱਚ ਵਪਾਰੀਆਂ/ਦੁਕਾਨਦਾਰਾਂ ਵੱਲੋਂ ਆਪਣੀਆਂ ਵੱਖ-ਵੱਖ ਮੁਸ਼ਕਿਲਾਂ ਦੱਸੀਆਂ ਗਈਆਂ ਹਨ, ਜਿਨ੍ਹਾਂ ਨੂੰ ਸਬੰਧਤ ਵਿਭਾਗਾਂ ਵੱਲੋਂ ਸਮਾਂਬੱਧ ਢੰਗ ਨਾਲ ਹੱਲ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕਮਿਸ਼ਨ, ਵਪਾਰੀ ਭਾਈਚਾਰੇ ਦੇ ਸਮੇਂ, ਮਿਹਨਤ ਤੇ ਪੈਸੇ ਦੀ ਬੱਚਤ ਕਰਨ ਲਈ ਇੱਕ ਸਮਰਪਿਤ ਪਲੇਟਫਾਰਮ ਵਜੋਂ ਕੰਮ ਕਰੇਗਾ। ਇਸ ਮੌਕੇ ਚੇਅਰਮੈਨ ਗੁਰਪ੍ਰੀਤ ਸਿੰਘ ਟਰੇਡਰਜ਼ ਕਮਿਸ਼ਨ ਹਲਕਾ ਫਤਹਿਗੜ੍ਹ ਚੂੜੀਆਂ, ਚੇਅਰਮੈਨ ਚਰਨਜੀਤ ਸਿੰਘ ਪਾਰੋਵਾਲ ਟਰੇਡਰਜ਼ ਕਮਿਸ਼ਨ ਹਲਕਾ ਬਟਾਲਾ, ਐਸਟੀਓ ਬਲਜਿੰਦਰ ਕੌਰ ਸਮੇਤ ਫਤਹਿਗੜ੍ਹ ਚੂੜੀਆਂ ਲਈ ਕਮਿਸ਼ਨ ਮੈਂਬਰ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਕਾਰ ਵਰਕਸ਼ਾਪ ਤੇ ਸਰਵਿਸ ਸਟੇਸ਼ਨ ਤੋਂ ਲੱਖਾਂ ਦਾ ਸਮਾਨ ਚੋਰੀ

ਟਾਂਡਾ ਉੜਮੁੜ, 13 ਮਾਰਚ (ਅਰਜੁਨ ਜੈਨ): ਬੀਤੀ ਰਾਤ ਚੋਰਾਂ ਨੇ ਜਲੰਧਰ ਪਠਾਨਕੋਟ ਨੈਸ਼ਨਲ ਹਾਈਵੇ 'ਤੇ ਪੈਂਦੇ ਰਸੂਲਪੁਰ ਮੋੜ ਨੇੜੇ ਸਥਿਤ ਇੱਕ ਕਾਰ ਵਰਕਸ਼ਾਪ ਤੇ ਇੱਕ ਸਰਵਿਸ ਸਟੇਸ਼ਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਲੱਖਾਂ ਰੁਪਏ ਦਾ ਸਮਾਨ ਚੋਰੀ ਕਰਕੇ ਲੈ ਗਏ। ਇੱਕ ਵਾਰਦਾਤ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਰ ਵਰਕਸ਼ਾਪ ਮਾਲਕ ਮਨਜੀਤ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਨੇੜੇ ਬਾਬਾ ਵਿਸ਼ਵਕਰਮਾ ਮੰਦਰ ਟਾਂਡਾ ਨੇ ਦੱਸਿਆ ਕਿ ਜਲੰਧਰ ਪਠਾਨਕੋਟ ਨੈਸ਼ਨਲ ਹਾਈਵੇ ਸਰਵਿਸ ਲੇਨ 'ਤੇ ਪਿੰਡ ਰਸੂਲਪੁਰ ਮੋੜ ਨੇੜੇ ਉਸਦੀ ਕਾਰ ਵਰਕਸ਼ਾਪ ਹੈ। ਬੀਤੀ ਰਾਤ ਚੋਰਾਂ ਨੇ ਵਰਕਸ਼ਾਪ ਵਿੱਚੋਂ ਰਿਪੇਅਰ ਲਈ ਆਈਆਂ ਕਾਰਾਂ ਦੀਆਂ 8 ਬੈਟਰੀਆਂ, 3 ਕਾਰਾਂ ਦੇ ਇੰਜਣ, ਕੀਮਤੀ ਟੂਲ ਤੇ ਸਪੇਅਰ ਪਾਰਟ ਚੋਰੀ ਕਰਕੇ ਲੈ ਗਏ। ਉਸਦੇ ਮੁਤਾਬਿਕ ਉਸਦਾ ਲਗਭਗ 6 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।ਇਸੇ ਤਰ੍ਹਾਂ ਦੂਜੀ ਵਾਰਦਾਤ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਰਜੀਤ ਸਰਵਿਸ ਸਟੇਸ਼ਨ ਦੇ ਮਾਲਕ ਸੁਰਜੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਰਸੂਲਪੁਰ ਨੇ ਦੱਸਿਆ ਕਿ ਬੀਤੀ ਰਾਤ ਚੋਰਾਂ ਨੇ ਸਰਵਿਸ ਸਟੇਸ਼ਨ ਦੇ ਸ਼ਟਰ ਤੋੜ ਕੇ ਅੰਦਰ ਦਾਖਲ ਹੋਏ ਤੇ ਅੰਦਰੋਂ ਇੱਕ ਜਨਰੇਟਰ, ਗੈਸ ਸਿਲੰਡਰ ਵਾਟਰ ਕੂਲਰ ਤੇ ਲੋਹੇ ਦੇ ਸਮਾਨ ਦੇ ਨਾਲ-ਨਾਲ ਸਟੇਸ਼ਨ 'ਤੇ ਕੰਮ ਕਰਨ ਵਾਲੇ ਕਰਿੰਦੇ ਵੱਲੋਂ ਜੋੜ ਕੇ ਰੱਖੀ ਤਨਖਾਹ ਦੀ ਲਗਭਗ 60 ਹਜ਼ਾਰ ਰੁਪਏ ਦੀ ਰਾਸ਼ੀ ਚੋਰੀ ਕਰਕੇ ਲੈ ਗਏ ਹਨ। ਟਾਂਡਾ ਪੁਲਿਸ ਨੇ ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚ ਦੋਨੋਂ ਜਗ੍ਹਾ ਜਾਂਚ ਪੜਤਾਲ ਕਰਨ ਤੋਂ ਬਾਅਦ ਅਗਲੀ ਕਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ। ਸੜਕ ਉਤੇ ਲੱਗੇ ਸੀਸੀਟੀਵੀ ਕੈਮਰੇ ਦੀ ਵੀ ਖੰਗਾਲ ਕੀਤੀ ਜਾ ਰਹੀ ਹੈ।



# ਚੰਡੀਗੜ੍ਹ ਯੂਨੀਵਰਸਿਟੀ ਵਿਖੇ ਰਾਜ ਪੱਧਰੀ ਸਮਾਗਮ 'ਚ ਕਾਹਲੋਂ ਬੈਸਟ ਪ੍ਰੋਗਰਾਮ ਅਫ਼ਸਰ ਵਜੋਂ ਸਨਮਾਨਤ



ਬਟਾਲਾ, 13 ਮਾਰਚ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਿਨਾਮ ਸਿੰਘ ਸੰਧੂ): ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਦੇ ਸਹਿਯੋਗ ਨਾਲ ਅੱਜ ਚੰਡੀਗੜ੍ਹ ਯੂਨੀਵਰਸਿਟੀ ਘੜੂਆਂ ਵਿਖੇ ਰਾਜ ਪੱਧਰੀ ਨੌਜਵਾਨ ਆਗੂਪਨ ਤੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਪੰਜਾਬ ਭਰ ਵਿੱਚੋਂ ਚੁਣੇ ਗਏ ਰੈਡ ਰਿਬਨ ਕਲੱਬਾਂ ਦੇ ਬਿਹਤਰ ਪ੍ਰੋਗਰਾਮ ਅਫਸਰਾਂ ਤੇ ਵਲੰਟੀਅਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਵਿੱਚੋਂ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਦੇ ਰੈਡ ਰਿਬਨ ਕਲੱਬ ਦੇ ਪ੍ਰੋਗਰਾਮ ਅਫਸਰ ਤੇਜ ਪ੍ਰਤਾਪ ਸਿੰਘ ਕਾਹਲੋਂ ਨੂੰ ਬੈਸਟ ਪ੍ਰੋਗਰਾਮ ਅਫਸਰ ਦੇ ਸਨਮਾਨ ਨਾਲ ਨਿਵਾਜਿਆ ਗਿਆ, ਜਦਕਿ ਕਾਲਜ ਦੇ ਵਿਦਿਆਰਥੀ ਗੁਰਤੇਗ ਸਿੰਘ ਨੂੰ ਉਸ ਦੀਆਂ ਸਮਾਜਿਕ ਸਰਗਰਮੀਆਂ ਤੇ ਜਾਗਰੂਕਤਾ ਮੁਹਿੰਮਾਂ ਵਿੱਚ ਯੋਗਦਾਨ ਲਈ ਬੈਸਟ ਵਲੰਟੀਅਰ ਵਜੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਡਿਪਟੀ ਡਾਇਰੈਕਟਰ ਕੁਲਵਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪ੍ਰੋਗਰਾਮ ਅਫਸਰ ਤੇਜ ਪ੍ਰਤਾਪ ਸਿੰਘ ਕਾਹਲੋਂ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਨੌਜਵਾਨਾਂ ਦੀ ਭਲਾਈ ਤੇ ਸਮਾਜਿਕ ਜਾਗਰੂਕਤਾ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਹੁਤ ਹੀ ਸਰਾਹੁਣਯੋਗ ਹਨ, ਜਿਨ੍ਹਾਂ ਦੇ ਕਰਕੇ ਉਨ੍ਹਾਂ ਨੂੰ ਸਾਲ 2023 ਵਿੱਚ ਲੁਧਿਆਣਾ ਵਿਖੇ ਹੋਏ ਰਾਜ ਪੱਧਰੀ ਸਮਾਰੋਹ ਦੌਰਾਨ ਵੀ ਸਟੇਟ ਬੈਸਟ ਪ੍ਰੋਗਰਾਮ ਅਫਸਰ ਦੇ ਸਨਮਾਨ ਨਾਲ ਤੇ ਉਨ੍ਹਾਂ ਦੇ ਸਰਕਾਰੀ ਪੌਲੀਟੈਕਨਿਕ ਕਾਲਜ ਦੀ ਐਨ.ਐਸ.ਐਸ. ਇਕਾਈ ਨੂੰ ਵੀ ਬੈਸਟ ਯੂਨਿਟ ਦਾ ਐਵਾਰਡ ਨਾਲ ਨਿਵਾਜਿਆ ਗਿਆ ਸੀ।ਇਸ ਮੌਕੇ ਪ੍ਰੋਗਰਾਮ ਅਫਸਰ ਕਾਹਲੋਂ ਨੇ ਕਿਹਾ ਕਿ ਸਰਕਾਰ ਵੱਲੋਂ ਮਿਲੇ ਇਸ ਸਨਮਾਨ ਨਾਲ ਉਨ੍ਹਾਂ ਨੂੰ ਵੱਡਾ ਹੌਸਲਾ ਪ੍ਰਾਪਤ ਹੋਇਆ ਹੈ।

# ਲਾਰੈਂਸ ਇੰਟਰਨੈਸ਼ਨਲ ਸਕੂਲ ਵਿਖੇ 'ਕਰੀਅਰ ਗਾਈਡੈਂਸ' ਪ੍ਰੋਗਰਾਮ ਕਰਵਾਇਆ

ਕਲਾਨੌਰ, 13 ਮਾਰਚ (ਇਕਬਾਲ ਵਾਲੀਆ/ਕਮਲਜੀਤ ਸਿੰਘ): ਲਾਰੈਂਸ ਇੰਟਰਨੈਸ਼ਨਲ ਸਕੂਲ, ਤਾਰਾਗੜ੍ਹ (ਡੇਰਾ ਬਾਬਾ ਨਾਨਕ ਰੋਡ) ਬਟਾਲਾ ਵੱਲੋਂ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਨੂੰ ਮੁੱਖ ਰੱਖਦਿਆਂ 'ਕਰੀਅਰ ਗਾਈਡੈਂਸ' ਨਾਮਕ ਇੱਕ ਵਿਸ਼ੇਸ਼ ਸੈਮੀਨਾਰ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ 10ਵੀਂ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਸਹੀ ਵਿਸ਼ਿਆਂ ਦੀ ਚੋਣ ਕਰਨ ਲਈ ਸਹੀ ਮਾਰਗਦਰਸ਼ਨ ਦੇਣਾ ਸੀ।ਸਕੂਲ ਦੇ ਪ੍ਰਿੰਸੀਪਲ ਡਾ. ਉਪਮਾ ਮਹਾਜਨ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਆਪਣੇ-ਆਪਣੇ ਵਿਸ਼ਿਆਂ ਦੇ ਮਾਹਿਰਾਂ ਨੇ ਵਿਦਿਆਰਥੀਆਂ ਨਾਲ ਸਿੱਧੀ ਗੱਲਬਾਤ ਕੀਤੀ। ਇਸ ਸੈਸ਼ਨ ਦਾ ਸੰਚਾਲਨ ਮਨੋਜ ਸ਼ਰਮਾ ਵੱਲੋਂ ਕੀਤਾ ਗਿਆ। ਇਸ ਸੈਸ਼ਨ ਦੇ ਖਾਸ ਬੁਲਾਰਿਆਂ ਵਿੱਚ ਮੈਡੀਕਲ ਸਟਰੀਮ ਦੇ ਹਰਪ੍ਰੀਤ ਸਿੰਘ ਤੇ ਕਰਮਬੀਰ ਕੌਰ ਦੁਆਰਾ ਵਿਦਿਆਰਥੀਆਂ ਨੂੰ ਮੈਡੀਕਲ ਵਿਸ਼ਿਆਂ ਨਾਲ ਸਬੰਧਤ ਵੱਖ-ਵੱਖ ਖੇਤਰਾਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਉਨ੍ਹਾਂ ਖੇਤਰਾਂ ਵਿੱਚ ਤੁਸੀਂ ਕਿਵੇਂ ਅੱਗੇ ਵੱਧ ਸਕਦੇ ਹੋ ਇਸ ਬਾਰੇ ਉਨ੍ਹਾਂ ਨੂੰ ਜਾਗਰੂਕ ਕੀਤਾ ਗਿਆ। ਕਾਮਰਸ ਸਟਰੀਮ ਦੇ ਪ੍ਰਗਤੀ ਘਈ ਵੱਲੋਂ ਕਾਮਰਸ ਸਟਰੀਮ ਦੇ ਨਾਲ ਸਬੰਧਤ ਵਿਸ਼ਿਆਂ ਤੇ ਖੇਤਰਾਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਇਹ ਵੀ ਦੱਸਿਆ ਗਿਆ ਕਿ ਤੁਸੀਂ ਇਸ ਸਟਰੀਮ ਦੁਆਰਾ ਆਪਣੀ ਜ਼ਿੰਦਗੀ ਦੇ ਵਿੱਚ ਕਿਵੇਂ ਅੱਗੇ ਵੱਧ ਸਕਦੇ ਹੋ ਤੇ ਸਫਲਤਾ ਪ੍ਰਾਪਤ ਕਰ ਸਕਦੇ ਹੋ। ਹਿਊਮੈਨਿਟੀ ਸਟਰੀਮ ਦੇ ਬਾਰੇ ਜਾਣਕਾਰੀ ਮਨਿੰਦਰ ਜੀਤ ਕੌਰ ਵੱਲੋਂ ਸਾਂਝੀ ਕੀਤੀ ਗਈ ਤੇ ਵਿਦਿਆਰਥੀਆਂ ਨੂੰ ਹਿਊਮੈਨਿਟੀਜ਼ ਵਿਸ਼ਿਆਂ ਤੇ ਇਹ ਇਨ੍ਹਾਂ ਨਾਲ ਸਬੰਧਤ ਖੇਤਰਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਕਿਵੇਂ ਇਨ੍ਹਾਂ ਵਿਸ਼ਿਆਂ ਨਾਲ ਅਸੀਂ ਸਿਵਲ ਸਰਵਿਸਿਜ਼ ਤੇ ਵਕਾਲਤ ਦੇ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰ ਸਕਦੇ ਹਾਂ। ਇਸ ਮੌਕੇ ਚੇਅਰਮੈਨ ਬਲਜਿੰਦਰ ਸਿੰਘ ਬੈਂਸ ਮੱਲਿਆਂਵਾਲ, ਗੁਰਜੀਤ ਸਿੰਘ ਬੈਂਸ, ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ, ਪ੍ਰਿੰਸੀਪਲ ਡਾ. ਉਪਮਾ ਮਹਾਜਨ, ਪ੍ਰਿੰਸੀਪਲ ਰਮਨ ਸ਼ਰਮਾ ਵੱਲੋਂ ਇਸ ਸੈਸ਼ਨ ਦੀ ਸਫਲਤਾ ਲਈ ਮਾਹਿਰਾਂ ਦਾ ਧੰਨਵਾਦ ਵੀ ਕੀਤਾ ਗਿਆ।



# 100 ਸਫਲ ਮਹਿਲਾ ਉਦਮੀਆਂ ਨੂੰ ਵੱਖ-ਵੱਖ ਖੇਤਰਾਂ 'ਚ ਸ਼ਲਾਘਾਯੋਗ ਕੰਮਾਂ ਤੇ ਸ਼ਾਨਦਾਰ ਪ੍ਰਾਪਤੀਆਂ ਲਈ ਸਨਮਾਨਤ ਕੀਤਾ



ਹੁਸ਼ਿਆਰਪੁਰ, 13 ਮਾਰਚ (ਪਰਮਿੰਦਰ ਘੁੰਮਣ): ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਅੱਜ ਇੱਥੇ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਔਰਤਾਂ ਵੱਲੋਂ ਸਮਾਜਿਕ ਵਿਕਾਸ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ 100 ਕਾਮਯਾਬ ਉਦਮੀ ਮਹਿਲਾਵਾਂ ਦਾ ਸਨਮਾਨ ਕੀਤਾ ਗਿਆ। ਸਥਾਨਕ ਸਿਟੀ ਸੈਂਟਰ ਵਿਖੇ ਕਰਵਾਏ ਸਮਾਗਮ ਦੌਰਾਨ ਜ਼ਿਲ੍ਹੇ ਦੀਆਂ 100 ਸਫਲ ਮਹਿਲਾ ਉਦਮੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕੰਮਾਂ ਤੇ ਸ਼ਾਨਦਾਰ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਨ੍ਹਾਂ ਮਹਿਲਾਵਾਂ ਨੇ ਆਪਣੀ ਮਿਹਨਤ ਦਾ ਲੋਹਾ ਮਨਵਾਉਂਦਿਆਂ ਨਾ ਸਿਰਫ ਕਾਮਯਾਬੀ ਹਾਸਲ ਕੀਤੀ ਹੈ ਸਗੋਂ ਇਹ ਹੋਰਨਾਂ ਲਈ ਪ੍ਰੇਰਨਾਸਰੋਤ ਵੀ ਬਣੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਔਰਤਾਂ ਨੇ ਉਦਮ ਦੇ ਖੇਤਰ ਵਿੱਚ ਨਵੀਆਂ ਬੁਲੰਦੀਆਂ ਨੂੰ ਛੂੰਹਦਿਆਂ ਆਪਣੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਹੈ ਜੋ ਕਿ ਬੇਹੱਦ ਸਲਾਹੁਣਯੋਗ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਔਰਤਾਂ ਦੇ ਸਰਬਪੱਖੀ ਵਿਕਾਸ ਵਿੱਚ ਹਰ ਸੰਭਵ ਮਦਦ ਲਈ ਹਮੇਸ਼ਾ ਤਤਪਰ ਹੈ ਤਾਂ ਜੋ ਸਮਾਜਿਕ ਤਾਣੇ-ਬਾਣੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਮੌਕੇ ਏ.ਡੀ.ਸੀ (ਪੇਂਡੂ ਵਿਕਾਸ) ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਉਪ-ਮੁੱਖ ਕਾਰਜਕਾਰੀ ਅਫ਼ਸਰ ਜ਼ਿਲ੍ਹਾ ਪ੍ਰੀਸ਼ਦ ਧਾਰਾ ਕੱਕੜ, ਬੀਡੀਪੀਓ ਗੜ੍ਹਸ਼ੰਕਰ, ਮੁਕੇਰੀਆਂ ਤੇ ਹੁਸ਼ਿਆਰਪੁਰ-2, ਏ.ਡੀ.ਓ ਕਿਰਨਜੀਤ ਸਿੰਘ ਤੇ ਸੀਡੀਪੀਓ ਹੁਸ਼ਿਆਰਪੁਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਹੋਰਨਾਂ ਤੋਂ ਇਲਾਵਾ ਡੀਪੀਐਮ ਸੁਖਵੰਤ ਕੌਰ, ਡੀਐਫਐਮ ਸੌਰਵ ਸ਼ਰਮਾ, ਬਲਾਕ ਇੰਚਾਰਜ ਦਸੂਹਾ ਗੁਰਿੰਦਰਜੀਤ ਸਿੰਘ, ਬਲਾਕ ਇੰਚਾਰਜ ਤਲਵਾੜਾ ਜਤਿੰਦਰ ਸਿੰਘ, ਬਲਾਕ ਇੰਚਾਰਜ ਹਾਜੀਪੁਰ ਅਮਨਦੀਪ ਸਿੰਘ ਮੌਜੂਦ ਸਨ।

# ਭਰਤੀ ਰੈਲੀ ਦੇ ਪੰਜਵੇਂ ਦਿਨ 900 ਤੋਂ ਵੱਧ ਉਮੀਦਵਾਰਾਂ ਨੇ ਹਿੱਸਾ ਲਿਆ

ਗੁਰਦਾਸਪੁਰ, 13 ਮਾਰਚ (ਸੰਧੂ/ਬਸਰਾ): ਸਰਕਾਰੀ ਕਾਲਜ ਗੁਰਦਾਸਪੁਰ ਵਿੱਚ ਚੱਲ ਰਹੀ ਭਾਰਤੀ ਫੌਜ ਦੀ ਭਰਤੀ ਰੈਲੀ ਦੇ ਪੰਜਵੇਂ ਦਿਨ ਵੀ ਨੌਜਵਾਨਾਂ ਦੀ ਵੱਡੀ ਤੇ ਉਤਸ਼ਾਹਪੂਰਨ ਭਾਗੀਦਾਰੀ ਦੇਖਣ ਨੂੰ ਮਿਲੀ। ਅੱਜ 900 ਤੋਂ ਵੱਧ ਉਮੀਦਵਾਰਾਂ ਨੇ ਭਰਤੀ ਪ੍ਰਕਿਰਿਆ ਵਿੱਚ ਹਿੱਸਾ ਲਿਆ। ਭਰਤੀ ਡਾਇਰੈਕਟਰ ਬੋਰਡ ਕਰਨਲ ਜੇਮਸ ਜੈਕਬ ਨੇ ਦੱਸਿਆ ਕਿ ਉਮੀਦਵਾਰਾਂ ਨੇ ਦਸਤਾਵੇਜ਼ ਜਾਂਚ, ਫਿਜ਼ੀਕਲ ਫਿਟਨੈੱਸ ਟੈਸਟ, ਪੁੱਲ-ਅੱਪਸ, ਸਰੀਰਕ ਮਾਪ ਤੇ 1.6 ਕਿਲੋਮੀਟਰ ਦੌੜ ਵਰਗੇ ਪੜਾਵਾਂ ਵਿੱਚ ਪੂਰੇ ਜੋਸ਼ ਨਾਲ ਭਾਗ ਲਿਆ। ਰੈਲੀ ਦਾ ਪ੍ਰਬੰਧ ਸੁਚੱਜੇ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੁਰੱਖਿਆ, ਭੀੜ ਪ੍ਰਬੰਧਨ, ਮੈਡੀਕਲ ਸਹਾਇਤਾ ਤੇ ਪ੍ਰਸ਼ਾਸਕੀ ਪ੍ਰਬੰਧਾਂ ਦੇ ਸਹਿਯੋਗ ਨਾਲ ਰੈਲੀ ਸੁਚਾਰੂ ਢੰਗ ਨਾਲ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਰੈਲੀ ਨੌਜਵਾਨਾਂ ਨੂੰ ਨਿਰਪੱਖ, ਪਾਰਦਰਸ਼ੀ ਤੇ ਯੋਗਤਾ ਆਧਾਰਿਤ ਪ੍ਰਕਿਰਿਆ ਰਾਹੀਂ ਭਾਰਤੀ ਫੌਜ ਵਿੱਚ ਸ਼ਾਮਲ ਹੋਣ ਦਾ ਮੌਕਾ ਪ੍ਰਦਾਨ ਕਰ ਰਹੀ ਹੈ।



# ਵਤਨ ਪਰਤਣ 'ਤੇ ਲੇਖਕ ਸੁਰਜੀਤ ਮਜਾਰੀ ਦਾ ਸਵਾਗਤ

ਬੰਗਾ, 13 ਮਾਰਚ (ਪ੍ਰਭਜੋਤ ਸਿੰਘ): ਕੈਨੇਡਾ ਤੋਂ ਵਤਨ ਪਰਤਣ 'ਤੇ ਲੇਖਕ ਸੁਰਜੀਤ ਮਜਾਰੀ ਦਾ ਲੇਖਕ ਭਾਈਚਾਰੇ ਵੱਲੋਂ ਉਨ੍ਹਾਂ ਦੇ ਪਿੰਡ ਮਜਾਰੀ ਵਿਖੇ ਨਿੱਘਾ ਸਵਾਗਤ ਕੀਤਾ ਗਿਆ। ਨਵਜੋਤ ਸਾਹਿਤ ਸੰਸਥਾ ਔੜ ਦੇ ਬੈਨਰ ਹੇਠ ਉਨ੍ਹਾਂ ਦੇ ਘਰ ਪੁੱਜੇ ਲੇਖਕਾਂ ਵੱਲੋਂ ਸਵਾਗਤ ਵਜੋਂ ਹਾਰ ਪਹਿਨਾਏ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਦਵਿੰਦਰ ਸਕੋਹਪੁਰੀ ਨੇ ਜੀ ਆਇਆਂ ਆਖਦਿਆਂ ਕਿਹਾ ਕਿ ਸੁਰਜੀਤ ਮਜਾਰੀ ਦੀ ਇਹ ਵਿਦੇਸ਼ ਯਾਤਰਾ ਨਾਲ ਜੁੜੀਆਂ ਪ੍ਰਤੀਕਿਰਿਆਵਾਂ ਦਾ ਰੰਗ ਉਨ੍ਹਾਂ ਦੀਆਂ ਰਚਨਾਵਾਂ 'ਚ ਵੀ ਦੇਖਣ ਨੂੰ ਮਿਲੇਗਾ। ਇਸ ਮੌਕੇ ਉਨ੍ਹਾਂ ਦੇ ਜੀਵਨ ਸਾਥੀ ਪੰਜਾਬੀ ਲੈਕਚਰਾਰ ਰਾਜ ਰਾਣੀ ਦਾ ਵੀ ਸਵਾਗਤ ਕੀਤਾ ਗਿਆ। ਸੁਰਜੀਤ ਮਜਾਰੀ ਨੇ ਆਪਣੇ ਵਿਚਾਰਾਂ ਰਾਹੀਂ ਜਿੱਥੇ ਪ੍ਰਵਾਸ ਤੇ ਜਨਮ ਭੂਮੀ ਵਿਚਕਾਰ ਸਾਂਝ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ, ਉਥੇ ਪੜ੍ਹਾਈ/ਰੁਜ਼ਗਾਰ ਲਈ ਵਿਦੇਸ਼ ਗਈ ਔਲਾਦ ਤੇ ਵਤਨ ਰਹਿ ਰਹੇ ਮਾਪਿਆਂ ਵਿਚਕਾਰ ਮਿਲਾਪ ਸਬੰਧੀ ਪੱਖ ਰੱਖਿਆ। ਉਨ੍ਹਾਂ ਲੇਖਕ ਭਾਈਚਾਰੇ ਤੇ ਸੰਸਥਾ ਵੱਲੋਂ ਦਿੱਤੇ ਮਾਣ ਸਨਮਾਨ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਸੰਸਥਾ ਦੀਆਂ ਸਰਗਰਮੀਆਂ ਤੇ ਸਮਾਜਿਕ ਖੇਤਰ ਵਿੱਚ ਸੇਵਾਵਾਂ ਨੂੰ ਪਹਿਲਾਂ ਵਾਂਗ ਸਮਰਪਿਤ ਰਹਿਣਗੇ। ਇਸ ਮੌਕੇ ਮਾਸਿਕ ਅਦਬੀ ਮਹਿਕ ਦੇ ਸੰਪਾਦਕ ਸਤਪਾਲ ਸਾਹਲੋਂ, ਨਾਮਵਰ ਸ਼ਾਇਰਾ ਰਜਨੀ ਸ਼ਰਮਾ, ਸਾਬਕਾ ਪ੍ਰਧਾਨ ਗੁਰਨੇਕ ਸ਼ੇਰ, ਜਨਰਲ ਸਕੱਤਰ ਡਾ. ਕੇਵਲ ਰਾਮ ਨਵਾਂ ਸ਼ਹਿਰ, ਦੇਸ ਰਾਜ ਬਾਲੀ, ਸੁੱਚਾ ਰਾਮ ਜਾਡਲਾ, ਪ੍ਰਿੰਸੀਪਲ ਰਾਮ ਨਾਥ ਕਟਾਰੀਆ, ਨੰਬਰਦਾਰ ਲੀਲਾ ਦੇਵੀ ਮੱਲ੍ਹਪੋਤਾ, ਵਿਨੈ ਸ਼ਰਮਾ, ਹਰੀ ਕ੍ਰਿਸ਼ਨ ਪਟਵਾਰੀ ਸ਼ਾਮਲ ਸਨ।



# 270 ਇੰਜੀਨੀਅਰ ਰੈਜ਼ੀਮੈਂਟ ਨੇ ਬਾਈਕ ਰੈਲੀ ਕੱਢੀ

ਫਤਹਿਗੜ੍ਹ ਚੂੜੀਆਂ, 13 ਮਾਰਚ (ਰਾਜਨ ਸ਼ਰਮਾ): 270 ਇੰਜੀਨੀਅਰ ਰੈਜ਼ੀਮੈਂਟ ਵੱਲੋਂ ਇੱਕ ਬਾਈਕ ਰੈਲੀ ਕੱਢੀ ਗਈ, ਜਿਸ ਦਾ ਮਕਸਦ ਸੀ ਕਿ ਰਿਟਾਇਰ ਫੌਜੀਆਂ ਤੇ ਵਾਰ ਵਿਡੋਜ਼ ਨੂੰ ਮਿਲਣਾ, ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਨੂੰ ਸੁਣਨਾ ਤੇ ਉਨ੍ਹਾਂ ਦਾ ਹੱਲ ਕਰਨਾ, ਇਹ ਰੈਲੀ ਪੰਜ ਮਾਰਚ ਨੂੰ ਇੰਡੀਆ ਗੇਟ ਅੰਮ੍ਰਿਤਸਰ ਸਾਹਿਬ ਤੋਂ ਯੂਨਿਟ ਦੇ ਸੀਓ ਸਾਹਿਬ ਕਰਨਲ ਰੋਬਨ ਅਨਟਨੀ ਡੀ ਦੁਆਰਾ ਸੂਬੇਦਾਰ ਜੇਪੀ ਸਿੰਘ ਦੀ ਅਧੀਨ ਫਲੈਗ ਆਫ ਕੀਤੀ ਗਈ ਇਹ ਰੈਲੀ ਅੰਮ੍ਰਿਤਸਰ ਤੋਂ ਸ਼ੁਰੂ ਹੋ ਕੇ ਤਰਨ ਤਾਰਨ ਸਾਹਿਬ ਫਿਰੋਜ਼ਪੁਰ ਮੋਗਾ ਫਰੀਦਕੋਟ ਸ੍ਰੀ ਮੁਕਤਸਰ ਸਾਹਿਬ ਬਠਿੰਡਾ ਮਾਨਸਾ ਬਰਨਾਲਾ ਮਲੇਰਕੋਟਲਾ ਸੰਗਰੂਰ ਪਟਿਆਲਾ ਫਤਹਿਗੜ੍ਹ ਸਾਹਿਬ ਐਸਏਐਸ ਨਗਰ ਰੂਪ ਨਗਰ ਐਸਬੀਐਸ ਨਗਰ ਕਪੂਰਥਲਾ ਜਲੰਧਰ ਹੁਸ਼ਿਆਰਪੁਰ ਪਠਾਨਕੋਟ ਤੋਂ ਹੁੰਦੀ ਹੋਈ ਗੁਰਦਾਸਪੁਰ ਤੋਂ 11 ਮਾਰਚ ਨੂੰ ਬਟਾਲਾ ਵਿਖੇ ਪਹੁੰਚੀ। ਬਟਾਲਾ ਪਹੁੰਚਣ 'ਤੇ ਕੈਪਟਨ ਹਰਬੰਸ ਸਿੰਘ, ਕੈਪਟਨ ਸੁਰਜੀਤ ਸਿੰਘ, ਕੈਪਟਨ ਭੁਪਿੰਦਰ ਸਿੰਘ, ਸੂਬੇਦਾਰ ਬਲਵਿੰਦਰ ਸਿੰਘ, ਹੌਲਦਾਰ ਮੁਖਤਾਰ ਸਿੰਘ, ਹੌਲਦਾਰ ਬਲਵੰਤ ਸਿੰਘ, ਹੌਲਦਾਰ ਆਰਪੀ ਸਿੰਘ, ਹੌਲਦਾਰ ਸੁੱਚਾ ਸਿੰਘ, ਹੌਲਦਾਰ ਧਰਮ ਸਿੰਘ, ਹੌਲਦਾਰ ਸਤਨਾਮ ਸਿੰਘ, ਹੌਲਦਰ ਹੀਰਾ ਸਿੰਘ, ਹੌਲਦਾਰ ਦਲਬੀਰ ਸਿੰਘ ਤੇ ਬਾਕੀ ਗੁਰਦਾਸਪੁਰ ਦੇ ਸਾਬਕਾ ਸੈਨਿਕਾਂ ਨੇ ਰੈਲੀ ਨੂੰ ਬਟਾਲਾ ਪਹੁੰਚਣ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਹ ਰੈਲੀ ਗੁਰਦਾਸਪੁਰ ਏਰੀਏ ਵਿੱਚ ਹੁੰਦੀ ਹੋਈ ਬਟਾਲਾ ਤਹਿਸੀਲ ਦੀ ਨਜ਼ਦੀਕ ਨਾਨਕ ਚੱਕ ਬਾਬਾ ਸ੍ਰੀ ਚੰਦ ਜੀ ਦੀ ਜਗ੍ਹਾ 'ਤੇ ਨਤਮਸਤਕ ਹੋਈ। ਬਾਬਾ ਜੀ ਨੇ ਨਾਨਕ ਮੰਦਰ ਦਾ ਸਾਰਾ ਇਤਿਹਾਸ ਦੱਸਣ ਦੇ ਉਪਰੰਤ ਇਨ੍ਹਾਂ ਦੇ ਕੰਮ ਦੀ ਸ਼ਲਾਘਾ ਕੀਤੀ ਤੇ ਸਾਰੀ ਟੀਮ ਨੂੰ ਬਾਬਾ ਜੀ ਨੇ ਬੜੇ ਸਤਿਕਾਰ ਨਾਲ ਸਨਮਾਨਤ ਕੀਤਾ। ਉਪਰੰਤ ਬਟਾਲਾ ਵਿਖੇ ਸਾਰੇ 270 ਇੰਜੀਨੀਅਰ ਰੈਜ਼ੀਮੈਂਟ ਦੇ ਸਾਬਕਾ ਸੈਨਿਕਾਂ ਨੂੰ ਮਿਲੇ। ਉਨ੍ਹਾਂ ਦਾ ਹਾਲ-ਚਾਲ ਪੁੱਛਣ ਉਪਰੰਤ ਸਾਬਕਾ ਸੈਨਿਕ ਟੀਮ ਗੁਰਦਾਸਪੁਰ ਵੱਲੋਂ ਸਾਰੀ ਬਾਈਕ ਰੈਲੀ ਟੀਮ ਨੂੰ ਸ਼ੀਲਡਾਂ ਦੇ ਕੇ ਸਨਮਾਨਤ ਕੀਤਾ ਗਿਆ ਤੇ ਉਨ੍ਹਾਂ ਨੂੰ ਅਗਲੇ ਸਥਾਨ ਲਈ ਬਹੁਤ ਸਤਿਕਾਰ ਸਾਹਿਤ ਵਿਦਾ ਕੀਤਾ ਗਿਆ।



## ਸੋਸ਼ਲ ਮੀਡੀਆ 'ਤੇ ਪਰੋਸੀ ਜਾ ਰਹੀ ਅਸ਼ਲੀਲਤਾ ਬੱਚਿਆਂ ਲਈ ਖ਼ਤਰਨਾਕ: ਹਰਭਜਨ ਸਿੰਘ

ਨਵੀਂ ਦਿੱਲੀ, 13 ਮਾਰਚ (ਚ.ਨ.ਸ): ਸਾਬਕਾ ਭਾਰਤੀ ਕ੍ਰਿਕਟਰ ਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਨੇ ਸਦਨ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ, ਖ਼ਾਸ ਕਰਕੇ ਇੰਸਟਾਗ੍ਰਾਮ 'ਤੇ ਬੱਚਿਆਂ ਨੂੰ ਪਰੋਸੀ ਜਾ ਰਹੀ ਅਸ਼ਲੀਲ ਸਮੱਗਰੀ 'ਤੇ ਗੰਭੀਰ ਚਿੰਤਾ ਜ਼ਾਹਿਰ ਕੀਤੀ ਹੈ। ਰਾਜ ਸਭਾ ਵਿੱਚ ਇੱਕ ਚਰਚਾ ਦੌਰਾਨ ਬੋਲਦਿਆਂ ਸਿੰਘ ਨੇ ਕਿਹਾ ਕਿ ਡਿਜੀਟਲ ਪਲੇਟਫਾਰਮਾਂ ਦੀ ਦੁਰਵਰਤੋਂ ਬੱਚਿਆਂ ਦੇ ਭਵਿੱਖ ਲਈ ਵੱਡਾ ਖ਼ਤਰਾ ਬਣ ਰਹੀ ਹੈ ਤੇ ਇਸ ਨੂੰ ਰੋਕਣ ਲਈ ਤੁਰੰਤ ਸਖ਼ਤ ਕਾਨੂੰਨਾਂ ਦੀ ਲੋੜ ਹੈ। ਹਰਭਜਨ ਸਿੰਘ ਨੇ ਕਿਹਾ ਕਿ ਅੱਜ-ਕੱਲ੍ਹ ਇੰਸਟਾਗ੍ਰਾਮ ਵਰਗੀਆਂ ਐਪਸ 'ਤੇ ਅਜਿਹਾ ਕੰਟੈਂਟ ਪਾਇਆ ਜਾ ਰਿਹਾ ਹੈ ਜੋ 'ਸੌਫਟ ਪੋਰਨੋਗ੍ਰਾਫੀ' ਦੇ ਬਰਾਬਰ ਹੈ ਤੇ ਇਹ 12-13 ਸਾਲ ਦੇ ਬੱਚਿਆਂ ਦੀ ਪਹੁੰਚ ਵਿੱਚ ਸਿਰਫ਼ ਇੱਕ 'ਕਲਿੱਕ' ਦੀ ਦੂਰੀ 'ਤੇ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਜਿਹੀ ਸਮੱਗਰੀ ਨਾ ਸਿਰਫ਼ ਬੱਚਿਆਂ ਦੀ ਮਾਨਸਿਕਤਾ 'ਤੇ ਮਾੜਾ ਅਸਰ ਪਾ ਰਹੀ ਹੈ, ਸਗੋਂ ਔਰਤਾਂ ਪ੍ਰਤੀ ਉਨ੍ਹਾਂ ਦੇ ਨਜ਼ਰੀਏ ਨੂੰ ਵੀ ਵਿਗਾੜ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਔਰਤਾਂ ਨੂੰ ਸਿਰਫ਼ ਇੱਕ ਵਸਤੂ ਵਜੋਂ ਦੇਖਣ ਦੀ ਰੁਚੀ ਵੱਧ ਸਕਦੀ ਹੈ, ਜੋ ਸਮਾਜਿਕ ਨਿਘਾਰ ਦਾ ਕਾਰਨ ਬਣੇਗੀ। ਸਿੰਘ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੀਆਂ ਵੈਬਸਾਈਟਾਂ ਤੇ ਪਲੇਟਫਾਰਮਾਂ ਨੂੰ ਨਿਯਮਤ ਕਰਨ ਲਈ ਸਖ਼ਤ ਡਿਜੀਟਲ ਸੁਰੱਖਿਆ ਨਿਯਮ ਬਣਾਏ ਜਾਣ। ਉਨ੍ਹਾਂ ਮੰਗ ਕੀਤੀ ਕਿ ਅਸ਼ਲੀਲ ਸਮੱਗਰੀ ਪਰੋਸਣ ਵਾਲੀਆਂ ਵੈਬਸਾਈਟਾਂ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇ ਕਿਉਂਕਿ ਅਜਿਹਾ ਕੰਟੈਂਟ ਸਮਾਜ ਨੂੰ ਕੋਈ ਫਾਇਦਾ ਨਹੀਂ ਦਿੰਦਾ, ਸਗੋਂ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਕਰਦਾ ਹੈ।



## ਅਮਰੀਕਾ ਦੀ ਸੰਘੀ ਜਾਂਚ ਏਜੰਸੀ ਐਫ.ਬੀ.ਆਈ. ਨੇ ਈਰਾਨ ਵੱਲੋਂ ਕੈਲੀਫੋਰਨੀਆ 'ਚ ਡਰੋਨ ਹਮਲੇ ਕੀਤੇ ਜਾਣ ਦੀ ਦਿੱਤੀ ਚੇਤਾਵਨੀ

ਸਾਨਫਰਾਂਸਿਸਕੋ, 13 ਮਾਰਚ (ਚ.ਨ.ਸ): ਅਮਰੀਕਾ ਦੀ ਸੰਘੀ ਜਾਂਚ ਏਜੰਸੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਨੇ ਕੈਲੀਫੋਰਨੀਆ 'ਚ ਈਰਾਨ ਵੱਲੋਂ ਡਰੋਨ ਹਮਲੇ ਕੀਤੇ ਜਾਣ ਦੀ ਚੇਤਾਵਨੀ ਜਾਰੀ ਕੀਤੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਦੇ ਦਫ਼ਤਰ ਨੇ ਇੱਕ ਸਥਾਨਕ ਖ਼ਬਰ ਏਜੰਸੀ ਨੂੰ ਦੱਸਿਆ ਕਿ ਗਵਰਨਰ ਦਾ ਐਮਰਜੈਂਸੀ ਸੇਵਾਵਾਂ ਦਾ ਦਫ਼ਤਰ ਸਾਡੇ ਭਾਈਚਾਰਿਆਂ ਦੀ ਰੱਖਿਆ ਲਈ ਰਾਜ, ਸਥਾਨਕ ਤੇ ਸੰਘੀ ਸੁਰੱਖਿਆ ਅਧਿਕਾਰੀਆਂ ਨਾਲ ਸਰਗਰਮੀ ਨਾਲ ਲਗਾਤਾਰ ਕੰਮ ਕਰ ਰਿਹਾ ਹੈ। ਗ੍ਰਹਿ ਸੁਰੱਖਿਆ ਵਿਭਾਗ ਦੇ ਸਾਬਕਾ ਖੁਫੀਆ ਮੁਖੀ ਨੇ ਕਿਹਾ ਕਿ ਈਰਾਨ ਦੇਸ਼ ਤੋਂ ਬਾਹਰ ਸਲੀਪਰ ਸੈਲਾਂ (ਗੁਪਤ ਸਮੂਹ) ਨੂੰ ਸਰਗਰਮ ਕਰ ਸਕਦਾ ਹੈ, ਚੇਤਾਵਨੀ 'ਚ ਕਿਹਾ ਗਿਆ ਕਿ ਅਸੀਂ ਜਾਣਦੇ ਹਾਂ ਕਿ ਈਰਾਨ ਦੀ ਮੈਕਸੀਕ ਤੇ ਦੱਖਣੀ ਅਮਰੀਕਾ 'ਚ ਵਿਆਪਕ ਮੌਜੂਦਗੀ ਹੈ, ਉਨ੍ਹਾਂ ਦੇ ਸਬੰਧ ਹਨ, ਉਨ੍ਹਾਂ ਕੋਲ ਡਰੋਨ ਹਨ ਤੇ ਹੁਣ ਉਨ੍ਹਾਂ ਕੋਲ ਹਮਲੇ ਕਰਨ ਲਈ ਪ੍ਰੇਰਣਾ ਹੈ। ਐਫ.ਬੀ.ਆਈ. ਇਸ ਚੇਤਾਵਨੀ ਨੂੰ ਜਾਰੀ ਕਰਨ ਲਈ ਬਹੁਤ ਸੁਚੇਤ ਹੈ ਤਾਂ ਜੋ ਰਾਜ ਤੇ ਸਥਾਨਕ ਲੋਕ ਇਸ ਕਿਸਮ ਦੇ ਖਤਰਿਆਂ ਨੂੰ ਤਿਆਰ ਕਰਨ ਤੇ ਜਵਾਬ ਦੇਣ ਦੇ ਯੋਗ ਹੋ ਸਕਣ। ਕੈਲੀਫੋਰਨੀਆ 'ਚ ਪੁਲਿਸ ਵਿਭਾਗਾਂ/ਨੂੰ ਚੇਤਾਵਨੀ ਦਿੱਤੀ ਸੀ ਕਿ ਈਰਾਨ ਪੱਛਮੀ ਤੱਟ 'ਤੇ ਡਰੋਨ ਲਾਂਚ ਕਰਕੇ ਅਮਰੀਕੀ ਹਮਲਿਆਂ ਦਾ ਬਦਲਾ ਲੈ ਸਕਦਾ ਹੈ। ਐਫ.ਬੀ.ਆਈ. ਅਨੁਸਾਰ ਫਰਵਰੀ 2026 ਦੇ ਸ਼ੁਰੂ 'ਚ ਈਰਾਨ ਨੇ ਕਥਿਤ ਤੌਰ 'ਤੇ ਅਮਰੀਕਾ ਦੇ ਗ੍ਰਹਿ ਤੱਟ ਤੋਂ ਇੱਕ ਅਣਪਛਾਤੇ ਜਹਾਜ਼ ਰਾਹੀਂ ਮਨੁੱਖ ਰਹਿਤ ਹਵਾਈ ਵਾਹਨਾਂ ਦੀ ਵਰਤੋਂ ਕਰਕੇ ਅਚਾਨਕ ਹਮਲਾ ਕਰਨ ਦੀ ਧਮਕੀ ਦਿੱਤੀ ਸੀ, ਖਾਸ ਤੌਰ 'ਤੇ ਕੈਲੀਫੋਰਨੀਆ 'ਚ ਅਣਕਿਆਸੇ ਟੀਚਿਆਂ 'ਤੇ ਜੇਕਰ ਅਮਰੀਕਾ ਨੇ ਈਰਾਨ ਵਿਰੁੱਧ ਹਮਲੇ ਕੀਤੇ ਪਰ ਨਾਲ ਹੀ ਇਹ ਵੀ ਕਿਹਾ ਕਿ ਸਾਡੇ ਕੋਲ ਇਸ ਕਥਿਤ ਹਮਲੇ ਦੇ ਸਮੇਂ, ਢੰਗ, ਨਿਸ਼ਾਨੇ ਜਾਂ ਦੋਸ਼ੀਆਂ ਬਾਰੇ ਕੋਈ ਵਾਧੂ ਜਾਣਕਾਰੀ ਨਹੀਂ ਹੈ। ਇਹ ਚੇਤਾਵਨੀ ਉਸੇ ਸਮੇਂ ਆਈ ਜਦੋਂ ਟਰੰਪ ਪ੍ਰਸ਼ਾਸਨ ਨੇ ਇਸਲਾਮੀ ਗਣਰਾਜ ਈਰਾਨ ਵਿਰੁੱਧ ਆਪਣਾ ਹਮਲਾਵਾਰ ਰੁੱਖ ਸ਼ੁਰੂ ਕੀਤਾ ਹੋਇਆ ਹੈ। ਅਮਰੀਕੀ ਖੁਫੀਆ ਅਧਿਕਾਰੀਆਂ ਨੇ ਹਾਲ ਹੀ ਦੇ ਮਹੀਨਿਆਂ 'ਚ ਮੈਕਸੀਕਨ ਡਰੱਗ/ਕਾਰਟੈਲਾਂ ਦੁਆਰਾ ਡਰੋਨਾਂ ਦੀ ਵੱਧਦੀ ਵਰਤੋਂ ਤੇ ਮੈਕਸੀਕਨ ਸਰਹੱਦ ਦੇ ਨੇੜੇ ਅਮਰੀਕੀ ਫੌਜਾਂ ਤੇ ਕਰਮਚਾਰੀਆਂ 'ਤੇ ਹਮਲਾ ਹੋਣ ਦੀ ਚਿੰਤਾ ਪ੍ਰਗਟ ਕਰਦਿਆਂ ਸ਼ੰਕਾ ਜ਼ਾਹਿਰ ਕੀਤੀ ਹੈ ਕਿ ਅਣਪਛਾਤੇ ਮੈਕਸੀਕਨ ਕਾਰਟੇਲ ਆਗੂ ਅਮਰੀਕਾ-ਮੈਕਸੀਕੋ ਸਰਹੱਦ 'ਤੇ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੇ ਤੇ ਅਮਰੀਕੀ ਫੌਜੀ ਕਰਮਚਾਰੀਆਂ ਵਿਰੁੱਧ ਡਰੋਨ ਦੀ ਵਰਤੋਂ ਕਰਕੇ ਹਮਲਿਆਂ ਨੂੰ ਅਮਲ 'ਚ ਲਿਆ ਸਕਦੇ ਹਨ।



## ਯੂਕੇ ਤੇ ਪਾਕਿਸਤਾਨ 'ਚ 'ਕੌਰ ਤੋਂ ਖ਼ਾਨ' ਦੇ ਮਾਮਲਿਆਂ ਨੇ ਸਿੱਖਾਂ 'ਚ ਚਿੰਤਾ ਵਧਾਈ

ਫ਼ਾਜ਼ਿਲਕਾ, 13 ਮਾਰਚ (ਚ.ਨ.ਸ): ਯੂਕੇ ਤੇ ਪਾਕਿਸਤਾਨ ਵਿੱਚ ਸਿੱਖ ਕੁੜੀਆਂ ਨੂੰ ਕਥਿਤ ਤੌਰ 'ਤੇ ਤਿਆਰ ਕਰਕੇ ਜਾਂ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਉਣ ਦੇ ਮਾਮਲਿਆਂ ਨੇ ਦੁਨੀਆਂ ਭਰ ਦੇ ਸਿੱਖਾਂ ਵਿੱਚ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਗੱਲਬਾਤ ਕਰਦਿਆਂ ਸਮਾਜਸੇਵੀ ਰਮਾ ਭਾਰਤੀ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਚਰਚਿਤ ਹੋ ਰਹੀਆਂ ਵੀਡੀਓਜ਼ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਕੁੱਝ ਗਿਰੋਹ ਨੌਜਵਾਨ ਸਿੱਖ ਔਰਤਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਨੂੰ 'ਕੌਰ ਤੋਂ ਖ਼ਾਨ' ਦੇ ਨਾਮ ਨਾਲ ਜੋੜਿਆ ਜਾ ਰਿਹਾ ਹੈ। ਜਨਵਰੀ 2026 ਵਿੱਚ ਪੱਛਮੀ ਲੰਡਨ ਵਿੱਚ ਲਗਭਗ 200 ਬ੍ਰਿਟਿਸ਼ ਸਿੱਖਾਂ ਨੇ ਇੱਕ 16 ਸਾਲਾ ਲੜਕੀ ਨੂੰ ਛੁਡਾਉਣ ਲਈ ਮਾਰਚ ਕੀਤਾ। ਦਾਅਵਾ ਕੀਤਾ ਗਿਆ ਕਿ ਉਸ ਨੂੰ ਹਾਉਂਸਲੋ ਦੇ ਇੱਕ ਫ਼ਲੈਟ ਵਿੱਚ ਅਫ਼ਗਾਨ ਜਾਂ ਪਾਕਿਸਤਾਨੀ ਮੂਲ ਦੇ 34 ਸਾਲਾ ਵਿਅਕਤੀ ਵੱਲੋਂ ਬੰਦੀ ਬਣਾਇਆ ਗਿਆ ਸੀ ਤੇ ਉਸ ਦਾ 14 ਸਾਲ ਦੀ ਉਮਰ ਤੋਂ ਪਿੱਛਾ ਕੀਤਾ ਜਾ ਰਿਹਾ ਸੀ। ਇਸ ਘਟਨਾ ਦੌਰਾਨ ਹੋਏ ਟਕਰਾਅ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਫੈਲ ਗਈਆਂ। ਇਸ ਮਾਮਲੇ ਵਿੱਚ 'ਸ਼ੇਰੇ ਪੰਜਾਬ' ਦੇ ਜਸਪਾਲ ਸਿੰਘ ਨੇ ਕਿਹਾ ਕਿ ਜੇ ਪੁਲਿਸ ਸਮੇਂ 'ਤੇ ਕਾਰਵਾਈ ਕਰਦੀ ਤਾਂ ਸਿੱਖਾਂ ਨੂੰ ਸੜਕਾਂ 'ਤੇ ਨਾ ਆਉਣਾ ਪੈਂਦਾ। ਉਨ੍ਹਾਂ ਨੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਇਸੇ ਦੌਰਾਨ 'ਸਿੱਖ ਯੂਥ ਯੂਕੇ' ਵੱਲੋਂ 1997 ਤੋਂ ਲੈ ਕੇ ਹੁਣ ਤੱਕ ਦੇ ਕਥਿਤ ਗੁਰੂਸਿੰਘ ਮਾਮਲਿਆਂ ਦੀ ਜਾਂਚ ਸ਼ੁਰੂ ਕਰਨ ਦੀ ਵੀ ਗੱਲ ਕਹੀ ਗਈ ਹੈ। ਸਿੱਖ ਅਵੇਅਰਨੈਸ ਸੁਸਾਇਟੀ ਦੇ ਮੋਹਨ ਸਿੰਘ ਦਾ ਕਹਿਣਾ ਹੈ ਕਿ ਇਹ ਵੱਖ-ਵੱਖ ਘਟਨਾਵਾਂ ਨਹੀਂ ਸਗੋਂ ਕੁੱਝ ਥਾਵਾਂ 'ਤੇ ਆਪਸ ਵਿੱਚ ਜੁੜੇ ਗਿਰੋਹਾਂ ਦੀ ਕਾਰਗੁਜ਼ਾਰੀ ਹੋ ਸਕਦੀ ਹੈ, ਜੋ ਲਵ ਬੰਬਿੰਗ ਤੇ ਦਬਾਅ ਰਾਹੀਂ ਨੌਜਵਾਨ ਕੁੜੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਦੂਜੇ ਪਾਸੇ ਪਾਕਿਸਤਾਨ ਵਿੱਚ ਵੀ ਘੱਟ ਗਿਣਤੀ ਭਾਈਚਾਰਿਆਂ ਦੀਆਂ ਕੁੜੀਆਂ ਦੇ ਕਥਿਤ ਜ਼ਬਰਦਸਤੀ ਧਰਮ ਪਰਿਵਰਤਨ ਦੇ ਮਾਮਲੇ ਸਮੇਂ-ਸਮੇਂ 'ਤੇ ਸਾਹਮਣੇ ਆਉਂਦੇ ਰਹੇ ਹਨ। 2019 ਵਿੱਚ ਨਨਕਾਣਾ ਸਾਹਿਬ ਦੀ ਜਗਜੀਤ ਕੌਰ ਦੇ ਮਾਮਲੇ ਨੇ ਵੀ ਵੱਡੀ ਚਰਚਾ ਛੇੜੀ ਸੀ, ਜਿਸ ਵਿੱਚ ਪਰਿਵਾਰ ਨੇ ਅਗਵਾ ਤੇ ਜ਼ਬਰਦਸਤੀ ਧਰਮ ਪਰਿਵਰਤਨ ਦੇ ਦੋਸ਼ ਲਗਾਏ ਸਨ। ਸਿੱਖ ਸੰਗਠਨਾਂ ਨੇ ਹੁਣ ਵਿਸ਼ਵ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਚਲਾਉਣ, ਮਾਪਿਆਂ ਨੂੰ ਸੁਚੇਤ ਕਰਨ ਤੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ 'ਤੇ ਜ਼ੋਰ ਦਿੱਤਾ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਮਾਮਲਿਆਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਤੇ ਸਮਾਜਿਕ ਜਾਗਰੂਕਤਾ ਦੋਵੇਂ ਲਾਜ਼ਮੀ ਹਨ।

## ਹਰਿਆਣਾ ਕਮੇਟੀ ਦੇ ਮੁੱਖ ਦਫ਼ਤਰ ਦਾ ਰਖਿਆ ਨੀਂਹ ਪੱਥਰ

ਕਰਨਾਲ (ਕੁਰੂਕਸ਼ੇਤਰ), 13 ਮਾਰਚ (ਚ.ਨ.ਸ): ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦਾ ਮੁੱਖ ਦਫ਼ਤਰ ਹੁਣ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਵਿੱਚ ਤਿਆਰ ਹੋਵੇਗਾ। ਜਿਸਦਾ ਨੀਂਹ ਪੱਥਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ, ਬਾਬਾ ਬਚਨ ਸਿੰਘ, ਬਾਬਾ ਜੋਗਾ ਸਿੰਘ, ਬਾਬਾ ਮਹਿੰਦਰ ਸਿੰਘ ਤੇ ਸੰਸਥਾ ਦੇ ਮੁੱਖ ਸਕੱਤਰ ਅੰਗਰੇਜ਼ ਸਿੰਘ ਰਾਣੀਆਂ, ਸੰਯੁਕਤ ਸਕੱਤਰ ਬਲਵਿੰਦਰ ਸਿੰਘ ਭਿੰਡਰ, ਕਾਰਜਕਾਰਨੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਨਿਮਨਾਬਾਦ, ਕੁਲਦੀਪ ਸਿੰਘ ਮੁਲਤਾਨੀ, ਪਲਵਿੰਦਰ ਸਿੰਘ, ਮੈਂਬਰ ਇੰਦਰਜੀਤ ਸਿੰਘ, ਗੁਰਨਾਮ ਸਿੰਘ ਲਾਡੀ ਡਬਰੀ, ਕੁਲਦੀਪ ਸਿੰਘ ਫੱਗੂ ਤੇ ਬਲਵਿੰਦਰ ਸਿੰਘ ਖ਼ਾਲਸਾ ਨੇ ਟੱਕ ਲਗਾ ਕੇ ਇਮਾਰਤ ਦਾ ਉਦਘਾਟਨ ਕੀਤਾ। ਇਸ ਤੋਂ ਪਹਿਲਾਂ ਸਭ ਨੇ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ। ਅਰਦਾਸ ਤੋਂ ਪਹਿਲਾਂ ਸਭ ਨੇ ਸੰਗਤ ਦੇ ਨਾਲ ਮਿਲ ਕੇ ਸ਼ਬਦ ਕੀਰਤਨ ਦਾ ਵਣ ਕੀਤਾ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੁੱਖ ਦਫ਼ਤਰ ਜਥੇਦਾਰ ਕਰਤਾਰ ਸਿੰਘ ਜੱਬਰ ਭਵਨ ਦਾ ਉਦਘਾਟਨ ਕਰਨ ਤੋਂ ਬਾਅਦ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਦੇ ਵਿਹੜੇ ਵਿੱਚ ਸੰਸਥਾ ਦਾ ਮੁੱਖ ਦਫ਼ਤਰ ਬਣਨਾ ਬਹੁਤ ਹੀ ਸੋਭਾਗ ਵਾਲੀ ਗੱਲ ਹੈ। ਇਸੇ ਅਸਥਾਨ ਤੋਂ ਗੁਰੂ ਸਾਹਿਬ ਨੇ ਲੋਕਾਂ ਨੂੰ ਅੰਧ ਵਿਸ਼ਵਾਸ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਹਰਿਆਣਾ ਕਮੇਟੀ ਦਾ ਮੁੱਖ ਦਫ਼ਤਰ ਆਧੁਨਿਕ ਸੁਵਿਧਾਵਾਂ ਨਾਲ ਲੈਸ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਹਰਿਆਣਾ ਕਮੇਟੀ ਦਾ ਮੁੱਖ ਦਫ਼ਤਰ ਹੋਰ ਸੰਸੰਥਾਵਾਂ ਦੇ ਦਫ਼ਤਰਾਂ ਤੋਂ ਵੱਖਰਾ ਹੋਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਦਫ਼ਤਰ ਦੀ ਇਮਾਰਤ 'ਤੇ ਕਰੋੜਾਂ ਰੁਪਏ ਖਰਚ ਹੋਣਗੇ ਤੇ ਇੱਥੇ ਹਰ ਤਰ੍ਹਾਂ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ। ਜਥੇਦਾਰ ਝੀਂਡਾ ਨੇ ਦੱਸਿਆ ਕਿ ਉਨ੍ਹਾਂ ਕਾਰ ਸੇਵਾ ਵਾਲੇ ਸੰਤ ਮਹਾਂਪੁਰਖਾਂ ਨੂੰ ਅਪੀਲ ਕੀਤੀ ਹੈ ਕਿ ਇਹ ਮੁੱਖ ਦਫ਼ਤਰ 6 ਮਹੀਨੇ ਵਿੱਚ ਤਿਆਰ ਕੀਤਾ ਜਾਵੇ। ਇਸ ਦੌਰਾਨ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਐਡੀਸ਼ਨਲ ਸਕੱਤਰ ਪੀ.ਏ. ਸਤਪਾਲ ਸਿੰਘ ਡਾਚਰ, ਧਰਮ ਪ੍ਰਚਾਰ ਦੇ ਉਪ ਸਕੱਤਰ ਅਮਰਿੰਦਰ ਸਿੰਘ, ਧਰਮ ਪ੍ਰਚਾਰ ਇੰਚਾਰਜ ਪ੍ਰਗਟ ਸਿੰਘ, ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਦੇ ਮੈਨੇਜਰ ਹਰਮੀਤ ਸਿੰਘ, ਯਾਤਰਾ ਤੇ ਆਈ.ਟੀ. ਵਿੰਗ ਦੇ ਪ੍ਰਭਾਰੀ ਹਰਕੀਰਤ ਸਿੰਘ ਸਮੇਤ ਸੰਗਤ ਮੌਜੂਦ ਰਹੀ।



## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਰਕਾਰੀ ਗਊਸ਼ਾਲਾ ਪਿੰਡ ਸਲੇਮਸ਼ਾਹ ਦਾ ਅਚਨਚੇਤ ਦੌਰਾ



ਫ਼ਾਜ਼ਿਲਕਾ, 13 ਮਾਰਚ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿ) ਜਗਵਿੰਦਰਜੀਤ ਸਿੰਘ ਗਰੇਵਾਲ ਵੱਲੋਂ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨੂੰ ਨਾਲ ਲੈ ਫਾਜ਼ਿਲਕਾ ਦੇ ਪਿੰਡ ਸਲੇਮਸ਼ਾਹ ਵਿਖੇ ਚੱਲ ਰਹੀ ਜ਼ਿਲ੍ਹਾ ਐਨੀਮਲ ਵੈਲਫੇਅਰ ਸੁਸਾਇਟੀ (ਕੈਡਲ ਪੌਂਡ) ਗਊਸ਼ਾਲਾ ਦਾ ਅਚਨਚੇਤ ਦੌਰਾ ਕੀਤਾ ਗਿਆ। ਉਨ੍ਹਾਂ ਗਊਸ਼ਾਲਾ ਵਿਖੇ ਗਊਆਂ ਦੀ ਦੇਖਭਾਲ ਤੇ ਖਾਣ ਪੀਣ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਪ੍ਰਬੰਧਾਂ ਨੂੰ ਹੋਰ ਬਿਹਤਰ ਕਰਨ ਲਈ ਅਧਿਕਾਰੀਆਂ ਤੇ ਗਊਸ਼ਾਲਾ ਦੇ ਕਰਮਚਾਰੀਆਂ ਨੂੰ ਹਦਾਇਤ ਕੀਤੀ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਧਿਕਾਰੀਆਂ ਤੇ ਗਊਸ਼ਾਲਾਂ ਦੇ ਕਰਮਚਾਰੀਆਂ ਨੂੰ ਗਊਆਂ ਦੀ ਦੇਖਭਾਲ ਲਈ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕਰ ਲਏ ਜਾਣ ਤੇ ਗਊਆਂ ਦਾ ਖਾਸ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਗਊਸ਼ਾਲਾ ਵਿੱਚ ਹੋਣ ਵਾਲੇ ਵਿਕਾਸ ਕਾਰਜ ਜਲਦ ਤੋਂ ਜਲਦ ਨੇਪਰੇ ਚਾੜ੍ਹੇ ਜਾਣ। ਉਨ੍ਹਾਂ ਕਿਹਾ ਕਿ ਗਊਵੰਸ਼ ਦੇ ਰੱਖ-ਰਖਾਵ ਵਿੱਚ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਗਊਸ਼ਾਲਾ ਵਿਖੇ ਹਰੇ ਚਾਰੇ ਦੀ ਬਿਜਾਈ ਕਰਵਾਈ ਜਾਵੇ ਤੇ ਮੁਕੰਮਲ ਸੁਪਰਵੀਜ਼ਨ ਕੀਤੀ ਜਾਵੇ। ਉਨ੍ਹਾਂ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਊ ਵੰਸ਼ ਦਾ ਰੋਜ਼ਾਨਾ ਪੱਧਰ 'ਤੇ ਚੈਕਅੱਪ ਕੀਤਾ ਜਾਵੇ ਤਾਂ ਜੋ ਗਊਵੰਸ਼ ਨੂੰ ਸਿਹਤ ਪੱਖੋਂ ਪ੍ਰੇਸ਼ਾਨੀ ਨਾ ਆਵੇ। ਇਸ ਦੌਰਾਨ ਉਨ੍ਹਾਂ ਸਰਕਾਰੀ ਕੈਟਲ ਪੌਂਡ (ਗਊਸ਼ਾਲਾ) ਵਿੱਚ ਚੱਲ ਰਹੇ ਬਾਇਓ ਗੈਸ ਪਲਾਂਟ ਦਾ ਵੀ ਦੌਰਾ ਕੀਤਾ ਤੇ ਇਸ ਬਾਰੇ ਮੁਕੰਮਲ ਜਾਣਕਾਰੀ ਹਾਸਲ ਕੀਤੀ ਤੇ ਸੰਬਧਤ ਅਧਿਕਾਰੀਆਂ ਨੂੰ ਕਿਹਾ ਕਿ ਇਸਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ। ਉਨ੍ਹਾਂ ਨਰੇਗਾ ਦੇ ਅਧਿਕਾਰੀਆਂ ਨੂੰ ਵੀ ਕਿਹਾ ਕਿ ਲੋੜੀਂਦੀ ਮਾਤਰਾ ਵਿੱਚ ਗਊਸ਼ਾਲਾ ਵਿਖੇ ਲੇਬਰ ਮੁਹੱਈਆ ਕਰਵਾਈ ਜਾਵੇ। ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਹਰਪ੍ਰੀਤ ਪਾਲ ਕੌਰ, ਡੀਡੀਪੀਓ ਹਰਜਿੰਦਰ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਮਨਦੀਪ ਸਿੰਘ, ਸਹਾਇਕ ਡਾਇਰੈਕਟਰ ਰਾਜੇਸ਼ ਜਜੋਰੀਆ, ਪੇਡਾ ਮੈਨੇਜਰ ਵਿਸ਼ਵਾਸ ਸਿੰਘ, ਪੂਨਮ, ਵਿਪਨ ਕਟਾਰੀਆ, ਸੰਦੀਪ, ਇੰਚਾਰਜ ਗਊਸ਼ਾਲਾ ਸੋਨੂੰ ਕੁਮਾਰ ਮੌਜੂਦ ਸਨ।

## ਦੇਸ਼ ਭਗਤ ਯੂਨੀਵਰਸਿਟੀ ਦੇ ਐਨਸੀਸੀ ਕੈਡਿਟਾਂ ਨੇ ਫਰੈਸ਼ਰਜ਼-ਕਮ-ਫੇਅਰਵੈਲ ਪ੍ਰੋਗਰਾਮ ਕਰਵਾਇਆ



ਮੰਡੀ ਗੋਬਿੰਦਗੜ੍ਹ, 13 ਮਾਰਚ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਐਨਸੀਸੀ ਕੈਡਿਟਾਂ ਨੇ ਆਪਣੇ ਜੂਨੀਅਰਾਂ ਦਾ ਸਵਾਗਤ ਕਰਨ ਤੇ ਸੀਨੀਅਰਾਂ ਨੂੰ ਭਾਵੁਕ ਵਿਦਾਇਗੀ ਦੇਣ ਲਈ ਫਰੈਸ਼ਰਜ਼-ਕਮ-ਫੇਅਰਵੈਲ ਪ੍ਰੋਗਰਾਮ ਕਰਵਾਇਆ। ਇਸ ਦਾ ਉਦਘਾਟਨ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਮੁੱਖ-ਮਹਿਮਾਨ ਵਜੋਂ ਕੀਤਾ। ਉਨ੍ਹਾਂ ਕੈਡਿਟਾਂ ਨੂੰ ਅਨੁਸ਼ਾਸਨ, ਅਗਵਾਈ ਤੇ ਰਾਸ਼ਟਰੀ ਸੇਵਾ ਦੀ ਮਜ਼ਬੂਤ ਭਾਵਨਾ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕੈਡਿਟਾਂ ਦੇ ਉਤਸ਼ਾਹ ਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਐਨਸੀਸੀ ਜ਼ਿੰਮੇਵਾਰ, ਆਤਮਵਿਸ਼ਵਾਸੀ ਤੇ ਸਮਾਜਿਕ ਤੌਰ 'ਤੇ ਜਾਗਰੂਕ ਨੌਜਵਾਨ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਮੌਕੇ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ, ਪ੍ਰੇਰਨਾਦਾਇਕ ਗੱਲਬਾਤਾਂ ਤੇ ਵਿਦਾ ਲੈ ਰਹੇ ਕੈਡਿਟਾਂ ਦਾ ਸਨਮਾਨ ਖ਼ਾਸ ਪਲ ਸੀ। ਸਮਾਗਮ ਨੇ ਜੂਨੀਅਰ ਤੇ ਸੀਨੀਅਰਾਂ ਨੂੰ ਆਪਸੀ ਸੰਵਾਦ ਤੇ ਆਪਣੇ ਸਫ਼ਰ ਤੇ ਉਪਲਬਧੀਆਂ ਦਾ ਜਸ਼ਨ ਮਨਾਉਣ ਦਾ ਮੌਕਾ ਦਿੱਤਾ।

## ਅੱਜ ਦੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਇਤਿਹਾਸ ਰਚੇਗੀ: ਡਾ. ਸੀਮਾਂਤ ਗਰਗ

ਮੋਗਾ, 13 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖਰਾਣਾ): ਮੋਗਾ ਦੇ ਪਿੰਡ ਕਿਲੀ ਚਾਹਲ ਵਿੱਚ 14 ਤਰੀਕ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਇੱਕ ਇਤਿਹਾਸ ਰਚੇਗੀ, ਕਿਉਂਕਿ ਉਮੀਦ ਤੋਂ ਵੱਧ ਇਸ ਰੈਲੀ ਦੇ ਵਿੱਚ ਲੋਕਾਂ ਦਾ ਇਕੱਠ ਹੋਵੇਗਾ ਤੇ ਇਸ ਰੈਲੀ ਵਿੱਚ ਭਾਜਪਾ ਦੀ ਸਾਰੀ ਲੀਡਰਸ਼ਿਪ ਆਵੇਗੀ, ਭਾਜਪਾ ਦੇ ਵਰਕਰ ਇਸ ਰੈਲੀ ਨੂੰ ਲੈ ਕੇ ਬਹੁਤ ਜ਼ਿਆਦਾ ਉਤਸ਼ਾਹਿਤ ਹਨ। ਇਹ ਰੈਲੀ ਸੌ ਏਕੜ ਤੋਂ ਵੱਧ ਦੇ ਵਿੱਚ ਹੋਵੇਗੀ, ਇਸ ਰੈਲੀ ਵਿੱਚ 50 ਹਜ਼ਾਰ ਕੁਰਸੀ ਲਗਾਈ ਜਾ ਰਹੀ ਹੈ ਤੇ ਟੈਂਟ ਵੀ ਵਾਟਰ ਪਰੂਫ ਲਗਾਇਆ ਜਾ ਰਿਹਾ ਹੈ, ਮੋਗੇ ਤੋਂ ਲੈ ਕੇ ਕਿਲੀ ਚਾਹਲ ਤੱਕ ਸਾਰਾ ਭਾਜਪਾ ਦੇ ਝੰਡਿਆਂ ਦੇ ਨਾਲ ਭਰਿਆ ਗਿਆ ਹੈ ਤੇ ਥਾਂ-ਥਾਂ 'ਤੇ ਵਰਕਰਾਂ ਦੇ ਬੋਰਡ ਲਗਾਏ ਗਏ ਹਨ, ਲੀਡਰਸ਼ਿਪ ਤੋਂ ਲੈ ਕੇ ਹਰ ਵਰਕਰ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਵਿਚਾਰ ਸੁਣਨ ਲਈ ਉਤਸ਼ਾਹਿਤ ਹੈ। ਪ੍ਰਸ਼ਾਸਨ ਵੱਲੋਂ ਇਸ ਰੈਲੀ ਦੇ ਪੂਰੇ ਇੰਤਜ਼ਾਮ ਕੀਤੇ ਗਏ ਹਨ, ਪਾਰਕਿੰਗ ਲਈ ਕਈ ਏਕੜ ਜਗ੍ਹਾ ਛੱਡੀ ਗਈ ਹੈ, ਵੀਆਈਪੀ ਪਾਰਕਿੰਗ ਲਈ ਅਲੱਗ ਜਗ੍ਹਾ ਬਣਾਈ ਗਈ ਹੈ, ਮੈਂ ਡਾ. ਸਿਮਾਂਤ ਗਰਗ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਇਸ ਰੈਲੀ ਦੇ ਵਿੱਚ ਹੁੰਮ-ਹੁਮਾ ਕੇ ਪਹੁੰਚੋ ਤੇ ਇਸ ਰੈਲੀ ਨੂੰ ਕਾਮਯਾਬ ਬਣਾਓ ਤੇ ਆਉਣ ਵਾਲੇ ਟਾਈਮ ਦੇ ਵਿੱਚ ਭਾਜਪਾ ਦੀ ਸਰਕਾਰ ਲਿਆਈਏ ਤਾਂ ਕਿ ਪੰਜਾਬ ਤਰੱਕੀ ਦੇ ਰਾਹ ਦੇ ਉਤੇ ਚੱਲ ਸਕੇ ਤੇ ਪੰਜਾਬ ਨੂੰ ਖੁਸ਼ਹਾਲ ਸਿਰਫ ਭਾਜਪਾ ਸਰਕਾਰ ਹੀ ਕਰ ਸਕਦੀ ਹੈ ਕਿਉਂਕਿ ਪੰਜਾਬ ਦੇ ਲੋਕ ਹੁਣ ਪੰਜਾਬ ਦੇ ਵਿੱਚ ਬਦਲਾਵ ਭਾਲਦੇ ਹਨ। ਇਸ ਲਈ ਇਹ ਰੈਲੀ ਦਾ ਨਾਮ ਵੀ ਬਦਲਾਅ ਰੈਲੀ ਰੱਖਿਆ ਹੈ। ਇਸ ਰੈਲੀ ਦੇ ਵਿੱਚ ਪਹੁੰਚਣ ਲਈ ਪ੍ਰਸ਼ਾਸਨ ਵੱਲੋਂ ਰੂਟ ਮੈਪ ਤਿਆਰ ਕੀਤਾ ਗਿਆ ਹੈ ਤਾਂ ਕਿ ਕਿਸੇ ਨੂੰ ਪਹੁੰਚਣ ਵਿੱਚ ਦਿੱਕਤ ਨਾ ਆਵੇ।



## ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਤਹਿਤ ਐਸ.ਡੀ.ਐਮ. ਦੀ ਅਗਵਾਈ ਹੇਠ ਅਬੋਹਰ ਦੇ ਵਪਾਰੀਆਂ ਨਾਲ ਮੀਟਿੰਗ

ਅਬੋਹਰ/ਫਾਜ਼ਿਲਕਾ, 13 ਮਾਰਚ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਬਣਾਈ ਗਈ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਤਹਿਤ ਜ਼ਿਲ੍ਹਾ ਫਾਜ਼ਿਲਕਾ ਦੇ ਸ਼ਹਿਰ ਅਬੋਹਰ ਵਿੱਚ ਵਪਾਰੀਆਂ ਨਾਲ ਇੱਕ ਮੀਟਿੰਗ ਆਯੋਜਿਤ ਕੀਤੀ ਗਈ। ਇਹ ਮੀਟਿੰਗ ਐਸ.ਡੀ.ਐਮ. ਅਬੋਹਰ ਰਵਿੰਦਰ ਸਿੰਘ ਅਰੋੜਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਵਪਾਰੀ ਸੰਘ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ। ਮੀਟਿੰਗ ਵਿੱਚ ਪੁਲਿਸ ਵਿਭਾਗ, ਆਬਕਾਰੀ ਤੇ ਕਰ ਵਿਭਾਗ ਸਮੇਤ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਰਹੇ। ਮੀਟਿੰਗ ਦੌਰਾਨ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਕਮਿਸ਼ਨ ਰਾਜ ਪੱਧਰ, ਜ਼ਿਲ੍ਹਾ ਪੱਧਰ ਤੇ ਵਿਧਾਨ ਸਭਾ ਪੱਧਰ 'ਤੇ ਕੰਮ ਕਰ ਰਿਹਾ ਹੈ ਤੇ ਸਥਾਨਕ ਪੱਧਰ ਦੀਆਂ ਸਮੱਸਿਆਵਾਂ ਦੇ ਤੁਰੰਤ ਨਿਵਾਰਣ ਲਈ ਵਪਾਰੀਆਂ ਦੇ ਪ੍ਰਤੀਨਿਧੀਆਂ ਨੂੰ ਵੀ ਕਮੇਟੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਵਪਾਰੀਆਂ ਵੱਲੋਂ ਮਾਰਕੀਟ ਵਿੱਚ ਪੁਲਿਸ ਸੁਰੱਖਿਆ ਪ੍ਰਬੰਧ, ਬਾਥਰੂਮ ਦਾ ਪ੍ਰਬੰਧ, ਕਾਰ ਪਾਰਕਿੰਗ, ਬਿਜਲੀ ਦੀਆਂ ਤਾਰਾਂ ਤੇ ਮੈਡੀਕਲ ਐਮਰਜੈਂਸੀ ਸਹੂਲਤਾਂ ਵਰਗੀਆਂ ਮੁੱਖ ਸਮੱਸਿਆਵਾਂ ਉਠਾਈਆਂ ਗਈਆਂ। ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਵੱਲੋਂ ਸ਼ਾਮ ਦੇ ਸਮੇਂ ਮਾਰਕੀਟ ਇਲਾਕੇ ਵਿੱਚ ਪੁਲਿਸ ਗਸ਼ਤ ਵਧਾਉਣ ਦੀ ਮੰਗ ਕੀਤੀ ਗਈ, ਜਿਸ 'ਤੇ ਪੁਲਿਸ ਅਧਿਕਾਰੀਆਂ ਨੇ ਯੋਗ ਕਾਰਵਾਈ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਮੈਡੀਕਲ ਐਮਰਜੈਂਸੀ ਸਹੂਲਤ ਤੇ ਹੋਰ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵੀ ਜਲਦੀ ਕਦਮ ਚੁੱਕਣ ਦੀ ਗੱਲ ਕਹੀ ਗਈ। ਮੀਟਿੰਗ ਦੌਰਾਨ ਅਧਿਕਾਰੀਆਂ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਗਈਆਂ ਤੇ ਭਰੋਸਾ ਦਿਵਾਇਆ ਗਿਆ ਕਿ ਉਠਾਏ ਗਏ ਸਾਰੇ ਜਾਇਜ਼ ਮਸਲਿਆਂ ਦਾ ਸਬੰਧਤ ਵਿਭਾਗਾਂ ਨਾਲ ਸਹਿਯੋਗ ਕਰਕੇ ਜਲਦੀ ਹੱਲ ਕੀਤਾ ਜਾਵੇਗਾ।ਹਲਕਾ ਇੰਚਾਰਜ ਅਰੁਣ ਨਾਰੰਗ ਨੇ ਦੱਸਿਆ ਕਿ ਸਰਕਾਰ ਵਪਾਰੀਆਂ ਤੇ ਦੁਕਾਨਦਾਰਾਂ ਦੇ ਮੁੱਦਿਆਂ ਨੂੰ ਤਰਜੀਹੀ ਤੌਰ 'ਤੇ ਸੁਲਝਾਉਣ ਲਈ ਵਚਨਬੱਧ ਹੈ। ਇਹ ਨਿਵੇਕਲੀ ਪਹਿਲ ਹੈ, ਜਿਸ ਵਿੱਚ ਸਰਕਾਰ ਖੁਦ ਲੋਕਾਂ ਦੇ ਵਿਚਕਾਰ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਰਹੀ ਹੈ ਕੇ ਤੇ ਹੱਲ ਵੀ ਕਰ ਰਹੀ ਹੈ।




## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਹੋਲੇ-ਮਹੱਲੇ ਨੂੰ ਸਮਰਪਿਤ 'ਸੰਵਾਦ-2' ਦੀ ਸ਼ੁਰੂਆਤ

ਸ੍ਰੀ ਫਤਹਿਗੜ੍ਹ ਸਾਹਿਬ, 13 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਿਰਾਸਤੀ ਗਿਆਨ ਪ੍ਰਬੰਧ ਕੇਂਦਰ ਵੱਲੋਂ ਹੋਲੇ-ਮਹੱਲੇ ਨੂੰ ਸਮਰਪਿਤ ਦੂਜੇ ਦੋ ਰੋਜ਼ਾ ਕੌਮੀ ਅੰਤਰ-ਅਨੁਸ਼ਾਸਨੀ ਸੰਵਾਦ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਸਿੱਖ ਧਰਮ ਤੇ ਸੱਭਿਆਚਾਰ ਦੀਆਂ ਪਰੰਪਰਾਵਾਂ ਨੂੰ ਅਕਾਦਮਿਕ ਵਿਚਾਰ, ਸਾਹਿਤਕ ਸੰਵੇਦਨਾ ਤੇ ਕਲਾਤਮਕ ਪ੍ਰਗਟਾਵੇ ਰਾਹੀਂ ਪੇਸ਼ ਕਰਨਾ ਹੈ। ਉਨ੍ਹਾਂ ਕਿਹਾ ਕਿ ਹੋਲਾ-ਮਹੱਲਾ ਸਿੱਖ ਇਤਿਹਾਸ ਤੇ ਵਿਰਾਸਤ ਦਾ ਇੱਕ ਮਹੱਤਵਪੂਰਨ ਪੁਰਬ ਹੈ, ਜੋ ਚੜ੍ਹਦੀਕਲਾ, ਅਨੁਸ਼ਾਸਨ, ਸੇਵਾ ਤੇ ਸਾਂਝੀ ਜੀਵਨ ਦ੍ਰਿਸ਼ਟੀ ਦਾ ਪ੍ਰਤੀਕ ਹੈ।ਸਮਾਗਮ ਬਾਰੇ ਵਧੀਕ ਜਾਣਕਾਰੀ ਦਿੰਦਿਆਂ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਦੱਸਿਆ ਕਿ ਇਸ ਅੰਤਰ-ਅਨੁਸ਼ਾਸਨੀ ਸੰਵਾਦ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਵਿਦਵਾਨ, ਲੇਖਕ, ਕਵੀ ਤੇ ਕਲਮਕਾਰ ਸ਼ਾਮਲ ਹੋਣਗੇ, ਜੋ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਹੋਲੇ-ਮਹੱਲੇ ਦੀ ਮਹੱਤਤਾ ਨੂੰ ਉਜਾਗਰ ਕਰਨਗੇ।ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਈਆਂ ਬੀਬੀ ਹਰਜਿੰਦਰ ਕੌਰ, ਐਗਜ਼ੀਕਿਊਟਿਵ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯੂਨੀਵਰਸਿਟੀ ਦੇ ਇਸ ਉਪਰਾਲੇ ਨੂੰ ਸਾਰਥਿਕ ਦੱਸਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਅਕਾਦਮਿਕ ਮਾਧਿਅਮ ਰਾਹੀਂ ਆਪਣੇ ਧਰਮ ਤੇ ਵਿਰਸੇ ਨਾਲ ਜੋੜਨਾ ਸ਼ਲਾਘਾਯੋਗ ਕਦਮ ਹੈ।ਸਮਾਗਮ ਦੇ ਉਦਘਾਟਨੀ ਵਕਤਾ ਪ੍ਰੋ. (ਡਾ.) ਹਰਭਜਨ ਸਿੰਘ, ਸਾਬਕਾ ਡਾਇਰੈਕਟਰ, ਡਾ. ਬਲਵੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਨੇ ਕਿਹਾ ਕਿ ਹੋਲਾ-ਮਹੱਲਾ ਨਾ ਸਿਰਫ ਰੂਹਾਨੀ ਸਗੋਂ ਲੌਕਿਕ ਪੱਖੋਂ ਵੀ ਸਿੱਖੀ ਨੂੰ ਵਿਸ਼ਵ ਧਰਮ ਵਿੱਚ ਇੱਕ ਵਿਲੱਖਣ ਪਛਾਣ ਦਿਵਾਉਂਦਾ ਹੈ।



## 'ਭਾਰਤੀ ਸੈਨਾ 'ਚ ਰੁਜ਼ਗਾਰ ਦੇ ਅਵਸਰ' ਵਿਸ਼ੇ 'ਤੇ ਸੈਮੀਨਾਰ

ਫਿਰੋਜ਼ਪੁਰ, 13 ਮਾਰਚ (ਤਿਵਾੜੀ): ਅੱਜ ਸਥਾਨਕ ਆਰਐਸਡੀ ਕਾਲਜ ਫਿਰੋਜ਼ਪੁਰ ਵਿਖੇ 13 ਪੰਜਾਬ ਐਨ.ਸੀ.ਸੀ. ਬਟਾਲੀਅਨ ਫਿਰੋਜ਼ਪੁਰ ਦੇ ਯੂਨਿਟ ਵੱਲੋਂ ਐਨ.ਸੀ.ਸੀ. ਕੈਡਿਟਸ ਤੇ ਵਿਦਿਆਰਥੀਆਂ ਦੇ ਲਈ 'ਭਾਰਤੀ ਸੈਨਾ ਵਿੱਚ ਰੁਜ਼ਗਾਰ ਦੇ ਅਵਸਰ' ਵਿਸ਼ੇ ਦੇ ਉਪਰ ਇੱਕ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿੱਚ ਕਰਨਲ ਸੀ.ਐਸ. ਸ਼ਰਮਾ (ਸ਼ੌਰੀਆ ਚੱਕਰ), ਕਮਾਂਡਿੰਗ ਅਫਸਰ 13 ਪੰਜਾਬ ਐਨ.ਸੀ.ਸੀ. ਬਟਾਲੀਅਨ, ਫਿਰੋਜ਼ਪੁਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਰਨਲ ਸੰਦੀਪ ਕੁਮਾਰ, ਡਾਇਰੈਕਟਰ ਸੈਨਾ ਭਰਤੀ ਦਫਤਰ (ਏ.ਆਰ.ਓ.) ਫਿਰੋਜ਼ਪੁਰ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਕਰਨਲ ਸੰਦੀਪ ਨੇ ਭਾਰਤੀ ਸੈਨਾ ਵਿੱਚ ਵਿਦਿਆਰਥੀਆਂ ਲਈ ਵੱਖ-ਵੱਖ ਪੱਧਰ 'ਤੇ ਰੁਜ਼ਗਾਰ ਸਬੰਧੀ, ਭਰਤੀ ਪ੍ਰਕਿਰਿਆ ਸਬੰਧੀ ਤੇ ਸੈਨਾ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਕਰਨਲ ਸੀ.ਐਸ. ਸ਼ਰਮਾ ਨੇ ਵਿਦਿਆਰਥੀ ਜੀਵਨ ਵਿੱਚ ਐਨ.ਸੀ.ਸੀ. ਦੀ ਅਹਿਮੀਅਤ ਤੇ ਭਵਿੱਖ ਵਿੱਚ ਇਸ ਤੋਂ ਹੋਣ ਵਾਲੇ ਲਾਭ ਬਾਰੇ ਵਿਦਿਆਰਥੀਆਂ ਨੂੰ ਗਿਆਨ ਭਰਪੂਰ ਜਾਣਕਾਰੀ ਦਿੱਤੀ। ਕਾਲਜ ਪ੍ਰਿੰਸੀਪਲ ਡਾ. ਅਰਾਧਨਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਆਰ.ਐਸ.ਡੀ. ਕਾਲਜ ਦੇ ਮਾਣਮੱਤੇ ਇਤਿਹਾਸ ਤੋਂ ਜਾਣੂੰ ਕਰਵਾਇਆ। ਇਸ ਮੌਕੇ 'ਤੇ ਸੂਬੇਦਾਰ ਮੇਜਰ ਨਰਿੰਦਰ ਸਿੰਘ, ਸੂਬੇਦਾਰ ਮੇਜਰ, ਧਰਮਿੰਦਰ ਸਿੰਘ ਰਾਵਤ, ਡਾ. ਸੰਤੋਸ਼ ਸੇਠੀ, ਡਾ. ਮਨਜੀਤ ਕੌਰ, ਡਾ. ਨਰਿੰਦਰਜੀਤ ਕੌਰ, ਡਾ. ਅਮਨਦੀਪ ਕੌਰ, ਡਾ. ਰਿਚਾ ਆਦਿ ਨੇ ਵੀ ਸ਼ਮੂਲੀਅਤ ਕੀਤੀ। ਕਾਲਜ ਐਨ.ਸੀ.ਸੀ. ਯੂਨਿਟ ਦੇ ਏ.ਐਨ.ਓ. ਲੈਫਟੀਨੈਂਟ (ਡਾ.) ਆਜ਼ਾਦਵਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਬਾਰੇ ਕਾਲਜ ਦੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਤੇ ਉਨ੍ਹਾਂ ਦੇ ਭਾਰਤੀ ਸੈਨਾ ਦੇ ਵਿੱਚ ਵਡਮੁੱਲੇ ਯੋਗਦਾਨ ਬਾਰੇ ਵੀ ਵਿਦਿਆਰਥੀਆਂ ਨੂੰ ਦੱਸਿਆ। ਐਨ.ਸੀ.ਸੀ. ਯੂਨਿਟ ਦੇ ਇਸ ਉਪਰਾਲੇ ਨਾਲ ਨੌਜਵਾਨ ਵਿਦਿਆਰਥੀਆਂ ਵਿੱਚ ਭਾਰਤੀ ਸੈਨਾ ਪ੍ਰਤੀ ਮਾਣ ਤੇ ਇਸ ਵਿੱਚ ਸ਼ਾਮਲ ਹੋਣ ਪ੍ਰਤੀ ਅੱਛਾ ਰੁਝਾਨ ਵਿਖਾਇਆ ਗਿਆ।



## ਦੇਸ਼ ਭਗਤ ਯੂਨੀਵਰਸਿਟੀ ਵਿਖੇ ਲੰਬੇ ਸਮੇਂ ਤੱਕ ਖੇਤੀਬਾੜੀ ਅਭਿਆਸਾਂ ਨੂੰ ਅਪਨਾਉਣ ਬਾਰੇ ਫੈਕਲਟੀ ਵਿਕਾਸ ਪ੍ਰੋਗਰਾਮ

ਮੰਡੀ ਗੋਬਿੰਦਗੜ੍ਹ, 13 ਮਾਰਚ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਦੀ ਅਗਵਾਈ ਹੇਠ ਐਗਰੀਕਲਚਰ ਤੇ ਜੀਵ ਵਿਗਿਆਨ ਫੈਕਲਟੀ ਦੇ ਐਗਰੀਮ ਕਲੱਬ ਵੱਲੋਂ 'ਜਲਵਾਯੂ ਸਮਾਰਟ ਖੇਤੀਬਾੜੀ ਤੇ ਟਿਕਾਊ ਖੇਤੀਬਾੜੀ ਅਭਿਆਸ' ਵਿਸ਼ੇ 'ਤੇ ਇੱਕ ਫੈਕਲਟੀ ਵਿਕਾਸ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਫੈਕਲਟੀ ਮੈਂਬਰਾਂ ਤੇ ਭਾਗੀਦਾਰਾਂ ਦੇ ਗਿਆਨ ਨੂੰ ਵਧਾਉਣਾ ਸੀ ਤਾਂ ਜੋ ਲੰਬੇ ਸਮੇਂ ਤੱਕ ਉਤਪਾਦਕਤਾ ਨੂੰ ਯਕੀਨੀ ਬਣਾਉਂਦੇ ਹੋਏ ਜਲਵਾਯੂ ਪਰਿਵਰਤਨ ਨੂੰ ਹੱਲ ਕਰਨ ਲਈ ਆਧੁਨਿਕ ਖੇਤੀਬਾੜੀ ਪਹੁੰਚਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ।ਸੈਸ਼ਨ ਦੀ ਸ਼ੁਰੂਆਤ ਡਾ. ਅਵਿਨਾਸ਼ ਕੁਮਾਰ ਭਾਟੀਆ ਦੇ ਰਸਮੀ ਸਵਾਗਤੀ ਭਾਸ਼ਣ ਨਾਲ ਹੋਈ। ਐਗਰੀਕਲਚਰ ਤੇ ਜੀਵ ਵਿਗਿਆਨ ਦੇ ਨਿਰਦੇਸ਼ਕ, ਪ੍ਰੋ. (ਡਾ.) ਐਚ.ਕੇ. ਸਿੱਧੂ ਨੇ ਲੰਬੇ ਸਮੇਂ ਦੇ ਵਿਕਾਸ ਲਈ ਟਿਕਾਊ ਖੇਤੀਬਾੜੀ ਅਭਿਆਸਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋ. (ਡਾ.) ਅਮਰਜੀਤ ਸਿੰਘ, ਪ੍ਰੋ. ਵਾਈਸ ਚਾਂਸਲਰ ਨੇ ਕੀਤੀ, ਜਿਨ੍ਹਾਂ ਨੇ ਜਲਵਾਯੂ ਪਰਿਵਰਤਨ, ਮਿੱਟੀ ਦੇ ਪਤਨ ਤੇ ਪਾਣੀ ਦੀ ਕਮੀ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਜਲਵਾਯੂ-ਲਚਕੀਲੇ ਖੇਤੀ ਅਭਿਆਸਾਂ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਸਰੋਤ ਵਿਅਕਤੀ ਵਜੋਂ ਡਾ. ਰਜਤ ਸ਼ਰਮਾ ਤੇ ਸ਼ਿਵਾਂਗੀ ਸੂਦ ਨੇ ਜਲਵਾਯੂ ਸਮਾਰਟ ਖੇਤੀਬਾੜੀ ਤੇ ਟਿਕਾਊ ਖੇਤੀ ਤਕਨੀਕਾਂ, ਜਿਸ ਵਿੱਚ ਫਸਲ ਵਿਭਿੰਨਤਾ, ਕੁਸ਼ਲ ਪਾਣੀ ਪ੍ਰਬੰਧਨ, ਜੈਵਿਕ ਖੇਤੀ ਤੇ ਏਕੀਕ੍ਰਿਤ ਕੀਟ ਪ੍ਰਬੰਧਨ ਸ਼ਾਮਲ ਹਨ, ਬਾਰੇ ਸਮਝਦਾਰ ਭਾਸ਼ਣ ਦਿੱਤੇ। ਇਸ ਸੈਸ਼ਨ ਦੀ ਸਮਾਪਤੀ ਇੱਕ ਇੰਟਰੈਕਟਿਵ ਚਰਚਾ ਨਾਲ ਹੋਈ ਤੇ ਪ੍ਰੋ. ਵਾਈਸ ਚਾਂਸਲਰ ਡਾ. ਅਮਰਜੀਤ ਸਿੰਘ ਦੁਆਰਾ ਸਰੋਤ ਵਿਅਕਤੀਆਂ ਤੇ ਭਾਗੀਦਾਰਾਂ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤੇ ਗਏ।



## ਸਰਬੱਤ ਦੇ ਭਲੇ ਤੇ ਵਿਭਾਗ ਦੇ ਮੁਲਾਜ਼ਮਾਂ ਦੀ ਸੁੱਖ-ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ



ਫਿਰੋਜ਼ਪੁਰ, 13 ਮਾਰਚ (ਤਿਵਾੜੀ): ਅੱਜ ਪੰਜਾਬ ਕਰਮਚਾਰੀ ਦਲ ਫਿਰੋਜ਼ਪੁਰ ਵੱਲੋਂ ਪ੍ਰਬੰਧਕੀ ਕੰਪਲੈਕਸ ਫਿਰੋਜ਼ਪੁਰ ਵਿਖੇ ਸਰਬੱਤ ਦੇ ਭਲੇ ਤੇ ਵਿਭਾਗ ਦੇ ਮੁਲਾਜ਼ਮਾਂ ਦੀ ਸੁੱਖ-ਸ਼ਾਂਤੀ ਲਈ ਰੱਖਵਾਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ ਤੇ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਇਸ ਸਮੇਂ ਜ਼ਿਲ੍ਹਾ ਕਮੇਟੀ ਦੇ ਸਮੂਹ ਅਹੁਦੇਦਾਰ ਤਰਸੇਮ ਸਿੰਘ ਬੇਦੀ, ਬਲਬੀਰ ਸਿੰਘ ਕੰਬੋਜ, ਗਿਆਨ ਸਿੰਘ ਜੋਸਨ, ਪ੍ਰਤਾਪ ਸਿੰਘ ਢਿੱਲੋਂ ਆਦਿ ਨੇ ਆਈਆਂ ਸੰਗਤਾਂ ਦਾ ਸਵਾਗਤ ਕੀਤਾ। ਇਸ ਸਮੇਂ ਕਮੇਟੀ ਦੇ ਸੂਬਾ ਪ੍ਰਧਾਨ ਹਰੀ ਸਿੰਘ ਟੌਹੜਾ ਨੇ ਸੰਬੋਧਨ ਕਰਦਿਆਂ ਜ਼ਿਲ੍ਹਾ ਕਮੇਟੀ ਵੱਲੋਂ ਲਗਾਤਾਰ 41 ਤੋਂ ਸ੍ਰੀ ਅਖੰਡ ਪਾਠ ਦੀ ਪ੍ਰੰਪਰਾ ਨੂੰ ਜਾਰੀ ਰੱਖਣ ਦੀ ਵਧਾਈ ਦਿੱਤੀ ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਬਣਦੇ ਹੱਕ ਦੇਣ ਲਈ ਪੰਜਾਬ ਸਰਕਾਰ ਨੂੰ ਪੂਰ ਜ਼ੋਰ ਅਪੀਲ ਕੀਤੀ। ਇਸ ਸਮੇਂ ਸੀਨੀਅਰ ਸਿਟੀਜ਼ਨ ਫੋਰਮ ਫ਼ਿਰੋਜ਼ਪੁਰ ਦੇ ਸੀਨੀਅਰ ਮੀਤ ਪ੍ਰਧਾਨ ਸਤੀਸ਼ ਪੁਰੀ ਤੇ ਜਨਰਲ ਸਕੱਤਰ ਮੋਹਿੰਦਰ ਸਿੰਘ ਧਾਲੀਵਾਲ ਵੱਲੋਂ ਇਸ ਸਮਾਗਮ ਵਿੱਚ ਹਾਜ਼ਰੀ ਭਰੀ ਗਈ ਤੇ ਜ਼ਿਲ੍ਹਾ ਕਮੇਟੀ ਵੱਲੋਂ ਸੀਨੀਅਰ ਸਿਟੀਜ਼ਨ ਫੋਰਮ ਫ਼ਿਰੋਜ਼ਪੁਰ ਦੇ ਦੋਵੇਂ ਸਾਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਸੀਨੀਅਰ ਸਿਟੀਜ਼ਨ ਫੋਰਮ ਫ਼ਿਰੋਜ਼ਪੁਰ ਆਦਿ ਹਾਜ਼ਰ ਸਨ।

## ਹਲਕਾ ਇੰਚਾਰਜ ਪਵਨ ਕੁਮਾਰ ਟੀਨੂ ਨੇ 60 ਲੱਖ ਦੇ ਚੈਕ ਵੰਡੇ



ਭੋਗਪੁਰ, 13 ਮਾਰਚ (ਜੰਡੀਰ ਸੈਣੀ): ਆਮ ਆਦਮੀ ਪਾਰਟੀ ਹਲਕਾ ਆਦਮਪੁਰ ਦੇ ਇੰਚਾਰਜ ਪਵਨ ਕੁਮਾਰ ਟੀਨੂ ਦੀ ਅਗਵਾਈ ਹੇਠ ਅੱਜ ਭੋਗਪੁਰ ਦੇ ਬੀਡੀਪੀਓ ਬਲਾਕ ਵਿੱਚ ਖਾਸ ਮੀਟਿੰਗ ਕੀਤੀ ਗਈ, ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਗਰ ਕੌਂਸਲ ਪ੍ਰਧਾਨ ਰਾਜ ਕੁਮਾਰ ਰਾਜਾ, ਪਰਮਜੀਤ ਪੰਮਾ ਸੰਗਠਨ ਇੰਚਾਰਜ, ਜੱਸ ਦਿਆਲ ਸਿੰਘ ਜੱਸ ਸੀਨੀਅਰ ਆਗੂ, ਗੁਰਦਿਆਲ ਸਿੰਘ ਸੀਨੀਅਰ ਆਗੂ, ਦੇਵ ਮਨੀ ਬਲਾਕ ਪ੍ਰਧਾਨ, ਪਿੰਡਾਂ ਦੇ ਸਰਪੰਚ ਪੰਚ ਹੋਰ ਵੀ ਸੀਨੀਅਰ ਲੋਕ ਹਾਜ਼ਰ ਹੋਏ। ਇਸ ਮੌਕੇ 'ਤੇ ਪਵਨ ਕੁਮਾਰ ਟੀਨੂ ਵੱਲੋਂ ਜੋ ਪਿੰਡਾਂ ਦੀਆਂ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਸਨ। ਉਨ੍ਹਾਂ ਨੂੰ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਮੁਤਾਬਿਕ ਪੰਜ-ਪੰਜ ਲੱਖ ਦੇ ਚੈਕ ਵੰਡੇ ਗਏ। ਉਨ੍ਹਾਂ ਇਹ ਵੀ ਦੱਸਿਆ ਕਿ ਪੰਚਾਇਤਾਂ ਵਾਸਤੇ ਸਾਢੇ ਤਿੰਨ ਕਰੋੜ ਰੁਪਈਆ ਫੰਡ ਪਿਆ ਹੋਇਆ ਸੀ ਤੇ ਉਹ ਵੀ ਖਰਚਣ ਦੇ ਹੁਕਮ ਕੀਤੇ ਗਏ ਤੇ ਅੱਜ 60 ਲੱਖ ਦੇ ਚੈਕ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੰਡੇ ਗਏ। ਲੋਕਾਂ ਨੇ ਪਵਨ ਕੁਮਾਰ ਟੀਨੂ ਤੇ ਆਪ ਹਾਈ ਕਮਾਂਡ ਦਾ ਧੰਨਵਾਦ ਕੀਤਾ।

## ਪੀ.ਆਈ.ਐਮ.ਟੀ. ਕਾਲਜ ਵਿਖੇ ਲਗਾਏ ਰੋਜ਼ਗਾਰ ਮੇਲੇ 'ਚ 78 ਉਮੀਦਵਾਰਾਂ ਦੀ ਚੋਣ

ਸ੍ਰੀ ਫਤਹਿਗੜ੍ਹ ਸਾਹਿਬ, 13 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪੰਜਾਬ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਕਾਲਜ ਮੰਡੀ ਗੋਬਿੰਦਗੜ੍ਹ ਵਿਖੇ ਇੱਕ ਵਿਸ਼ਾਲ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫਸਰ ਹਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿੱਚ ਐਕਸਿਸ ਬੈਂਕ, ਬਰਗਰ ਕਿੰਗ, ਡੀਮਾਰਟ, ਮਾਧਵ ਸਟੀਲ, ਰਾਈਜ ਤੇ ਸ਼ਾਈਨ ਤੇ ਐਲਆਈਸੀ ਕੰਪਨੀ ਵੱਲੋਂ ਸ਼ਿਰਕਤ ਕੀਤੀ ਗਈ।ਉਨ੍ਹਾਂ ਦੱਸਿਆ ਕਿ ਰੋਜ਼ਗਾਰ ਮੇਲੇ ਦੌਰਾਨ ਲਗਭਗ 240 ਪ੍ਰਾਰਥੀਆਂ ਨੇ ਵੱਖ-ਵੱਖ ਅਸਾਮੀਆਂ ਲਈ ਆਪਣੀ ਰਜਿਸਟ੍ਰੇਸ਼ਨ ਕਰਵਾਈ ਤੇ ਇੰਟਰਵਿਊ ਦਿੱਤੀ। ਜਿਸ ਵਿੱਚੋਂ 78 ਨੌਜਵਾਨਾਂ ਦੀ ਨੌਕਰੀ ਲਈ ਚੋਣ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ ਇਲਾਕੇ ਦੇ ਨੌਜਵਾਨਾਂ ਨੇ ਭਾਰੀ ਉਤਸ਼ਾਹ ਦਿਖਾਇਆ ਤੇ ਨਾਮੀ ਕੰਪਨੀਆਂ ਵਿੱਚ ਨੌਕਰੀ ਪ੍ਰਾਪਤ ਕਰਨ ਲਈ ਇੰਟਰਵਿਊ ਦਿੱਤੀ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਬਿਊਰੋ ਤੋਂ ਪਲੇਸਮੈਂਟ ਅਫ਼ਸਰ ਜਸਵਿੰਦਰ ਸਿੰਘ ਬੱਲ ਤੇ ਕਰੀਅਰ ਕੌਂਸਲਰ ਹਰਮਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਨਵੇਂ ਮੌਕਿਆਂ ਤੇ ਕਰੀਅਰ ਦੀ ਚੋਣ ਬਾਰੇ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ। ਕਾਲਜ ਪ੍ਰਬੰਧਕਾਂ ਨੇ ਆਏ ਹੋਏ ਅਧਿਕਾਰੀਆਂ ਤੇ ਸਾਰੀਆਂ ਕੰਪਨੀਆਂ ਦੇ ਨੁਮਾਇੰਦਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਮੇਲੇ ਜਾਰੀ ਰਹਿਣਗੇ।



## ਸ਼ਹੀਦ ਭਗਤ ਸਿੰਘ ਕਲੱਬ ਕਪੂਰਗੜ੍ਹ ਵੱਲੋਂ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ: ਲੱਖੀ ਕੈਲੀਫੋਰਨੀਆ

ਅਮਲੋਹ, 13 ਮਾਰਚ (ਜਸਵੰਤ ਸਿੰਘ): ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਤੇ ਸੱਭਿਆਚਾਰਕ ਕਲੱਬ (ਰਜਿ.) ਕਪੂਰਗੜ੍ਹ ਦੇ ਪ੍ਰਧਾਨ ਐਡ. ਤੀਰਥ ਸਿੰਘ ਕਪੂਰਗੜ੍ਹ ਦੀ ਅਗਵਾਈ ਹੇਠ 10ਵਾਂ ਖ਼ੂਨਦਾਨ ਕੈਂਪ ਗੁਰਦੁਆਰਾ ਸ੍ਰੀ ਸਿੰਘ ਸਭਾ ਅਮਲੋਹ ਵਿਖੇ ਲਗਾਇਆ ਗਿਆ। ਇਸ ਮੌਕੇ ਮੁੱਖ-ਮਹਿਮਾਨ ਵਜੋਂ ਉਘੇ ਸਮਾਜ ਸੇਵੀ, ਪਿੰਡ ਬਰੀਮਾ ਦੇ ਸਰਪੰਚ ਤੇ ਕੈਲੀਫੋਰਨੀਆ ਕੋਲਡ ਸਟੋਰ ਮਛਰਾਏ ਕਲਾਂ ਦੇ ਮਾਲਕ ਲਖਵੀਰ ਸਿੰਘ ਲੱਖੀ ਨੇ ਰਿਬਨ ਕੱਟ ਕੇ ਉਦਘਾਟਨ ਕੀਤਾ। ਸ੍ਰੀ ਲੱਖੀ ਨੇ ਕਲੱਬ ਵੱਲੋਂ ਕੀਤੇ ਜਾਂਦੇ ਸਮਾਜ ਸੇਵਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਸਮਾਗਮ ਵਿੱਚ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਮੋਹਨ ਸਿੰਘ, ਡਾ. ਗੁਰਤੀਰਥ, ਡਾ. ਅਮਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਚੈਹਿਲ ਤੇ ਐਡ. ਰਵਿੰਦਰ ਸਿੰਘ ਸ਼ਾਹਪੁਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਖ਼ੂਨਦਾਨ ਮਹਾਂਦਾਨ ਹੈ ਜਿਸ ਨਾਲ ਅਸੀਂ ਕਿਸੇ ਦੀ ਕੀਮਤੀ ਜਾਨ ਬਚਾਅ ਸਕਦੇ ਹਾਂ। ਇਸ ਮੌਕੇ 77 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਪ੍ਰਬੰਧਕਾਂ ਨੇ ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ। ਇਸ ਮੌਕੇ ਡਾ. ਜਸਵੰਤ ਸਿੰਘ ਅਲਾਦਾਦਪੁਰ, ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਗਰੇਵਾਲ ਕਲਾਲਮਾਜਰਾ, ਸੀਨੀਅਰ ਪੱਤਰਕਾਰ ਭੂਸ਼ਨ ਸੂਦ, ਰੇਸ਼ਮ ਸਿੰਘ ਵਿਰਕ, ਭਗਵਾਨ ਦਾਸ, ਐਡ. ਹਰਕੀਰਤ ਸਿੰਘ ਬਾਜਵਾ, ਸਰਪੰਚ ਮਨਪ੍ਰੀਤ ਸਿੰਘ ਵੜੈਚਾਂ, ਸਰਪੰਚ ਕਮਲਜੀਤ ਚੀਮਾ, ਹਰਵਿੰਦਰ ਸਿੰਘ ਸੇਖੋਂ ਸਰਪੰਚ ਮਛਰਾਏ, ਸਨਵੀਰ ਭਮਾਰਸੀ, ਸਤਨਾਮ ਬੁੱਗਾ, ਸਤਨਾਮ ਭਰਪੂਰਗੜ੍ਹ, ਅੱਤਰ ਸਿੰਘ ਰਾਏਪੁਰ ਚੋਬਦਾਰਾਂ, ਪਰਦੀਪ ਸਿੰਘ, ਦਿਲਵਰ ਸਿੰਘ ਖੱਟੜਾ, ਅੰਮ੍ਰਿਤਵੀਰ ਸਿੰਘ, ਯੁਗਰਾਜ ਸਿੰਘ ਕਿੰਗਰਾ, ਅਮਨ ਚੈਹਿਲ, ਐਡ. ਗੁਰਵਿੰਦਰ ਸਿੰਘ, ਐਡ. ਗੁਰਵੀਰ ਸਿੰਘ, ਪ੍ਰਦੀਪ ਸਿੰਘ ਅਜਨੇਰ, ਬਲਵਿੰਦਰ ਸਿੰਘ ਅਮਲੋਹ, ਜਸਪ੍ਰੀਤ ਕੰਜਾਰੀ, ਸਤਨਾਮ ਸਿੰਘ ਮਛਾਲ, ਜਸਨਪ੍ਰੀਤ ਵਰਤੀਆਂ, ਐਡ. ਹਰਮਨ ਸਿੰਘ ਮੁੰਡੀਆਂ ਤੇ ਗੁਰਜੰਟ ਸਿੰਘ ਹਾਜ਼ਰ ਸਨ।



# ਪਾਵਰਕਾਮ ਆਊਟਸੋਰਸਡ ਠੇਕਾ ਕਾਮਿਆਂ ਨੇ ਬਜਟ ਦੀਆਂ ਕਾਪੀਆਂ ਸਾੜੀਆਂ



ਲੁਧਿਆਣਾ, 13 ਮਾਰਚ (ਵਿਸ਼ਾਲ ਸ਼ਰਮਾ): ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੱਦੇ ਤਹਿਤ ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੈਸਟ ਸਰਕਲ ਪ੍ਰਧਾਨ ਅਵਤਾਰ ਸਿੰਘ ਪ੍ਰੈਂਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ, ਕਿ ਅਸੀਂ ਵੱਖ ਵੱਖ ਸਰਕਾਰੀ ਵਿਭਾਗਾਂ ਵਿਚ ਤਾਇਨਾਤ ਠੇਕਾ ਮੁਲਾਜ਼ਮਾਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ਪੰਜਾਬ ਦੇ ਵਿਧਾਇਕਾਂ ਰਾਹੀਂ ਮੰਗ ਪੱਤਰ ਭੇਜਕੇ ਮੰਗ ਕੀਤੀ ਸੀ ਕਿ ਸਾਡੀਆਂ ਜਿਹੜੀਆਂ ਮੰਗਾਂ ਪਿਛਲੇ ਲੰਬੇ ਅਰਸੇ ਤੋਂ ਲਮਕ ਰਹੀਆਂ ਹਨ, ਉਨ੍ਹਾਂ ਦਾ ਇਸ ਵਿਧਾਨ ਸਭਾ ਇਜਲਾਸ ਵਿੱਚ ਹੱਲ ਕਰਕੇ ਚੋਣਾਂ ਸਮੇਂ ਸਾਡੇ ਨਾਲ ਕੀਤੇ ਵਾਅਦੇ ਨੂੰ ਪੂਰਾ ਕੀਤਾ ਜਾਵੇ। ਇਨ੍ਹਾਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਆਗੂਆਂ ਵੱਲੋਂ ਕਿਹਾ ਗਿਆ ਕਿ ਸਾਰੇ ਆਊਟਸੋਰਸਡ ਇਨਲਿਸਟਮੈਂਟ ਨੂੰ ਵਿਭਾਗ ਵਿੱਚ ਲਿਆ ਕੇ ਰੈਗੂਲਰ ਕਰਨ, ਘੱਟੋ ਘੱਟ ਉਜਰਤ ਦੇ ਕਾਨੂੰਨ 1948 ਅਨੁਸਾਰ ਪੰਦਰ੍ਹਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਨੂੰ ਸ਼ਾਮਲ ਕਰਕੇ ਤਨਖਾਹ ਨਿਸ਼ਚਿਤ ਕੀਤੀ ਜਾਵੇ, ਬਰਾਬਰ ਕੰਮ ਲਈ ਬਰਾਬਰ ਤਨਖਾਹ ਦਾ ਅਸੂਲ ਅਤੇ ਅਦਾਲਤੀ ਫੈਸਲਾ ਅਤੇ ਹੋਰ ਮੰਗਾਂ ਜਿਨ੍ਹਾਂ ਦਾ ਚੋਣਾ ਸਮੇਂ ਵਾਅਦਾ ਕੀਤਾ ਸੀ, ਉਨ੍ਹਾਂ ਨੂੰ ਇਸ ਵਿਧਾਨ ਸਭਾ ਇਜਲਾਸ ਵਿੱਚ ਪ੍ਰਵਾਨ ਕੀਤਾ ਜਾਵੇ।ਪਰ ਬਹੁਤ ਹੀ ਅਫਸੋਸ ਨਾਕ ਹਾਲਤ ਇਹ ਹੈ ਕਿ ਮੰਗ ਪੱਤਰ ਭੇਜਣ ਸਮੇਂ ਜਿਨ੍ਹਾਂ ਵਿਧਾਇਕਾਂ ਨੇ ਇਨ੍ਹਾਂ ਮੰਗਾਂ ਨੂੰ ਵਿਧਾਨ ਸਭਾ ਵਿੱਚ ਰੱਖਣ ਅਤੇ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਸੀ। ਉਨ੍ਹਾਂ 117 ਵਿਧਾਇਕਾਂ ਵੱਲੋਂ ਸਾਡੀਆਂ ਇਨ੍ਹਾਂ ਮੰਗਾਂ ਦਾ ਹੱਲ ਕਰਨ ਦੀ ਗੱਲ ਤਾਂ ਦੂਰ ਦੀ ਰਹੀ ਇਨ੍ਹਾਂ ਉੱਪਰ ਵਿਚਾਰ ਚਰਚਾ ਕਰਨ ਲਈ ਆਪਣੀ ਜ਼ਬਾਨ ਤੱਕ ਵੀ ਖੋਲ੍ਹਣ ਦੀ ਲੋੜ ਨਹੀਂ ਸਮਝੀ। ਜਿਸ ਇਕ ਔਰਤ ਵਿਧਾਇਕ ਵੱਲੋਂ ਇਨ੍ਹਾਂ ਮੰਗਾਂ ਦੇ ਹੱਲ ਦੀ ਗੱਲ ਕੀਤੀ ਗਈ, ਉਸ ਵੱਲੋਂ ਠੇਕਾ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਲਿਆ ਕੇ ਰੈਗੂਲਰ ਕਰਨ ਦੀ ਮੰਗ ਪੇਸ਼ ਕਰਨ ਤੋਂ ਪਹਿਲਾਂ ਹੀ ਨਾ ਮਨਜ਼ੂਰ ਕੀਤੀ ਗਈ। ਵਿਰੋਧੀ ਧਿਰਾਂ ਦੀ ਚੁੱਪ ਨੇ ਇਸ ਅਸਲੀਅਤ ਨੂੰ ਜੱਗ ਜ਼ਾਹਰ ਕੀਤਾ ਹੈ ਕਿ ਕਹਿਣ ਨੂੰ ਭਾਵੇਂ ਇਹ ਸਭ ਵੱਖਰੇ ਵੱਖਰੇ ਹਨ, ਪਰ ਅਸਲ ਵਿੱਚ ਇਹ ਸਭ ਲੁਟੇਰੇ ਕਾਰਪੋਰੇਟ ਘਰਾਣਿਆਂ ਦੇ ਸੇਵਕ ਹਨ। ਜੋ ਤਨਖਾਹ ਵਾਧੇ ਦੀ ਮੰਗ ਵਿਧਾਇਕਾਂ ਵੱਲੋਂ ਰੱਖੀ ਵੀ ਗਈ ਉਸ ਨੂੰ ਵੀ ਸਪੀਕਰ ਵੱਲੋਂ ਸਬ ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਦੇ ਖਾਤੇ ਵਿੱਚ ਪਾਕੇ ਚਰਚਾ ਦੀ ਲੋੜ ਵੀ ਨਹੀਂ ਸਮਝੀ। ਉਸ ਵਿੱਤ ਮੰਤਰੀ ਵੱਲ ਤਿਲਕਾ ਦਿੱਤੀ ਗਈ, ਜਿਸ ਨੂੰ ਵਿੱਤ ਮੰਤਰੀ ਸਾਹਿਬ ਪਿਛਲੇ ਚਾਰ ਸਾਲਾਂ ਤੋਂ ਝੂਠੇ ਲਾਰਿਆਂ ਨਾਲ ਧੋਖੇ ਦੀਆਂ ਸਾਜ਼ਿਸ਼ਾਂ ਰਾਹੀਂ ਲਮਕਾ ਕੇ ਡੰਗ ਟਪਾਈ ਕਰਦੇ ਆ ਰਹੇ ਸਨ।ਇਸ ਸਮੇਂ ਜਿਨ੍ਹਾਂ ਵੱਲੋਂ ਵਿਧਾਨ ਸਭਾ ਦੀ ਇਸ ਜ਼ਿੰਮੇਵਾਰੀ ਨੂੰ ਵਿਭਾਗੀ ਅਧਿਕਾਰੀਆਂ ਵੱਲ ਤਿਲ੍ਹਕਾਕੇ ਆਪਣੇ ਆਪ ਨੂੰ ਮੁਲਾਜ਼ਮ ਰੋਹ ਤੋਂ ਮੁਕਤ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਵਿਸ਼ਾਲ ਏਕਤਾ ਨੂੰ ਵਿਭਾਗਾਂ ਵਿੱਚ ਵੰਡਣ ਦਾ ਧੋਖਾ ਕੀਤਾ ਹੈ। ਜਿਨ੍ਹਾਂ ਵੱਲੋਂ ਪਿਛਲੇ ਚਾਰ ਸਾਲਾਂ ਵਿੱਚ ਮੋਰਚੇ ਨਾਲ ਗੱਲਬਾਤ ਤੋਂ ਗੁਰੇਜ਼ ਕਰਕੇ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਨੂੰ ਬਿਨਾਂ ਮੰਗੇ ਮੀਟਿੰਗ ਦੇਕੇ ਇਸ ਵਿਸ਼ਾਲ ਏਕਤਾ ਨੂੰ ਖਿੰਡਾਉਣ ਲਈ ਪੂਰਾ ਤਾਣ ਲਾਇਆ ਹੈ, ਜਿਸ ਨੂੰ ਮੋਰਚੇ ਦੀ ਸੂਝਵਾਨ ਲੀਡਰਸ਼ਿਪ ਵੱਲੋਂ ਠੁਕਰਾ ਕੇ ਆਪਣੀ ਏਕਤਾ ਦੀ ਰਾਖੀ ਕੀਤੀ ਹੈ। ਮੌਜੂਦਾ ਸਰਕਾਰ ਵੱਲੋਂ ਆਪਣੇ ਆਖ਼ਰੀ ਬਜਟ ਸੈਸ਼ਨ ਵਿੱਚ ਠੇਕਾ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਅਤੇ ਭੇਜੀ ਗਈ ਅਪੀਲ ਨੂੰ ਠੁਕਰਾ ਕੇ ਪੰਜਾਬ ਸਰਕਾਰ ਵੱਲੋਂ ਆਪਣੀ ਮੁਲਾਜ਼ਮ ਵਿਰੋਧੀ ਖਸਲਤ ਦਾ ਨੰਗਾ ਚਿੱਟਾ ਪ੍ਰਗਟਾਵਾ ਕੀਤਾ ਹੈ।ਇਸ ਹਾਲਤ ਵਿੱਚ ਮੁਲਾਜ਼ਮਾਂ ਕੋਲ ਆਪਣੀਆਂ ਮੰਗਾਂ ਦੇ ਹੱਲ ਦਾ ਇਕੋ ਇਕ ਸੰਘਰਸ਼ ਦਾ ਰਾਹ ਬਾਕੀ ਹੈ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੈ।

# ਪਰਲੋਕ ਸੰਵਾਰਨ ਲਈ ਜ਼ਰੂਰੀ ਹੈ ਭਗਤੀ ਰੂਪੀ ਧਨ : ਮਹੰਤ ਪ੍ਰਵੀਨ ਚੌਧਰੀ

## *ਮਾਂ ਬਗਲਾਮੁਖੀ ਧਾਮ ਵਿੱਚ ਕਰਵਾਇਆ ਗਿਆ ਵਪਾਰ ਵਾਧਾ ਯੱਗ*



ਲੁਧਿਆਣਾ, 13 ਮਾਰਚ, (ਕਰਨੈਲ ਸਿੰਘ ਐੱਮ.ਏ.) : ਮਾਂ ਬਗਲਾਮੁਖੀ ਧਾਮ ਵਿੱਚ ਮਹੰਤ ਪ੍ਰਵੀਨ ਚੌਧਰੀ ਜੀ ਦੀ ਸਨਿੱਧੀ ਵਿੱਚ ਵਪਾਰ ਵਾਧਾ ਯੱਗ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾਂ ਪੂਜਨ ਕੀਤਾ ਗਿਆ ਅਤੇ ਸਮੂਹ ਮੈਂਬਰਾਂ ਨੇ ਮਹੰਤ ਪ੍ਰਵੀਨ ਚੌਧਰੀ ਜੀ ਵੱਲੋਂ ਉਚਾਰਿਤ ਮੰਤਰਾਂ ਦੇ ਨਾਲ ਆਹੂਤੀਆਂ ਅਰਪਿਤ ਕੀਤੀਆਂ।

ਮਹੰਤ ਪ੍ਰਵੀਨ ਚੌਧਰੀ ਜੀ ਨੇ ਯੱਗ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੱਚੇ ਮਨ ਨਾਲ ਜਗਤ ਜਨਨੀ ਦੇ ਚਰਨਾਂ ਵਿੱਚ ਕੀਤੀ ਹਰ ਅਰਦਾਸ ਪੂਰੀ ਹੁੰਦੀ ਹੈ। ਚਾਹੇ ਉਹ ਅਰਦਾਸ ਵਪਾਰ ਵਿੱਚ ਵਾਧੇ ਲਈ ਹੋਵੇ ਜਾਂ ਘਰ-ਪਰਿਵਾਰ ਵਿੱਚ ਸੁੱਖ-ਸਮ੍ਰਿੱਧੀ ਲਈ। ਕਲਯੁੱਗ ਵਿੱਚ ਮਨੁੱਖੀ ਜੀਵਨ ਦੇ ਕਲਿਆਣ ਲਈ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਇੱਕ ਮਾਤਰ ਸਹਾਰਾ ਹੈ। ਉਨ੍ਹਾਂ ਕਿਹਾ ਕਿ ਉੱਠਦੇ-ਬੈਠਦੇ, ਸੌਂਦੇ-ਜਾਗਦੇ ਜਾਂ ਫਿਰ ਚੱਲਦੇ-ਫਿਰਦੇ ਜਦੋਂ ਵੀ ਸਮਾਂ ਮਿਲੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਨਿਸ਼ਕਾਮ ਭਾਵ ਨਾਲ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ ਮਰਤ ਲੋਕ ਦੇ ਨਾਲ-ਨਾਲ ਪਰਲੋਕ ਵੀ ਸੰਵਰਦਾ ਹੈ। ਦੁਨਿਆਵੀ ਧਨ ਨੂੰ ਮਨੁੱਖੀ ਜੀਵਨ ਬਤੀਤ ਕਰਨ ਲਈ ਜ਼ਰੂਰੀ ਦੱਸਦਿਆਂ ਮਹੰਤ ਚੌਧਰੀ ਨੇ ਕਿਹਾ ਕਿ ਪਰਲੋਕ ਵਿੱਚ ਸੰਸਾਰਿਕ ਧਨ ਨਹੀਂ, ਸਗੋਂ ਭਗਤੀ ਰੂਪੀ ਧਨ ਹੀ ਨਾਲ ਜਾਂਦਾ ਹੈ। ਇਸ ਤੋਂ ਪਹਿਲਾਂ ਮਹਿਲਾ ਸੰਕੀਰਤਨ ਮੰਡਲ ਨੇ ਸੰਗੀਤਮਈ ਧੁਨਾਂ 'ਤੇ ਮੈਯਾ ਜੋਤ ਮੈਂ ਜਗਾਈ ਤੇਰੇ ਦਰ 'ਤੇਦਰਸ਼ ਦਿਖਾ ਦੇ ਮਾਂ ਬਗਲਾਮੁਖੀਸਮੇਤ ਹੋਰ ਭਜਨ ਪੇਸ਼ ਕਰਕੇ ਸੰਗਤ ਨੂੰ ਭਾਵੁਕ ਕਰ ਦਿੱਤਾ।

ਆਰਤੀ ਨਾਲ ਯੱਗ ਨੂੰ ਵਿਸ਼ਰਾਮ ਦਿੱਤਾ ਗਿਆ। ਜਗਤ ਜਨਨੀ ਨੂੰ ਅਰਪਿਤ ਭੋਗ ਅਤੇ ਚਰਨਾਮ੍ਰਿਤ ਪ੍ਰਸਾਦ ਵਜੋਂ ਵੰਡਿਆ ਗਿਆ।

ਇਸ ਮੌਕੇ ਮਨਪ੍ਰੀਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਰਾਣਾ ਰਣਜੀਤ ਸਿੰਘ, ਸੁਧੀਰ ਮਹਾਜਨ, ਗੌਰਵ ਕਾਲੀਆ, ਜਤਿਨ ਸੂਦ, ਪਰਮਵੀਰ ਚੌਧਰੀ, ਸੰਦੀਪ ਸੂਦ, ਸੁਨੀਲ ਹਾਂਡਾ, ਨਰਿੰਦਰ ਸਿੰਗਲਾ, ਇਕਬਾਲ ਸਿੰਘ, ਬਲਜੀਤ ਤ੍ਰਿਖਾ, ਗੌਤਮ ਸਚਦੇਵਾ, ਨਰਿੰਦਰ ਮਹਾਜਨ, ਤਰੁਣ ਚੌਧਰੀ, ਅੰਕੁਸ਼ ਸਿੰਗਲਾ, ਚੇਤਨ ਟੰਡਨ, ਸਾਹਿਲ ਸਿੰਗਲਾ, ਰਾਜ ਸੋਲੰਕੀ, ਪੰਕਜ ਗੁਪਤਾ, ਦੀਪਕ ਗਰਗ, ਦਿਨੇਸ਼ ਰੱਲੀ, ਵਰੁਣ ਜੈਨ, ਮਨੀਸ਼ ਗੁਪਤਾ, ਵਿਜੈ ਗੁਪਤਾ, ਰਮਨ ਸ਼ਰਮਾ, ਆਦਿਤਿਆ ਗੁਪਤਾ, ਵਰੁਣ ਚੋਪੜਾ, ਤੁਸ਼ਾਰ ਬੰਸਲ, ਧੀਰਜ ਗੁਪਤਾ, ਜਨਕਰਾਜ ਸਿੰਗਲਾ, ਬੌਬੀ ਮੱਕੜ, ਨਿਤੇਸ਼ ਸੂਦ, ਰਾਕੇਸ਼ ਪਾਸੀ, ਗੁਨੀਤ ਖੈਰਾ, ਅਜੈ ਜੈਨ, ਰਵਿੰਦਰ ਸਿੰਘ ਵਾਲੀਆ, ਤੇਜਿੰਦਰ ਮਿਗਲਾਨੀ, ਵਰੁਣ ਦੱਤ, ਭੁਪਿੰਦਰ ਸਿੰਘ, ਵੇਦ ਲੂਥਰਾ, ਵਰੁਣ ਸ਼ਰਮਾ, ਪਵਨ ਪਾਰਿਕ, ਅਨੁਜ ਵਧਵਾ, ਆਸ਼ੁਤੋਸ਼, ਪ੍ਰਦੀਪ ਟਾਟਾ ਸਮੇਤ ਹੋਰ ਵੀ ਹਾਜ਼ਰ ਸਨ।


**ADITYA BIRLA CAPITAL** ਕਰਜ਼ੇ ਨਿਵੇਸ਼ ਬੀਮਾ ਭੁਗਤਾਨ

ਆਦਿਤਯ ਬਿਰਲਾ ਕੈਪੀਟਲ ਲਿਮਟਿਡ

ਰਜਿਸਟਰਡ ਦਫ਼ਤਰ: ਇੰਡੀਅਨ ਰੇਅਨ ਕੰਪਾਊਂਡ, ਵੇਰਾਵਲ, ਗੁਜਰਾਤ-362266
ਕਾਰਪੋਰੇਟ ਦਫ਼ਤਰ: ਆਰ-ਟੈਕ ਪਾਰਕ, 12ਵੀਂ ਮੰਜ਼ਿਲ, ਨਿਰਲੋਨ ਕੰਪਲੈਕਸ, ਪੱਛਮੀ ਐਕਸਪ੍ਰੈਸਵੇਅ ਤੋਂ ਬਾਹਰ, ਗੋਰੇਗਾਂਵ ਪੂਰਬ - ਮੁੰਬਈ - 400063।

"ਅੰਤਿਕਾ- IV-A" [ਨਿਯਮ 9 (1) ਦਾ ਪ੍ਰਾਵਧਾਨ ਵੇਖੋ]
ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ

ਇਹ ਧਿਆਨ ਦੇਣ ਯੋਗ ਹੈ ਕਿ ਆਦਿਤਿਆ ਬਿਰਲਾ ਫਾਈਨੈਂਸ ਲਿਮਟਿਡ ਅਤੇ ਆਦਿਤਿਆ ਬਿਰਲਾ ਕੈਪੀਟਲ ਲਿਮਟਿਡ ਵਿਚਕਾਰ ਰਲੇਵੇਂ ਦੇ ਕਾਰਨ, ਮਿਤੀ 11.03.2024 ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ - ਅਹਿਮਦਾਬਾਦ ਦੁਆਰਾ 24.03.2025 ਨੂੰ ਪਾਸ ਕੀਤੇ ਗਏ ਆਦੇਸ਼ ਵਿੱਚ ਦਰਜ ਕੀਤੇ ਗਏ ਰਲੇਵੇਂ ਦੀ ਯੋਜਨਾ ਦੇ ਅਨੁਸਾਰ, ਹੇਠਾਂ ਦੱਸੀ ਗਈ ਗਿਰਵੀ ਰੱਖੀ ਗਈ ਜਾਇਦਾਦ ਦੇ ਕਬਜ਼ੇ ਅਤੇ ਵਿਕਰੀ ਸਮੇਤ ਸਾਰੀਆਂ ਕਾਨੂੰਨੀ ਕਾਰਵਾਈਆਂ, ਸੁਰੱਖਿਆ ਹਿੱਤ (ਇਨਫੋਰਸਮੈਂਟ) ਨਿਯਮ, 2002 ਦੇ ਨਿਯਮ 9(1) ਦੇ ਤਹਿਤ, ਆਦਿਤਿਆ ਬਿਰਲਾ ਕੈਪੀਟਲ ਲਿਮਟਿਡ, ਟ੍ਰਾਂਸਫਰ ਕਰਨ ਵਾਲੀ ਕੰਪਨੀ ਨੂੰ ਤਬਦੀਲ ਕਰ ਦਿੱਤੀਆਂ ਗਈਆਂ ਹਨ। ਇਸ ਅਨੁਸਾਰ, ਇਹ ਨੋਟਿਸ "ਆਦਿੱਤਿਆ ਬਿਰਲਾ ਕੈਪੀਟਲ ਲਿਮਟਿਡ" (ਇਸ ਤੋਂ ਬਾਅਦ ਸੁਰੱਖਿਅਤ ਲੈਣਦਾਰ ਵਜੋਂ ਜਾਣਿਆ ਜਾਵੇਗਾ) ਦੁਆਰਾ ਜਾਰੀ ਕੀਤਾ ਜਾ ਰਿਹਾ ਹੈ।
ਸਿਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫਾਈਨੈਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ਼ ਸਿਕਿਓਰਿਟੀ ਇੰਟਰਸਟ ਐਕਟ, 2002 ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਪ੍ਰਾਈਵੇਟ ਸੰਧੀ ਵਿਕਰੀ ਨੋਟਿਸ, ਜੋ ਕਿ ਸਿਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 (2002 ਦਾ 54) ਦੇ ਨਿਯਮ 9 (1) ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ।
ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ (ਕਰਤਾਵਾਂ) ਅਤੇ ਗਾਰੰਟਰਾਂ (ਕਰਤਾਵਾਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ ਹੈ, ਜਿਸਦਾ ਭੌਤਿਕ ਕਬਜ਼ਾ ਆਦਿਤਿਆ ਬਿਰਲਾ ਫਾਈਨੈਂਸ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਗਿਰਵੀ ਜਾਇਦਾਦ ਨੂੰ 30 ਮਾਰਚ -2026 ਨੂੰ ਨਿੱਜੀ ਸੰਧੀ ਰਾਹੀਂ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" ਦੇ ਆਧਾਰ 'ਤੇ ਵੇਚਿਆ ਜਾਵੇਗਾ।30,77,842/- ਰੁਪਏ (ਤੀਹ ਲੱਖ ਸਤੱਤਰ ਹਜ਼ਾਰ ਅੱਠ ਸੌ ਬਿਆਲੀ ਰੁਪਏ) ਦੀ ਵਸੂਲੀ ਲਈ ਜੋ 06-06-2025 ਤੱਕ ਬਕਾਇਆ ਅਤੇ ਭੁਗਤਾਨਯੋਗ ਹੈ ਅਤੇ ਇਸ 'ਤੇ ਹੋਰ ਵਿਆਜ ਅਤੇ ਹੋਰ ਖਰਚੇ ਉਧਾਰ ਲੈਣ ਵਾਲਿਆਂ/ਸਹਿ-ਕਰਜ਼ਦਾਰਾਂ ਤੋਂ ਸੁਰੱਖਿਅਤ ਲੈਣਦਾਰ ਨੂੰ ਵਸੂਲੀ ਦੀ ਮਿਤੀ ਤੱਕ ਸ੍ਰੀ ਹਰਪ੍ਰੀਤ ਸਿੰਘ ਪੁੱਤਰ ਅਮਰੀਕ ਸਿੰਘ, ਸ਼੍ਰੀਮਤੀ। ਰਜਿੰਦਰ ਕੌਰ ਸੁਪਤਨੀ ਹਰਪ੍ਰੀਤ ਸਿੰਘ ਅਤੇ ਮੈਸਰਜ਼ ਏ-ਜੇ ਵਪਾਰੀਆਂ ਦੇ ਮਾਲਕ, ਸ਼੍ਰੀ ਹਰਪ੍ਰੀਤ ਸਿੰਘ - ਲੋਨ ਨੰਬਰ ABAMSSTS000000545424 ਰਿਜ਼ਰਵ ਕੀਮਤ 24,00,000/- ਰੁਪਏ (ਚੌਵੀ ਲੱਖ ਰੁਪਏ ਸਿਰਫ਼) ਅਤੇ ਅਰਨੈਸਟ ਮਨੀ ਡਿਪਾਜ਼ਿਟ (EMD) 2,40,000/- ਰੁਪਏ (ਦੋ ਲੱਖ ਚਾਲੀ ਹਜ਼ਾਰ ਰੁਪਏ ਸਿਰਫ਼) ਹੋਵੇਗੀ।ਸਾਰੇ ਕਰਜ਼ਦਾਰਾਂ/ਗਾਰੰਟੀਕਰਤਾਵਾਂ ਨੂੰ ਨੋਟਿਸ ਦਿੱਤਾ ਜਾ ਰਿਹਾ ਹੈ ਕਿ ਉਪਰੋਕਤ ਸੁਰੱਖਿਅਤ ਸੰਪਤੀ ਨੂੰ ਮੌਜੂਦਾ ਨੋਟਿਸ ਦੀ ਮਿਤੀ ਤੋਂ 15 ਸਪਸ਼ਟ ਦਿਨਾਂ ਬਾਅਦ ਨਿੱਜੀ ਸੰਧੀ ਦੁਆਰਾ ਮਿਤੀ 30- ਮਾਰਚ -2026 ਨੂੰ ABCL ਅਤੇ ਇੱਛਤ ਖਰੀਦਦਾਰ ਵਿਚਕਾਰ ਨਿਪਟਾਏ ਜਾਣ ਵਾਲੇ ਨਿਯਮਾਂ 'ਤੇ ਵੇਚਿਆ ਜਾਵੇਗਾ।

**ਅਚੱਲ ਜਾਇਦਾਦ ਦਾ ਸੰਖੇਪ ਵੇਰਵਾ:**
ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ ਇੱਕ ਪਲਾਟ ਨੰ.-1 ਮਿੰਟ, ਲੰਬਾਈ ਮਾਪਣ, ਪੂਰਬ ਵੱਲ 68 ਫੁੱਟ, ਪੱਛਮੀ 70 ਫੁੱਟ ਚੌੜਾਈ ਉੱਤਰ ਅਤੇ ਦੱਖਣ ਵੱਲ 30 ਫੁੱਟ, ਕੁੱਲ ਮਾਪਣ 230 ਵਰਗ ਗਜ਼।ਬੇਅਰਿੰਗ ਖਸਰਾ ਨੰ. 136//2, 136//3, 136//9, 136//10/1/1, 136//11/1/2, 136//12 ਕੁੱਲ ਮਿਨਟ, ਪਿੰਡ ਵਾਲਾ, ਤਹਿਸੀਲ ਅਤੇ ਜ਼ਿਲ੍ਹਾ - ਅੰਮ੍ਰਿਤਸਰ, ਪੰਜਾਬ ਵਿਖੇ ਸਥਿਤ ਅਤੇ ਇਸ ਤਰ੍ਹਾਂ ਘਿਰਿਆ ਹੋਇਆ ਹੈ: ਦੂਜਿਆਂ ਦੀ ਪੂਰਬੀ ਮਾਲਕੀ, ਪੱਛਮੀ - ਸੜਕ, ਉੱਤਰ - ਸੜਕ, ਦੱਖਣ - ਸੜਕ।
ਮਿਤੀ: 14-03-2026, ਅਧਿਕਾਰਤ ਅਧਿਕਾਰੀ,
ਸਥਾਨ: ਅੰਮ੍ਰਿਤਸਰ (ਆਦਿਤਿਆ ਬਿਰਲਾ ਕੈਪੀਟਲ ਲਿਮਟਿਡ)


# ਨੀਤੀ ਆਯੋਗ ਇੰਡੈਕਸ ਵਿੱਚ ਪੰਜਾਬ ਸਭ ਤੋਂ ਹੇਠਾਂ : ਦੀਵਾਨ



ਲੁਧਿਆਣਾ, 13 ਮਾਰਚ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਆਗੂ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਨੇ ਸੂਬਾ ਸਰਕਾਰ ਨੂੰ ਪੰਜਾਬ ਲਈ ਤਬਾਹੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਨੀਤੀ ਆਯੋਗ ਦੇ 2023-24 ਦੇ ਫਾਇਨੈਂਸ਼ਲ ਹੈਲਥ ਇੰਡੈਕਸ ਦਾ ਹਵਾਲਾ ਦਿੰਦਿਆਂ, ਜਿਸ ਵਿੱਚ ਆਰਥਿਕ ਸਿਹਤ ਦੇ ਮਾਮਲੇ ਵਿੱਚ ਪੰਜਾਬ ਨੂੰ ਵੱਡੇ ਸੂਬਿਆਂ ਵਿੱਚ ਸਭ ਤੋਂ ਹੇਠਾਂ 18ਵੇਂ ਸਥਾਨ 'ਤੇ 12.4 ਅੰਕਾਂ ਨਾਲ ਦਰਜ ਕੀਤਾ ਗਿਆ ਹੈ, ਕਿਹਾ ਕਿ ਆਪ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਚਾਰ ਸਾਲਾਂ ਵਿੱਚ ਪੰਜਾਬ ਨੇ ਹਰ ਖੇਤਰ ਵਿੱਚ ਤਰੱਕੀ ਦੀ ਬਜਾਏ ਪਿੱਛੇ ਹਟਦਾ ਹੀ ਵੇਖਿਆ ਹੈ।

ਦੀਵਾਨ ਨੇ ਮਾਨ ਸਰਕਾਰ ਉੱਤੇ ਤਿੱਖਾ ਹਮਲਾ ਕਰਦੇ ਹੋਏ, ਦੋਸ਼ ਲਾਇਆ ਕਿ ਇਹ ਸਰਕਾਰ ਦੋਵੇਂ ਹੱਥਾਂ ਨਾਲ ਪੰਜਾਬ ਨੂੰ ਲੁੱਟ ਰਹੀ ਹੈ।ਨੀਤੀ ਆਯੋਗ ਦੇ ਫਾਇਨੈਂਸ਼ਲ ਹੈਲਥ ਇੰਡੈਕਸ 2023-24 ਦਾ ਹਵਾਲਾ ਦਿੰਦਿਆਂ, ਉਹਨਾਂ ਕਿਹਾ ਕਿ ਪੰਜ ਅਹਿਮ ਮਾਪਦੰਡਾਂ, ਖਰਚ ਦੀ ਗੁਣਵੱਤਾ, ਕਰਜ਼ਾ ਇੰਡੈਕਸ, ਰੇਵਨਿਊ ਉਤਪਾਦਨ, ਵਿੱਤੀ ਸਿਆਣਪ ਅਤੇ ਕਰਜ਼ੇ ਦੀ ਟਿਕਾਊਪਣ, ਦੇ ਆਧਾਰ 'ਤੇ ਕੀਤਾ ਗਿਆ ਆਰਥਿਕ ਮੁਲਾਂਕਣ ਪੰਜਾਬ ਦੀ ਡਿੱਗਦੀ ਹਾਲਤ ਨੂੰ ਬੇਨਕਾਬ ਕਰਦਾ ਹੈ। ਸੂਬੇ ਨੇ ਹਰ ਮਾਮਲੇ ਵਿਚ ਬਹੁਤ ਹੀ ਘੱਟ ਅੰਕ ਪ੍ਰਾਪਤ ਕੀਤੇ ਹਨ, ਜੋ ਲਗਾਤਾਰ ਘਾਟੇ, ਵਧਦੇ ਕਰਜ਼ੇ ਅਤੇ ਘਟਦੀ ਆਮਦਨ ਸਮਰੱਥਾ ਨੂੰ ਦਰਸਾਉਂਦੇ ਹਨ। ਇਹ ਸ਼ਾਸਨ ਨਹੀਂ, ਬਲਕਿ ਸਿੱਧਾ ਆਰਥਿਕ ਪਤਨ ਹੈ।

ਦੀਵਾਨ ਨੇ ਸਖ਼ਤ ਅੰਕੜਿਆਂ ਦਾ ਹਵਾਲਾ ਦਿੰਦਿਆਂ, ਮਾਨ ਸਰਕਾਰ 'ਤੇ ਤਿੱਖਾ ਹਮਲਾ ਬੋਲਦੇ ਹੋਏ ਕਿਹਾ ਕਿ ਪੰਜਾਬ ਦਾ ਕਰਜ਼ਾ ਬੇਹਿਸਾਬ ਵੱਧ ਗਿਆ ਹੈ। ਉਹਨਾਂ ਕਿਹਾ ਕਿ ਜਦੋਂ ਆਪ ਸਰਕਾਰ ਸੱਤਾ ਵਿੱਚ ਆਈ ਸੀ, ਉਸ ਸਮੇਂ ਪੰਜਾਬ 'ਤੇ ਕਰਜ਼ਾ 2.82 ਲੱਖ ਕਰੋੜ ਰੁਪਏ ਸੀ। ਜਦਕਿ ਮੌਜੂਦਾ ਵਿੱਤੀ ਸਾਲ ਦੇ ਅੰਤ ਤੱਕ ਇਹ ਕਰਜ਼ਾ ਵੱਧ ਕੇ ਲੱਗਭੱਗ 4.17 ਲੱਖ ਕਰੋੜ ਰੁਪਏ ਹੋਣ ਦਾ ਅੰਦਾਜ਼ਾ ਹੈ, ਅਰਥਾਤ ਕੇਵਲ ਚਾਰ ਸਾਲਾਂ ਵਿੱਚ 1.35 ਲੱਖ ਕਰੋੜ ਰੁਪਏ ਦਾ ਵੱਡਾ ਵਾਧਾ। ਇਹ ਪ੍ਰਸ਼ਾਸਨ ਨਹੀਂ, ਬਲਕਿ ਵਿੱਤੀ ਕੁਰਾਜ ਦਾ ਉਦਾਹਰਨ ਹੈ, ਜਿਸ ਨੇ ਪੰਜਾਬ ਨੂੰ ਦਿਵਾਲੀਆਪਨ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ।

# ਸਾਹਨੇਵਾਲ ਸਰਵਿਸ ਰੋਡ ਬਣੀ ਟਰੱਕ ਵਰਕਸ਼ਾਪ, ਟ੍ਰੈਫ਼ਿਕ ਜਾਮ ਕਾਰਨ ਲੋਕ ਪ੍ਰੇਸ਼ਾਨ, ਟ੍ਰੈਫ਼ਿਕ ਪੁਲਿਸ ਮੇਹਰਬਾਨ




ਸਾਹਨੇਵਾਲ ਕੁਹਾੜਾ, 13 ਮਾਰਚ (ਕੁਲਦੀਪ ਸਿੰਘ ਕੁਹਾੜਾ) : ਸਾਹਨੇਵਾਲ ਚੌਂਕ ਤੋਂ ਨੈਸ਼ਨਲ ਹਾਈਵੇਅ ਦੀ ਉਸ ਸਰਵਿਸ ਰੋਡ 'ਤੇ ਜੋ ਸਾਹਨੇਵਾਲ ਥਾਣੇ ਵੱਲ ਨੂੰ ਜਾਂਦੀ ਹੈ, ਉੱਥੇ ਹਾਲਾਤ ਦਿਨੋ-ਦਿਨ ਗੰਭੀਰ ਬਣਦੇ ਜਾ ਰਹੇ ਹਨ। ਸੜਕ ਦੇ ਕਿਨਾਰੇ ਚੱਲ ਰਹੀਆਂ ਮੋਟਰ ਮਕੈਨਿਕਾਂ ਦੀਆਂ ਦੁਕਾਨਾਂ ਕਾਰਨ ਇਹ ਸਰਵਿਸ ਰੋਡ ਹੁਣ ਟਰੱਕਾਂ ਦੀ ਗੈਰਕਾਨੂੰਨੀ ਪਾਰਕਿੰਗ ਅਤੇ ਵਾਹਨਾਂ ਦੀ ਮੁਰੰਮਤ ਵਾਲੀ ਵਰਕਸ਼ਾਪ ਬਣ ਗਈ ਹੈ।

ਮਕੈਨਿਕਾਂ ਵੱਲੋਂ ਭਾਰੀ ਵਾਹਨਾਂ ਨੂੰ ਸੜਕ ਦੇ ਦੋਵੇਂ ਪਾਸਿਆਂ 'ਤੇ ਖੜ੍ਹਾ ਕਰਕੇ ਘੰਟਿਆਂ ਤੱਕ ਉਨ੍ਹਾਂ ਦੀ ਰਿਪੇਅਰ ਕੀਤੀ ਜਾਂਦੀ ਹੈ। ਕਈ ਵਾਰ ਤਾਂ ਇੱਕ ਨਹੀਂ ਸਗੋਂ ਦਰਜਨਾਂ ਟਰੱਕ ਅਤੇ ਹੋਰ ਵਾਹਨ ਰਸਤੇ 'ਤੇ ਖੜ੍ਹੇ ਹੋਣ ਕਰਕੇ ਸੜਕ ਬਹੁਤ ਹੀ ਤੰਗ ਹੋ ਜਾਂਦੀ ਹੈ। ਨਤੀਜੇ ਵਜੋਂ ਇਸ ਰਸਤੇ ਤੇ ਹਰ ਸਮੇਂ ਟ੍ਰੈਫਿਕ ਜਾਮ ਲੱਗਾ ਰਹਿੰਦਾ ਹੈ ਅਤੇ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਸਮੱਸਿਆ ਸਬੰਧੀ ਪਹਿਲਾਂ ਵੀ ਕਈ ਵਾਰ ਅਖਬਾਰਾਂ ਵਿੱਚ ਖਬਰਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਪਰ ਟ੍ਰੈਫਿਕ ਪੁਲਿਸ ਪ੍ਰਸ਼ਾਸਨ ਦੇ ਕੰਨਾਂ 'ਤੇ ਜੂੰਅ ਤੱਕ ਨਹੀਂ ਸਰਕੀ। ਲੋਕਾਂ ਦਾ ਦੋਸ਼ ਹੈ ਕਿ ਜੇਕਰ ਟ੍ਰੈਫਿਕ ਪੁਲਿਸ ਸਮੇਂ ਸਿਰ ਕਾਰਵਾਈ ਕਰਦੀ ਤਾਂ ਅੱਜ ਇਹ ਸਰਵਿਸ ਰੋਡ ਟਰੱਕਾਂ ਦੀ ਵਰਕਸ਼ਾਪ ਵਿੱਚ ਤਬਦੀਲ ਨਾ ਹੁੰਦੀ।

ਹੈਰਾਨੀ ਦੀ ਗੱਲ ਇਹ ਹੈ ਕਿ ਪੁਲਸ ਸਟੇਸ਼ਨ ਨੂੰ ਜਾਣ ਵਾਲੇ ਇਸ ਮਹੱਤਵਪੂਰਨ ਰਸਤੇ 'ਤੇ ਵੀ ਕੋਈ ਨਿਗਰਾਨੀ ਨਹੀਂ ਦਿਖਾਈ ਦਿੰਦੀ। ਦਿਨ ਭਰ ਟਰੱਕਾਂ ਦੀ ਲਾਈਨ ਲੱਗੀ ਰਹਿੰਦੀ ਹੈ, ਜਿਸ ਕਾਰਨ ਕਈ ਵਾਰ ਹਾਦਸੇ ਹੋਣ ਦਾ ਵੀ ਖਤਰਾ ਬਣਿਆ ਰਹਿੰਦਾ ਹੈ।

ਇਲਾਕਾ ਵਾਸੀਆਂ ਨੇ ਟ੍ਰੈਫਿਕ ਪੁਲਿਸ ਅਤੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਆਪਣੀ ਕੁੰਭਕਰਨੀ ਨੀਂਦ ਤੋਂ ਜਾਗ ਕੇ ਸਰਵਿਸ ਰੋਡ 'ਤੇ ਗੈਰਕਾਨੂੰਨੀ ਤਰੀਕੇ ਨਾਲ ਪਾਰਕ ਕਰਕੇ ਰਿਪੇਅਰ ਹੋ ਰਹੇ ਟਰੱਕਾਂ ਅਤੇ ਹੋਰ ਵਾਹਨਾਂ ਖਿਲਾਫ ਤੁਰੰਤ ਸਖਤ ਕਾਰਵਾਈ ਕੀਤੀ ਜਾਵੇ, ਤਾਂ ਜੋ ਆਮ ਜਨਤਾ ਨੂੰ ਰੋਜ਼ਾਨਾ ਦੇ ਟ੍ਰੈਫਿਕ ਜਾਮ ਤੋਂ ਰਾਹਤ ਮਿਲ ਸਕੇ।

ਲੋਕਾਂ ਨੇ ਚੇਤਾਵਨੀ ਵੀ ਦਿੱਤੀ ਹੈ ਕਿ ਜੇਕਰ ਪ੍ਰਸ਼ਾਸਨ ਨੇ ਜਲਦੀ ਕਾਰਵਾਈ ਨਾ ਕੀਤੀ ਤਾਂ ਕਿਸੇ ਵੀ ਸਮੇਂ ਵੱਡਾ ਸੜਕ ਹਾਦਸਾ ਵਾਪਰ ਸਕਦਾ ਹੈ, ਜਿਸ ਦੀ ਪੂਰੀ ਜ਼ਿੰਮੇਵਾਰੀ ਸੰਬੰਧਿਤ ਵਿਭਾਗਾਂ ਦੀ ਹੋਵੇਗੀ।

# ਹਾਈ ਕੋਰਟ ਦੇ ਜਸਟਿਸ ਕੀਰਤੀ ਸਿੰਘ ਵੱਲੋਂ ਲੁਧਿਆਣਾ ਦੀ ਕੇਂਦਰੀ ਜੇਲ੍ਹ ਦਾ ਨਿਰੀਖਣ

## *ਕੇਂਦਰੀ ਜੇਲ੍ਹ ਲੁਧਿਆਣਾ ਵਿੱਚ ਨਵੇਂ ਖੇਡ ਸਟੇਡੀਅਮ ਦਾ ਕੀਤਾ ਉਦਘਾਟਨ*



ਲੁਧਿਆਣਾ, 13 ਮਾਰਚ (ਵਿਸ਼ਾਲ ਸ਼ਰਮਾ) : ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਸੈਸ਼ਨ ਡਿਵੀਜ਼ਨ ਦੇ ਪ੍ਰਸ਼ਾਸਨਿਕ ਜੱਜ ਜਸਟਿਸ ਕੀਰਤੀ ਸਿੰਘ ਨੇ ਸ਼ੁੱਕਰਵਾਰ ਨੂੰ ਕੇਂਦਰੀ ਜੇਲ੍ਹ, ਜਨਾਨਾ ਜੇਲ੍ਹ ਅਤੇ ਬੋਰਸਟਲ ਜੇਲ੍ਹ ਲੁਧਿਆਣਾ ਦਾ ਦੌਰਾ ਕਰਕੇ ਵਿਆਪਕ ਨਿਰੀਖਣ ਕੀਤਾ ਅਤੇ ਕੈਦੀਆਂ, ਵਿਚਾਰ ਅਧੀਨ ਕੈਦੀਆਂ ਲਈ ਸਹੂਲਤਾਂ ਦਾ ਮੁਲਾਂਕਣ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਹਰਪ੍ਰੀਤ ਕੌਰ ਰੰਧਾਵਾ ਵੀ ਮੌਜੂਦ ਸਨ। ਸਭ ਤੋਂ ਪਹਿਲਾਂ ਕੇਂਦਰੀ ਜੇਲ੍ਹ ਲੁਧਿਆਣਾ ਪਹੁੰਚਣ 'ਤੇ ਜਸਟਿਸ ਕੀਰਤੀ ਸਿੰਘ ਨੂੰ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਕੇਂਦਰੀ ਜੇਲ੍ਹ ਅੰਦਰ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਖੇਡ ਸਟੇਡੀਅਮ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਜੇਲ੍ਹ ਅੰਦਰ ਚੱਲ ਰਹੇ ਰੇਡੀਓ ਉਜਾਲਾ ਪੰਜਾਬ ਰਾਹੀਂ ਲੁਧਿਆਣਾ ਦੀਆਂ ਜੇਲ੍ਹਾਂ ਅੰਦਰ ਕੈਦੀਆਂ ਨੂੰ ਸੰਦੇਸ਼ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਅੱਜ ਜੇਲ੍ਹ ਅੰਦਰ ਖੇਡ ਸਟੇਡੀਅਮ ਦਾ ਉਦਘਾਟਨ ਕੀਤਾ ਹੈ। ਉਨ੍ਹਾਂ ਕੈਦੀਆਂ ਨੂੰ ਕਿਹਾ ਕਿ ਮੈਂ ਚਾਹੁੰਦੀ ਹਾਂ ਤੇ ਤੁਸੀਂ ਸਾਰੇ ਖੇਡਾਂ ਵਿੱਚ ਕਿਰਿਆਤਮਿਕ ਰੂਪ ਵਿੱਚ ਸ਼ਾਮਿਲ ਹੋਵੋ।ਕਿਉਂਕਿ ਖੇਡਾਂ ਸਾਡੇ ਲਈ ਬਹੁਤ ਜ਼ਰੂਰੀ ਹਨ। ਜਸਟਿਸ ਕੀਰਤੀ ਸਿੰਘ ਨੇ ਕੇਂਦਰੀ ਜੇਲ੍ਹ ਅੰਦਰ ਬੈਰਕਾਂ, ਰਸੋਈ, ਭੋਜਨ ਸੇਵਾਵਾਂ, ਫੈਕਟਰੀ, ਸਫ਼ਾਈ ਅਤੇ ਹੋਰ ਸਹੂਲਤਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ। ਉਨ੍ਹਾਂ ਰਸੋਈ ਦੇ ਖਾਣੇ ਦਾ ਵੀ ਸੁਆਦ ਲਿਆ ਅਤੇ ਕੈਦੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਸਫਾਈ ਦੇ ਉੱਚ ਮਿਆਰਾਂ ਨੂੰ ਬਣਾਈ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਖਾਸ ਕਰਕੇ ਰਸੋਈ ਵਿੱਚ, ਜਿੱਥੇ ਉਨ੍ਹਾਂ ਕੈਦੀਆਂ ਨੂੰ ਦਿੱਤੇ ਜਾਣ ਵਾਲੇ ਖਾਣੇ ਦੀ ਗੁਣਵੱਤਾ ਅਤੇ ਸਫਾਈ ਦਾ ਨਿੱਜੀ ਤੌਰ 'ਤੇ ਮੁਲਾਂਕਣ ਕੀਤਾ।

ਉਨ੍ਹਾਂ ਨੇ ਜਾਣ ਤੋਂ ਪਹਿਲਾਂ ਕੇਂਦਰੀ ਜੇਲ੍ਹ, ਜਨਾਨਾ ਜੇਲ੍ਹ ਅਤੇ ਬੋਰਸਟਲ ਦੇ ਵਿਜ਼ਟਰ ਰਜਿਸਟਰ ਵਿੱਚ ਆਪਣੇ ਸੁਝਾਅ ਵੀ ਦਰਜ ਕੀਤੇ। ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਸੈਸ਼ਨ ਡਿਵੀਜ਼ਨ ਦੇ ਪ੍ਰਸ਼ਾਸਨਿਕ ਜੱਜ ਜਸਟਿਸ ਕੀਰਤੀ ਸਿੰਘ ਨੇ ਸਮਰਾਲਾ ਦੇ ਕੋਰਟ ਕੰਪਲੈਕਸ ਦਾ ਦੌਰਾ ਕਰਕੇ ਨਿਰੀਖਣ ਕੀਤਾ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਲੁਧਿਆਣਾ ਹਰਪ੍ਰੀਤ ਕੌਰ, ਚੀਫ ਜੁਡੀਸ਼ੀਅਲ ਮਜਿਸਟਰੇਟ, ਡੀ.ਐਲ.ਐਸ.ਏ ਡਾ. ਅਮਨਦੀਪ, ਸਿਵਲ ਜੱਜ ਸੀਨੀਅਰ ਡਿਵੀਜ਼ਨ ਭੇਜੀ ਬੰਗੜ, ਡਿਪਟੀ ਕਮਿਸ਼ਨਰ ਪੁਲਿਸ ਜਸਕਿਰਨ ਜੀਤ ਸਿੰਘ ਤੇਜਾ, ਕੇਂਦਰੀ ਜੇਲ੍ਹ ਦੇ ਸੁਪਰਡੈਂਟ ਕੁਲਵੰਤ ਸਿੰਘ, ਅਡੀਸ਼ਨਲ ਜੇਲ੍ਹ ਸੁਪਰਡੈਂਟ ਬਲਵੀਰ ਸਿੰਘ, ਆਸ਼ੂ ਭੱਟੀ, ਜਨਾਨਾ ਜੇਲ੍ਹ ਦੇ ਸੁਪਰਡੈਂਟ ਦਲਬੀਰ ਸਿੰਘ ਕਾਹਲੋਂ, ਡਿਪਟੀ ਸੁਪਰਡੈਂਟ ਰਵਨੀਤ ਕੌਰ ਢਿੱਲੋਂ, ਬੋਰਸਟਲ ਜੇਲ੍ਹ ਦੇ ਸੁਪਰਡੈਂਟ ਸ੍ਰੀ ਗੁਰਪ੍ਰੀਤ ਸਿੰਘ, ਡਿਪਟੀ ਸੁਪਰਡੈਂਟ ਮਹਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਅਧਿਕਾਰੀ ਹਾਜ਼ਰ ਸਨ।

# ਭਾਰਤ ਵਿੱਚ ਪੈਟਰੋਲੀਅਮ ਉਤਪਾਦਾਂ ਨੂੰ ਯਕੀਨੀ ਬਣਾਉਣ ਵਿੱਚ ਮੋਦੀ ਸਰਕਾਰ ਅਸਫ਼ਲ ਰਹੀ : ਸੀ.ਪੀ.ਆਈ.

ਲੁਧਿਆਣਾ, 13 ਮਾਰਚ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੀ ਜ਼ਿਲ੍ਹਾ ਲੁਧਿਆਣਾ ਇਕਾਈ ਨੇ ਐਲਪੀਜੀ ਅਤੇ ਪੈਟਰੋਲੀਅਮ ਉਤਪਾਦਾਂ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਹਿਣ ਲਈ ਮੋਦੀ ਸਰਕਾਰ ਦੀ ਨਿੰਦਾ ਕੀਤੀ ਹੈ। ਸਰਕਾਰ ਇਨ੍ਹਾਂ ਉਤਪਾਦਾਂ ਦੇ ਸੰਕਟ ਨੂੰ ਮੱਧ ਪੂਰਬ ਵਿੱਚ ਜੰਗ ਦੇ ਨਤੀਜੇ ਵਜੋਂ ਸਮਝਣ ਵਿੱਚ ਅਸਫਲ ਰਹੀ। ਧਿਆਨ ਦੇਣ ਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਬਿਨਾਂ ਭੜਕਾਹਟ ਦੇ ਹਮਲੇ ਤੋਂ ਸਿਰਫ਼ ਦੋ ਦਿਨ ਪਹਿਲਾਂ ਇਜ਼ਰਾਈਲ ਵਿੱਚ ਸਨ। ਇਹ ਮੰਨਣਾ ਭੋਲਾਪਣ ਹੋਵੇਗਾ ਕਿ ਮੋਦੀ ਨੂੰ ਈਰਾਨ 'ਤੇ ਹਮਲਾ ਕਰਨ ਦੇ ਫੈਸਲੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਹਮਲੇ ਤੋਂ ਬਾਅਦ ਉਨ੍ਹਾਂ ਨੇ ਇੱਕ ਵਾਰ ਵੀ ਇਸਦੀ ਨਿੰਦਾ ਨਹੀਂ ਕੀਤੀ। ਨਾ ਹੀ ਉਨ੍ਹਾਂ ਨੇ ਈਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਖਮਾਨੇਈ ਦੀ ਹੱਤਿਆ, ਅਮਰੀਕੀ ਮਿਜ਼ਾਈਲਾਂ ਦੁਆਰਾ 170 ਪ੍ਰਾਇਮਰੀ ਸਕੂਲ ਦੀਆਂ ਕੁੜੀਆਂ ਦੀ ਹੱਤਿਆ ਅਤੇ ਹਿੰਦ ਮਹਾਂਸਾਗਰ ਵਿੱਚ ਈਰਾਨੀ ਜਹਾਜ਼ ਨੂੰ ਟਾਰਪੀਡੋ ਕਰਨ ਦੀ ਨਿੰਦਾ ਕੀਤੀ ਹੈ। ਭਾਰਤ ਸਰਕਾਰ ਬੇਸ਼ਰਮੀ ਨਾਲ ਇਜ਼ਰਾਈਲ ਦੇ ਨਾਲ ਖੜ੍ਹੀ ਹੈ। ਹੁਣ ਜਦੋਂ ਦੇਸ਼ ਵਿੱਚ ਤੇਲ ਸੰਕਟ ਹੋ ਰਿਹਾ ਹੈ ਤਾਂ ਸਾਡੇ ਵਿਦੇਸ਼ ਮੰਤਰੀ ਨੇ ਈਰਾਨੀ ਵਿਦੇਸ਼ ਮੰਤਰੀ ਨੂੰ ਤਿੰਨ ਵਾਰ ਟੈਲੀਫੋਨ ਕਰਕੇ ਹੋਮਰੂਜ਼ ਸਟ੍ਰੇਟ ਰਾਹੀਂ ਭਾਰਤ ਨੂੰ ਤੇਲ ਲਿਜਾਣ ਵਾਲੇ ਜਹਾਜ਼ਾਂ ਦੀ ਆਗਿਆ ਮੰਗੀ ਹੈ। ਹੁਣ ਤੱਕ ਈਰਾਨ ਨੇ ਕੋਈ ਜਵਾਬ ਨਹੀਂ ਦਿੱਤਾ ਹੈ। ਇਹ ਸਾਡੀ ਨੀਤੀ ਦੀ ਪੂਰੀ ਤਰ੍ਹਾਂ ਅਸਫਲਤਾ ਹੈ। ਸਰਕਾਰ ਨੂੰ ਹੋਰ ਸਰੋਤਾਂ ਤੋਂ ਤੇਲ ਅਤੇ ਗੈਸ ਖਰੀਦਣ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਨਹੀਂ ਤਾਂ ਭਾਰਤ ਡੂੰਘੇ ਆਰਥਿਕ ਸੰਕਟ ਵਿੱਚ ਫਸ ਜਾਵੇਗਾ।ਬਿਆਨ ਜਾਰੀ ਕਰਨ ਵਾਲਿਆਂ ਵਿੱਚ ਕਾਮਰੇਡ ਡੀ ਪੀ ਮੌੜ, ਡਾਕਟਰ ਅਰੁਣ ਮਿੱਤਰਾ, ਚਮਕੌਰ ਸਿੰਘ, ਐਮ ਐਸ ਭਾਟੀਆ, ਡਾਕਟਰ ਰਜਿੰਦਰ ਪਾਲ ਸਿੰਘ ਔਲਖ ਅਤੇ ਰਮੇਸ਼ ਰਤਨ ਸ਼ਾਮਿਲ ਹਨ।

# ਰਾਸ਼ਟਰੀ ਲੋਕ ਅਦਾਲਤ ਅੱਜ



ਲੁਧਿਆਣਾ, 13 ਮਾਰਚ (ਵਿਸ਼ਾਲ ਸ਼ਰਮਾ) : ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ.ਐਲ.ਐਸ.ਏ.) ਲੁਧਿਆਣਾ ਡਾ. ਅਮਨਦੀਪ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਭਲਕੇ 14 ਮਾਰਚ ਨੂੰ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੱਗਣ ਵਾਲੀ ਇਸ ਰਾਸ਼ਟਰੀ ਲੋਕ ਅਦਾਲਤ ਦੇ ਮਾਧਿਅਮ ਰਾਹੀਂ ਆਪਣੇ ਝਗੜਿਆਂ ਦਾ ਨਿਪਟਾਰਾ ਕਰਵਾ ਕੇ ਛੇਤੀ ਅਤੇ ਸਸਤਾ ਨਿਆਂ ਪ੍ਰਾਪਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੇ ਆਪਸੀ ਝਗੜਿਆਂ ਦਾ ਛੇਤੀ ਅਤੇ ਸਸਤੇ ਢੰਗ ਨਾਲ ਨਿਪਟਾਰਾ ਕਰਵਾਉਣ ਦੇ ਮੰਤਵ ਨਾਲ ਹੀ ਇਸ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵਲੋਂ ਇਸ 'ਨੈਸ਼ਨਲ ਲੋਕ ਅਦਾਲਤ' ਰਾਹੀਂ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਇਆ ਜਾਵੇਗਾ।

ਸਕੱਤਰ ਡਾ. ਅਮਨਦੀਪ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਸਿਵਲ ਕੇਸ ਜਿਵੇਂ ਕਿ ਕਿਰਾਇਆ, ਬੈਂਕ ਦੀ ਰਿਕਵਰੀ, ਮਾਲ ਮਾਮਲੇ, ਬਿਜਲੀ ਅਤੇ ਪਾਣੀ ਦੇ ਬਿੱਲਾਂ (ਚੋਰੀ ਦੇ ਕੇਸਾਂ ਨੂੰ ਛੱਡ ਕੇ), ਤਨਖਾਹਾਂ ਅਤੇ ਭੱਤਿਆਂ ਅਤੇ ਸੇਵਾ ਮੁਕਤ ਲਾਭਾਂ ਨਾਲ ਸਬੰਧਤ ਮਾਮਲੇ, ਜੰਗਲਾਤ ਐਕਟ ਦੇ ਕੇਸ, ਤਬਾਹੀ ਮੁਆਵਜ਼ਾ, ਫੌਜਦਾਰੀ ਮਿਕਦਾਰ ਮਾਮਲੇ, ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਦੇ ਅਧੀਨ ਸ਼ਿਕਾਇਤਾਂ, ਕਵਰਡ ਮਾਮਲਿਆਂ ਦੀ ਸੁਣਵਾਈ ਸਿਵਲ ਜੱਜਾਂ ਜਾਂ ਜੁਡੀਸ਼ੀਅਲ ਮੈਜਿਸਟਰੇਟਾਂ ਦੁਆਰਾ ਲੋਕ ਅਦਾਲਤ ਵਿੱਚ ਕੀਤੀ ਜਾਵੇਗੀ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਅਜਿਹੇ ਪ੍ਰੀ-ਲਿਟੀਗੇਟਿਵ ਮਾਮਲਿਆਂ ਦਾ ਨਿਪਟਾਰਾ ਵੀ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਉਣ ਦੇ ਉਪਰਾਲੇ ਕੀਤੇ ਜਾਣਗੇ, ਜਿਹੜੇ ਅਜੇ ਤੱਕ ਕਿਸੇ ਅਦਾਲਤ ਵਿੱਚ ਦਾਇਰ ਨਹੀਂ ਕੀਤੇ ਗਏ ਹਨ।


ਯੂਕੋ ਬੈਂਕ (ਭਾਰਤ ਸਰਕਾਰ ਦਾ ਅਦਾਰਾ) UCO BANK (A Govt. of India Undertaking)

**ਸੋਧ**

ਸਾਡੀ ਮਿਲਰਗੰਜ ਲੁਧਿਆਣਾ ਸ਼ਾਖਾ ਦੇ ਸ੍ਰੀ ਦਵਿੰਦਰ ਪਾਲ ਸਿੰਘ ਦੇ ਖਾਤੇ ਲਈ ਇੰਡੀਅਨ ਐਕਸਪ੍ਰੈਸ ਅਤੇ ਚਾਰਦੀਕਲਾ ਮਿਤੀ 11.03.2026 ਨੂੰ ਪ੍ਰਕਾਸ਼ਿਤ ਸਾਡੇ ਈ-ਨਿਲਾਮੀ ਵਿਕਰੀ ਨੋਟਿਸ ਨੂੰ ਵੇਖੋ, ਜਿਸਦਾ ਜ਼ਿਕਰ ਸੀ. ਨੰਬਰ 01 'ਤੇ ਕੀਤਾ ਗਿਆ ਹੈ। ਹੁਣ ਇਸ ਖਾਤੇ ਵਿੱਚ ਕਿਰਪਾ ਕਰਕੇ ਭੌਤਿਕ ਦੀ ਬਜਾਏ ਸੰਕੇਤਕ ਕਬਜ਼ੇ ਦੀ ਕਿਸਮ ਪੜ੍ਹੋ
ਅਤੇ ਸਾਡੀ ਮਿਲਰਗੰਜ ਲੁਧਿਆਣਾ ਸ਼ਾਖਾ ਦੇ ਮੈਸਰਜ਼ ਏ ਕੇ ਯਾਰਨ ਪਲੱਸ ਨੂੰ ਵੀ ਪੜ੍ਹੋ ਜੋ ਸੀ. ਨੰਬਰ 03 'ਤੇ ਦੱਸਿਆ ਗਿਆ ਹੈ। ਹੁਣ ਇਸ ਖਾਤੇ ਵਿੱਚ ਕਿਰਪਾ ਕਰਕੇ ਸੰਕੇਤਕ ਦੀ ਬਜਾਏ ਭੌਤਿਕ ਕਬਜ਼ੇ ਦੀ ਕਿਸਮ ਪੜ੍ਹੋ।
(ਅਧਿਕਾਰਤ ਅਧਿਕਾਰੀ)



**ਵਸੂਲੀ ਅਧਿਕਾਰੀ ਦਾ ਦਫਤਰ-1/2**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)**
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ

ਫਾਰਮ ਨੰ. 14
[ਦੇਖੋ ਨਿਯਮ 33 (2)]
ਪੰਜੀਕ੍ਰਿਤ ਏ/ਡੀ, ਦਸਤੀ ਨਾਕਾਮ ਰਹਿਣ 'ਤੇ ਪ੍ਰਕਾਸ਼ਨ ਰਾਹੀਂ
**ਮੰਗ ਸੂਚਨਾ**
**ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ**

ਆਰ.ਸੀ./390/2023 20.12.2025

**ਯੂਨੀਅਨ ਬੈਂਕ ਆਫ ਇੰਡੀਆ (ਈਰਸਟਵਾਈਲ ਆਂਧਰਾ ਬੈਂਕ)**
**ਬਨਾਮ**
**ਮੈਸ. ਆਸਥਾ ਇੰਟਰਨੈਸ਼ਨਲ**

**ਵੱਲ,**
**(ਸੀਡੀ-1) ਮੈਸ. ਆਸਥਾ ਇੰਟਰਨੈਸ਼ਨਲ**, ਬਿਲਗਾ ਰੋਡ, ਸਾਹਨੇਵਾਲ, ਜੀ.ਟੀ. ਰੋਡ, ਲੁਧਿਆਣਾ **ਰਾਹੀਂ ਇਸ ਦੇ ਭਾਈਵਾਲਾਂ ਸ੍ਰੀ ਅਕਸ਼ਰ ਸ਼ਰਮਾ, ਸ੍ਰੀ ਅਸ਼ਵਨੀ ਸ਼ਰਮਾ ਪੁੱਤਰਾਨ ਸ੍ਰੀ ਰਾਮਨਾਥ ਸ਼ਰਮਾ**, ਵਾਸੀ 45-ਐਲ, ਮਾਡਲ ਟਾਊਨ, ਲੁਧਿਆਣਾ, ਪੰਜਾਬ
**(ਸੀਡੀ-2) ਸ੍ਰੀ ਅਕਸ਼ਰ ਸ਼ਰਮਾ ਪੁੱਤਰ ਸ੍ਰੀ ਰਾਮਨਾਥ ਸ਼ਰਮਾ** ਵਾਸੀ 45-ਐਲ, ਮਾਡਲ ਟਾਊਨ, ਲੁਧਿਆਣਾ, ਪੰਜਾਬ
**(ਸੀਡੀ-3) ਸ੍ਰੀ ਅਸ਼ਵਨੀ ਸ਼ਰਮਾ ਪੁੱਤਰ ਸ੍ਰੀ ਰਾਮਨਾਥ ਸ਼ਰਮਾ** ਵਾਸੀ 45-ਐਲ, ਮਾਡਲ ਟਾਊਨ, ਲੁਧਿਆਣਾ, ਪੰਜਾਬ
**(ਸੀਡੀ-4) ਸ੍ਰੀਮਤੀ ਸੀਤਾ ਦੇਵੀ ਪਤਨੀ ਸ੍ਰੀ ਰਾਮਨਾਥ ਸ਼ਰਮਾ** ਵਾਸੀ 45-ਐਲ, ਮਾਡਲ ਟਾਊਨ, ਲੁਧਿਆਣਾ, ਪੰਜਾਬ
ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਓਏ/1193/2021 **ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ** 13.04.2021 **ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ** 10.00% ਦੀ ਦਰ 'ਤੇ **ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ** ਰੁ. 19,50,99,444.57/- (ਰੁਪਏ ਉਨੀ ਕਰੋੜ ਪੰਜਾਹ ਲੱਖ ਨੜਿੰਨਵੇਂ ਹਜ਼ਾਰ ਚਾਰ ਸੌ ਚੁਤਾਲੀ ਅਤੇ ਸਤਵੰਜਾ ਪੈਸੇ ਕੇਵਲ) **ਦੀ ਰਕਮ ਅਤੇ** ਰੁ. 1,50,000/- (ਰੁਪਏ ਇਕ ਲੱਖ ਪੰਜਾਹ ਹਜ਼ਾਰ ਕੇਵਲ) **ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 20.03.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 20.12.2025 ਨੂੰ ਜਾਰੀ।

**ਵਸੂਲੀ ਅਧਿਕਾਰੀ,**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**



ਬੈਂਕ ਆਫ਼ ਬੜੌਦਾ Bank of Baroda **ਲੋੜੀਂਦੇ ਅਹਾਤੇ**

ਬੈਂਕ ਆਫ਼ ਬੜੌਦਾ, ਮਾਲਕਾਂ/ਪਾਵਰ ਆਫ਼ ਅਟਾਰਨੀ ਧਾਰਕਾਂ ਤੋਂ ਪੇਸ਼ਕਸ਼ਾਂ ਦਾ ਸੱਦਾ ਦਿੰਦਾ ਹੈ, ਤਰਜੀਹੀ ਤੌਰ 'ਤੇ ਜ਼ਮੀਨੀ ਮੰਜ਼ਿਲ ' ਤੇ ਸਾਰੀਆਂ ਸਹੂਲਤਾਂ ਸਮੇਤ, ਲੋੜੀਂਦੀ ਬਿਜਲੀ। ਇਮਾਰਤ ਕਬਜ਼ੇ ਲਈ ਤਿਆਰ ਹੋਣੀ ਚਾਹੀਦੀ ਹੈ ਜਾਂ 3 ਮਹੀਨਿਆਂ ਦੀ ਮਿਆਦ ਦੇ ਅੰਦਰ ਕਬਜ਼ੇ ਲਈ ਤਿਆਰ ਹੋਣ ਦੀ ਸੰਭਾਵਨਾ ਹੈ। ਇੱਛੁਕ ਪੇਸ਼ਕਸ਼ਕਰਤਾ ਆਪਣੀਆਂ ਪੇਸ਼ਕਸ਼ਾਂ ਸੀਲਬੰਦ ਲਿਫਾਫੇ ਨੰਬਰ 1 (ਤਕਨੀਕੀ ਬੋਲੀ) ਅਤੇ ਸੀਲਬੰਦ ਲਿਫਾਫੇ ਨੰਬਰ 2 (ਵਿੱਤੀ ਬੋਲੀ) ਵਿੱਚ ਇੱਕ ਹੋਰ ਸੀਲਬੰਦ ਲਿਫਾਫੇ ਵਿੱਚ ਜਮ੍ਹਾਂ ਕਰਾਉਣਗੇ, ਜਿਸ ਵਿੱਚ "**(ਸੰਬੰਧਿਤ ਸ਼ਾਖਾ ਦਾ ਨਾਮ)** ______________ **ਲਈ ਪੇਸ਼ਕਸ਼**" ਸੁਪਰ ਸਕ੍ਰਾਈਬ ਕੀਤੀ ਜਾਣੀ ਚਾਹੀਦੀ ਹੈ ਜਿਸ ਵਿੱਚ ਬਿਨੈਕਾਰ ਦਾ ਨਾਮ, ਪਤਾ ਅਤੇ ਸੰਪਰਕ ਨੰਬਰ ਦਰਜ ਹੋਵੇ। ਸੀਲਬੰਦ ਕਵਰ ਸਹਾਇਕ ਜਨਰਲ ਮੈਨੇਜਰ, ਬੈਂਕ ਆਫ਼ ਬੜੌਦਾ, ਖੇਤਰੀ ਦਫ਼ਤਰ, ਤੀਜੀ ਮੰਜ਼ਿਲ, ਸੰਧੂ ਟਾਵਰ-II, ਗੁਰੂਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141001 ਨੂੰ 04 ਅਪ੍ਰੈਲ 2026 ਨੂੰ ਜਾਂ ਇਸ ਤੋਂ ਪਹਿਲਾਂ ਜਮ੍ਹਾ ਕੀਤਾ ਜਾਣਾ ਚਾਹੀਦਾ ਹੈ। ਤਕਨੀਕੀ ਬੋਲੀ ਉਸੇ ਦਿਨ ਬਠਿੰਡਾ ਸ਼ਾਖਾ ਲਈ 15:30 ਵਜੇ ਅਤੇ ਗੋਲ ਡਿਗੀ ਸ਼ਾਖਾ ਲਈ 16:00 ਵਜੇ ਖੋਲ੍ਹੀ ਜਾਵੇਗੀ।

| ਸ਼ਾਖਾਵਾਂ | ਕਾਰਪੇਟ ਏਰੀਆ ਲਗਭਗ | ਸਥਾਨ |
|---|---|---|
| ਏਮਜ਼ ਬਠਿੰਡਾ | 1500-1800 Sqft | ਡੱਬਵਾਲੀ ਰੋਡ, ਤਰਜੀਹੀ ਤੌਰ 'ਤੇ ਆਨੰਦ ਸਿਟੀ ਦੇ ਨੇੜੇ ਤੋਂ ਏਮਜ਼ ਬਠਿੰਡਾ ਤੱਕ। |
| ਗੋਲ ਡਿਗੀ ਸ਼ਾਖਾ | 1500-1800 Sqft | ਮੌਜੂਦਾ ਸ਼ਾਖਾ ਦੇ ਨੇੜੇ, ਤਰਜੀਹੀ ਤੌਰ 'ਤੇ ਅਮਰੀਕ ਸਿੰਘ ਰੋਡ ਧੋਬੀ ਬਾਜ਼ਾਰ, ਮਾਲ ਰੋਡ, ਬੈਂਕ ਬਜ਼ਾਰ |

ਪਹਿਲ ਜਨਤਕ ਖੇਤਰ ਦੀਆਂ ਇਕਾਈਆਂ/ਸਰਕਾਰੀ ਵਿਭਾਗਾਂ ਨਾਲ ਸਬੰਧਤ ਇਮਾਰਤਾਂ ਨੂੰ ਦਿੱਤੀ ਜਾਵੇਗੀ (ਵੇਰਵਿਆਂ ਲਈ ਕਿਰਪਾ ਕਰਕੇ ਸਾਡੀ ਵੈੱਬਸਾਈਟ www.bankofbaroda.com ਦੇ ਟੈਂਡਰ ਸੈਕਸ਼ਨ 'ਤੇ ਲੌਗਇਨ ਕਰੋ।) ਬੈਂਕ ਬਿਨਾਂ ਕਾਰਨ ਦੱਸੇ ਕਿਸੇ ਵੀ ਪੇਸ਼ਕਸ਼ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

ਸਹਾਇਕ ਜਨਰਲ ਮੈਨੇਜਰ



**kotak ਕੋਟਕ ਮਹਿੰਦਰਾ ਬੈਂਕ ਲਿਮ.**
ਪੰਜੀਕ੍ਰਿਤ ਦਫ਼ਤਰ : 27 ਬੀਕੇਸੀ, ਸੀ-27, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ-400051 ਸ਼ਾਖਾ ਦਫ਼ਤਰ : ਐਸਸੀਓ 120, 6ਵੀਂ ਮੰਜ਼ਿਲ, ਫਿਰੋਜ਼ ਗਾਂਧੀ ਮਾਰਕਿਟ, ਫਿਰੋਜ਼ਪੁਰ ਰੋਡ, ਭਾਈ ਵਾਲਾ ਚੌਕ, ਲੁਧਿਆਣਾ -141001

**ਭੌਤਿਕ ਕਬਜ਼ਾ ਸੂਚਨਾ**
ਜਦੋਂ ਕਿ, ਕੋਟਕ ਮਹਿੰਦਰਾ ਬੈਂਕ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ ਐਕਟ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ 2002 ਦੇ ਨਿਯਮ 3 ਦੇ ਨਾਲ ਪੜ੍ਹੇ ਧਾਰਾ 13(12) ਦੇ ਤਹਿਤ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਦਿੱਤੇ ਅਨੁਸਾਰ ਉਧਾਰ ਲੈਣ ਵਾਲਿਆਂ ਨੂੰ ਡਿਮਾਂਡ ਨੋਟਿਸ ਜਾਰੀ ਕੀਤੇ ਗਏ ਹਨ, ਜਿਸ ਵਿੱਚ ਸੰਬੰਧਿਤ ਉਧਾਰ ਲੈਣ ਵਾਲਿਆਂ ਨੂੰ ਉਕਤ ਨੋਟਿਸਾਂ ਵਿੱਚ ਦੱਸੀ ਗਈ ਰਕਮ ਨੂੰ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਭੁਗਤਾਨ ਦੀ ਅਸਲ ਮਿਤੀ ਤੱਕ ਸਾਰੀਆਂ ਲਾਗਤਾਂ, ਖਰਚਿਆਂ ਅਤੇ ਖਰਚਿਆਂ ਸਮੇਤ ਵਾਪਸ ਕਰਨ ਲਈ ਕਿਹਾ ਗਿਆ ਹੈ। ਉਕਤ ਕਰਜ਼ਦਾਰ/ਸਹਿ-ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ/ਸਹਿ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਹਸਤਾਖਰ ਕਰਨ ਵਾਲੇ ਨੇ ਉਕਤ ਐਕਟ ਦੀ ਧਾਰਾ 13(4) R/W ਨਿਯਮ 8 ਦੇ ਤਹਿਤ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇੱਥੇ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਖਾਸ ਤੌਰ 'ਤੇ ਉਧਾਰ ਲੈਣ ਵਾਲਿਆਂ ਅਤੇ ਆਮ ਜਨਤਾ ਨੂੰ ਇੱਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਕੋਟਕ ਮਹਿੰਦਰਾ ਬੈਂਕ ਲਿਮਟਿਡ ਦੇ ਚਾਰਜ ਦੇ ਅਧੀਨ ਹੋਵੇਗਾ, ਜਿਸ ਵਿੱਚ ਉਸ ਵਿੱਚ ਦੱਸੀ ਗਈ ਰਕਮ ਲਈ ਸਬੰਧਤ ਮਿਤੀਆਂ ਤੋਂ ਭਵਿੱਖੀ ਵਿਆਜ, ਲਾਗਤਾਂ ਅਤੇ ਖਰਚੇ ਸ਼ਾਮਲ ਹੋਣਗੇ ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ। ਕਰਜ਼ਦਾਰਾਂ, ਅਨੁਸੂਚਿਤ ਜਾਇਦਾਦ, ਬਕਾਇਆ ਬਕਾਏ, ਧਾਰਾ 13(2) ਅਧੀਨ ਭੇਜੇ ਗਏ ਡਿਮਾਂਡ ਨੋਟਿਸ ਅਤੇ ਉਸ ਅਧੀਨ ਦਾਅਵਾ ਕੀਤੀਆਂ ਗਈਆਂ ਰਕਮਾਂ, ਕਬਜ਼ੇ ਦੀ ਮਿਤੀ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:

| ਕਰਜ਼ਦਾਰ, ਸਹਿ-ਕਰਜ਼ਦਾਰ/ਜ਼ਾਮਨ ਦਾ ਨਾਮ ਅਤੇ ਪਤਾ, ਕਰਜ਼ ਖਾਤਾ ਨੰਬਰ, ਕਰਜ਼ੇ ਦੀ ਰਕਮ | ਅਚੱਲ ਸੰਪੱਤੀ ਦੇ ਵੇਰਵੇ | 1. ਕਬਜ਼ੇ ਦੀ ਮਿਤੀ 2. ਕਬਜ਼ੇ ਦੀ ਕਿਸਮ 3. ਮੰਗ ਸੂਚਨਾ ਦੀ ਮਿਤੀ 4. ਬਕਾਇਆ ਰਕਮ ਰੁ. 'ਚ |
|---|---|---|
| 1 ਸ੍ਰੀ ਸ਼ੋਭਿਤ ਸਿੰਘ ਪੁੱਤਰ ਸ੍ਰੀ ਸੁਰੇਸ਼ ਚੰਦਰ ਸਿੰਘ ਅਤੇ 2. ਸ਼੍ਰੀਮਤੀ ਅਲੋਅਮਾ ਫਿਲਿਪ ਪਤਨੀ ਸ੍ਰੀ ਸੁਰੇਸ਼ ਚੰਦਰ ਸਿੰਘ, ਦੋਵੇਂ ਵਾਸੀ:- ਪੀ-94, ਸੈਕਟਰ 23, ਸੰਜੇ ਨਗਰ, ਗਾਜ਼ੀਆਬਾਦ, ਉੱਤਰ ਪ੍ਰਦੇਸ਼ - 201001, ਦੋਵੇਂ ਇੱਥੇ ਵੀ:- ਫਲੈਟ ਨੰ. 529, ਕੇਐਸਬੀ ਰਾਇਲ ਹਾਈਟ, ਸੈਕਟਰ-126, ਗ੍ਰੇਟਰ ਮੋਹਾਲੀ-140501 ਲੋਨ ਖਾਤਾ ਨੰਬਰ: 00166660004180 ਮਨਜ਼ੂਰ ਕੀਤੀ ਗਈ ਕਰਜ਼ੇ ਦੀ ਰਕਮ: 28,00,000/- ਰੁਪਏ (ਅਠਾਈ ਲੱਖ ਰੁਪਏ ਕੇਵਲ) | ਫਲੈਟ ਨੰਬਰ 529, ਟਾਵਰ ਟੀ-15 ਪੰਜਵੀਂ ਮੰਜ਼ਿਲ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਲਗਭਗ 1500 ਵਰਗ ਫੁੱਟ ਦਾ ਖੇਤਰਫਲ ਹੈ ਜਿਸ ਵਿੱਚ ਕੇਐਸਬੀ ਰਾਇਲ ਹਾਈਟ, ਸੈਕਟਰ 126, ਗ੍ਰੇਟਰ ਮੋਹਾਲੀ, ਪੰਜਾਬ ਵਿਖੇ ਸਥਿਤ ਜ਼ਮੀਨ ਦਾ ਅਣਵੰਡਿਆ ਅਨੁਪਾਤੀ ਹਿੱਸਾ ਅਤੇ ਸਾਂਝੀਆਂ ਸਹੂਲਤਾਂ ਸ਼ਾਮਲ ਹਨ। ਗਿਰਵੀਕਾਰ ਦਾ ਨਾਮ: ਸ਼੍ਰੀ ਸ਼ੋਭਿਤ ਸਿੰਘ ਅਤੇ ਸ਼੍ਰੀਮਤੀ ਅਲੋਅਮਾ ਫਿਲਿਪ | 1.09.03.2026 2. ਸੰਕੇਤਕ ਕਬਜ਼ਾ 3.17.10.2025 4. ਰੁਪਏ 61,27,281/- (ਇਕਾਹਠ ਲੱਖ ਸਤਾਈ ਹਜ਼ਾਰ ਦੋ ਸੌ ਇਕਿਆਸੀ ਸਿਰਫ਼) ਬਕਾਇਆ ਅਤੇ 17.10.2025 ਤੱਕ ਲਾਗੂ ਵਿਆਜ ਸਮੇਤ 18.10.2025 ਤੋਂ ਪੂਰਾ ਭੁਗਤਾਨ ਹੋਣ ਤੱਕ ਭੁਗਤਾਨਯੋਗ। |
| 1 ਸ੍ਰੀ ਸ਼ੰਕਰ ਕੁਮਾਰ ਰਾਏ ਸਪੁੱਤਰ ਸ਼ੈਲੇਂਦਰ ਕੁਮਾਰ ਰਾਏ 2. ਸ਼੍ਰੀਮਤੀ ਮੀਤਾ ਰਾਏ ਪਤਨੀ ਸ੍ਰੀ ਸ਼ੰਕਰ ਕੁਮਾਰ ਰਾਏ ਦੋਵੇਂ ਵਾਸੀ:- ਕੁਆਰਟਰ ਨੰਬਰ 553, ਟਾਈਪ-1, ਸੈਕਟਰ-2, ਆਰ.ਕੇ. ਪੁਰਮ, ਨਵੀਂ ਦਿੱਲੀ 110022। ਦੋਵੇਂ ਇੱਥੇ ਵੀ: ਪਿੰਡ ਪਰਬੰਗਲਾ, ਤਹਿਸੀਲ ਅਲੀਪੁਰ ਪਰਬੰਗਲਾ, ਭਟਨਾਗਰ ਦੱਖਣੀ ਚੌਵੀ ਪਰਗਨਾ, ਅਲੀਪੁਰ, ਪੱਛਮੀ ਬੰਗਾਲ 700140। ਦੋਵੇਂ ਇੱਥੇ ਵੀ:- ਫਲੈਟ ਨੰਬਰ 734, ਟਾਵਰ ਟੀ-17, ਕੇਐਸਬੀ ਰਾਇਲ ਹਾਈਟ, ਸੈਕਟਰ-126, ਗ੍ਰੇਟਰ ਮੋਹਾਲੀ - 140501 ਲੋਨ ਖਾਤਾ ਨੰਬਰ: 00306660002963 ਮਨਜ਼ੂਰ ਕੀਤੀ ਗਈ ਕਰਜ਼ੇ ਦੀ ਰਕਮ: 22,65,000/- ਰੁਪਏ (ਬਾਈ ਲੱਖ ਪੈਂਹਠ ਹਜ਼ਾਰ ਰੁਪਏ ਕੇਵਲ) | ਫਲੈਟ ਨੰਬਰ 734, ਟਾਵਰ ਟੀ-17 ਸੱਤਵੀਂ ਮੰਜ਼ਿਲ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਅਤੇ ਲਗਭਗ 1500 ਵਰਗ ਫੁੱਟ ਦਾ ਖੇਤਰਫਲ ਹੈ ਜਿਸ ਵਿੱਚ ਕੇਐਸਬੀ ਰਾਇਲ ਹਾਈਟ, ਸੈਕਟਰ 126, ਗ੍ਰੇਟਰ ਮੋਹਾਲੀ, ਪੰਜਾਬ ਵਿਖੇ ਸਥਿਤ ਜ਼ਮੀਨ ਦਾ ਅਣਵੰਡਿਆ ਅਨੁਪਾਤੀ ਹਿੱਸਾ ਅਤੇ ਸਾਂਝੀਆਂ ਸਹੂਲਤਾਂ ਸ਼ਾਮਲ ਹਨ। ਗਿਰਵੀਕਾਰ ਦਾ ਨਾਮ: ਸ੍ਰੀ ਸ਼ੰਕਰ ਕੁਮਾਰ ਰਾਏ | 1.10.03.2026 2. ਸੰਕੇਤਕ ਕਬਜ਼ਾ 3. 17.10.2025 4. 81,40,940/- ਰੁਪਏ (ਇਕਿਆਸੀ ਲੱਖ ਚਾਲੀ ਹਜ਼ਾਰ ਨੌਂ ਸੌ ਚਾਲੀ ਰੁਪਏ ਸਿਰਫ਼) ਬਕਾਇਆ ਅਤੇ 17.10.2025 ਤੱਕ ਲਾਗੂ ਵਿਆਜ ਸਮੇਤ 18.10.2025 ਤੋਂ ਪੂਰਾ ਭੁਗਤਾਨ ਹੋਣ ਤੱਕ ਭੁਗਤਾਨਯੋਗ। |
| 1. ਸ੍ਰੀ ਵਿਨੋਦ ਕੁਮਾਰ ਪੁੱਤਰ ਸ੍ਰੀ ਸੋਮ ਨਾਥ ਅਤੇ 2. ਸ਼੍ਰੀਮਤੀ ਪੂਨਮ ਰਾਣੀ ਪਤਨੀ ਸ੍ਰੀ ਵਿਨੋਦ ਕੁਮਾਰ ਦੋਵੇਂ ਵਾਸੀ: ਮਕਾਨ ਨੰ. ਸਟਾਰ ਹਾਊਸ 17, ਮਹਾਰਾਜਾ ਐਨਕਲੇਵ, ਸੁਲਰ ਰੋਡ, ਨਵਜੀਵਨੀ ਸਕੂਲ ਦੇ ਨੇੜੇ, ਪਟਿਆਲਾ, ਪੰਜਾਬ-147001 ਲੋਨ ਖਾਤਾ ਨੰਬਰ:17800003826 ਮਨਜ਼ੂਰ ਕੀਤੀ ਗਈ ਕਰਜ਼ੇ ਦੀ ਰਕਮ: 16,81,891/- ਰੁਪਏ (ਸੋਲ੍ਹਾਂ ਲੱਖ ਇੱਕਿਆਸੀ ਹਜ਼ਾਰ ਅੱਠ ਸੌ ਇਕਾਨਵੇਂ ਰੁਪਏ ਕੇਵਲ) | ਜਾਇਦਾਦ ਭਾਵ ਪਲਾਟ ਨੰਬਰ 17 ਮਿਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਪਿੰਡ ਸੁਲਰ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ, 0-3 ਬਿਸਵਾ ਭਾਵ 150 ਵਰਗ ਗਜ਼ ਦਾ ਖੇਤਰਫਲ, ਜਿਸ ਵਿੱਚ ਖੇਵਟ ਨੰਬਰ 42, ਖਤੌਨੀ ਨੰਬਰ 26 ਮਿਨ, ਖਸਰਾ ਨੰਬਰ 118(6-5), 119(5-0), 121(5-19), 122(6-5), 123(6-5), ਕਿੱਤੇ 5, ਕੁੱਲ 29 ਵਿੱਘੇ 14 ਬਿਸਵਾ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 0-3 ਬਿਸਵਾ ਭਾਵ 150 ਵਰਗ ਗਜ਼ ਸ੍ਰੀ ਵਿਨੋਦ ਕੁਮਾਰ ਪੁੱਤਰ ਸੋਮ ਨਾਥ ਦੇ ਨਾਮ 'ਤੇ ਵਿਕਰੀ ਡੀਡ ਨੰਬਰ 1761 ਮਿਤੀ 04.05.2016 ਅਤੇ ਇੰਤਕਾਲ ਨੰਬਰ 2582 ਰਾਹੀਂ ਮਾਲ ਰਿਕਾਰਡ ਅਨੁਸਾਰ ਮਨਜ਼ੂਰ ਕੀਤਾ ਗਿਆ ਹੈ। ਵਿਕਰੀ ਡੀਡ ਦੇ ਅਨੁਸਾਰ, ਸਵਾਲੀਆ ਜਾਇਦਾਦ ਹੇਠ ਲਿਖੇ ਅਨੁਸਾਰ ਹੈ: ਪੂਰਬ: ਸੜਕ 30', ਸਾਈਡ 22-6" ਪੱਛਮ: ਖਾਲੀ ਪਲਾਟ, ਸਾਈਡ 22-6" ਉੱਤਰ: ਮਾਲਕ ਦਾ ਪਲਾਟ, ਸਾਈਡ 60 ਦੱਖਣ: ਪਲਾਟ ਨੰਬਰ 18, ਸਾਈਡ 60 ਗਿਰਵੀਕਾਰ ਦਾ ਨਾਮ: ਸ੍ਰੀ ਵਿਨੋਦ ਕੁਮਾਰ ਪੁੱਤਰ ਸ੍ਰੀ ਸੋਮ ਨਾਥ | 1.09.03.2026 2. ਸੰਕੇਤਕ ਕਬਜ਼ਾ 3. 10.12.2025 4. ਰੁਪਏ 22,03,941.30/- (ਬਾਈ ਲੱਖ ਤਿੰਨ ਹਜ਼ਾਰ ਨੌਂ ਸੌ ਇਕਤਾਲੀ ਅਤੇ ਸਿਰਫ਼ ਤੀਹ ਪੈਸੇ) 28.11.2025 ਤੱਕ ਬਕਾਇਆ ਅਤੇ ਭੁਗਤਾਨਯੋਗ, ਲਾਗੂ ਵਿਆਜ ਸਮੇਤ 29.11.2025 ਤੋਂ ਪੂਰਾ ਭੁਗਤਾਨ ਹੋਣ ਤੱਕ। |
| 1 ਸ੍ਰੀ ਸੰਜੇ ਕੁਮਾਰ ਪੁੱਤਰ ਸ੍ਰੀ ਸ਼ਿਵ ਸ਼ੰਕਰ ਪ੍ਰਸਾਦ ਸਿੰਘ 2. ਸ਼੍ਰੀਮਤੀ ਸ਼ਵੇਤਾ ਪਤਨੀ ਸ੍ਰੀ ਸੰਜੇ ਕੁਮਾਰ ਦੋਵੇਂ ਵਾਸੀ:- ਬੀ-22, ਦੂਜੀ ਮੰਜ਼ਿਲ, ਸੱਜੇ ਪਾਸੇ, ਪਰਗਵਰਨ ਕੰਪਲੈਕਸ, ਵਿਦਿਆਸਾਗਰ ਹਸਪਤਾਲ ਦੇ ਨੇੜੇ, ਇਗਨੂ ਰੋਡ, ਸਾਕੇਤ, ਨਵੀਂ ਦਿੱਲੀ 110030 ਦੋਵੇਂ ਇੱਥੇ ਵੀ:- ਫਲੈਟ ਨੰਬਰ 737, 7ਵੀਂ ਮੰਜ਼ਿਲ, ਬਲਾਕ-19 ਕੇਐਸਬੀ ਰਾਇਲ ਹਾਈਟ, ਸੈਕਟਰ-126, ਗ੍ਰੇਟਰ ਮੋਹਾਲੀ-140501 ਲੋਨ ਖਾਤਾ ਨੰਬਰ: HOU/GRP/0415/216254 ਮਨਜ਼ੂਰ ਕੀਤੀ ਗਈ ਕਰਜ਼ੇ ਦੀ ਰਕਮ: 26,56,856/- ਰੁਪਏ (ਛੱਬੀ ਲੱਖ ਛਪੰਜਾਹ ਹਜ਼ਾਰ ਅੱਠ ਸੌ ਛਪੰਜਾ ਰੁਪਏ ਕੇਵਲ) | ਸੱਤਵੀਂ ਮੰਜ਼ਿਲ 'ਤੇ ਫਲੈਟ ਨੰਬਰ 737, ਟਾਵਰ ਟੀ-19 ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਲਗਭਗ 1500 ਵਰਗ ਫੁੱਟ ਦਾ ਖੇਤਰਫਲ, ਜਿਸ ਵਿੱਚ ਕੇਐਸਬੀ ਰਾਇਲ ਹਾਈਟ, ਸੈਕਟਰ 126, ਗ੍ਰੇਟਰ ਮੋਹਾਲੀ, ਪੰਜਾਬ ਵਿਖੇ ਸਥਿਤ ਜ਼ਮੀਨ ਦਾ ਅਣਵੰਡਿਆ ਅਨੁਪਾਤੀ ਹਿੱਸਾ ਅਤੇ ਸਾਂਝੀਆਂ ਸਹੂਲਤਾਂ ਸ਼ਾਮਲ ਹਨ। ਗਿਰਵੀਕਾਰ ਦਾ ਨਾਮ: ਸ੍ਰੀ ਸੰਜੇ ਕੁਮਾਰ ਅਤੇ ਸ਼੍ਰੀਮਤੀ ਸ਼ਵੇਤਾ | 1.10.03.2026 2. ਸੰਕੇਤਕ ਕਬਜ਼ਾ 3. 17.10.2025 4. ਰੁ. 50,91,932/- (ਰੁਪਏ ਪੰਜਾਹ ਲੱਖ ਇਕਾਨਵੇਂ ਹਜ਼ਾਰ ਨੌਂ ਸੌ ਬੱਤੀ ਸਿਰਫ਼) ਬਕਾਇਆ ਅਤੇ 17.10.2025 ਤੱਕ ਲਾਗੂ ਵਿਆਜ ਸਮੇਤ 18.10.2025 ਤੋਂ ਪੂਰਾ ਭੁਗਤਾਨ ਹੋਣ ਤੱਕ ਭੁਗਤਾਨਯੋਗ। |
| 1. ਸ੍ਰੀ ਆਰਿਫ ਸਿੱਦੀਕੀ ਪੁੱਤਰ ਸ੍ਰੀ ਇਰਸ਼ਾਦ ਅਹਿਮਦ ਸਿੱਦੀਕੀ ਅਤੇ 2. ਸ਼੍ਰੀਮਤੀ ਫਰਾਹ ਸਿੱਦੀਕੀ ਪਤਨੀ ਸ੍ਰੀ ਆਰਿਫ ਸਿੱਦੀਕੀ, ਦੋਵੇਂ ਵਾਸੀ- 260-ਸੀ, ਗੌਰਲ ਸ਼ਿਪਰਾ ਸਨ ਸਿਟੀ, ਇੰਦਰਾਪੁਰਮ, ਗਾਜ਼ੀਆਬਾਦ 201010 ਦੋਵੇਂ ਇੱਥੇ ਵੀ:- ਫਲੈਟ ਨੰਬਰ 506, 5ਵੀਂ ਮੰਜ਼ਿਲ, ਟਾਵਰ ਨੰਬਰ 03, ਕੇਐਸਬੀ ਰਾਇਲ ਹਾਈਟ, ਸੈਕਟਰ-126, ਗ੍ਰੇਟਰ ਮੋਹਾਲੀ-140110 ਲੋਨ ਖਾਤਾ ਨੰਬਰ: 00166660004010 ਮਨਜ਼ੂਰ ਕੀਤੀ ਗਈ ਕਰਜ਼ੇ ਦੀ ਰਕਮ: 33,00,000/- ਰੁਪਏ (ਤੇਤੀ ਲੱਖ ਰੁਪਏ ਕੇਵਲ) | ਪੰਜਵੀਂ ਮੰਜ਼ਿਲ 'ਤੇ ਫਲੈਟ ਨੰਬਰ 506, ਟਾਵਰ ਟੀ-03 ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਲਗਭਗ 1800 ਵਰਗ ਫੁੱਟ ਦਾ ਖੇਤਰਫਲ ਹੈ ਜਿਸ ਵਿੱਚ ਕੇਐਸਬੀ ਰਾਇਲ ਹਾਈਟ, ਸੈਕਟਰ 126, ਗ੍ਰੇਟਰ ਮੋਹਾਲੀ, ਪੰਜਾਬ ਵਿਖੇ ਸਥਿਤ ਜ਼ਮੀਨ ਦਾ ਅਣਵੰਡਿਆ ਅਨੁਪਾਤੀ ਹਿੱਸਾ ਅਤੇ ਸਾਂਝੀਆਂ ਸਹੂਲਤਾਂ ਸ਼ਾਮਲ ਹਨ। ਗਿਰਵੀਕਾਰ ਦਾ ਨਾਮ: ਸ੍ਰੀ ਆਰਿਫ ਸਿੱਦੀਕੀ ਅਤੇ ਸ਼੍ਰੀਮਤੀ ਫਰਾਹ ਸਿੱਦੀਕੀ | 1.10.03.2026 2. 2. ਸੰਕੇਤਕ ਕਬਜ਼ਾ 3. 17.10.2025 4. ਰੁਪਏ 63,89,198/- (ਤਰੇਹਠ ਲੱਖ ਉਣਾਨਵੇਂ ਹਜ਼ਾਰ ਇੱਕ ਸੌ ਅਠਾਨਵੇਂ ਸਿਰਫ਼) ਬਕਾਇਆ ਅਤੇ 17.10.2025 ਤੱਕ ਲਾਗੂ ਵਿਆਜ ਸਮੇਤ 18.10.2025 ਤੋਂ ਪੂਰਾ ਭੁਗਤਾਨ ਹੋਣ ਤੱਕ ਭੁਗਤਾਨਯੋਗ। |
| 1. ਸ੍ਰੀ ਅਰੁਣ ਕੁਮਾਰ ਪੁੱਤਰ ਸ੍ਰੀ ਬ੍ਰਹਮ ਦੇਵ ਸਿੰਘ 2. ਸ਼੍ਰੀਮਤੀ ਮਾਧੁਰੀ ਸਿੰਘ ਪਤਨੀ ਸ੍ਰੀ ਅਰੁਣ ਕੁਮਾਰ ਦੋਵੇਂ ਵਾਸੀ:- ਸੀ-44 ਕ੍ਰਿਸ਼ਨਾ ਪਾਰਕ, ਦਿਓਲੀ ਰੋਡ, ਨਵੀਂ ਦਿੱਲੀ, ਦਿੱਲੀ 110062 ਦੋਵੇਂ ਇੱਥੇ ਵੀ:- ਫਲੈਟ ਨੰਬਰ 505, ਟਾਵਰ ਨੰਬਰ ਟੀ-03, ਕੇਐਸਬੀ ਰਾਇਲ ਹਾਈਟ ਪ੍ਰੋਜੈਕਟ, ਸੈਕਟਰ-126, ਗ੍ਰੇਟਰ ਮੋਹਾਲੀ-140501 ਲੋਨ ਖਾਤਾ ਨੰਬਰ:00316660001175 ਮਨਜ਼ੂਰ ਕੀਤੀ ਗਈ ਕਰਜ਼ੇ ਦੀ ਰਕਮ: 33,30,000/- ਰੁਪਏ (ਤੇਤੀ ਲੱਖ ਤੀਹ ਹਜ਼ਾਰ ਰੁਪਏ ਕੇਵਲ) | ਪੰਜਵੀਂ ਮੰਜ਼ਿਲ 'ਤੇ ਫਲੈਟ ਨੰਬਰ 505, ਟਾਵਰ ਟੀ-03 ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਲਗਭਗ 1800 ਵਰਗ ਫੁੱਟ ਦਾ ਖੇਤਰਫਲ ਹੈ ਜਿਸ ਵਿੱਚ ਕੇਐਸਬੀ ਰਾਇਲ ਹਾਈਟ, ਸੈਕਟਰ 126, ਗ੍ਰੇਟਰ ਮੋਹਾਲੀ, ਪੰਜਾਬ ਵਿਖੇ ਸਥਿਤ ਜ਼ਮੀਨ ਦਾ ਅਣਵੰਡਿਆ ਅਨੁਪਾਤੀ ਹਿੱਸਾ ਅਤੇ ਸਾਂਝੀਆਂ ਸਹੂਲਤਾਂ ਸ਼ਾਮਲ ਹਨ। ਗਿਰਵੀਕਾਰ ਦਾ ਨਾਮ: ਸ੍ਰੀ ਅਰੁਣ ਕੁਮਾਰ ਅਤੇ ਸ਼੍ਰੀਮਤੀ ਮਾਧੁਰੀ ਸਿੰਘ | 1.10.03.2026 2. ਸੰਕੇਤਕ ਕਬਜ਼ਾ 3. 17.10.2025 4. ਰੁਪਏ 1,15,64,525/- (ਇੱਕ ਕਰੋੜ ਪੰਦਰਾਂ ਲੱਖ ਚੌਂਹਠ ਹਜ਼ਾਰ ਪੰਜ ਸੌ ਪੱਚੀ ਸਿਰਫ਼) ਬਕਾਇਆ ਅਤੇ 17.10.2025 ਤੱਕ ਲਾਗੂ ਵਿਆਜ ਸਮੇਤ 18.10.2025 ਤੋਂ ਪੂਰਾ ਭੁਗਤਾਨ ਹੋਣ ਤੱਕ ਭੁਗਤਾਨਯੋਗ। |
| 1. ਸ੍ਰੀ ਅਦਨਾਨ ਅਲੀ ਖਾਨ ਪੁੱਤਰ ਸ੍ਰੀ ਫਹੀਮੁਦੀਨਾ ਖਾਨ 2. ਸ਼੍ਰੀਮਤੀ ਮਧੂ ਕੁਮਾਰੀ ਪਤਨੀ ਸ੍ਰੀ ਅਦਨਾਨ ਅਲੀ ਖਾਨ ਦੋਵੇਂ ਵਾਸੀ:- ਫਲੈਟ ਨੰਬਰ 4001, ਆਦਿੱਤਿਆ ਮੈਗਾ ਸਿਟੀ, ਪਲਾਟ ਨੰਬਰ ਸੀ/ਜੀਐਚ-3, ਇੰਦਰਾਪੁਰਮ, ਗਾਜ਼ੀਆਬਾਦ - 201010 ਦੋਵੇਂ ਇਸ ਤੋਂ ਇਲਾਵਾ:-ਫਲੈਟ ਨੰਬਰ 501, ਟਾਵਰ ਨੰਬਰ ਟੀ-01, ਕੇਐਸਬੀ ਰਾਇਲ ਹਾਈਟ, ਸੈਕਟਰ-126, ਗ੍ਰੇਟਰ ਮੋਹਾਲੀ-140110 ਲੋਨ ਖਾਤਾ ਨੰਬਰ: 00166660004106 ਮਨਜ਼ੂਰ ਕੀਤੀ ਗਈ ਕਰਜ਼ੇ ਦੀ ਰਕਮ: 35,42,000/- ਰੁਪਏ (ਪੈਂਤੀ ਲੱਖ ਬਿਆਲੀ ਹਜ਼ਾਰ ਰੁਪਏ ਕੇਵਲ) | ਪੰਜਵੀਂ ਮੰਜ਼ਿਲ ਤੇ ਫਲੈਟ ਨੰਬਰ 501 ਬਲਾਕ ਨੰਬਰ ਟਾਵਰ 01 ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਕੇਐਸਬੀ ਰਾਇਲ ਹਾਈਟਸ ਸੈਕਟਰ 126 ਗ੍ਰੇਟਰ ਮੋਹਾਲੀ ਵਿਖੇ ਸਥਿਤ 1800 ਵਰਗ ਫੁੱਟ ਮਾਪ ਹੈ ਜਿਸ ਵਿੱਚ ਜ਼ਮੀਨ ਦਾ ਅਣਵੰਡਿਆ ਅਨੁਪਾਤੀ ਹਿੱਸਾ ਅਤੇ ਸਾਂਝੀਆਂ ਸਹੂਲਤਾਂ ਸ਼ਾਮਲ ਹਨ। ਗਿਰਵੀਕਾਰ ਦਾ ਨਾਮ: ਸ੍ਰੀ ਅਦਨਾਨਅਲੀ ਖਾਨ ਅਤੇ ਸ਼੍ਰੀਮਤੀ ਮਧੂ ਕੁਮਾਰੀ | 1.10.03.2026 2. ਸੰਕੇਤਕ ਕਬਜ਼ਾ 3.17.10.2025 4. ਰੁਪਏ 83,72,597/- (ਤਰਆਸੀ ਲੱਖ ਬਹੱਤਰ ਹਜ਼ਾਰ ਪੰਜ ਸੌ ਸਤਾਨਵੇਂ ਰੁਪਏ ਸਿਰਫ਼) ਬਕਾਇਆ ਅਤੇ 17.10.2025 ਤੱਕ ਲਾਗੂ ਵਿਆਜ ਸਮੇਤ 18.10.2025 ਤੋਂ ਪੂਰਾ ਭੁਗਤਾਨ ਹੋਣ ਤੱਕ ਭੁਗਤਾਨਯੋਗ। |
| 1 ਸ੍ਰੀ ਰਵੀ ਮਲਿਕ ਪੁੱਤਰ ਸ੍ਰੀ ਹਰੀ ਕਿਸ਼ਨ ਮਲਿਕ 2. ਸ਼੍ਰੀਮਤੀ ਪਾਰੁਲ ਪਤਨੀ ਸ੍ਰੀ ਰਵੀ ਮਲਿਕ ਦੋਵੇਂ ਵਾਸੀ:- ਫਲੈਟ ਨੰਬਰ 8007, ਬਲਾਕ 51, ਟਾਵਰ 1, ਪਲਾਟ ਨੰਬਰ 787, ਕਰਾਸਿੰਗ ਰਿਪਬਲਿਕ, ਗਾਜ਼ੀਆਬਾਦ, ਉੱਤਰ ਪ੍ਰਦੇਸ਼ -201009 ਦੋਵੇਂ ਇੱਥੇ ਵੀ:- ਫਲੈਟ ਨੰਬਰ 827, ਟਾਵਰ-ਟੀ 14, ਕੇਐਸਬੀ ਰਾਇਲ ਹਾਈਟ, ਸੈਕਟਰ-126, ਗ੍ਰੇਟਰ ਮੋਹਾਲੀ-140501 ਲੋਨ ਖਾਤਾ ਨੰਬਰ:00306660001403 ਮਨਜ਼ੂਰ ਕੀਤੀ ਗਈ ਕਰਜ਼ੇ ਦੀ ਰਕਮ: ਰੁਪਏ 30,00,000/- (ਤੀਹ ਲੱਖ ਰੁਪਏ ਕੇਵਲ) | ਅਠਵੀਂ ਮੰਜ਼ਿਲ 'ਤੇ ਫਲੈਟ ਨੰਬਰ 827, ਟਾਵਰ ਟੀ-14 ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਲਗਭਗ 1500 ਵਰਗ ਫੁੱਟ ਦਾ ਖੇਤਰਫਲ ਹੈ ਜਿਸ ਵਿੱਚ ਕੇਐਸਬੀ ਰਾਇਲ ਹਾਈਟ, ਸੈਕਟਰ 126, ਗ੍ਰੇਟਰ ਮੋਹਾਲੀ, ਪੰਜਾਬ ਵਿਖੇ ਸਥਿਤ ਜ਼ਮੀਨ ਦਾ ਅਣਵੰਡਿਆ ਅਨੁਪਾਤੀ ਹਿੱਸਾ ਅਤੇ ਸਾਂਝੀਆਂ ਸਹੂਲਤਾਂ ਸ਼ਾਮਲ ਹਨ। ਗਿਰਵੀਕਾਰ ਦਾ ਨਾਮ: ਸ੍ਰੀ ਰਵੀ ਮਲਿਕ ਅਤੇ ਸ਼੍ਰੀਮਤੀ ਪਾਰੁਲ | 1.10.03.2026 2. ਸੰਕੇਤਕ ਕਬਜ਼ਾ 3. 17.10.2025 4. ਰੁਪਏ 83,85,731/- (ਤਰਾਸੀ ਲੱਖ ਪਚਾਸੀ ਹਜ਼ਾਰ ਸੱਤ ਸੌ ਇਕੱਤੀ ਰੁਪਏ ਸਿਰਫ਼) ਬਕਾਇਆ ਅਤੇ 17.10.2025 ਤੱਕ ਲਾਗੂ ਵਿਆਜ ਸਮੇਤ 18.10.2025 ਤੋਂ ਪੂਰਾ ਭੁਗਤਾਨ ਹੋਣ ਤੱਕ ਭੁਗਤਾਨਯੋਗ। |
| 1. ਸ੍ਰੀ ਜੁਗਰਾਜ ਸਿੰਘ ਪੁੱਤਰ ਸ੍ਰੀ ਮਨਜੀਤ ਸਿੰਘ ਅਤੇ 2. ਸ਼੍ਰੀਮਤੀ ਮਹਿੰਦਰ ਕੌਰ ਪਤਨੀ ਸ੍ਰੀ ਮਨਜੀਤ ਸਿੰਘ, ਦੋਵੇਂ 1 ਅਤੇ 2 ਵਾਸੀ:-ਮਕਾਨ ਬੇਅਰਿੰਗ ਖਸਰਾ ਨੰ: 464/219/1-2 ਵਾਕਾ ਰਕਬਾ ਭੱਟੀਆਂ ਕਲਾਂ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ, ਸੰਗਰੂਰ-148018 ਲੋਨ ਖਾਤਾ ਨੰਬਰ: - 610207210469911 ਕਰਜ਼ੇ ਦੀ ਰਕਮ : - 20,47,921/- ਰੁਪਏ (ਵੀਹ ਲੱਖ ਸੰਤਾਲੀ ਲੱਖ ਨੌਂ ਸੌ ਇੱਕੀ ਰੁਪਏ ਕੇਵਲ) | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ: ਮਕਾਨ ਵਾਲਾ ਖਸਰਾ ਨੰਬਰ 464/219/1-2 ਵੱਕਾ ਰਕਬਾ ਭਟੀਆਂ ਕਲਾਂ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਮਲੇਰਕੋਟਲਾ 1100 ਵਰਗ ਗਜ਼ ਜੁਗਰਾਜ ਸਿੰਘ ਪੁੱਤਰ ਮਨਜੀਤ ਸਿੰਘ ਦੇ ਨਾਮ 'ਤੇ, ਟਰਾਂਸਫਰ ਡੀਡ ਨੰ. 539, ਮਿਤੀ 10.10.2017, ਇੰਤਕਾਲ ਨੰਬਰ 1696। ਡੀਡ ਅਨੁਸਾਰ ਹੱਦਬੰਦੀ ਇਸ ਪ੍ਰਕਾਰ ਹੈ : - ਪੂਰਬ:- ਪਲਾਟ ਭੁਪਿੰਦਰ 106' 2', ਪੱਛਮ:- ਕੁਪਿੰਦਰ 106' 2', ਉੱਤਰ:- ਰਸਤਾ 93'3', ਦੱਖਣ:- ਭੁਪਿੰਦਰ 93 '3'। ਡੀਡ ਅਨੁਸਾਰ ਹੱਦਬੰਦੀ ਇਸ ਪ੍ਰਕਾਰ ਹੈ: ਪੂਰਬ: - ਭੁਪਿੰਦਰ ਸਿੰਘ ਦਾ ਪਲਾਟ ਸਾਈਡ, 106'-2 - ਪੱਛਮ: ਭੁਪਿੰਦਰ ਸਿੰਘ ਦੀ ਜ਼ਮੀਨ 106'-2', ਉੱਤਰ: - ਸੜਕ, ਸਾਈਡ 93'-3", ਦੱਖਣ-ਭੁਪਿੰਦਰ ਸਿੰਘ ਦੀ ਜ਼ਮੀਨ 93'-6" ਗਿਰਵੀਕਾਰ ਦਾ ਨਾਮ: ਸ੍ਰੀ ਜੁਗਰਾਜ ਸਿੰਘ | 1.10.03.2025 2. ਭੌਤਿਕ ਕਬਜ਼ਾ 3.29.05.2021 4. ਰੁਪਏ 22,09,292.06/- (ਬਾਈ ਲੱਖ ਨੌਂ ਹਜ਼ਾਰ ਦੋ ਸੌ ਬਾਹਨਵੇਂ ਅਤੇ ਛੇ ਪੈਸੇ ਸਿਰਫ਼) 27.05.2021 ਤੱਕ ਬਕਾਇਆ ਅਤੇ ਭੁਗਤਾਨਯੋਗ ਹਨ, ਲਾਗੂ ਵਿਆਜ ਸਮੇਤ 28.05.2021 ਤੋਂ ਪੂਰੀ ਅਦਾਇਗੀ ਤੱਕ। |

ਸਥਾਨ : ਪੰਜਾਬ ਅਧਿਕਾਰਤ ਅਧਿਕਾਰੀ
ਮਿਤੀ : 14.03.2026, ਵਾਸਤੇ ਕੋਟਕ ਮਹਿੰਦਰਾ ਬੈਂਕ ਲਿਮਟਿਡ,

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਅਤੇ
ਸ੍ਰੀ ਸ਼ੇਰਜੰਗ ਸਿੰਘ/ਸ੍ਰੀ ਰਵਿੰਦਰ ਗੌਦਾਰਾ (ਮੋਬ .: +919716686150/+91 9983999074)

# ਫ਼ਿਲਮੀ

## ਨਾਯਾਬ ਫ਼ਨਕਾਰਾ ਮਧੂਬਾਲਾ



ਡਾ. ਕਮਲੇਸ਼ ਉੱਪਲ
98149-02564

**ਭਾਰਤੀ** ਫਿਲਮ ਜਗਤ ਦੀ ਵੀਨਸ ਕਹਾਉਣ ਵਾਲੀ ਅਭਿਨੇਤਰੀ ਮਧੂਬਾਲਾ ਨਾਯਾਬ ਫ਼ਨਕਾਰਾ ਸੀ। ਉਹ ਆਪਣੀ ਕਲਾ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਸ਼ਖ਼ਸੀਅਤ ਸੀ। ਮਧੂਬਾਲਾ ਜਿਸ ਜ਼ਮਾਨੇ ਵਿੱਚ ਅਭਿਨੇਤਰੀ ਬਣ ਕੇ ਉੱਭਰੀ, ਉਹ ਜ਼ਾਬਤੇ ਅਤੇ ਕਬਜ਼ੇ ਦਾ, ਟੱਬਰ ਵੱਲ ਵਫ਼ਾਦਾਰੀ ਦਾ ਅਤੇ ਬੱਚਿਆਂ ਉਤੇ ਮਾਂ-ਬਾਪ ਦੀ ਸਰਦਾਰੀ ਦਾ ਜ਼ਮਾਨਾ ਸੀ। ਫਿਲਮਾਂ 'ਚ ਕੰਮ ਕਰਨ ਵਾਲੇ ਬਾਲ ਕਲਾਕਾਰ ਅਤੇ ਜਵਾਨ ਲੜਕੀਆਂ ਪਰਿਵਾਰ ਦੀ ਰੋਜ਼ੀ ਰੋਟੀ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ, ਫਿਰ ਵੀ ਮਾਪਿਆਂ ਦੀ ਮਲਕੀਅਤ ਹੁੰਦੇ ਸਨ। ਮਧੂਬਾਲਾ, ਕਾਮਿਨੀ ਕੌਸ਼ਲ, ਸੁਰੱਈਆ, ਨੂਤਨ, ਮੀਨਾ ਕੁਮਾਰੀ, ਡੇਜ਼ੀ ਅਤੇ ਹਨੀ ਈਰਾਨੀ, ਬੇਬੀ ਨਾਜ਼ ਅਤੇ ਨਰਤਕੀ ਕੁੱਕੂ ਵਰਗੀਆਂ ਕਈ ਕਲਾਕਾਰਾਂ ਦਾ ਉਨ੍ਹਾਂ ਦੇ ਆਪਣਿਆਂ ਦੁਆਰਾ ਆਰਥਿਕ ਅਤੇ ਭਾਵਨਾਤਮਕ ਸ਼ੋਸ਼ਣ ਹੁੰਦਾ ਰਿਹਾ, ਪਰ ਇਸ ਨੂੰ ਨਾਜਾਇਜ਼ ਨਹੀ ਸਮਝਿਆ ਜਾਂਦਾ ਸੀ। ਨਾ ਹੀ ਕੋਈ ਇਸ ਦਾ ਵਿਰੋਧ ਕਰਦਾ ਸੀ। ਮਧੂਬਾਲਾ ਨੇ ਤਾਂ ਇਹ ਸ਼ਰਤ ਆਪਣੇ ਆਖ਼ਰੀ ਸਾਹ ਤੱਕ ਪੁਗਾਈ ਕਿ ਉਹ ਸਿਰਫ਼ ਆਪਣੇ ਬਾਪ (ਅੱਤਾਉੱਲਾ ਖ਼ਾਨ) ਅਤੇ ਪਰਿਵਾਰ ਲਈ ਹੀ ਕੰਮ ਕਰੇਗੀ। ਇੱਥੋਂ ਤੱਕ ਕਿ ਪਰਿਵਾਰ ਲਈ ਵਫ਼ਾਦਾਰੀ ਤੋਂ ਉਸ ਨੇ ਆਪਣੀ ਮੁਹੱਬਤ ਤੱਕ ਕੁਰਬਾਨ ਕਰ ਦਿੱਤੀ। ਇਹ ਵੱਖਰੀ ਗੱਲ ਹੈ ਕਿ ਉਸ ਨੇ ਜਾਂ ਉਸ ਦੇ ਮਹਿਬੂਬ ਨੇ ਕਦੇ ਵੀ ਇੱਕ-ਦੂਸਰੇ ਪ੍ਰਤੀ ਗਿਲਾ ਜ਼ਾਹਿਰ ਨਹੀ ਕੀਤਾ। ਉਨ੍ਹਾਂ ਨੂੰ ਇੱਕ-ਦੂਜੇ ਨਾਲ ਸੱਚਾ ਪਿਆਰ ਸੀ ਜੋ ਦੁਨੀਆਦਾਰੀ ਦੇ ਤਕਾਜ਼ਿਆਂ ਨਾਲ ਉਲਝਣ ਦੀ ਥਾਂ ਆਪਣੇ ਸੱਚੇ-ਸੁੱਚੇਪਣ ਨੂੰ ਬਰਕਰਾਰ ਰੱਖਦਿਆਂ ਦਿਲਾਂ ਅੰਦਰ ਹੀ ਦੱਬਿਆ ਰਿਹਾ। ਮਧੂਬਾਲਾ ਦਾ ਜਨਮ 14 ਫਰਵਰੀ 1933 ਨੂੰ ਹੋਇਆ। ਅੱਜ ਦੀ ਦੁਨੀਆ ਵਿੱਚ ਪਿਆਰ ਦਿਹਾੜਾ (ਵੈਲੇਨਟਾਈਨ ਡੇ) ਵਜੋਂ ਜਾਣੇ ਜਾਂਦੇ ਦਿਨ ਨੂੰ ਜਨਮ ਲੈਣ ਵਾਲੀ ਮਧੂਬਾਲਾ ਦਾ ਪਿਆਰ ਸੱਚਾ ਹੋ ਕੇ ਵੀ ਅਧੂਰਾ ਰਿਹਾ ਅਤੇ ਤੋੜ ਨਾ ਚੜ੍ਹਿਆ। ਉਸ ਦੇ ਫਿਲਮੀ ਜੀਵਨ ਦੀ ਸ਼ੁਰੂਆਤ ਫਿਲਮ 'ਬਸੰਤ' (1942) ਤੋਂ ਬਾਲ ਕਲਾਕਾਰ ਵਜੋਂ ਹੋਈ। 1949 ਵਿੱਚ ਕਮਾਲ ਅਮਰੋਹੀ ਦੀ ਫਿਲਮ 'ਮਹਿਲ' ਤੋਂ ਉਸ ਦੇ ਅਭਿਨੇਤਰੀ ਵਜੋਂ ਚੜ੍ਹਤ ਦਾ ਦੌਰ ਸ਼ੁਰੂ ਹੋਇਆ। 1951 ਵਿੱਚ ਦਿਲੀਪ ਕੁਮਾਰ ਨਾਲ ਫਿਲਮ 'ਤਰਾਨਾ' ਵਿੱਚ ਕੰਮ ਕਰਨ ਦੇ ਨਾਲ ਹੀ ਮਧੂਬਾਲਾ ਨੇ ਅਸ਼ੋਕ ਕੁਮਾਰ, ਦੇਵ ਆਨੰਦ, ਰਾਜ ਕਪੂਰ, ਗੁਰੂ ਦੱਤ, ਸੁਨੀਲ ਦੱਤ, ਕਿਸ਼ੋਰ ਕੁਮਾਰ, ਭਾਰਤ ਭੂਸ਼ਣ ਆਦਿ ਸਭ ਵੱਡੇ ਅਦਾਕਾਰਾਂ ਨਾਲ ਕੰਮ ਕੀਤਾ।

ਮਧੂਬਾਲਾ ਪਠਾਨ ਪਰਿਵਾਰ ਵਿੱਚੋਂ ਸੀ। ਉਹ ਪੰਜ ਭੈਣਾਂ ਅਤੇ ਤਿੰਨ ਭਾਈਆਂ ਵਿੱਚੋਂ ਤੀਜੇ ਨੰਬਰ 'ਤੇ ਪੈਦਾ ਹੋਈ। ਉਹ ਅੰਤਾਂ ਦੀ ਸੋਹਣੀ ਅਤੇ ਬੇਹੱਦ ਪ੍ਰਤਿਭਾਵਾਨ ਸੀ। ਉਸ ਦੀ ਸੁੰਦਰਤਾ ਅਤੇ ਕੰਮ ਨੂੰ ਵੇਖ ਕੇ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਸੀ ਕਿ ਉਸ ਨੂੰ ਦਿਲ ਦੀ ਬਿਮਾਰੀ ਹੈ। ਉਹ ਦਿਲ ਵਿੱਚ ਛੇਦ ਹੋਣ ਦੀ ਬਿਮਾਰੀ ਲੈ ਕੇ ਪੈਦਾ ਹੋਈ ਸੀ ਅਤੇ ਇਸ ਬਿਮਾਰੀ ਕਾਰਨ ਹੀ ਸਿਰਫ਼ 36 ਵਰ੍ਹਿਆਂ ਤੱਕ ਜਿਉਂਦੀ ਰਹਿ ਸਕੀ। 36 ਵਰ੍ਹਿਆਂ ਦੀ ਛੋਟੀ ਜਿਹੀ ਜ਼ਿੰਦਗੀ ਵਿੱਚ ਉਸ ਨੇ 71 ਫਿਲਮਾਂ ਕੀਤੀਆਂ। ਇਨ੍ਹਾਂ ਵਿੱਚੋਂ 7 ਫਿਲਮਾਂ ਬਤੌਰ ਬਾਲ ਅਦਾਕਾਰ ਕੀਤੀਆਂ। ਫਿਲਮ 'ਮਹਿਲ' ਉਸ ਦੀ ਫਿਲਮ ਯਾਤਰਾ ਦਾ ਮੀਲ ਪੱਥਰ ਸੀ ਅਤੇ ਫਿਲਮ 'ਮੁਗ਼ਲ-ਏ-ਆਜ਼ਮ' ਉਸ ਦਾ ਸ਼ਾਹਕਾਰ ਸੀ। ਮਧੂਬਾਲਾ ਨੇ ਇਸ ਫਿਲਮ ਵਿੱਚ ਅਣਥਕ ਮਿਹਨਤ ਨਾਲ ਅਭਿਨੈ ਕੀਤਾ। ਉਸ ਨੇ ਅਨਾਰਕਲੀ ਦਾ ਚਰਿੱਤਰ ਤਨ-ਮਨ ਨਾਲ ਜੀਅ ਕੇ ਵਿਖਾਇਆ। ਪੂਰੇ ਅੱਠ ਸਾਲ ਉਹ ਫਿਲਮ ਦੀ ਹੀਰੋਇਨ ਅਨਾਰਕਲੀ ਦੀ ਰੂਹ ਨੂੰ ਸਰੀਰ ਵਿੱਚ ਲਈ ਵਿਚਰਦੀ ਰਹੀ। ਦਿਲੀਪ ਕੁਮਾਰ, ਉਸ ਦਾ ਸਹਿ-ਅਦਾਕਾਰ ਅਤੇ ਫਿਲਮ ਦਾ ਹੀਰੋ ਸੀ। ਫਿਲਮ ਦੇ ਸ਼ੁਰੂ ਹੋਣ ਸਮੇਂ ਮਧੂਬਾਲਾ ਅਤੇ ਦਿਲੀਪ ਇੱਕ-ਦੂਜੇ ਨੂੰ ਅੰਤਾਂ ਦਾ ਪਿਆਰ ਕਰਦੇ ਸਨ, ਪਰ ਫਿਲਮ ਦੇ ਨਿਰਮਾਣ ਦੌਰਾਨ 1956 ਵਿੱਚ 'ਨਯਾ ਦੌਰ' ਵਾਲੇ ਬੀ.ਆਰ. ਚੋਪੜਾ ਨਾਲ ਮਧੂਬਾਲਾ ਦੇ ਪਿਤਾ ਦਾ ਤਕਰਾਰ (ਮੁਕੱਦਮਾ) ਹੋ ਜਾਣ 'ਤੇ ਦਿਲੀਪ ਅਤੇ ਮਧੂਬਾਲਾ ਦੇ ਸਬੰਧ ਬਲੀ ਚੜ੍ਹ ਗਏ। ਫਿਲਮ ਦੇ ਅੰਤਿਮ ਦੌਰ ਵਿੱਚ ਮਧੂਬਾਲਾ ਨੇ ਦਿਲ 'ਤੇ ਪੱਥਰ ਰੱਖ ਕੇ ਦਿਲੀਪ ਕੁਮਾਰ ਨਾਲ ਅਭਿਨੈ ਦਾ ਨਕਾਬ ਪਾਇਆ, ਪਰ ਫਿਲਮ ਦਾ ਕੰਮ ਤਨਦੇਹੀ ਨਾਲ ਨਿਭਾਇਆ। ਦਿਲੀਪ ਨਾਲੋਂ ਤੋੜ ਵਿਛੋੜਾ ਹੋਣ ਮਗਰੋਂ ਉਹ ਆਪਣੀ ਰੂਹ ਉਤੇ ਮਰ ਚੁੱਕੇ ਰਿਸ਼ਤੇ ਦਾ ਬੋਝ ਲੈ ਕੇ ਸ਼ੂਟਿੰਗ ਦੇ ਹਰ ਦਿਨ ਦਿਲੀਪ ਕੁਮਾਰ ਦਾ ਸਾਹਮਣਾ ਕਰਦੀ ਰਹੀ ਅਤੇ ਫਿਲਮ ਵਿਚਲਾ ਕਿਰਦਾਰ ਨਿਭਾਉਂਦੀ ਰਹੀ।

ਨਿੱਜੀ ਜੀਵਨ ਵਿੱਚ ਉਸ ਦਾ ਦਿਲੀਪ ਨਾਲ ਪਿਆਰ ਪਰਵਾਨ ਨਾ ਚੜ੍ਹਿਆ ਅਤੇ ਫਿਲਮ ਵਿੱਚ ਅਨਾਰਕਲੀ ਦਾ ਸਲੀਮ ਨਾਲ ਪਿਆਰ ਪਰਵਾਨ ਨਾ ਚੜ੍ਹਿਆ। ਇਸ ਤਰ੍ਹਾਂ ਉਸ ਨੇ ਕਈ ਦ੍ਰਿਸ਼ਾਂ ਵਿੱਚ ਨਿੱਜੀ ਮਾਨਸਿਕ ਅਵਸਥਾ ਅਤੇ ਫਿਲਮ ਵਿਚਲੀਆਂ ਸਥਿਤੀਆਂ ਨਾਲ ਇਕਸੁਰਤਾ ਬਣਾਉਣ ਵਿੱਚ ਅਲੋਕਾਰਾ ਅਨੁਭਵ ਹੰਢਾਇਆ। ਇਸ ਫਿਲਮ ਦੇ ਸ਼ੁਰੂਆਤੀ ਦੌਰ ਅਤੇ ਅੰਤਲੇ ਦੌਰ ਵਾਲੇ ਪਿਆਰ-ਦ੍ਰਿਸ਼ ਸੰਵਾਦ ਰਹਿਤ ਸਨ, ਪ੍ਰੰਤੂ ਉਹ ਅੱਜ ਤੱਕ ਦੇ ਫਿਲਮ ਇਤਿਹਾਸ ਵਿੱਚ ਨਾਯਾਬ ਪ੍ਰੇਮ-ਦ੍ਰਿਸ਼ ਸਮਝੇ ਜਾਂਦੇ ਹਨ। ਆਪਣੀ 36 ਸਾਲ ਦੀ ਛੋਟੀ ਜਿਹੀ ਜ਼ਿੰਦਗੀ ਵਿੱਚ ਇੱਕ ਦਿਨ ਵੀ ਮਧੂਬਾਲਾ ਨੇ ਮੌਜ ਨਾਲ ਜਿਊ ਕੇ ਨਾ ਵੇਖਿਆ। ਉਹ ਅੰਤਾਂ ਦੀ ਸੋਹਣੀ ਸੀ, ਪਰ ਆਪਣੇ ਦਿਲ ਦੀ ਬਜਾਇ ਦਿਮਾਗ਼ ਦੇ ਆਖੇ ਲੱਗ ਕੇ ਸਿਰਫ਼ ਆਪਣਾ ਕਰਮ ਕਰਦੀ ਰਹੀ। ਉਸ ਨੇ ਪਿਆਰ ਕੀਤਾ ਤਾਂ ਉਹ ਘਰੇਲੂ ਜ਼ਿੰਮੇਵਾਰੀਆਂ ਉਤੋਂ ਕੁਰਬਾਨ ਕਰ ਦਿੱਤਾ। ਕਿਸ਼ੋਰ ਕੁਮਾਰ ਨਾਲ ਵਿਆਹ ਕੀਤਾ ਤਾਂ ਉਸ ਦਾ ਸੁੱਖ ਨਾ ਮਾਣ ਸਕੀ। 'ਮੁਗ਼ਲ-ਏ-ਆਜ਼ਮ' ਵਰਗੀ ਉੱਚ ਕੋਟੀ ਦੀ ਫਿਲਮ ਦੀ ਹੀਰੋਇਨ ਹੋ ਕੇ ਵੀ ਉਹ ਐਵਾਰਡ ਹਾਸਲ ਨਾ ਕਰ ਸਕੀ। ਉਹ ਪਬਲੀਸਿਟੀ ਤੋਂ ਕਤਰਾਉਂਦੀ ਸੀ ਅਤੇ ਪੱਤਰਕਾਰਾਂ ਤੋਂ ਵੀ ਬਚਦੀ ਰਹੀ। ਉਸ ਨੂੰ ਕਿਸੇ ਨੇ ਨਾ ਸਮਝਿਆ। ਉਸ ਦੇ ਸੰਗਮਰਮਰ ਵਰਗੇ ਜਿਸਮ ਅੰਦਰ ਧੜਕਦੇ ਦਿਲ ਦੀ ਸਦਾ ਕਿਸੇ ਨੇ ਨਾ ਸੁਣੀ। ਉਹ ਸਾਰਿਆਂ ਲਈ ਸਿਰਫ਼ ਇੱਕ ਖ਼ੂਬਸੂਰਤ ਔਰਤ ਸੀ। ਉਸ ਦੀ ਸੂਰਤ ਦੇ ਦੀਵਾਨੇ ਬਹੁਤ ਸਨ, ਪਰ ਸੀਰਤ ਨੂੰ ਸਮਝਣ ਵਾਲਾ ਕੋਈ ਨਹੀ। ਮਧੂਬਾਲਾ ਇੱਕ ਵਰਤਾਰਾ ਸੀ ਜਿਸ ਨੂੰ ਇੱਕ ਪ੍ਰਤਿਭਾਵਾਨ ਰੂਹ ਅਤੇ ਸੁੰਦਰ ਵਜੂਦ ਨੇ ਤਿਲ ਤਿਲ ਕਰਕੇ ਸਾਜਿਆ। ਉਹ ਭਾਵੇਂ ਇੱਕ ਸੁਨਹਿਰੀ ਯੁੱਗ ਵਾਂਗ ਬੀਤ ਗਈ, ਪਰ ਉਸ ਦੀ ਫ਼ਨਕਾਰੀ ਦੇ ਸਜਾਏ ਹੋਏ ਸੋਨਯੁੱਗ ਦੀ ਲੋਅ ਰਹਿੰਦੀ ਦੁਨੀਆ ਤੱਕ ਫਿਲਮ-ਕਲਾ ਪ੍ਰੇਮੀਆਂ ਦੇ ਦਿਲਾਂ ਨੂੰ ਰੁਸ਼ਨਾਉਂਦੀ ਰਹੇਗੀ। ਬੇਤਹਾਸ਼ਾ ਬੰਦਿਸ਼ਾਂ ਹੇਠ ਕੰਮ ਕਰਨ ਵਾਲੀ ਮਧੂਬਾਲਾ ਔਰਤ ਦੀ ਸਹਿਣ-ਸਮਰੱਥਾ ਦੀ ਮਿਸਾਲ ਕਹੀ ਜਾ ਸਕਦੀ ਹੈ ਜੋ ਵਿਰੋਧਾਂ, ਦਬਾਵਾਂ, ਮੁਸ਼ਕਿਲਾਂ ਅਤੇ ਸਖ਼ਤੀਆਂ ਦੇ ਬਾਵਜੂਦ ਉੱਤਮ ਸਿਰਜਣਾ ਕਰ ਕੇ ਵਿਖਾ ਸਕਦੀ ਹੈ। ਅਜੋਕੇ ਦੌਰ ਦੀਆਂ ਜਿਸਮ ਉਘਾੜ ਕੇ ਪਬਲੀਸਿਟੀ ਹਾਸਲ ਕਰਨ ਵਾਲੀਆਂ ਮਾਡਲਾਂ ਅਤੇ ਅਭਿਨੇਤਰੀਆਂ ਮਧੂਬਾਲਾ ਦੇ ਪੈਰਾਂ ਦੀ ਧੂੜ ਹੀ ਹਨ।

## ਨਾ ਚਿੱਠੀ ਨਾ ਕੋਈ ਸੰਦੇਸ਼...



ਕੁਲਦੀਪ ਸਿੰਘ ਸਾਹਿਲ
88376-46099

**ਯੇ ਦੌਲਤ ਭੀ ਲੇ ਲੋ, ਯੇ ਸ਼ੋਹਰਤ ਭੀ ਲੇ ਲੋ,**
**ਭਲੇ ਛੀਨ ਲੋ ਮੁਝਸੇ ਮੇਰੀ ਜਵਾਨੀ**
**ਮਗਰ ਮੁਝਕੋ ਲੌਟਾ ਦੋ ਬਚਪਨ ਕਾ ਸਾਵਨ**
**ਵੋ ਕਾਗਜ਼ ਕੀ ਕਸ਼ਤੀ, ਵੋ ਬਾਰਿਸ਼ ਕਾ ਪਾਨੀ**

ਜਦੋਂ ਵੀ ਜਗਜੀਤ ਸਿੰਘ ਦੀ ਗ਼ਜ਼ਲ ਦੀਆਂ ਇਹ ਲਾਈਨਾਂ ਸੁਣਦੇ ਹਾਂ ਤਾਂ ਬਚਪਨ ਨਾਲ ਜੁੜੀਆਂ ਯਾਦਾਂ ਫਿਰ ਤੋਂ ਤਾਜ਼ਾ ਹੋ ਜਾਂਦੀਆਂ ਹਨ। ਗ਼ਜ਼ਲ ਨੂੰ ਸੁਣਨ ਅਤੇ ਪਿਆਰ ਕਰਨ ਵਾਲੇ ਜਾਣਦੇ ਹਨ ਕਿ ਇਹ ਵੀ ਰੂਹ ਦੀ ਖ਼ੁਰਾਕ ਹੈ। ਕਹਿੰਦੇ ਹਨ ਕਿ ਗ਼ਜ਼ਲ ਅਰਬੀ ਸ਼ਾਇਰੀ ਦਾ ਇੱਕ ਹਿੱਸਾ ਸੀ, ਬਾਅਦ ਵਿੱਚ ਇਹ ਇਰਾਨ ਤੋਂ ਹੁੰਦੀ ਹੋਈ ਭਾਰਤ ਪਹੁੰਚੀ ਅਤੇ ਫ਼ਾਰਸੀ ਅਤੇ ਉਰਦੂ ਸ਼ਾਇਰੀ ਵਿੱਚ ਰਚਮਿਚ ਗਈ। ਭਾਰਤ ਵਿੱਚ ਵੀ ਗ਼ਜ਼ਲ ਗਾਉਣ ਵਾਲੇ ਬਹੁਤ ਸਾਰੇ ਗਾਇਕ ਹੋਏ ਹਨ, ਪਰ ਗ਼ਜ਼ਲ ਗਾਇਕ ਵਜੋਂ ਜੋ ਪਛਾਣ ਜਗਜੀਤ ਸਿੰਘ ਨੇ ਬਣਾਈ ਹੈ ਅਤੇ ਜੋ ਸ਼ੁਹਰਤ ਉਸ ਨੇ ਖੱਟੀ ਹੈ ਸ਼ਾਇਦ ਹੀ ਕਿਸੇ ਹੋਰ ਗਾਇਕ ਦੇ ਹਿੱਸੇ ਆਈ ਹੋਵੇ। ਇਹੋ ਜਿਹੀਆਂ ਸ਼ਖ਼ਸੀਅਤਾਂ ਹਮੇਸ਼ਾ ਆਪਣੇ ਹੁਨਰ, ਇਬਾਦਤ ਜਾਂ ਕਿਸੇ ਖੇਤਰ ਵਿੱਚ ਅਜੋਕੇ ਯੋਗਦਾਨ ਕਰਕੇ ਉਸ ਯੁੱਗ ਦੀ ਪਛਾਣ ਬਣ ਕੇ ਅਮਰ ਹੋ ਜਾਂਦੀਆਂ ਹਨ। ਭਾਰਤੀ ਸੰਗੀਤ ਅਤੇ ਗ਼ਜ਼ਲ ਗਾਇਕੀ ਦੇ ਸਿਤਾਰੇ ਜਗਜੀਤ ਸਿੰਘ ਨੂੰ ਵੀ ਆਪਣੀ ਕਲਾ ਦੀ ਅਮਿਟ ਛਾਪ ਛੱਡਣ ਕਾਰਨ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਇੱਕ ਯੁੱਗ ਪੁਰਸ਼ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਰਹਿੰਦੀ ਦੁਨੀਆ ਤੱਕ ਉਸ ਦੀ ਆਵਾਜ਼ ਸਰੋਤਿਆਂ ਦੇ ਦਿਲਾਂ 'ਤੇ ਦਸਤਕ ਦਿੰਦੀ ਰਹੇਗੀ। 8 ਫਰਵਰੀ 1941 ਨੂੰ ਰਾਜਸਥਾਨ ਦੇ ਸ੍ਰੀਗੰਗਾਨਗਰ ਵਿਖੇ ਮਾਤਾ ਬਚਨ ਕੌਰ ਅਤੇ ਪਿਤਾ ਅਮਰ ਸਿੰਘ ਦੇ ਘਰ ਪੈਦਾ ਹੋਏ ਜਗਜੀਤ ਸਿੰਘ ਦਾ ਪਾਲਣ ਪੋਸ਼ਣ ਸੰਪੂਰਨ ਪੰਜਾਬੀ ਢੰਗ ਨਾਲ ਹੋਇਆ ਸੀ। ਉਸ ਦੇ ਪਿਤਾ ਨੇ ਕਰਾਚੀ ਤੋਂ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕੀਤਾ ਅਤੇ ਸ੍ਰੀਗੰਗਾਨਗਰ (ਰਾਜਸਥਾਨ) ਦੀ ਰਿਆਸਤ ਵਿੱਚ ਨੌਕਰੀ ਕੀਤੀ। ਪਿਤਾ ਨੇ ਸਾਰੇ ਭੈਣ ਭਰਾਵਾਂ ਨੂੰ ਸੰਗੀਤਕ ਮਾਹੌਲ ਦਿੱਤਾ। ਵੱਡੇ ਭਰਾ ਜਸਵੰਤ ਸਿੰਘ, ਜਗਜੀਤ ਸਿੰਘ ਅਤੇ ਭੈਣਾਂ ਨੇ ਬਾਕਾਇਦਾ ਗੁਰਬਾਣੀ ਸੰਗੀਤ ਦੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਇਸ ਸੰਗੀਤਕ ਸਿੱਖਿਆ ਵਿੱਚ ਸਭ ਤੋਂ ਵੱਧ ਤਵੱਜੋ ਜਗਜੀਤ ਸਿੰਘ ਨੂੰ ਮਿਲੀ। ਉਸ ਨੇ ਲਗਭਗ ਦੋ ਸਾਲ ਪੰਡਤ ਸਾਗੁਨ ਚੰਦ ਜੋਸ਼ੀ ਕੋਲੋਂ ਭਾਰਤੀ ਸ਼ਾਸਤਰੀ ਸੰਗੀਤ ਸਿੱਖਿਆ ਅਤੇ ਫਿਰ ਉਸਤਾਦ ਜਮਾਲ ਖ਼ਾਨ ਤੋਂ ਧਰੁਪਦ, ਧਮਾਰ, ਸ਼ਾਸਤਰੀ ਤੇ ਸੁਗਮ ਸੰਗੀਤ ਵਿੱਚ ਪਰਿਪੱਕਤਾ ਹਾਸਲ ਕੀਤੀ। ਉਨ੍ਹਾਂ ਨੇ ਪੂਰੇ 12 ਸਾਲ ਜਗਜੀਤ ਸਿੰਘ ਤੋਂ ਬਹੁਤ ਮਿਹਨਤ ਕਰਵਾਈ। ਜਗਜੀਤ ਸਿੰਘ ਦੇ ਗਾਇਕ ਬਣਨ ਵਿੱਚ ਉਨ੍ਹਾਂ ਦੇ ਵੱਡੇ ਭਰਾ ਜਸਵੰਤ ਸਿੰਘ ਦਾ ਬਹੁਤ ਯੋਗਦਾਨ ਰਿਹਾ ਹੈ। ਦੱਸਦੇ ਹਨ ਕਿ ਜਗਜੀਤ ਹੋਣਹਾਰ ਵਿਦਿਆਰਥੀ ਸੀ ਤੇ ਇੰਟਰ ਸਾਇੰਸ ਦੀ ਪ੍ਰੀਖਿਆ ਵਿੱਚ ਖ਼ਾਲਸਾ ਕਾਲਜ ਅਤੇ ਸ੍ਰੀਗੰਗਾਨਗਰ ਜ਼ਿਲ੍ਹੇ ਵਿੱਚੋਂ ਅੱਵਲ ਰਿਹਾ ਸੀ। ਜਸਵੰਤ ਸਿੰਘ ਨੇ ਆਪਣੇ ਭਰਾ ਜਗਜੀਤ ਨੂੰ ਡੀਵੀਏ ਕਾਲਜ ਜਲੰਧਰ ਵਿਖੇ ਦਾਖ਼ਲ ਕਰਵਾਇਆ ਤਾਂ ਕਿ ਉਸ ਦੀ ਕਲਾ ਹੋਰ ਉੱਭਰ ਸਕੇ। ਇੱਥੇ ਉਸ ਨੇ ਉਸਤਾਦ ਸੋਹਨ ਸਿੰਘ ਤੋਂ ਸੰਗੀਤ ਸਿੱਖਿਆ ਅਤੇ ਯੁਵਕ ਮੇਲਿਆਂ ਵਿੱਚ ਮੱਲਾਂ ਮਾਰਨ ਤੋਂ ਇਲਾਵਾ ਆਲ ਇੰਡੀਆ ਰੇਡੀਓ ਜਲੰਧਰ ਤੋਂ ਪ੍ਰੋਗਰਾਮ ਵੀ ਪੇਸ਼ ਕੀਤੇ। ਗ੍ਰੈਜੂਏਸ਼ਨ ਮਗਰੋਂ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸੂਰਜ ਭਾਨ ਨੇ ਉਸ ਦਾ ਦਾਖ਼ਲਾ ਐੱਮਏ ਹਿਸਟਰੀ ਵਿੱਚ ਕਰਵਾ ਲਿਆ। ਜਗਜੀਤ ਨੇ ਦੋ ਸਾਲ ਵਿੱਚ ਆਪਣੀ ਯੂਨੀਵਰਸਿਟੀ ਲਈ ਅਨੇਕਾਂ ਮੈਡਲ ਤੇ ਟਰਾਫੀਆਂ ਜਿੱਤੀਆਂ। ਪਰਿਵਾਰ ਦੀ ਇੱਛਾ ਸੀ ਕਿ ਜਗਜੀਤ ਸਿੰਘ ਆਈਏਐੱਸ ਅਫ਼ਸਰ ਬਣੇ, ਪਰ ਉਸ ਦੇ ਅੰਦਰ ਬੈਠੇ ਕਲਾਕਾਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇੱਕ ਵਾਰੀ ਜਦੋਂ ਫਿਲਮ ਅਦਾਕਾਰ ਓਮ ਪ੍ਰਕਾਸ਼ ਨੇ ਜਗਜੀਤ ਸਿੰਘ ਨੂੰ ਊਟੀ ਵਿਖੇ ਸੁਣਿਆ ਤਾਂ ਉਸ ਨੇ ਉਸ ਦੀ ਕਲਾ ਨੂੰ ਪਛਾਣ ਲਿਆ ਅਤੇ ਉਸ ਨੂੰ 1963 ਵਿੱਚ ਬੰਬਈ ਬੁਲਾ ਲਿਆ। ਇੱਥੇ ਉਸ ਨੇ ਜਗਜੀਤ ਸਿੰਘ ਨੂੰ ਕਈ ਸੰਗੀਤਕਾਰਾਂ ਨਾਲ ਮਿਲਵਾਇਆ, ਪਰ ਉੱਥੇ ਉਨ੍ਹਾਂ ਨੇ ਉਸ ਦੇ ਪੈਰ ਨਹੀ ਲੱਗਣ ਦਿੱਤੇ। ਇਸ ਦੇ ਬਾਵਜੂਦ ਉਹ ਲਗਾਤਾਰ ਮਿਹਨਤ ਕਰਦਾ ਰਿਹਾ। ਇਸ ਤੋਂ ਬਾਅਦ ਉਸ ਨੇ ਕਦੇ ਪਿੱਛੇ ਮੁੜ ਕੇ ਨਹੀ ਦੇਖਿਆ। ਸਾਲ 1991 ਵਿੱਚ ਕਾਰ ਹਾਦਸੇ ਵਿੱਚ ਆਪਣੇ ਬੇਟੇ ਵਿਵੇਕ ਦੀ ਮੌਤ ਤੋਂ ਬਾਅਦ ਜਗਜੀਤ ਅਤੇ ਚਿਤਰਾ ਸਿੰਘ ਅੰਦਰੋਂ ਟੁੱਟ ਚੁੱਕੇ ਸਨ। ਉਸ ਸਮੇਂ ਵਿਵੇਕ ਦੀ ਉਮਰ ਸਿਰਫ਼ 21 ਸਾਲ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਪਤਨੀ ਚਿਤਰਾ ਨੇ ਗਾਇਕੀ ਤੋਂ ਸੰਨਿਆਸ ਲੈ ਲਿਆ। ਜਗਜੀਤ ਸਿੰਘ ਵੀ ਸਦਮੇ ਕਾਰਨ ਕੁਝ ਸਮਾਂ ਗਾਇਕੀ ਤੋਂ ਦੂਰ ਰਿਹਾ। ਉਂਜ, ਉਸ ਨੂੰ ਹਮੇਸ਼ਾ ਗਾਇਕੀ ਵਿੱਚ ਹੀ ਸਕੂਨ ਮਿਲਦਾ ਸੀ। ਗ਼ਜ਼ਲ ਗਾਇਕੀ ਵਿੱਚ ਪਾਏ ਨਵੇਂ ਪੂਰਨਿਆਂ ਸਦਕਾ 1998 ਵਿੱਚ ਉਸ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਿਆ। 2003 ਵਿੱਚ ਉਸ ਨੂੰ ਭਾਰਤ ਸਰਕਾਰ ਦੁਆਰਾ ਪਦਮ ਭੂਸ਼ਣ ਦਿੱਤਾ ਗਿਆ। 2006 ਵਿੱਚ ਟੀਚਰਜ਼ ਲਾਈਫਟਾਈਮ ਅਚੀਵਮੈਂਟ ਐਵਾਰਡ ਮਿਲਿਆ। ਉਸ ਦੀਆਂ ਕੁਝ ਗ਼ਜ਼ਲਾਂ ਬਹੁਤ ਮਕਬੂਲ ਹੋਈਆਂ ਜਿਨ੍ਹਾਂ ਵਿੱਚੋਂ 'ਹੋਠੋਂ ਸੇ ਛੂਹ ਲੋ ਤੁਮ', 'ਵੋ ਕਾਗਜ਼ ਕੀ ਕਸ਼ਤੀ', 'ਚਿੱਠੀ ਨਾ ਕੋਈ ਸੰਦੇਸ਼', 'ਯੇ ਦੌਲਤ ਭੀ ਲੇ ਲੋ', 'ਤੁਮ ਕੋ ਦੇਖਾ ਤੋ ਯੇ ਖਿਆਲ ਆਇਆ', 'ਝੁਕੀ ਝੁਕੀ ਸੀ ਨਜ਼ਰ', 'ਤੁਮ ਇਤਨਾ ਜੋ ਮੁਸਕਰਾ ਰਹੇ ਹੋ' ਆਦਿ। ਉਸ ਨੇ ਪੰਜਾਬੀ ਗੀਤ ਵੀ ਗਾਏ ਜਿਨ੍ਹਾਂ ਵਿੱਚੋਂ 'ਮਾਏ ਨੀ ਮਾਏ ਮੈਂ ਇੱਕ ਸ਼ਿਕਰਾ ਯਾਰ ਬਣਾਇਆ', 'ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ, ਛੜਿਆਂ ਦੀ ਜੂਨ ਬੁਰੀ', 'ਰੱਬਾ ਸਾਡੀ ਵੀ ਬਣਾਦੇ ਕੋਈ ਰਾਣੀ' ਆਦਿ ਗਾ ਕੇ ਮਕਬੂਲੀਅਤ ਹਾਸਲ ਕੀਤੀ। 23 ਸਤੰਬਰ 2011 ਨੂੰ ਗੁਲਾਮ ਅਲੀ ਨਾਲ ਇੱਕ ਸੰਗੀਤ ਸਮਾਰੋਹ ਤੋਂ ਪਹਿਲਾਂ ਜਗਜੀਤ ਸਿੰਘ ਨੂੰ ਬ੍ਰੇਨ ਹੈਮਰੇਜ ਹੋ ਗਿਆ ਸੀ। 10 ਅਕਤੂਬਰ 2011 ਨੂੰ ਗ਼ਜ਼ਲ ਸਮਰਾਟ ਜਗਜੀਤ ਸਿੰਘ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਿਆ। ਉਸ ਨੂੰ ਮਰਨ ਉਪਰੰਤ ਰਾਜਸਥਾਨ ਦੀ ਸਰਕਾਰ ਵੱਲੋਂ 'ਰਾਜਸਥਾਨ ਰਤਨ 2013' ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਰਾਜਸਥਾਨ ਦਾ ਸਭ ਤੋਂ ਉੱਚਾ ਨਾਗਰਿਕ ਪੁਰਸਕਾਰ ਹੈ। ਅੱਜ ਵੀ ਉਸ ਦੇ ਸਰੋਤੇ ਉਸ ਦੀ ਇਹ ਗ਼ਜ਼ਲ ਗੁਣਗੁਣਾ ਕੇ ਉਸ ਨੂੰ ਯਾਦ ਕਰਦੇ ਹਨ;

**ਨਾ ਚਿੱਠੀ ਨਾ ਕੋਈ ਸੰਦੇਸ਼**
**ਜਾਨੇ ਵੋ ਕੌਨਸਾ ਦੇਸ਼**
**ਜਹਾਂ ਤੁਮ ਚਲੇ ਗਏ**
**ਜਹਾਂ ਤੁਮ ਚਲੇ ਗਏ।**

## ਕਲ ਔਰ ਆਏਂਗੇ ਨਗ਼ਮੋਂ ਕੀ ਖਿਲਤੀ ਕਲੀਆਂ ਚੁਨਨੇ ਵਾਲੇ...

ਡਾ. ਮਨਜੀਤ ਸਿੰਘ ਬੱਲ
98728-43491

**ਬੌਲੀਵੁੱਡ** 'ਚ ਕਿਸੇ ਵਕਤ ਸ਼ਾਇਰੀ ਤੇ ਸੰਜੀਦਾ ਮਾਅਨਿਆਂ ਵਾਲੇ ਗੀਤ/ਕੱਵਾਲੀਆਂ ਦੇ ਬੋਲਾਂ ਵਾਲੀਆਂ ਫਿਲਮਾਂ ਬਣਦੀਆਂ ਸਨ। ਇਹ ਫਿਲਮਾਂ ਬਹੁਤ ਕਾਮਯਾਬ ਰਹੀਆਂ ਜਿਨ੍ਹਾਂ ਵਿੱਚ ਮਨੋਰੰਜਨ ਵੀ ਸੀ, ਲੋਕਾਂ ਦੀ ਦਿਲਚਸਪੀ ਵੀ ਸੀ ਅਤੇ ਕਮਾਈ ਵੀ ਚੰਗੀ ਹੁੰਦੀ ਸੀ ਜਿਵੇਂ 'ਬਰਸਾਤ ਕੀ ਰਾਤ', 'ਗ਼ਜ਼ਲ', 'ਪਿਆਸਾ', 'ਮੇਰੇ ਮਹਿਬੂਬ', 'ਕਭੀ ਕਭੀ' ਆਦਿ। ਇਨ੍ਹਾਂ ਫਿਲਮਾਂ ਵਿੱਚ ਅਦਾਕਾਰ ਜਾਂ ਅਦਾਕਾਰਾ ਜਾਂ ਦੋਵੇਂ, ਸ਼ਾਇਰ ਹੁੰਦੇ ਸਨ ਤੇ ਸ਼ਾਇਰੀ ਦੇ ਮੁਕਾਬਲੇ ਹੁੰਦੇ ਸਨ। ਇਨ੍ਹਾਂ ਦੇ ਨਗ਼ਮੇ ਸਦਾਬਹਾਰ ਹਨ ਤੇ ਲੋਕ ਇਨ੍ਹਾਂ ਦੇ ਦੀਵਾਨੇ ਹਨ। ਜਿਵੇਂ: 'ਸੁਰਖ਼ ਆਂਚਲ ਕੋ ਦਬਾ ਕਰ ਜੋ ਨਿਚੋੜਾ ਉਸ ਨੇ, ਦਿਲ ਪੇ ਜਲਤਾ ਹੁਆ ਏਕ ਤੀਰ ਸਾ ਛੋੜਾ ਉਸ ਨੇ, ਆਗ ਪਾਨੀ ਮੇਂ ਲਗਾਤੇ ਹੁਏ ਹਾਲਾਤ ਕੀ ਰਾਤ, ਜ਼ਿੰਦਗੀ ਭਰ ਨਹੀ ਭੂਲੇਗੀ ਵੋ ਬਰਸਾਤ ਕੀ ਰਾਤ' (ਫਿਲਮ ਬਰਸਾਤ ਕੀ ਰਾਤ 1960), ਅਜਿਹੀਆਂ ਫਿਲਮਾਂ ਦੇ ਨਗ਼ਮਾਨਿਗ਼ਾਰ ਆਮ ਕਰ ਕੇ ਸਾਹਿਰ ਲੁਧਿਆਣਵੀ ਹੀ ਹੁੰਦੇ ਸਨ। ਤਲਖ਼ੀਆਂ ਭਰੀ ਜ਼ਿੰਦਗੀ ਵਾਲੇ ਇਸ ਜ਼ਹੀਨ ਸ਼ਾਇਰ ਦੀ ਪੈਦਾਇਸ਼ 8 ਮਾਰਚ 1921 ਨੂੰ ਗੁੱਜਰ ਖ਼ਾਨਦਾਨ ਵਿੱਚ ਚੌਧਰੀ ਫ਼ਜ਼ਲ ਅਹਿਮਦ ਤੇ ਅੰਮੀ ਸਰਦਾਰ ਬੇਗ਼ਮ ਦੇ ਘਰ ਲੁਧਿਆਣਾ ਵਿੱਚ ਹੋਈ ਸੀ। ਉਸ ਦਾ ਬਚਪਨ ਦਾ ਨਾਮ ਅਬਦੁਲ ਹਈ ਸੀ। ਅਬਦੁਲ ਅਜੇ ਛੇਆਂ ਕੁ ਮਹੀਨਿਆਂ ਦਾ ਸੀ ਜਦ ਅਮੀਰ ਬਾਪ ਦੀਆਂ ਵਧੀਕੀਆਂ ਬਹੁਤ ਵਧ ਗਈਆਂ। ਸਰਦਾਰ ਬੇਗ਼ਮ ਨਿੱਕੇ ਅਬਦੁਲ ਨੂੰ ਲੈ ਕੇ ਵੱਖ ਰਹਿਣ ਲੱਗੀ। ਉਹ ਖ਼ੁਦ ਛੱਡ ਕੇ ਗਈ ਸੀ, ਇਸ ਲਈ ਉਸ ਨੇ ਪਤੀ ਤੋਂ ਕੋਈ ਹੱਕ ਮਿਹਰ ਨਹੀ ਲਿਆ। ਉਲਟਾ ਬੱਚੇ ਦੀ ਸਪੁਰਦਗੀ ਵਾਸਤੇ ਚੌਧਰੀ ਫ਼ਜ਼ਲ ਅਹਿਮਦ ਨੇ ਸਰਦਾਰ ਬੇਗ਼ਮ 'ਤੇ ਮੁਕੱਦਮਾ ਕਰ ਦਿੱਤਾ, ਜੋ ਉਹ ਜਿੱਤ ਨਾ ਸਕਿਆ ਤੇ 1934 ਵਿੱਚ ਉਸ ਨੇ ਦੂਜਾ ਵਿਆਹ ਕਰਵਾ ਲਿਆ। ਅਬਦੁਲ ਨੂੰ ਸ਼ਾਇਰੀ ਲਿਖਣ ਤੇ ਪੜ੍ਹਨ ਦਾ ਸ਼ੌਕ ਸ਼ੁਰੂ ਤੋਂ ਹੀ ਸੀ। ਉਸ ਨੇ ਮੌਲਾਨਾ ਫੈਜ਼ ਹਰਿਆਣਵੀ ਦੇ ਮਾਤਹਿਤ ਉਰਦੂ ਤੇ ਫ਼ਾਰਸੀ ਜ਼ੁਬਾਨਾਂ 'ਚ ਮੁਹਾਰਤ ਹਾਸਲ ਕੀਤੀ। ਅੱਲਾਮਾ ਇਕਬਾਲ ਦੇ ਇੱਕ ਸ਼ਿਅਰ 'ਇਸ ਚਮਨ ਮੇਂ ਹੋਗੇ ਪੈਦਾ ਬੁਲਬੁਲੇ ਸ਼ੈਰਾਜ਼ ਭੀ, ਸੈਂਕੜੋਂ ਸਾਹਿਰ ਭੀ ਹੋਗੇ ਸਾਹਿਬੇ ਐਜਾਜ਼ ਭੀ' ਵਿੱਚੋਂ 'ਸਾਹਿਰ' ਲਫ਼ਜ਼ ਉਹਦੇ ਧਿਆਨ ਗੋਚਰੇ ਆਇਆ, ਜਿਸ ਦੇ ਮਾਅਨੇ ਹਨ 'ਰੌਸ਼ਨ ਦਿਮਾਗ਼/ਜਾਦੂਗਰ।' ਸੋ ਅਬਦੁਲ ਨੇ ਆਪਣਾ ਕਲਮੀ ਨਾਮ ਸਾਹਿਰ ਰੱਖ ਲਿਆ ਤੇ ਲੁਧਿਆਣੇ ਤੋਂ ਹੋਣ ਕਰ ਕੇ ਸਾਹਿਰ ਦੇ ਨਾਲ ਲੁਧਿਆਣਵੀ ਲਾ ਲਿਆ। ਤੰਗੀਆਂ-ਤੁਰਸ਼ੀਆਂ ਦਰਮਿਆਨ ਅਬਦੁਲ ਪਹਿਲਾਂ ਲੁਧਿਆਣੇ ਦੇ ਖ਼ਾਲਸਾ ਹਾਈ ਸਕੂਲ ਵਿੱਚ ਪੜ੍ਹਿਆ ਤੇ ਉਸ ਤੋਂ ਬਾਅਦ ਉਸ ਨੇ ਗੌਰਮਿੰਟ ਕਾਲਜ ਵਿੱਚ ਦਾਖ਼ਲਾ ਲੈ ਲਿਆ। ਕਾਲਜ ਵਿੱਚ ਹੀ ਉਹ ਗ਼ਜ਼ਲਾਂ ਤੇ ਨਜ਼ਮਾਂ ਸੁਣਾਉਣ ਕਾਰਨ ਕਾਫ਼ੀ ਹਰਮਨਪਿਆਰਾ ਹੋ ਗਿਆ ਸੀ। ਸਾਹਿਰ ਦੀ ਜ਼ਿੰਦਗੀ ਤਲਖ਼ੀਆਂ ਨਾਲ ਭਰੀ ਹੋਈ ਸੀ। 'ਤਲਖ਼ੀਆਂ' ਉਹਦੀ ਇੱਕ ਮਕਬੂਲ ਉਰਦੂ ਸ਼ਾਇਰੀ ਦੀ ਕਿਤਾਬ ਦਾ ਨਾਮ ਵੀ ਹੈ। ਨਫ਼ਰਤਾਂ ਤੇ ਤੰਗੀਆਂ ਨੇ ਉਸ ਨੂੰ ਸਾਰੀ ਉਮਰ ਘੇਰੀ ਰੱਖਿਆ। 1943 ਵਿੱਚ ਲੁਧਿਆਣੇ ਤੋਂ ਲਾਹੌਰ ਜਾ ਕੇ ਉਸ ਨੇ ਦਿਆਲ ਸਿੰਘ ਕਾਲਜ ਵਿੱਚ ਦਾਖ਼ਲਾ ਲੈ ਲਿਆ। ਉੱਥੇ ਉਹ ਵਿਦਿਆਰਥੀਆਂ ਦੀ ਜਥੇਬੰਦੀ ਦਾ ਪ੍ਰਧਾਨ ਚੁਣਿਆ ਗਿਆ। ਉਹ ਵਿਦਿਆਰਥੀ ਤਹਿਰੀਕਾਂ, ਰੈਲੀਆਂ, ਮੁਜ਼ਾਹਰਿਆਂ ਵਿੱਚ ਹਿੱਸਾ ਲੈਂਦਾ ਸੀ ਤੇ ਤਕਰੀਰਾਂ ਕਰਦਾ ਸੀ। ਕੁਝ ਦੇਰ ਬਾਅਦ ਉਸ ਨੇ ਕਾਲਜ ਛੱਡ ਦਿੱਤਾ ਤੇ 'ਅਦਬੇ ਲਤੀਫ਼', 'ਸ਼ਾਹਕਾਰ' ਤੇ 'ਸਵੇਰਾ' ਵਰਗੇ ਉਰਦੂ ਰਸਾਲਿਆਂ ਦੇ ਸੰਪਾਦਕੀ ਮੰਡਲ ਦਾ ਹਿੱਸਾ ਬਣ ਗਿਆ। ਲਾਹੌਰ ਵਿੱਚ ਉਹ ਕਮਿਊਨਿਸਟ ਪਾਰਟੀ ਪ੍ਰੋਗਰੈਸਿਵ ਰਾਈਟਰਜ਼ ਤਨਜ਼ੀਮ ਦਾ ਮੈਂਬਰ ਸੀ। ਉਸ ਨੇ ਉਰਦੂ ਤੇ ਹਿੰਦੀ ਵਿੱਚ ਸ਼ਾਇਰੀ ਕੀਤੀ ਤੇ ਬੌਲੀਵੁੱਡ ਦੀਆਂ ਬਹੁਤ ਸਾਰੀਆਂ ਫਿਲਮਾਂ ਅਤੇ ਇੱਕ ਪਾਕਿਸਤਾਨੀ ਫਿਲਮ 'ਫਰੰਗੀ' ਵਾਸਤੇ ਗੀਤ ਲਿਖੇ। 1947 ਦੀ ਵੰਡ ਤੇ ਪਾਕਿਸਤਾਨ ਬਣਨ ਵੇਲੇ ਉਹ ਲਾਹੌਰ ਵਿੱਚ ਹੀ ਸੀ। ਨਵੇਂ ਬਣੇ ਮੁਲਕ ਵਿੱਚ ਹਕੂਮਤ ਦੀਆਂ ਵਧੀਕੀਆਂ ਦੇ ਖ਼ਿਲਾਫ਼ ਲੁਧਿਆਣਵੀ ਨੇ 'ਆਵਾਜ਼-ਏ-ਆਦਮ' ਅਨਵਾਨ ਨਾਲ ਇੱਕ ਬੇਹੱਦ ਇਨਕਲਾਬੀ ਤੇ ਜੋਸ਼ੀਲੀ ਨਜ਼ਮ ਲਿਖੀ, ਜੋ ਉਸ ਨੇ ਲਾਹੌਰ 'ਚ ਇੱਕ ਮੁਜ਼ਾਹਰੇ ਵਿੱਚ ਪੜ੍ਹੀ: 'ਦਬੇਗੀ ਕਬ ਤਲਕ ਆਵਾਜ਼-ਏ-ਆਦਮ ਹਮ ਭੀ ਦੇਖੇਂਗੇ, ਰੁਕੇਂਗੇ ਕਬ ਤਲਕ ਜਜ਼ਬਾਤ-ਏ-ਬਰਹਮ ਹਮ ਭੀ ਦੇਖੇਂਗੇ।' ਇਸ ਦੀ ਆਖ਼ਰੀ ਸਤਰ ਸੀ ਕਿ ਲਾਲ ਰੰਗ ਦੇ ਇਨਕਲਾਬੀ ਝੰਡੇ ਨੂੰ ਖ਼ੂਬ ਉੱਚਾ ਝੂਲਦਾ 'ਹਮ ਭੀ ਦੇਖੇਂਗੇ...'। ਨਵਾਂ ਬਣਿਆ ਮੁਲਕ ਪਾਕਿਸਤਾਨ, ਅਮਰੀਕਾ ਨੂੰ ਇਹ ਯਕੀਨ ਦਿਵਾਉਣ 'ਚ ਲੱਗਿਆ ਹੋਇਆ ਸੀ ਕਿ ਉਹ ਰੂਸ ਵੱਲ ਨਹੀ ਅਮਰੀਕਾ ਵੱਲ ਸੀ। ਉਨ੍ਹਾਂ ਵੇਲਿਆਂ 'ਚ ਸਾਹਿਰ ਨੇ ਇਹ ਨਜ਼ਮ ਇੱਕ ਮੁਜ਼ਾਹਰੇ ਵਿੱਚ ਪੂਰੇ ਜੋਸ਼ ਨਾਲ ਪੜ੍ਹੀ ਤੇ ਜਦ ਇਹ ਕਲਾਮ ਛਪਿਆ ਤਾਂ ਉਸ ਨੂੰ ਪਾਕਿਸਤਾਨ ਸਰਕਾਰ ਵੱਲੋਂ ਧਮਕੀਆਂ ਮਿਲਣ ਲੱਗੀਆਂ ਤੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ। ਉਸ ਨੂੰ ਅਹਿਸਾਸ ਹੋਇਆ ਕਿ ਪਾਕਿਸਤਾਨ ਵਿੱਚ ਰਹਿਣਾ ਠੀਕ ਨਹੀ। ਇਸ ਲਈ 1949 ਵਿੱਚ ਉਹ ਲਾਹੌਰ ਛੱਡ ਕੇ ਦਿੱਲੀ ਆ ਗਿਆ ਤੇ ਦੋ ਮਹੀਨੇ ਬਾਅਦ ਬੰਬਈ (ਹੁਣ ਮੁੰਬਈ) ਪੁੱਜ ਗਿਆ। ਉੱਥੇ ਅੰਧੇਰੀ ਇਲਾਕੇ ਵਿੱਚ ਰਹਿਣ ਲੱਗ ਪਿਆ। ਫਿਲਮ ਨਗਰੀ ਵਿੱਚ ਸਾਹਿਰ ਨੇ ਨਗ਼ਮਾਨਿਗਾਰ ਵਜੋਂ ਕਿਸਮਤ ਅਜ਼ਮਾਈ ਤੇ ਪੂਰੀ ਕਾਮਯਾਬੀ ਹਾਸਲ ਕੀਤੀ। 1970 ਵਿੱਚ ਉਸ ਨੇ ਆਪਣਾ ਬੰਗਲਾ 'ਪਰਛਾਈਆਂ' ਬਣਵਾਇਆ ਤੇ ਆਪਣੀ ਮੌਤ ਤੱਕ ਉਸੇ ਘਰ ਵਿੱਚ ਹੀ ਰਿਹਾ। ਲਾਹੌਰ 'ਚ ਉਹ ਕਮਿਊਨਿਸਟ ਪਾਰਟੀ ਵਿੱਚ 'ਪ੍ਰੋਗਰੈਸਿਵ ਰਾਈਟਰਜ਼ ਤਨਜ਼ੀਮ' ਦਾ ਮੈਂਬਰ ਸੀ। ਇਸ ਲਈ 1940ਵਿਆਂ-1950ਵਿਆਂ ਦੌਰਾਨ ਉਹਦੀ ਸ਼ਾਇਰੀ ਤੇ ਫਿਲਮੀ ਨਗ਼ਮਿਆਂ ਵਿੱਚ ਇਸੇ ਤਰ੍ਹਾਂ ਦੀ ਸੋਚ ਹਾਵੀ ਰਹੀ। ਫਿਲਮੀ ਖੇਤਰ ਵਿੱਚ ਸਭ ਤੋਂ ਪਹਿਲਾਂ 1949 ਵਿੱਚ 'ਆਜ਼ਾਦੀ ਕੀ ਰਾਹ' ਲਈ ਨਗ਼ਮੇ ਲਿਖਣ ਦਾ ਕੰਮ ਮਿਲਿਆ, ਜਿਸ ਦਾ ਇੱਕ ਨਗ਼ਮਾ ਸੀ 'ਬਦਲ ਰਹੀ ਹੈ ਜ਼ਿੰਦਗੀ...!' 1957 ਵਿੱਚ ਆਈ ਫਿਲਮ 'ਨਯਾ ਦੌਰ' ਵਿੱਚ ਉਸ ਦਾ ਨਗ਼ਮਾ 'ਸਾਥੀ ਹਾਥ ਬੜ੍ਹਾਨਾ' ਉਸ ਫਿਲਮ ਦੇ ਥੀਮ ਵਿੱਚ ਬਹੁਤ ਫਿੱਟ ਵੀ ਹੋਇਆ ਤੇ ਬੜਾ ਹਿੱਟ ਵੀ ਹੋਇਆ। ਉਸ ਦੇ ਲਿਖੇ ਗੀਤਾਂ 'ਉੜੇਂ ਜਬ-ਜਬ ਜ਼ੁਲਫੇਂ ਤੇਰੀ', 'ਰੇਸ਼ਮੀ ਸਲਵਾਰ ਕੁਰਤਾ ਜਾਲੀ ਕਾ' ਨੇ ਤਹਿਲਕਾ ਮਚਾ ਦਿੱਤਾ। ਇਸ ਫਿਲਮ ਦੇ ਪੰਜਾਬੀ ਸੰਗੀਤਕਾਰ ਸਨ ਓ ਪੀ ਨਈਅਰ। ਉੱਘੇ ਲੇਖਕ ਕੇਵਲ ਧੀਰ ਨੇ ਲੁਧਿਆਣੇ ਵਿੱਚ 'ਜਸ਼ਨੇ ਸਾਹਿਰ ਸਾਲਾਨਾ ਮੁਸ਼ਾਇਰਾ' ਸ਼ੁਰੂ ਕੀਤਾ। 1975 ਵਾਲੇ ਮੁਸ਼ਾਇਰੇ ਵਿੱਚ ਸਾਹਿਰ ਲੁਧਿਆਣਵੀ ਨੇ ਖ਼ੁਦ ਸ਼ਿਰਕਤ ਕੀਤੀ ਸੀ। ਮੈਂ (ਲੇਖਕ) ਉਦੋਂ ਡਾਕਟਰੀ ਦੀ ਪੜ੍ਹਾਈ ਦੇ ਆਖ਼ਰੀ ਸਾਲ ਵਿੱਚ ਮੈਡੀਕਲ ਕਾਲਜ ਅੰਮ੍ਰਿਤਸਰ ਵਿੱਚ ਸਾਂ। ਸਾਹਿਰ ਦੇ ਲੁਧਿਆਣੇ ਦੌਰੇ 'ਤੇ ਕਵੀ ਦਰਬਾਰ ਵਿੱਚ ਆਉਣ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਪੜ੍ਹੀਆਂ ਸਨ। ਬਾਕੀ ਸ਼ਾਇਰਾਂ ਦੇ ਨਾਲ-ਨਾਲ ਜਦ ਸਾਹਿਰ ਨੂੰ ਵੀ ਖ਼ਰਚੇ/ ਮਿਹਨਤਾਨੇ ਵਜੋਂ ਇੱਕ ਲਿਫਾਫ਼ੇ ਵਿੱਚ ਕੁਝ ਰੁਪਏ ਦੇਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹਨੇ ਲਿਫਾਫ਼ਾ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, "ਮੈਂ ਇੱਥੇ ਕੋਈ ਪ੍ਰਾਹੁਣਾ ਨਹੀ, ਮੇਜ਼ਬਾਨ ਹਾਂ।" ਕਾਲਜ ਦੇ ਆਡੀਟੋਰੀਅਮ ਦਾ ਨਾਮ ਸਾਹਿਰ ਲੁਧਿਆਣਵੀ ਦੇ ਨਾਂ 'ਤੇ ਰੱਖਿਆ ਗਿਆ ਸੀ। ਸਾਹਿਰ ਦੀ ਜ਼ਹੀਨ, ਸੰਜੀਦਾ ਤੇ ਉਮਦਾ ਸ਼ਾਇਰੀ ਦਾ ਇੱਕ ਨਮੂਨਾ ਫਿਲਮ 'ਗੁਮਰਾਹ' ਦੇ ਨਗ਼ਮੇ ਦੀਆਂ ਕੁਝ ਸਤਰਾਂ ਤੋਂ ਲਿਆ ਜਾ ਸਕਦਾ ਹੈ: 'ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋਂ...!' ਕੁੱਲ ਆਲਮ ਦੇ ਉਰਦੂ-ਹਿੰਦੀ ਸਮਝਣ ਵਾਲੇ ਲੋਕ ਇਹ ਜਾਣਦੇ ਹਨ ਕਿ ਫਿਲਮ 'ਬਰਸਾਤ ਕੀ ਰਾਤ' ਦੀ ਸ਼ਾਇਦ ਪਹਿਲੀ ਤੇ ਆਖ਼ਰੀ ਕੱਵਾਲੀ ਹੈ ਜਿਸ ਦੀ ਗੰਗਾ ਜਮੁਨੀ ਤਹਿਜ਼ੀਬ ਵਾਲੀ ਗੀਤਕਾਰੀ ਦਾ ਘੇਰਾ ਬਹੁਤ ਵਿਸ਼ਾਲ ਹੈ ਅਤੇ ਇਸ ਦਾ ਰਚਨਾਕਾਰ ਸਾਹਿਰ ਲੁਧਿਆਣਵੀ ਹੈ। ਇਹ ਕੱਵਾਲੀ ਮੰਨਾ ਡੇਅ, ਆਸ਼ਾ ਭੌਂਸਲੇ, ਮੁਹੰਮਦ ਰਫ਼ੀ, ਸੁਧਾ ਮਲਹੋਤਰਾ, ਐੱਸ ਡੀ ਬਾਤਿਸ਼ ਗਾਇਕਾਂ ਨੇ ਗਾਈ ਤੇ ਰੌਸ਼ਨ ਨੇ ਇਸ ਦਾ ਸੰਗੀਤ ਦਿੱਤਾ। ਇਸ ਦੇ ਅਲਫ਼ਾਜ਼ ਹਨ: 'ਨਾ ਤੋ ਕਾਰਵਾਂ ਕੀ ਤਲਾਸ਼ ਹੈ, ਨਾ ਤੋ ਹਮਸਫ਼ਰ ਕੀ ਤਲਾਸ਼ ਹੈ, ਮੇਰੇ ਸ਼ੌਕੇ ਖ਼ਾਨਾ ਖ਼ਰਾਬ ਕੋ ਤੇਰੀ ਰਹਿਗੁਜ਼ਰ ਕੀ ਤਲਾਸ਼ ਹੈ।' ਸਾਹਿਰ ਦੋਵਾਂ ਮੁਲਕਾਂ (ਭਾਰਤ ਤੇ ਪਾਕਿਸਤਾਨ) ਦੇ ਸ਼ਹਿਰਾਂ ਵਿੱਚ ਰਿਹਾ, ਦੋਵਾਂ ਮੁਲਕਾਂ ਦੀਆਂ ਹਕੂਮਤਾਂ ਵੀ ਦੇਖੀਆਂ, ਬਾਸ਼ਿੰਦਿਆਂ ਵਿੱਚ ਵੀ ਵਿਚਰਿਆ ਤੇ ਜੰਗਾਂ ਵੀ ਦੇਖੀਆਂ। ਉਹਦਾ ਮਨ ਬਹੁਤ ਤਲਖ਼ ਰਹਿੰਦਾ ਸੀ। ਉਹਨੇ ਦਿਲ ਦੀ ਆਵਾਜ਼ ਕਲਮ ਦੇ ਜ਼ਰੀਏ ਕਾਗ਼ਜ਼ 'ਤੇ ਇੰਜ ਉਤਾਰੀ: ਖ਼ੂਨ ਅਪਨਾ ਹੋ ਯਾ ਪਰਾਯਾ ਹੋ, ਨਸਲੇ ਆਦਮ ਕਾ ਖ਼ੂਨ ਹੈ ਆਖ਼ਰ; ਜੰਗ ਮਗ਼ਰਿਬ ਮੇਂ ਹੋ ਕਿ ਮਸ਼ਰਿਕ ਮੇਂ, ਅਮਨੇ ਆਲਮ ਕਾ ਖ਼ੂਨ ਹੈ ਆਖ਼ਰ...! ਇਸ ਲੀਏ ਐ ਸ਼ਰੀਫ਼ ਇਨਸਾਨੋਂ, ਜੰਗ ਟਲਤੀ ਰਹੇ ਤੋ ਬਿਹਤਰ ਹੈ, ਆਪ ਔਰ ਹਮ ਸਭੀ ਕੇ ਆਂਗਨ ਮੇਂ, ਸ਼ਮ੍ਹਾਂ ਜਲਤੀ ਰਹੇ ਤੋ ਬਿਹਤਰ ਹੈ...! ਸਾਹਿਰ ਲੁਧਿਆਣਵੀ ਵਾਹਿਦ ਨਗ਼ਮਾਨਿਗਾਰ ਸੀ, ਜਿਸ ਦੇ ਗਾਣੇ ਤੇ ਕੱਵਾਲੀ ਆਦਿ ਦੀ ਰਿਕਾਰਡਿੰਗ ਵੇਲੇ ਕਿਸੇ ਵੀ ਪ੍ਰੋਡਿਊਸਰ ਜਾਂ ਗਾਇਕ ਦੀ ਮਜਾਲ ਨਹੀ ਸੀ ਹੁੰਦੀ ਕਿ ਉਸ ਦੀ ਰਚਨਾ ਦਾ ਇੱਕ ਵੀ ਲਫ਼ਜ਼ ਇੱਧਰ-ਉੱਧਰ ਕਰ ਸਕੇ। 'ਯੇ ਦੁਨੀਆ ਅਗਰ ਮਿਲ ਭੀ ਜਾਏ ਤੋ ਕਿਆ ਹੈ' (ਪਿਆਸਾ), 'ਤੂ ਹਿੰਦੂ ਬਨੇਗਾ ਨਾ ਮੁਸਲਮਾਨ ਬਨੇਗਾ' (ਧੂਲ ਕਾ ਫੂਲ), 'ਜ਼ਿੰਦਗ਼ੀ ਭਰ ਨਹੀ ਭੂਲੇਗੀ ਵੋ ਬਰਸਾਤ ਕੀ ਰਾਤ', 'ਨਾ ਤੋ ਕਾਰਵਾਂ ਕੀ ਤਲਾਸ਼ ਹੈ ਨਾ ਤੋ ਹਮਸਫ਼ਰ ਕੀ ਤਲਾਸ਼ ਹੈ' (ਬਰਸਾਤ ਕੀ ਰਾਤ), 'ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਯਾ', 'ਅਭੀ ਨਾ ਜਾਓ ਛੋੜ ਕਰ ਕਿ ਦਿਲ ਅਭੀ ਭਰਾ ਨਹੀਂ', 'ਅੱਲਾਹ ਤੇਰੋ ਨਾਮ ਜੋ ਧਿਆਏ ਸੁਖ ਪਾਏ' (ਹਮ ਦੋਨੋਂ), 'ਬਾਬੁਲ ਕੀ ਦੁਆਏਂ ਲੇਤੀ ਜਾ' (ਨੀਲ ਕਮਲ), 'ਮੈਂ ਪਲ ਦੋ ਪਲ ਕਾ ਸ਼ਾਇਰ ਹੂੰ' (ਕਭੀ ਕਭੀ) ਆਦਿ ਉਸ ਦੇ ਸਦਾਬਹਾਰ ਗੀਤ ਹਨ। ਸਾਹਿਰ ਦਾ ਜ਼ਿਕਰ ਹੋਵੇ ਤੇ ਅੰਮ੍ਰਿਤਾ ਪ੍ਰੀਤਮ ਨਾਲ ਰਿਸ਼ਤੇ ਦੀ ਗੱਲ ਨਾ ਹੋਵੇ, ਇਹ ਕਿਵੇਂ ਹੋ ਸਕਦਾ ਹੈ? ਉਹ ਦੋਵੇਂ ਪਹਿਲੀ ਵਾਰ 1944 ਵਿੱਚ ਪ੍ਰੀਤਨਗਰ ਵਿੱਚ ਇੱਕ ਮੁਸ਼ਾਇਰੇ ਦੌਰਾਨ ਮਿਲੇ। ਅੰਮ੍ਰਿਤਾ ਦਿੱਲੀ ਤੋਂ ਪੁੱਜੀ ਅਤੇ ਸਾਹਿਰ ਲਾਹੌਰ ਤੋਂ ਪੁੱਜਾ ਸੀ। ਉਸ ਵੇਲੇ ਅੰਮ੍ਰਿਤਾ ਦੀ ਪ੍ਰੀਤਮ ਸਿੰਘ ਨਾਲ ਸ਼ਾਦੀ ਹੋ ਚੁੱਕੀ ਸੀ। ਅੰਮ੍ਰਿਤਾ ਇਸ ਵਿਆਹ ਤੋਂ ਖ਼ੁਸ਼ ਨਹੀ ਸੀ। ਸਾਹਿਰ-ਅੰਮ੍ਰਿਤਾ ਨੇ ਇਹ ਮੁਹਬੱਤ ਕਿਸੇ ਨੂੰ ਜ਼ਾਹਿਰ ਨਾ ਕੀਤੀ। ਉਨ੍ਹਾਂ ਦਰਮਿਆਨ ਮੁਹੱਬਤਾਂ ਦੀ ਖ਼ਤੋ-ਕਿਤਾਬਤ ਚਲਦੀ ਰਹੀ। ਕੁਝ ਵਕਤ ਐਸਾ ਵੀ ਗੁਜ਼ਰਿਆ ਜਦ ਦੋਵੇਂ ਲਾਹੌਰ ਵਿੱਚ ਹੀ ਸਨ। ਮੁਲਕ ਵੰਡਿਆ ਗਿਆ ਤੇ ਅੰਮ੍ਰਿਤਾ ਆਪਣੇ ਪਤੀ ਪ੍ਰੀਤਮ ਸਿੰਘ ਨਾਲ ਦਿੱਲੀ ਪੁੱਜ ਗਈ ਤੇ ਬਾਅਦ ਵਿੱਚ ਸਾਹਿਰ ਬੰਬਈ ਚਲਾ ਗਿਆ। ਸਾਹਿਰ ਤੇ ਅੰਮ੍ਰਿਤਾ ਦਾ ਰੁਮਾਂਸ ਤਾਂ ਗੂੜ੍ਹਾ, ਪਰ ਫ਼ਾਸਲਿਆਂ ਤੇ ਖ਼ਤੋ-ਕਿਤਾਬਤ ਵਾਲਾ ਸੀ। ਸਾਹਿਰ ਪ੍ਰੇਮ ਪੱਤਰ ਤਾਂ ਲਿਖਦਾ ਰਿਹਾ, ਪਰ ਉਹ ਫਾਸਲੇ ਖ਼ਤਮ ਨਾ ਕਰ ਸਕਿਆ। ਪਰ ਅੰਮ੍ਰਿਤਾ ਆਪਣੀਆਂ ਲਿਖਤਾਂ ਵਿੱਚ ਉਸ ਨੂੰ ਮੇਰਾ ਸ਼ਾਇਰ, ਮੇਰਾ ਮਹਿਬੂਬ, ਮੇਰਾ ਖ਼ੁਦਾ ਤੇ ਮੇਰਾ ਦੇਵਤਾ ਕਹਿੰਦੀ ਹੈ। ਆਪਣੀ ਜੀਵਨੀ 'ਰਸੀਦੀ ਟਿਕਟ' ਵਿੱਚ ਅੰਮ੍ਰਿਤਾ ਨੇ ਸਾਰੇ ਰਾਜ਼ ਖੋਲ੍ਹ ਦਿੱਤੇ: 'ਜਦ ਕਦੀ ਅਸੀ ਮਿਲਦੇ, ਇਕੱਠੇ ਬੈਠਦੇ ਸਾਂ ਤਦ ਵੀ ਵਧੇਰੇ ਸਮਾਂ ਸੰਨਾਟਾ ਹੀ ਰਹਿੰਦਾ। ਗੱਲਬਾਤ ਘੱਟ ਹੀ ਹੁੰਦੀ ਸੀ। ਉਹ ਲਗਾਤਾਰ ਸਿਗਰਟ ਪੀਂਦਾ ਰਹਿੰਦਾ ਤੇ ਉਹਦੇ ਜਾਣ ਤੋਂ ਬਾਅਦ ਉਹਦੇ ਬੁੱਲ੍ਹਾਂ ਦੇ ਛਾਪੇ ਵਾਲੇ ਸਿਗਰਟਾਂ ਦੇ ਟੋਟੇ 'ਕੱਠੇ ਕਰਕੇ ਮੈਂ ਆਪਣੇ ਬੁੱਲ੍ਹਾਂ ਵਿੱਚ ਰੱਖ ਕੇ, ਬੁੱਲ੍ਹ ਮੀਚ ਲੈਂਦੀ।' ਇਹ ਮੁਹੱਬਤ ਅੰਮ੍ਰਿਤਾ ਦੀ ਸ਼ਾਇਰੀ ਵਿੱਚ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ। ਸਾਹਿਰ ਨੇ ਪੂਰੀ ਜ਼ਿੰਦਗ਼ੀ ਸਿਰਫ਼ ਇੱਕ ਹੀ ਪਿਆਰ ਕੀਤਾ, ਉਹ ਪਿਆਰ ਸੀ ਆਪਣੀ ਮਾਂ ਦੇ ਨਾਲ। ਅਦਬ ਤੇ ਸ਼ਾਇਰੀ ਦੀਆਂ ਉੱਘੀਆਂ ਸ਼ਖ਼ਸੀਅਤਾਂ ਮੁਨੀਰ ਨਿਆਜ਼ੀ, ਅਹਿਮਦ ਰਾਹੀ, ਇਬਨੇ ਇਨਸ਼ਾ, ਨਾਸਿਰ ਕਾਜ਼ਮੀ ਤੇ ਸਾਹਿਰ ਲੁਧਿਆਣਵੀ ਗੂੜ੍ਹੇ ਦੋਸਤ ਸਨ। ਜੱਦੋਜਹਿਦ, ਤਲਖ਼ੀਆਂ ਤੇ ਸੰਨਾਟੇ ਨਾਲ ਭਰਿਆ ਛੇ ਫੁੱਟ ਲੰਮਾ ਇਹ ਜ਼ਹੀਨ ਸ਼ਾਇਰ ਸਿਰਫ਼ 59 ਸਾਲਾਂ ਦੀ ਉਮਰ ਭੋਗ ਕੇ 25 ਅਕਤੂਬਰ 1980 ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਮੁੰਬਈ 'ਚ ਇਸ ਫਾਨੀ ਜਹਾਨ ਤੋਂ ਕੂਚ ਕਰ ਗਿਆ। ਸਾਹਿਰ ਲੁਧਿਆਣਵੀ ਨੇ ਇਹ ਸਤਰਾਂ ਸ਼ਾਇਦ ਆਪਣੇ ਲਈ ਹੀ ਲਿਖੀਆਂ ਸਨ: 'ਕਲ ਔਰ ਆਏਂਗੇ ਨਗ਼ਮੋਂ ਕੀ ਖਿਲਤੀ ਕਲੀਆਂ ਚੁਨਨੇ ਵਾਲੇ, ਮੁਝ ਸੇ ਬਿਹਤਰ ਕਹਿਨੇ ਵਾਲੇ ਤੁਮ ਸੇ ਬਿਹਤਰ ਸੁਨਨੇ ਵਾਲੇ...!'



## ਔਕੜਾਂ ਦੇ ਬਾਵਜੂਦ ਕਿਵੇਂ ਅਦਾਕਾਰਾ ਬਣੀ ਜਸਵੰਤ ਦਮਨ

ਨਵਦੀਪ ਕੌਰ ਗਰੇਵਾਲ

**ਨਾ** ਰੰਗ-ਮੰਚ ਬਾਰੇ ਕੁਝ ਪਤਾ ਸੀ ਅਤੇ ਨਾ ਹੀ ਸਿਲਵਰ ਸਕਰੀਨ 'ਤੇ ਆਉਣ ਦਾ ਖ਼ਿਆਲ ਕਦੇ ਮਨ ਵਿੱਚ ਆਇਆ, ਪਰ ਮੁਕੱਦਰ ਨੇ ਉਨ੍ਹਾਂ ਨੂੰ ਪੰਜਾਬੀ ਰੰਗ-ਮੰਚ ਵਿੱਚ ਨਾਮੀ ਹਸਤੀ ਵੀ ਬਣਾਇਆ ਤੇ ਸਿਲਵਰ ਸਕਰੀਨ 'ਤੇ ਉਨ੍ਹਾਂ ਦਾ ਜਾਦੂ ਵੀ ਛਾਇਆ। ਜ਼ਿੰਦਗੀਨਾਮਾ ਦੀ ਇਸ ਕੜੀ ਵਿੱਚ ਰੂਬਰੂ ਹੋਏ ਸੀਨੀਅਰ ਅਦਾਕਾਰਾ ਜਸਵੰਤ ਦਮਨ ਨਾਲ ਜੋ ਪਿਛਲੇ ਛੇ-ਸੱਤ ਦਹਾਕਿਆਂ ਤੋਂ ਕਲਾ ਖੇਤਰ ਨੂੰ ਸਮਰਪਿਤ ਹਨ। ਥੀਏਟਰ ਤੋਂ ਸ਼ੁਰੂਆਤ ਕਰ ਕੇ ਉਨ੍ਹਾਂ ਨੇ ਪੰਜਾਬੀ, ਹਿੰਦੀ ਫ਼ਿਲਮਾਂ ਅਤੇ ਨਾਟਕਾਂ ਵਿੱਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ ਹਨ। ਉਹ 'ਨਮਸਤੇ ਲੰਡਨ', 'ਉੜਤਾ ਪੰਜਾਬ', 'ਹੰਪਟੀ ਸ਼ਰਮਾ ਕੀ ਦੁਲਹਨੀਆ' ਸਮੇਤ ਕਈ ਹਿੱਟ ਫ਼ਿਲਮਾਂ ਦਾ ਹਿੱਸਾ ਰਹਿ ਚੁੱਕੇ ਹਨ।

### ਵੰਡ ਦਾ ਉਜਾੜਾ ਝੱਲਣ ਵਾਲੇ ਪਿਤਾ ਨੇ ਪਰਿਵਾਰ ਨਾਲ ਲੜ ਕੇ ਪੜ੍ਹਾਇਆ

ਜਸਵੰਤ ਦਮਨ ਦਾ ਜਨਮ ਦਸੰਬਰ 14 ਦਸੰਬਰ 1949 ਨੂੰ ਹੋਇਆ। ਉਨ੍ਹਾਂ ਦਾ ਪਰਿਵਾਰ '47 ਦੀ ਵੰਡ ਦੌਰਾਨ ਨਵੇਂ ਬਣੇ ਪਾਕਿਸਤਾਨ ਸਥਿਤ ਆਪਣਾ ਘਰ-ਬਾਰ ਛੱਡ ਕੇ ਭਾਰਤ ਆਇਆ ਸੀ ਅਤੇ ਜਿਸ ਵੇਲੇ ਜਸਵੰਤ ਦਾ ਜਨਮ ਹੋਇਆ, ਉਨ੍ਹਾਂ ਦੇ ਪਿਤਾ ਮੁੜ-ਵਸੇਬੇ ਲਈ ਸੰਘਰਸ਼ ਕਰ ਰਹੇ ਸਨ। ਜਸਵੰਤ ਦਮਨ ਕਹਿੰਦੇ ਹਨ, "ਬਚਪਨ ਦੀਆਂ ਯਾਦਾਂ ਬਹੁਤੀਆਂ ਸੁਹਾਵਣੀਆਂ ਨਹੀ ਹਨ, ਬਚਪਨ ਟੱਪਰੀਵਾਸਾਂ ਵਾਂਗ ਟਿਕਾਣੇ ਬਦਲਦਿਆਂ ਬੀਤਿਆ ਹੈ।" ਵੰਡ ਤੋਂ ਪਹਿਲਾਂ ਉਨ੍ਹਾਂ ਦਾ ਪਰਿਵਾਰ ਲਾਹੌਰ ਨੇੜੇ ਖ਼ਾਨ ਕੇ ਪਿੰਡ ਵਿੱਚ ਰਹਿੰਦਾ ਸੀ ਅਤੇ ਵੰਡ ਤੋਂ ਬਾਅਦ ਉਨ੍ਹਾਂ ਨੂੰ ਮੋਗਾ ਦੇ ਕੋਟ ਈਸਾ ਖ਼ਾਨ ਨੇੜੇ ਨਿਹਾਲ ਗੜ੍ਹ ਵਿੱਚ ਜ਼ਮੀਨ ਦਿੱਤੀ ਗਈ ਸੀ। ਪਰ ਉਨ੍ਹਾਂ ਦੇ ਪਿਤਾ ਨੇ ਪਿੰਡ ਵਿੱਚ ਆਉਣ ਤੋਂ ਪਹਿਲਾਂ ਕਈ ਥਾਈਂ ਕੰਮ ਕੀਤਾ। ਜਸਵੰਤ ਮੁਤਾਬਕ ਉਨ੍ਹਾਂ ਦੇ ਪਿਤਾ ਅਗਾਂਹਵਧੂ ਸੋਚ ਵਾਲੇ ਸਨ ਅਤੇ ਉਸ ਹਾਲਾਤ ਵਿੱਚ ਵੀ ਧੀਆਂ ਨੂੰ ਪੜ੍ਹਾਉਣਾ ਚਾਹੁੰਦੇ ਸਨ ਜੋ ਕਿ ਬਾਕੀ ਪਰਿਵਾਰ ਨੂੰ ਮਨਜ਼ੂਰ ਨਹੀ ਸੀ। ਜਿਸ ਕਾਰਨ ਉਨ੍ਹਾਂ ਨੂੰ ਪਿੰਡ ਛੱਡ ਕੇ ਵੱਖ-ਵੱਖ ਟਿਕਾਣਿਆਂ 'ਤੇ ਰਹਿਣਾ ਪਿਆ ਅਤੇ ਜਸਵੰਤ ਦਮਨ ਮੈਟ੍ਰਿਕ ਤੱਕ ਦੀ ਪੜ੍ਹਾਈ ਕਰ ਸਕੇ। ਜਸਵੰਤ ਅਤੇ ਉਨ੍ਹਾਂ ਦੀ ਭੈਣ ਦੀ ਪੜ੍ਹਾਈ ਦੀ ਵਿਰੋਧਤਾ ਵਿੱਚ ਉਨ੍ਹਾਂ ਦੇ ਚਾਚੇ-ਤਾਇਆਂ ਨੇ ਉਨ੍ਹਾਂ ਦੇ ਪਿਤਾ ਨਾਲ ਹਰ ਤਰ੍ਹਾਂ ਦੇ ਸਬੰਧ ਤੋੜ ਦਿੱਤੇ। ਮੁੜ-ਵਸੇਬੇ ਲਈ ਸੰਘਰਸ਼ ਵਿਚਕਾਰ ਉਨ੍ਹਾਂ ਨੂੰ ਪੜ੍ਹਾਉਣ ਖ਼ਾਤਰ ਸਮਾਜ ਅਤੇ ਪਰਿਵਾਰ ਨਾਲ ਟੱਕਰ ਲੈਣ ਲਈ ਜਸਵੰਤ ਦਮਨ ਆਪਣੇ ਪਿਤਾ ਨੂੰ ਸ਼ੁਕਰੀਆ ਅਦਾ ਕਰਦੇ ਹਨ।



### ਪਤੀ ਨੇ ਕਰਾਇਆ ਰੰਗ-ਮੰਚ ਨਾਲ ਰੂਬਰੂ

ਜਸਵੰਤ ਦਮਨ ਦੇ ਪਤੀ ਦਵਿੰਦਰ ਦਮਨ ਖ਼ੁਦ ਇੱਕ ਨਾਮੀ ਨਾਟਕਕਾਰ ਅਤੇ ਅਦਾਕਾਰ ਹਨ। ਵਿਆਹ ਤੋਂ ਬਾਅਦ ਉਨ੍ਹਾਂ ਨੇ ਹੀ ਜਸਵੰਤ ਦਮਨ ਨੂੰ ਰੰਗ-ਮੰਚ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਦਵਿੰਦਰ ਦਮਨ ਦੀ ਭੈਣ, ਜਸਵੰਤ ਦਮਨ ਨਾਲ ਸਕੂਲ ਵਿੱਚ ਪੜ੍ਹਦੀ ਸੀ। ਇਸ ਤਰ੍ਹਾਂ ਜਦੋਂ ਮੇਲ-ਜੋਲ ਵਧਿਆ ਤਾਂ ਦਵਿੰਦਰ ਦਮਨ ਨੇ ਜਸਵੰਤ ਨੂੰ ਵਿਆਹ ਦੀ ਪੇਸ਼ਕਸ਼ ਕੀਤੀ ਜੋ ਕਿ ਉਨ੍ਹਾਂ ਦੇ ਪਿਤਾ ਨੇ ਸਵੀਕਾਰ ਕਰ ਲਈ ਅਤੇ ਦੋਹਾਂ ਦਾ ਵਿਆਹ ਹੋ ਗਿਆ। ਦਵਿੰਦਰ ਦਮਨ ਭਾਸ਼ਾ ਵਿਭਾਗ ਲਈ ਨਾਟਕ ਕਰਦੇ ਹੁੰਦੇ ਸਨ ਅਤੇ ਬਾਅਦ ਵਿੱਚ ਹਰਪਾਲ ਟਿਵਾਣਾ ਦੇ ਥੀਏਟਰ ਗਰੁੱਪ ਨਾਲ ਜੁੜ ਗਏ। ਹਰਪਾਲ ਟਿਵਾਣਾ ਦੀ ਟੀਮ ਵੱਲੋਂ ਖੇਡੇ ਜਾ ਰਹੇ ਡਾ.ਹਰਚਰਨ ਸਿੰਘ ਦੇ ਇੱਕ ਨਾਟਕ 'ਰੱਤਾ ਸਾਲੂ' ਵਿੱਚ ਇੱਕ ਦ੍ਰਿਸ਼ ਉਨ੍ਹਾਂ ਨੇ ਜਸਵੰਤ ਦਮਨ ਨੂੰ ਕਰਨ ਲਈ ਕਿਹਾ। ਪਹਿਲਾਂ ਜਸਵੰਤ ਨੂੰ ਅਦਾਕਾਰੀ ਪ੍ਰਤੀ ਕਾਫ਼ੀ ਝਿਜਕ ਸੀ ਪਰ ਉਹ ਕਹਿੰਦੇ ਹਨ, "ਦੋ ਗੱਲਾਂ ਮੇਰੀ ਪ੍ਰੇਰਨਾ ਬਣੀਆਂ। ਪਹਿਲਾ ਸੀ ਹਰ ਵੇਲੇ ਪਤੀ ਦਾ ਸਾਥ ਅਤੇ ਦੂਜਾ ਸੀ ਦਰਸ਼ਕਾਂ ਦੀਆਂ ਤਾੜੀਆਂ ਜਿਨ੍ਹਾਂ ਨਾਲ ਅਹਿਸਾਸ ਹੁੰਦਾ ਸੀ ਕਿ ਮੇਰੀ ਵੀ ਆਪਣੀ ਕੋਈ ਹਸਤੀ ਹੈ।" ਕਲਾ ਖੇਤਰ ਨਾਲ ਜੁੜੇ ਹੋਣ ਦੇ ਨਾਲ-ਨਾਲ ਦਵਿੰਦਰ ਦਮਨ ਫੂਡ ਸਪਲਾਈ ਵਿਭਾਗ ਵਿੱਚ ਨੌਕਰੀ ਵੀ ਕਰਦੇ ਸਨ। ਜਸਵੰਤ ਦਮਨ ਦੱਸਦੇ ਹਨ ਕਿ ਉਹ ਰੋਪੜ ਵਿਚ ਨੌਕਰੀ ਕਰਦੇ ਸਨ, ਪਰ ਰੰਗਮੰਚ ਵਿੱਚ ਹੋਰ ਪ੍ਰਫੁੱਲਿਤ ਹੋਣ ਲਈ ਤਬਾਦਲਾ ਚੰਡੀਗੜ੍ਹ ਕਰਵਾ ਲਿਆ। ਜਸਵੰਤ ਦਮਨ ਕਹਿੰਦੇ ਹਨ, "ਉਸ ਵੇਲੇ ਚੰਡੀਗੜ੍ਹ ਰੰਗ-ਮੰਚ ਦਾ ਮੱਕਾ ਸੀ ਕਿਉਂਕਿ ਵਿਦੇਸ਼ੀ ਗਰੁੱਪ ਵੀ ਜੇ ਦਿੱਲੀ ਵਿੱਚ ਨਾਟਕ ਖੇਡਣ ਆਉਂਦੇ ਸਨ, ਤਾਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਵੀ ਆਉਂਦੇ ਹੁੰਦੇ ਸਨ।" ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਰਹਿੰਦਿਆਂ ਕਿਸੇ ਜ਼ਰੀਏ ਉਨ੍ਹਾਂ ਨੂੰ ਇੱਕ ਪੰਜਾਬੀ ਫ਼ਿਲਮ ਵਿੱਚ ਮਾਂ ਦੀ ਭੂਮਿਕਾ ਨਿਭਾਉਣ ਦੀ ਪੇਸ਼ਕਸ਼ ਹੋਈ ਜੋ ਕਿ ਕਰਨਾਲ ਵਿੱਚ ਫ਼ਿਲਮਾਈ ਜਾਣੀ ਸੀ। ਨਾਂ-ਨੁੱਕਰ ਕਰਦਿਆਂ ਜਸਵੰਤ ਫ਼ਿਲਮ ਦੀ ਸ਼ੂਟਿੰਗ ਲਈ ਚਲੇ ਗਏ ਅਤੇ ਇੱਥੋਂ ਉਨ੍ਹਾਂ ਦਾ ਫ਼ਿਲਮੀ ਸਫ਼ਰ ਵੀ ਸ਼ੁਰੂ ਹੋ ਗਿਆ। ਉਨ੍ਹਾਂ ਕਿਹਾ, "ਉਸ ਵੇਲੇ ਸਾਡੀ ਮਹੀਨੇ ਦੀ ਤਨਖ਼ਾਹ 260 ਰੁਪਏ ਹੁੰਦੀ ਸੀ। ਉਸ ਵੇਲੇ ਮੈਨੂੰ ਫ਼ਿਲਮ ਵਿੱਚ ਕੰਮ ਕਰਨ ਦੇ 2500 ਰੁਪਏ ਮਿਲੇ, ਫਿਰ ਮੈਨੂੰ ਲੱਗਿਆ ਕਿ ਕੰਮ ਤਾਂ ਕੋਈ ਔਖਾ ਨਹੀ, ਕੀਤਾ ਜਾ ਸਕਦਾ ਹੈ।" ਜਸਵੰਤ ਦਮਨ ਨੇ ਦੱਸਿਆ ਕਿ ਸ਼ੁਰੂਆਤੀ ਦੌਰ ਵਿੱਚ ਉਨ੍ਹਾਂ ਨੂੰ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਥੀਏਟਰ ਦੀਆਂ ਜ਼ਿੰਮੇਵਾਰੀਆਂ ਵਿਚਕਾਰ ਤਾਲਮੇਲ ਬਿਠਾਉਣ ਵਿੱਚ ਕਾਫ਼ੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੱਸਿਆ ਕਿ ਬਹੁਤ ਵਾਰ ਛੋਟੇ-ਛੋਟੇ ਬੱਚਿਆਂ ਨੂੰ ਸਟੇਜ 'ਤੇ ਹੀ ਲਿਟਾ ਕੇ ਰਿਹਰਸਲਾਂ ਕਰਦੇ ਹੁੰਦੇ ਸਨ। ਇੱਕ ਵਾਰ ਆਪਣੇ ਨਵ-ਜਨਮੇ ਬੱਚੇ ਨੂੰ ਘਰ ਕੰਮ ਕਰਨ ਵਾਲੀ ਇੱਕ ਔਰਤ ਕੋਲ ਉਸ ਦੀ ਝੁੱਗੀ ਵਿੱਚ ਛੱਡ ਕੇ ਉਹ ਨਾਟਕ ਖੇਡਣ ਗਏ। ਜਸਵੰਤ ਦਮਨ ਕਹਿੰਦੇ ਹਨ, "ਉਸ ਵੇਲੇ ਔਰਤ ਦੋਹੇਂ ਪਾਸੇ ਜੂਝ ਰਹੀ ਸੀ। ਇੱਕ ਤਾਂ ਸਮਾਜ ਸਟੇਜ ਦੀ ਇਜਾਜ਼ਤ ਨਹੀ ਸੀ ਦਿੰਦਾ, ਦੂਜੇ ਪਾਸੇ ਤੁਸੀ ਘਰ ਵੀ ਸੰਭਾਲਣਾ ਹੈ ਅਤੇ ਤੀਜੇ ਪਾਸੇ ਤੁਸੀ ਕੰਮ ਵੀ ਕਰਨਾ ਹੈ।"

### ਸਿਨੇਮਾ ਵਿੱਚ ਔਰਤ ਦੀ ਭੂਮਿਕਾ

ਤਕਰੀਬਨ ਛੇ ਦਹਾਕਿਆਂ ਤੋਂ ਅਦਾਕਾਰੀ ਨਾਲ ਜੁੜੇ ਜਸਵੰਤ ਦਮਨ ਕਹਿੰਦੇ ਹਨ ਕਿ ਸਿਨੇਮਾ ਵਿੱਚ ਪੈਰ ਧਰਨ ਤੋਂ ਪਹਿਲਾਂ ਉਨ੍ਹਾਂ ਦੇ ਮਨ ਵਿੱਚ ਖ਼ਾਸ ਕਰਕੇ ਬੰਬੇ ਦੀ ਫ਼ਿਲਮ ਸਨਅਤ ਬਾਰੇ ਧਾਰਨਾ ਸੀ ਕਿ ਔਰਤਾਂ ਲਈ ਇਹ ਸੁਰੱਖਿਅਤ ਪੇਸ਼ਾ ਨਹੀ ਹੈ। ਉਹ ਕਹਿੰਦੇ ਹਨ ਕਿ ਅੱਜ ਤੱਕ ਕੰਮ ਕਰਦਿਆਂ ਉਨ੍ਹਾਂ ਨੇ ਕਦੇ ਵੀ ਅਸੁਰੱਖਿਅਤ ਜਾਂ ਅਸਹਿਜ ਮਹਿਸੂਸ ਨਹੀ ਕੀਤਾ। ਉਹ ਕਹਿੰਦੇ ਹਨ, "ਇੰਡਸਰੀ ਵਿੱਚ ਮਾੜੇ ਲੋਕ ਪਹਿਲਾਂ ਵੀ ਸਨ ਅਤੇ ਹੁਣ ਵੀ ਹਨ, ਪਰ ਔਰਤ ਨੂੰ ਖ਼ੁਦ ਨੂੰ ਸੰਭਾਲਣਾ ਆਉਣਾ ਚਾਹੀਦਾ ਹੈ।" ਉਹ ਕਹਿੰਦੇ ਹਨ, "ਭਾਵੇਂ ਮੁੰਡਾ ਹੋਵੇ ਜਾਂ ਕੁੜੀ, ਸਿਰਫ਼ ਕਲਾ ਹੀ ਤੁਹਾਨੂੰ ਅੱਗੇ ਲੈ ਕੇ ਜਾ ਸਕਦੀ ਹੈ।" ਪੰਜਾਬੀ ਸਿਨੇਮਾ ਵਿੱਚ ਔਰਤਾਂ ਲਈ ਲਿਖੇ ਜਾਂਦੇ ਕਿਰਦਾਰਾਂ ਬਾਰੇ ਉਹ ਕਹਿੰਦੇ ਹਨ ਕਿ ਕਈ ਫ਼ਿਲਮਾਂ ਤੋਂ ਉਹ ਬਹੁਤ ਨਿਰਾਸ਼ ਹਨ ਜਿਨ੍ਹਾਂ ਵਿੱਚ ਔਰਤਾਂ ਨੂੰ ਖੋਖਲੇ ਕਿਰਦਾਰਾਂ ਵਿੱਚ ਦਿਖਾਇਆ ਜਾਂਦਾ ਹੈ। ਉਹ ਕਹਿੰਦੇ ਹਨ ਕਿ ਬਹੁਤ ਵਾਰ ਔਰਤਾਂ ਨੂੰ ਨੀਵਾਂ ਦਿਖਾਉਣ ਵਾਲੇ ਸੰਵਾਦਾਂ ਜਾਂ ਵਿਸ਼ਿਆਂ ਕਾਰਨ ਉਹ ਕੰਮ ਤੋਂ ਇਨਕਾਰ ਵੀ ਕਰਦੇ ਹਨ। ਨਾਲ ਹੀ ਉਹ ਕਹਿੰਦੇ ਹਨ, "ਮੈਂ ਹੁਣ ਕਾਫ਼ੀ ਸਮੇਂ ਤੋਂ ਪੰਜਾਬੀ ਫ਼ਿਲਮ ਨਹੀ ਕੀਤੀ, ਪਰ ਇੱਥੇ ਪੈਸੇ ਅਤੇ ਸਨਮਾਨ ਉਸ ਤਰ੍ਹਾਂ ਨਹੀ ਮਿਲਦਾ। ਇਸ ਦੇ ਉਲਟ ਹਿੰਦੀ ਫ਼ਿਲਮ ਇੰਡਸਟਰੀ ਬਹੁਤ ਪੇਸ਼ੇਵਰ ਤਰੀਕੇ ਨਾਲ ਕੰਮ ਕਰਦੀ ਹੈ ਅਤੇ ਛੋਟੇ ਕਲਾਕਾਰਾਂ ਨੂੰ ਵੀ ਬਣਦਾ ਸਨਮਾਨ ਮਿਲਦਾ ਹੈ।"

### 'ਸਟੇਜ 'ਤੇ ਹੀ ਨਿਕਲਣ ਆਖ਼ਰੀ ਸਾਹ'

ਜਸਵੰਤ ਦਮਨ ਕਹਿੰਦੇ ਹਨ ਕਿ ਉਹ ਕਦੇ ਵੀ ਫ਼ਿਲਮਾਂ ਨੂੰ ਆਪਣਾ ਕਿੱਤਾ ਨਹੀ ਮੰਨਦੇ, ਬਲਕਿ ਉਹ ਖ਼ੁਦ ਨੂੰ ਥੀਏਟਰ ਕਲਾਕਾਰ ਹੀ ਮੰਨਦੇ ਹਨ। ਉਹ ਕਹਿੰਦੇ ਹਨ, "ਫਿਲਮਾਂ ਇਸ ਲਈ ਕੀਤੀਆਂ ਕਿਉਂਕਿ ਪੈਸਾ ਮਿਲਦਾ ਹੈ ਅਤੇ ਉਹ ਪੈਸਾ ਅਸੀ ਰੰਗ-ਮੰਚ ਲਈ ਲਗਾ ਸਕਦੇ ਹਾਂ। ਥੀਏਟਰ ਆਪਣਾ ਖ਼ੂਨ ਸਿੰਜ ਕੇ ਕਰਨ ਵਾਲਾ ਕੰਮ ਹੈ। ਤੁਸੀ ਆਪਣੀ ਪਸੰਦ ਦਾ ਕੰਮ ਕਰਦੇ ਹੋ।" ਉਨ੍ਹਾਂ ਨੇ ਇੱਛਾ ਜਤਾਈ ਕਿ ਆਖ਼ਰੀ ਸਾਹ ਵੀ ਥੀਏਟਰ ਦੀ ਸਟੇਜ 'ਤੇ ਨਿਕਲੇ। ਉਨ੍ਹਾਂ ਕਿਹਾ, "ਮੇਰੇ ਪਤੀ ਦਾ ਲਿਖਿਆ ਇੱਕ ਨਾਟਕ ਹੈ ਕਤਰਾ-ਕਤਰਾ ਜ਼ਿੰਦਗੀ ਜਿਸ ਵਿੱਚ ਸਿਰਫ਼ ਦੋ ਹੀ ਕਿਰਦਾਰ ਹਨ ਜੋ ਅਸੀ ਦੋਹੇਂ ਨਿਭਾਉਂਦੇ ਸੀ। ਹੁਣ ਮੈਂ ਆਪਣੇ ਪਤੀ ਨੂੰ ਕਿਹਾ ਹੈ ਕਿ ਇਸ ਨਾਟਕ ਨੂੰ ਸਾਡੀ ਉਮਰ ਦੇ ਕਿਰਦਾਰਾਂ ਮੁਤਾਬਕ ਢਾਲ ਲਈਏ ਤਾਂ ਜੋ ਦੁਬਾਰਾ ਇਹ ਨਾਟਕ ਖੇਡ ਸਕੀਏ।" ਉਹ ਕਹਿੰਦੇ ਹਨ ਕਿ ਜਿਸ ਤਰ੍ਹਾਂ ਦੇ ਪਰਿਵਾਰ ਨਾਲ ਉਹ ਸਬੰਧਿਤ ਹਨ, ਉਨ੍ਹਾਂ ਨੇ ਕਦੇ ਨਹੀ ਸੀ ਸੋਚਿਆ ਕਿ ਇੰਨੀ ਦੁਨੀਆਂ ਦੇਖ ਸਕਣਗੇ ਅਤੇ ਨਾਮ ਬਣਾ ਸਕਣਗੇ। ਪਛਾਣ ਥੀਏਟਰ ਦੀ ਹੀ ਦੇਣ ਹੈ ਅਤੇ ਆਖ਼ਰੀ ਸਾਹ ਤੱਕ ਥੀਏਟਰ ਨਿਭਣਾ ਚਾਹੁੰਦੇ ਹਨ।

> ਮੈਂ ਹੁਣ ਕਾਫ਼ੀ ਸਮੇਂ ਤੋਂ ਪੰਜਾਬੀ ਫ਼ਿਲਮ ਨਹੀਂ ਕੀਤੀ, ਪਰ ਇੱਥੇ ਪੈਸੇ ਅਤੇ ਸਨਮਾਨ ਉਸ ਤਰ੍ਹਾਂ ਨਹੀਂ ਮਿਲਦਾ। ਇਸ ਦੇ ਉਲਟ ਹਿੰਦੀ ਫ਼ਿਲਮ ਸਨਅਤ ਬਹੁਤ ਪੇਸ਼ੇਵਰ ਤਰੀਕੇ ਨਾਲ ਕੰਮ ਕਰਦੇ ਹਨ ਅਤੇ ਛੋਟੇ ਕਲਾਕਾਰਾਂ ਨੂੰ ਵੀ ਬਣਦਾ ਸਨਮਾਨ ਮਿਲਦਾ ਹੈ।



ਜਸਵੰਤ ਦਮਨ

# ਮੁੜ ਭਗੌੜਾ ਦਲ ਵਿੱਚ ਸ਼ਾਮਿਲ ਹੋ ਰਹੇ ਹਨ ਕੁਝ ਲੋਕ : ਕੋਹਲੀ



ਅੰਮ੍ਰਿਤਸਰ, 13 ਮਾਰਚ (ਬਬਲੂ ਮਹਾਜਨ) ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਦੋ ਦਸੰਬਰ 2024 ਨੂੰ ਸਪੱਸ਼ਟ ਆਦੇਸ਼ ਸੀ ਕਿ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਲੀਡਰਸ਼ਿਪ ਦੀ ਥਾਂ ਨਵੀਂ ਲੀਡਰਸ਼ਿਪ ਉਭਾਰ ਕੇ ਪੰਥ ਦੀ ਜਮਾਤ ਅਕਾਲੀ ਦਲ ਨੂੰ ਮਜਬੂਤ ਕੀਤਾ ਜਾਵੇ। ਪਰ ਕੁਝ ਲੋਕ ਅੱਜ ਅਹੁਦਿਆਂ ਦੇ ਲਾਲਚ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਨੂੰ ਪਿੱਠ ਦਿਖਾ ਕੇ ਮੁੜ ਭਗੌੜਾ ਦਲ ਵਿੱਚ ਸ਼ਾਮਿਲ ਹੋ ਰਹੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਦਫਤਰ ਸਕੱਤਰ ਸ ਜਗਜੀਤ ਸਿੰਘ ਕੋਹਲੀ ਨੇ ਇੱਕ ਲਿਖਤੀ ਬਿਆਨ ਵਿੱਚ ਕੀਤਾ। ਉਹਨਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੁਨਰ ਸੁਰਜੀਤ ਹੋਏ ਅਕਾਲੀ ਦਲ ਨੂੰ ਛੱਡਣ ਵਾਲਿਆਂ ਨੇ ਗੁਰੂ ਪੰਥ ਵੱਲ ਪਿੱਠ ਕਰ ਲਈ ਹੈ, ਜੋ ਨਾ ਗੁਰੂ ਮਾਫ ਕਰੇਗਾ ਅਤੇ ਨਾ ਹੀ ਪੰਥ ਮਾਫ ਕਰੇਗਾ। ਉਹਨਾਂ ਨੇ ਕਿਹਾ ਕਿ ਜਥੇਬੰਦੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੇ ਆਦੇਸ਼ ਅਨੁਸਾਰ ਸਃ ਮਨਜੀਤ ਸਿੰਘ ਦਸੂਹਾ ਨੂੰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦਾ ਜਿਲ੍ਹਾ ਹੁਸ਼ਿਆਰਪੁਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸ ਜਗਜੀਤ ਸਿੰਘ ਕੋਹਲੀ ਨੇ ਸਮੂਹ ਸੰਗਤਾਂ, ਵਰਕਰਾਂ ਅਤੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਜਥੇਬੰਦੀ ਨੂੰ ਮਜਬੂਤ ਕਰਨ ਲਈ ਸ ਮਨਜੀਤ ਸਿੰਘ ਦਸੂਹਾ ਦਾ ਭਰਪੂਰ ਸਾਥ ਦੇਣ।

# ਗੁਰਮਤਿ ਸਮਾਗਮ 'ਚ ਵੱਡੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ

## 14 ਮਾਰਚ ਨੂੰ ਹੋਵੇਗਾ ਸ਼ਤਾਬਦੀ ਦਾ ਮੁੱਖ ਸਮਾਗਮ; ਪ੍ਰਮੁੱਖ ਸ਼ਖ਼ਸੀਅਤਾਂ ਕਰਨਗੀਆਂ ਸ਼ਿਰਕਤ



ਅੰਮ੍ਰਿਤਸਰ, 13 ਮਾਰਚ (ਗੁਰਦਿਆਲ ਸਿੰਘ)ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਤੀਸਰੇ ਦਿਨ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਵਿਖੇ ਗੁਰਮਤਿ ਸਮਾਗਮ ਆਯੋਜਿਤ ਕੀਤੇ ਗਏ। ਸਮਾਗਮ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕਰਦਿਆਂ ਸ਼ਹੀਦ ਸਿੰਘ ਨੂੰ ਸਤਿਕਾਰ ਭੇਟ ਕੀਤਾ। ਸਮਾਗਮ 'ਚ ਭਾਈ ਦਲਜੀਤ ਸਿੰਘ ਵਿਛੋਆ, ਭਾਈ ਸਤਪਾਲ ਸਿੰਘ ਐਮ.ਏ., ਭਾਈ ਜਸਬੀਰ ਸਿੰਘ ਵਲਟੋਹਾ ਦੇ ਢਾਡੀ ਜਥਿਆਂ ਅਤੇ ਭਾਈ ਗੁਰਿੰਦਰਪਾਲ ਸਿੰਘ ਬੈਂਕਾ, ਭਾਈ ਸਤਿਨਾਮ ਸਿੰਘ ਬੱਲੋਵਾਲੀ, ਭਾਈ ਲਖਵਿੰਦਰ ਸਿੰਘ ਦਰਦੀ, ਭਾਈ ਜੱਸਾ ਸਿੰਘ ਮਨਿਹਾਲਾ ਦੀ ਕਵੀਸ਼ਰੀ ਜਥਿਆਂ ਨੇ ਸੰਗਤ ਨੂੰ ਇਤਿਹਾਸ ਦੇ ਨਾਲ ਜੋੜਿਆ। ਇਸੇ ਤਰ੍ਹਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਿੰਦਰਬੀਰ ਸਿੰਘ, ਭਾਈ ਕੁਲਦੀਪ ਸਿੰਘ ਅਨੰਦਪੁਰੀ ਤੇ ਭਾਈ ਗੁਰਕੀਰਤ ਸਿੰਘ ਦੇ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਭਾਈ ਸਰਬਜੀਤ ਸਿੰਘ ਲੁਧਿਆਣਾ ਨੇ ਕਥਾ ਵਿਚਾਰਾਂ ਰਾਹੀਂ ਸਾਂਝ ਪਾਈ। ਸ਼ਤਾਬਦੀ ਦੇ ਮੁੱਖ ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਭਲਕੇ 14 ਮਾਰਚ ਨੂੰ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਪਿੰਡ ਵਾਂ ਵਿਖੇ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਅਤੇ ਹੋਰ ਸ਼ਹੀਦ ਸਿੰਘਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਮੁੱਖ ਸਮਾਗਮ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਜਥੇ ਸੰਗਤਾਂ ਨੂੰ ਗੁਰ-ਇਤਿਹਾਸ ਨਾਲ ਜੋੜਨਗੇ। ਉਨ੍ਹਾਂ ਦੱਸਿਆ ਕਿ ਸਮਾਗਮ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਸਮੇਤ ਸਿੱਖ ਪੰਥ ਦੀ ਪ੍ਰਮੁੱਖ ਜਥੇਬੰਦੀਆਂ ਦੇ ਆਗੂ ਤੇ ਨੁਮਾਇੰਦੇ ਸ਼ਮੂਲੀਅਤ ਕਰਨਗੇ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਸ਼ਾਮ 4:00 ਵਜੇ ਸ਼੍ਰੋਮਣੀ ਕਮੇਟੀ ਅਤੇ ਮਾਝਾ ਕਲੱਬ ਘਰਿਆਲਾ ਦੀਆਂ ਟੀਮਾਂ ਵਿਚਾਰ ਕਬੱਡੀ ਮੈਚ ਵੀ ਕਰਵਾਇਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਵੀ ਪਰਿਵਾਰਾਂ ਸਮੇਤ ਸ਼ਤਾਬਦੀ ਦੇ ਮੁੱਖ ਸਮਾਗਮ ਸਮੇਂ ਸ਼ਿਰਕਤ ਕਰਨ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਮਨਜੀਤ ਸਿੰਘ, ਬਾਬਾ ਸੁੱਖਾ ਸਿੰਘ ਸਰਹਾਲੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਸੁਖਬੀਰ ਸਿੰਘ, ਇੰਚਾਰਜ ਸ. ਰਾਜਵਿੰਦਰ ਸਿੰਘ ਜੋਗਾ, ਸ. ਰਾਜਪਾਲ ਸਿੰਘ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਸ. ਧਰਮਿੰਦਰ ਸਿੰਘ, ਮੈਨੇਜਰ ਸ. ਜੱਜ ਸਿੰਘ, ਸੁਪਰਵਾਈਜ਼ਰ ਸ. ਭੁਪਿੰਦਰ ਸਿੰਘ, ਪ੍ਰਚਾਰਕ ਭਾਈ ਲਖਬੀਰ ਸਿੰਘ, ਭਾਈ ਗੁਰਬਚਨ ਸਿੰਘ ਕਲਸੀਆ, ਭਾਈ ਕਵਰਚੜ੍ਹਤ ਸਿੰਘ, ਸ. ਬਲਜੀਤ ਸਿੰਘ, ਸਰਪੰਚ ਸ. ਰਣਜੀਤ ਸਿੰਘ, ਸਾਬਕਾ ਸਰਪੰਚ ਸ. ਮੁਖ਼ਤਿਆਰ ਸਿੰਘ, ਸ. ਸੁਰਜੀਤ ਸਿੰਘ, ਸ. ਕਰਨੈਲ ਸਿੰਘ, ਸ. ਰਾਜਿੰਦਰ ਸਿੰਘ, ਜਥੇਦਾਰ ਵਜੀਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਮੌਜੂਦ ਸਨ।

# ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਫਰੀ ਸਿਲਾਈ-ਕਢਾਈ ਤੇ ਕੰਪਿਊਟਰ ਕੋਰਸ ਜਾਰੀ



ਅੰਮ੍ਰਿਤਸਰ, 13 ਮਾਰਚ (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਭਲਾਈ ਕੇਂਦਰ ਭਾਈ ਗੁਰਇਕਬਾਲ ਸਿੰਘ ਵੱਲੋਂ ਧਾਰਮਿਕ ਅਤੇ ਵੱਖ-ਵੱਖ ਭਲਾਈ ਦੇ ਕਾਰਜਾਂ ਦੇ ਨਾਲ ਸਮਾਜਿਕ ਸੇਵਾ ਦੇ ਤਹਿਤ ਫਰੀ ਸਿਲਾਈ-ਕਢਾਈ ਅਤੇ ਕੰਪਿਊਟਰ ਕੋਰਸ ਚਲਾਏ ਜਾ ਰਹੇ ਹਨ। ਇਹ ਕੋਰਸ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਅਗਵਾਈ ਹੇਠ ਨਿਰੰਤਰ ਚੱਲ ਰਹੇ ਹਨ, ਜਿਨ੍ਹਾਂ ਦਾ ਮੁੱਖ ਉਦੇਸ਼ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਤਕਨੀਕੀ ਸਿੱਖਿਆ ਮੁਹੱਈਆ ਕਰਵਾਉਣਾ ਹੈ।ਕੰਪਿਊਟਰ ਕਲਾਸਾਂ ਦੀ ਇੰਚਾਰਜ ਹਰਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਲਾਈ ਕੇਂਦਰ ਵੱਲੋਂ ਚਲਾਈਆਂ ਜਾ ਰਹੀਆਂ ਕੰਪਿਊਟਰ ਕਲਾਸਾਂ ਵਿੱਚ ਲਗਭਗ 100 ਦੇ ਕਰੀਬ ਵਿਦਿਆਰਥੀ ਰੋਜ਼ਾਨਾ ਕੰਪਿਊਟਰ ਸਿੱਖਿਆ ਹਾਸਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਕੰਪਿਊਟਰ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ ਅਤੇ ਇਹ ਕੋਰਸ ਨੌਜਵਾਨਾਂ ਨੂੰ ਨੌਕਰੀਆਂ ਅਤੇ ਰੋਜ਼ਗਾਰ ਦੇ ਨਵੇਂ ਮੌਕੇ ਪ੍ਰਾਪਤ ਕਰਨ ਵਿੱਚ ਮਦਦਗਾਰ ਸਾਬਤ ਹੋ ਰਹੇ ਹਨ।ਉਨ੍ਹਾਂ ਦੱਸਿਆ ਕਿ ਸਿਲਾਈ-ਕਢਾਈ ਦੇ ਕੋਰਸ ਰਾਹੀਂ ਵੀ ਕਈ ਲੜਕੀਆਂ ਆਪਣਾ ਹੁਨਰ ਨਿਖਾਰ ਰਹੀਆਂ ਹਨ ਅਤੇ ਭਵਿੱਖ ਵਿੱਚ ਆਪਣੇ ਘਰੋਂ ਹੀ ਰੋਜ਼ਗਾਰ ਕਮਾ ਸਕਦੀਆਂ ਹਨ। ਇਹ ਉਪਰਾਲਾ ਖ਼ਾਸ ਤੌਰ 'ਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਬਹੁਤ ਲਾਭਦਾਇਕ ਸਾਬਤ ਹੋ ਰਿਹਾ ਹੈ। ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਇਹ ਕੋਰਸ ਕਰਵਾਉਣ ਦਾ ਇੱਕੋ ਮਕਸਦ ਲੜਕੀਆਂ ਨੂੰ ਸਿੱਖਿਆ ਅਤੇ ਹੁਨਰ ਦੇ ਨਾਲ ਜੋੜਨਾ ਹੈ ਤਾਂ ਜੋ ਲੜਕੀਆਂ ਵੀ ਲੜਕਿਆਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਸਮਾਜ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਅਤੇ ਖੁਦਮੁਖਤਿਆਰ ਬਣ ਸਕਣ। ਉਨ੍ਹਾਂ ਨੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਹੋਰ ਸਿੱਖਿਆਤਮਕ ਅਤੇ ਭਲਾਈ ਕਾਰਜ ਜਾਰੀ ਰੱਖੇ ਰਹਿਣਗੇ ਤਾਂ ਜੋ ਵੱਧ ਤੋਂ ਵੱਧ ਨੌਜਵਾਨ ਇਸ ਦਾ ਲਾਭ ਲੈ ਸਕਣ।

# ਮਿਸ ਇੰਗਲੈਂਡ ਗ੍ਰੇਸ ਰਿਚਰਡਸਨ ਅਤੇ ਮਿਸ ਇੰਗਲੈਂਡ ਵਰਲਡ ਸ਼ਾਰਲਟ ਗ੍ਰਾਂਟ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ



ਅੰਮ੍ਰਿਤਸਰ, 13 ਮਾਰਚ ( ਬਬਲੂ ਮਹਾਜਨ) ਇੰਗਲੈਂਡ ਤੋਂ ਆਈਆਂ ਸੁੰਦਰਤਾ ਪ੍ਰਤੀਯੋਗਿਤਾ ਦੀਆਂ ਜੇਤੂ ਮਿਸ ਇੰਗਲੈਂਡ ਗ੍ਰੇਸ ਰਿਚਰਡਸਨ ਅਤੇ ਮਿਸ ਇੰਗਲੈਂਡ ਵਰਲਡ ਸ਼ਾਰਲਟ ਗ੍ਰਾਂਟ ਨੇ ਅੱਜ ਅੰਮ੍ਰਿਤਸਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ ਤੇ ਦੁਨੀਆਂ ਦੀ ਖੁਸ਼ਹਾਲੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਗ੍ਰੇਸ ਰਿਚਰਡਸਨ ਅਤੇ ਸ਼ਾਰਲਟ ਗ੍ਰਾਂਟ ਏਕ ਨੂਰ ਚੈਰੀਟੇਬਲ ਟਰਸਟ ਦੀ ਚੇਅਰਪ੍ਰਸਨ ਬੀਬੀ ਮਨਜੀਤ ਕੌਰ ਤੇ ਪਰਮਿੰਦਰ ਸਿੰਘ ਸੋਨੀ ਦੇ ਯਤਨਾ ਨਾਲ ਹੀ ਆਪਣੇ ਭਾਰਤ ਵਿਚਲੇ ਪ੍ਰਵਾਸ ਦੌਰਾਨ ਸ੍ਰੀ ਦਰਬਾਰ ਸਾਹਿਬ ਆਈਆਂ ਸਨ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗਲ ਕਰਦਿਆਂ ਉਹਨਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦਾ ਮਾਹੌਲ ਬਹੁਤ ਹੀ ਸ਼ਾਂਤਮਈ ਅਤੇ ਅਧਿਆਤਮਕ ਹੈ। ਇਥੇ ਹਰ ਧਰਮ ਅਤੇ ਦੇਸ਼ ਤੋਂ ਆਉਣ ਵਾਲੇ ਲੋਕ ਇੱਕਸਾਰਤਾ ਦੇ ਨਾਲ ਸਿਰ ਝੁਕਾਉਂਦੇ ਹਨ। ਇਹ ਉਹਨਾਂ ਦੀ ਖੁਸ਼ਕਿਸਮਤ ਹੈ ਕਿ ਉਹਨਾਂ ਨੂੰ ਦੁਨੀਆਂ ਦੇ ਪ੍ਰਸਿੱਧ ਧਾਰਮਿਕ ਸਥਾਨਾਂ ਦੇ ਵਿੱਚੋਂ ਇੱਕ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਅਤੇ ਨਤਮਸਤਕ ਹੋਣ ਦਾ ਮੌਕਾ ਮਿਲਿਆ। ਸਿੱਖ ਧਰਮ ਦੀ ਸੇਵਾ ਭਾਵਨਾ ਤੇ ਲੰਗਰ ਪ੍ਰਥਾ ਦੀ ਉਨਾਂ ਰਜ ਕੇ ਸ਼ਲਾਘਾ ਕੀਤੀ। ਇਸ ਮੌਕੇ ਉਹਨਾਂ ਕਿਹਾ ਕਿ ਉਹ ਇੱਥੇ ਆ ਕੇ ਬੇਹਦ ਖੁਸ਼ਕਿਸਮਤ ਮਹਿਸੂਸ ਕਰ ਰਹੀਆਂ ਹਨ ਅਤੇ ਦੁਨੀਆਂ ਦੇ ਵਿੱਚ ਅਮਨ ਤੇ ਭਾਈਚਾਰੇ ਦਾ ਸੰਦੇਸ਼ ਲੈ ਕੇ ਜਾ ਰਹੀਆਂ ਹਨ। ਇਸ ਮੌਕੇ ਤੇ ਸ੍ਰੀ ਦਵਿੰਦਰ ਪ੍ਰਸਾਦਿ, ਏਕ ਨੂਰ ਚੈਰੀਟੇਬਲ ਟਰਸਟ ਦੀ ਚੇਅਰਪ੍ਰਸਨ ਬੀਬੀ ਮਨਜੀਤ ਕੌਰ ਤੇ ਪਰਮਿੰਦਰ ਸਿੰਘ ਸੋਨੀ ਵੀ ਹਾਜਰ ਸਨ।ਅਤੇ ਦੁਨੀਆਂ ਦੇ ਵਿੱਚ ਅਮਨ ਤੇ ਭਾਈਚਾਰੇ ਦਾ ਸੰਦੇਸ਼ ਲੈ ਕੇ ਜਾ ਰਹੀਆਂ ਹਨ। ਇਸ ਮੌਕੇ ਤੇ ਸ੍ਰੀ ਦਵਿੰਦਰ ਪ੍ਰਸਾਦਿ, ਏਕ ਨੂਰ ਚੈਰੀਟੇਬਲ ਟਰਸਟ ਦੀ ਚੇਅਰਪ੍ਰਸਨ ਬੀਬੀ ਮਨਜੀਤ ਕੌਰ ਤੇ ਪਰਮਿੰਦਰ ਸਿੰਘ ਸੋਨੀ ਵੀ ਹਾਜਰ ਸਨ।

# ਨਾਨਕਸ਼ਾਹੀ ਸੰਮਤ 558 ਦੀ ਆਮਦ 'ਤੇ ਗਿਆਨੀ ਰਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਖਾਲਸਾ ਪੰਥ ਨੂੰ ਵਧਾਈ



ਅੰਮ੍ਰਿਤਸਰ, 13 ਮਾਰਚ (ਬਬਲੂ ਮਹਾਜਨ )ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ 558 ਦੀ ਆਮਦ ਦੇ ਮੌਕੇ ਸਮੁੱਚੇ ਖ਼ਾਲਸਾ ਪੰਥ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵਾਂ ਸਾਲ ਚੇਤ ਮਹੀਨੇ ਤੋਂ ਸ਼ੁਰੂ ਹੁੰਦਾ ਹੈ, ਜਿਸ ਦਾ ਸਿੱਖ ਇਤਿਹਾਸ ਅਤੇ ਗੁਰਬਾਣੀ ਨਾਲ ਗਹਿਰਾ ਸੰਬੰਧ ਹੈ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਚੇਤ ਮਹੀਨੇ ਤੋਂ ਹੀ ਮਹੀਨਿਆਂ ਦਾ ਪ੍ਰਕਰਣ ਸ਼ੁਰੂ ਹੁੰਦਾ ਹੈ। ਗੁਰਬਾਣੀ ਸਾਨੂੰ ਇਹ ਸਿੱਖਿਆ ਦਿੰਦੀ ਹੈ ਕਿ ਜੇਕਰ ਮਨੁੱਖ ਚੇਤ ਮਹੀਨੇ ਵਿੱਚ ਅਕਾਲ ਪੁਰਖ ਦਾ ਸਿਮਰਨ ਕਰਦਾ ਹੈ ਤਾਂ ਉਸ ਨੂੰ ਬਹੁਤ ਆਤਮਕ ਆਨੰਦ ਅਤੇ ਅੰਦਰੂਨੀ ਸ਼ਾਂਤੀ ਪ੍ਰਾਪਤ ਹੁੰਦੀ ਹੈ। ਇਸ ਲਈ ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਜੀਵਨ ਨੂੰ ਗੁਰਬਾਣੀ ਦੀ ਸਿੱਖਿਆ ਅਨੁਸਾਰ ਢਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੁੜ ਕੇ ਆਪਣਾ ਜੀਵਨ ਬਤੀਤ ਕਰੇ।ਸਿੰਘ ਸਾਹਿਬ ਗਿਆਨੀ ਰਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਕਿਹਾ ਕਿ ਨਵਾਂ ਸਾਲ ਸਾਡੇ ਲਈ ਆਤਮਕ ਤੌਰ 'ਤੇ ਨਵੀਂ ਸ਼ੁਰੂਆਤ ਕਰਨ ਦਾ ਸੁਨੇਹਾ ਲੈ ਕੇ ਆਉਂਦਾ ਹੈ। ਇਸ ਮੌਕੇ ਸਾਨੂੰ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਅਰਦਾਸ ਕਰਨੀ ਚਾਹੀਦੀ ਹੈ ਕਿ ਉਹ ਸਾਨੂੰ ਸੱਚ ਦੇ ਮਾਰਗ 'ਤੇ ਚੱਲਣ ਦੀ ਤਾਕਤ ਬਖਸ਼ੇ ਅਤੇ ਸਿੱਖੀ ਸਿਧਾਂਤਾਂ 'ਤੇ ਡਟ ਕੇ ਰਹਿਣ ਦੀ ਹਿੰਮਤ ਦੇਵੇ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਨਵੇਂ ਵਰ੍ਹੇ ਦੇ ਮੌਕੇ ਗੁਰਦੁਆਰਾ ਸਾਹਿਬਾਨ ਵਿੱਚ ਹਾਜ਼ਰੀ ਭਰ ਕੇ ਗੁਰਬਾਣੀ ਦਾ ਕੀਰਤਨ ਸੁਣਨ ਅਤੇ ਨਾਮ ਸਿਮਰਨ ਕਰਕੇ ਆਪਣਾ ਜੀਵਨ ਸੁਫਲ ਬਣਾਇਆ ਜਾਵੇ।ਇਸ ਮੌਕੇ ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕਰਦਿਆਂ ਕਿਹਾ ਕਿ ਸਿੱਖ ਕੌਮ ਦੇ ਸਮੂਹ ਬੰਦੀ ਸਿੰਘ ਜਲਦੀ ਰਿਹਾਅ ਹੋਣ ਅਤੇ ਕੌਮ ਨੂੰ ਇਨਸਾਫ ਮਿਲੇ।

# ਖ਼ਾਲਸਾ ਕਾਲਜ ਲਾਅ ਦੀਆਂ ਵਿਦਿਆਰਥਣਾਂ ਨੇ ਕੁਇਜ਼ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ ਕੀਤਾ



ਅੰਮ੍ਰਿਤਸਰ, 13 ਮਾਰਚ ( ਬਬਲੂ ਮਹਾਜਨ)—ਖਾਲਸਾ ਕਾਲਜ ਆਫ਼ ਲਾਅ ਦੀਆਂ ਵਿਦਿਆਰਥਣਾਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਅੰਮ੍ਰਿਤਸਰ ਵੱਲੋਂ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਜ਼ੋਨ ਦੇ ਕਾਲਜਾਂ ਦਾ ਖਾਲਸਾ ਕਾਲਜ ਫ਼ਾਰ ਵੂਮੈਨ ਵਿਖੇ ਕਰਵਾਏ ਗਏ ਅੰਤਰ ਕਾਲਜ ਯੂਥ ਫੈਸਟੀਵਲ ਦੇ ਕੁਇਜ਼ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਦੌਰਾਨ ਡਾਇਰੈਕਟਰ-ਕਮ-ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਜਾਣਕਾਰੀ ਦਿੱਤੀ ਕਿ ਉਕਤ ਸਟੱਡੀ ਸਰਕਲ ਵੱਲੋਂ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਜ਼ੋਨ ਦੇ ਕਾਲਜਾਂ ਦਾ ਅੰਤਰ ਕਾਲਜ ਯੂਥ ਫੈਸਟੀਵਲ ਕਰਵਾਇਆ ਗਿਆ, ਜਿਸ 'ਚ ਕਾਲਜ ਦੀਆਂ ਵਿਦਿਆਰਥਣਾਂ ਤਪਿੰਦਰ ਕੌਰ ਅਤੇ ਪ੍ਰਭਲੀਨ ਕੌਰ ਨੇ ਕੁਇੱਜ਼ ਮੁਕਾਬਲੇ 'ਚ ਭਾਗ ਲੈਂਦਿਆਂ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦਸਤਾਰ ਮੁਕਾਬਲੇ 'ਚ ਲਵਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਮਨਜੀਤ ਕੌਰ ਨੇ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਭਵਿੱਖ 'ਚ ਹੋਰ ਪ੍ਰਤੀਯੋਗਤਾਵਾਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਉੱਜਵਲ ਭਵਿੱਖ ਲਈ ਹੋਰ ਵੀ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਦੇ ਨਾਲ ਨਾਲ ਹੋਰ ਗਤੀਵਿਧੀਆਂ 'ਚ ਵੀ ਭਾਗ ਲੈ ਕੇ ਆਪਣਾ ਅਤੇ ਆਪਣੇ ਕਾਲਜ ਦਾ ਨਾਂ ਰੌਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਯੂਥ ਫੈਸਟੀਵਲ ਦੇ ਇੰਚਾਰਜ ਡਾ. ਸੁਖਮਨਪ੍ਰੀਤ ਕੌਰ ਅਤੇ ਡਾ. ਗੁਰਸ਼ਿੰਦਰ ਕੌਰ ਨੇ ਵਿਦਿਆਰਥੀਆਂ ਦੀ ਤਿਆਰੀ 'ਚ ਸ਼ਲਾਘਾਯੋਗ ਯੋਗਦਾਨ ਪਾਇਆ।

ਚੜ੍ਹਦੀ ਕਲਾ ਪੜ੍ਹੋ, ਚੜ੍ਹਦੀ ਕਲਾ 'ਚ ਰਹੋ

## ਉੱਤਰ ਰੇਲਵੇ

### ਈ ਨਿਵਿਦਾ

### ਖੁਲ੍ਹੀ ਨਿਵਿਦਾ ਨੰਬਰ-58-ਅੰਬਾਲਾ/2025-26, ਮਿਤੀ 12.03.2026

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

| ਲ. ਨ. | ਕੰਮ ਦਾ ਨਾਮ | ਅੰਦਾਜਨ ਲਾਗਤ (ਰੁ.) | ਅਗਾਊਂ ਰਾਸ਼ੀ (ਰੁ.) | ਕੰਮ ਸਮਾਪਤੀ ਦਾ ਸਮਾਂ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|---|
| 1 | ਵਖ-ਵਖ ਟ੍ਰੈਕ ਰਖਰਖਾਅ ਕੰਮ ਜਿਨ੍ਹਾਂ ਵਿਚ ਈਆਰਸੀ ਗ੍ਰੀਸਿੰਗ, ਫਿਸ਼ ਪਲੇਟ ਜੋੜਾਂ ਦਾ ਸਨੇਹਨ, shallow ਸਕ੍ਰੀਨਿੰਗ ਅਤੇ ਬਰੂ ਪੈਕਿੰਗ, ਵਖ-ਵਖ ਪੀ.ਵੇ. ਸਬੰਧਿਤ ਕੰਮਾਂ ਦੇ ਲਈ ਲੇਬ ਦਾ ਪ੍ਰਬੰਧ ਕਰਨਾ, ਟ੍ਰੈਕ ਅਤੇ ਉਪਕਰ ਖੇਤਰ ਦੀ ਖਰਪਤਵਾਰ ਹਟਾਉਣਾ, ਵਖ-ਵਖ ਪੀ.ਵੇ. ਸੰਦਰਭ ਸਤੰਭਾਂ ਦੀ ਪੇਂਟਿੰਗ ਅਤੇ ਲੇਖਨ, ਪੀ.ਆਰ.ਸੀ. ਅਤੇ ਐਸਟੀ ਸਲੀਪਰਾਂ ਦਾ ਐਮਰਜੈਂਸੀ ਜਾਂ scattered ਪ੍ਰਤੀਸਥਾਪਨ, ਅਤੇ ਰੇਲ ਅਤੇ ਡੀਐਮਟੀ/ਐਨਐਮਜੀ ਵੈਗਨਾਂ ਦੀ ਲੋਡਿੰਗ ਅਤੇ ਅਨਲੋਡਿੰਗ ਸ਼ਾਮਲ ਹਨ। | 1,43,41,412/- | 2,21,700/- | 12 ਮਹੀਨੇ | 06.04.2026 |
| 2 | ਸੀਨੀਅਰ ਡੀਈਐਨ-I/ ਯੂਐਮਬੀ ਅਨੁਭਾਗ ਵਿਚ ਏਡੀਈਐਨ/ਸੀਡੀਜੀ ਅਤੇ ਯੂਐਮਬੀ ਦੇ ਤਹਿਤ ਸੀਟੀਆਰ ਅਤੇ ਟੀਬੀਆਰ ਦੇ ਸਵੀਕ੍ਰਿਤ ਕੰਮ ਦੇ ਨਾਲ-ਨਾਲ ਬੀਸੀਐਮ/ ਐਫਆਰਐਮ ਦੁਆਰਾ ਗਹਨ ਸਕ੍ਰੀਨਿੰਗ ਦੇ ਨਾਲ ਪੂਰਵ ਅਤੇ ਬਾਅਦ ਧਿਆਨ ਕੰਮ ਅਤੇ ਹੋਰ ਟ੍ਰੈਕ ਕੰਮ। | 2,23,36,045/- | 2,61,700/- | 12 ਮਹੀਨੇ | 06.04.2026 |
| 3 | (01) ਅੰਬਾਲਾ ਡਵੀਜਨ ਦੇ ਤਹਿਤ ਸੀ ਐਂਡ ਡਬਲਯੂ ਡਿਪੋ, ਸੀਡੀਜੀ ਵਿਚ ਅਵਸੰਰਚਨਾ ਸਹੂਲਤਾਂ ਦਾ ਸੰਵਰਧਨ। (02) ਯੂਐਮਬੀ ਡਵੀਜਨ ਦੇ ਤਹਿਤ ਸੀ. ਐਂਡ ਡਬਲ੍ਯੂ ਡਿਪੋ, ਸੀਡੀਜੀ ਵਿਚ ਮਸ਼ੀਨੀਕ੍ਰਿਤ ਲਾਂਡਰੀ ਦੇ ਲਈ ਜਮੀਨਦੋਜ ਡੀਜਲ ਟੈਂਕ ਦਾ ਪ੍ਰਾਵਧਾਨ ਅਤੇ ਸਥਾਪਨਾ। (03) ਅੰਬਾਲਾ ਡਵੀਜਨ ਦੇ ਤਹਿਤ 20000 ਤੋਂ ਜਿਆਦਾ ਟੀਵੀਯੂ ਵਾਲੇ ਮਨੁੱਖ ਰਹਿਤ ਗੈਰ-ਇੰਟਰਲਾਕਡ ਲੇਵਲ ਕ੍ਰਾਸਿੰਗ ਗੇਟਾਂ ਦੇ ਇੰਟਰਲਾਕਿੰਗ ਦੇ ਲਈ ਲੇਵਲ ਕ੍ਰਾਸਿੰਗ ਨੰਬਰ ਸੀ-130 ਤੇ ਬੇਟਰੀ ਕਮ, ਆਈਪੀਐਸ ਰੂਮ ਅਤੇ ਰਿਲੇ ਰੂਮ ਦਾ ਪ੍ਰਬੰਧ। | 1,14,78,045/- | 2,07,400/- | 06 ਮਹੀਨੇ | 06.04.2026 |
| 4 | ਭਵਨ, ਪਾਣੀ ਨਿਕਾਸੀ ਆਦਿ ਦੀ ਮੁਰੰਮਤ ਅਤੇ ਬੀਸੀਐਨ ਆਰਓਐਚ ਡਿਪੋ, ਯੂਐਮਬੀ ਦੇ ਵਾਸ਼ਿੰਗ ਮਸ਼ੀਨ ਲੇਥ ਅਤੇ ਟਰੇਨਿੰਗ ਕੇਂਦਰ ਦੇ ਲਈ ਨਵੇਂ ਕਮਰਿਆਂ ਦੇ ਪ੍ਰਾਵਧਾਨ ਦੁਆਰਾ ਅਵਸੰਰਚਨਾ ਸਹੂਲਤਾਂ ਵਿਚ ਵਾਧਾ। | 3,60,64,825/- | 3,30,300/- | 12 ਮਹੀਨੇ | 06.04.2026 |
| 5 | (I) ਅੰਬਾਲਾ ਮੰਡਲ ਵਿਚ ਕਰੂ ਬੁਕਿੰਗ ਲਾਬੀ ਦੇ ਅਪਗ੍ਰੇਡੇਸ਼ਨ ਕੰਮ ਦੇ ਤਹਿਤ ADEN/SRE ਦੇ ਤਹਿਤ SSE/W/L/SRE ਦੇ ਸੈਕਸ਼ਨ ਵਿਚ ਸਹਾਰਨਪੁਰ ਰੇਲਵੇ ਸਟੇਸ਼ਨ ਤੇ ਕਰੂ ਬੁਕਿੰਗ ਲਾਬੀ ਨੂੰ ਨਵੇਂ ਸਥਾਨ ਤੇ ਟਰਾਂਸਫਰ ਕਰਨ ਦਾ ਕੰਮ। (II) ADEN/SRE ਦੇ ਤਹਿਤ SSE/W/L/SRE ਦੇ ਸੈਕਸ਼ਨ ਵਿਚ MB-SRE ਸੈਕਸ਼ਨ ਤੇ ਸਥਿਤ ਮਨੁੱਖਯੁਕਤ, ਗੈਰ-ਇੰਟਰਲਾਕਡ ਸਮਪਾਰ ਫਾਟਕ ਨੰਬਰ 2C(TVU 20000 ਤੋਂ ਜਿਆਦਾ) ਦਾ ਇੰਟਰਲਾਕਿੰਗ ਕੰਮ। | 59,47,183/- | 1,19,000/- | 10 ਮਹੀਨੇ | 06.04.2026 |
| 6 | ਏਡੀਈਐਨ/ਐਸਆਰਈ ਦੇ ਤਹਿਤ ਐਸਆਰਈ-ਯੂਐਮਬੀ ਸੈਕਸ਼ਨ ਉਤੇ K.M. 214/588-206 ਉਤੇ ਬ੍ਰਿਜ ਨੰਬਰ 255 ਸਾਈਡਿੰਗ ਦੇ ਪੀਐਸਸੀ ਸਲੈਬ ਦੇ ਨਾਲ ਸਟੀਲ ਗਡੂਰ ਦਾ ਪ੍ਰਤੀਸਥਾਪਨ, ਜਿਸ ਦਾ ਸਪੈਨ (2x7.62 ਮੀਟਰ) DN ਸਾਈਡ ਹੈ। | 56,27,973/- | 1,12,600/- | 12 ਮਹੀਨੇ | 06.04.2026 |

ਨੋਟ:- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੇਂਟ ਨੈਟ ਬੈਕਿੰਗ/ਗੇਟਵੇ ਪੇਮੇਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3.ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4.ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ।

849/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਸੀਮਾ ਸੂਦਨ ਸੁਪਤਨੀ ਸਵਰਗੀ ਸ੍ਰੀ ਰਵਿੰਦਰ ਕੁਮਾਰ ਸ਼ਰਮਾ** ਦੇ ਨਾਮ ਤੋਂ **ਮਿਸ ਰਜਨੀ ਖੈਰਾ ਸਪੁੱਤਰੀ ਸ੍ਰੀ ਅਜੀਤ ਕੁਮਾਰ ਖੈਰਾ** ਦੇ ਨਾਮ 'ਤੇ ਵਿਕਰੀ ਡੀਡ ਦੇ ਆਧਾਰ 'ਤੇ **ਸੈਕਟਰ 38-ਪੱਛਮ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰ.** 5201 (**ਜ਼ਮੀਨੀ ਤਲ**) ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 38-ਪੱਛਮ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰ.** 5201 (**ਜ਼ਮੀਨੀ ਤਲ**) ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਸੀਮਾ ਸੂਦਨ ਸੁਪਤਨੀ ਸਵਰਗੀ ਸ੍ਰੀ ਰਵਿੰਦਰ ਕੁਮਾਰ ਸ਼ਰਮਾ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀਮਤੀ ਸੀਮਾ ਸੂਦਨ ਸੁਪਤਨੀ ਸਵਰਗੀ ਸ੍ਰੀ ਰਵਿੰਦਰ ਕੁਮਾਰ ਸ਼ਰਮਾ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 27.02.2026 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਮਿਸ ਰਜਨੀ ਖੈਰਾ ਸਪੁੱਤਰੀ ਸ੍ਰੀ ਅਜੀਤ ਕੁਮਾਰ ਖੈਰਾ** ਨੂੰ ਵੇਚ ਦਿੱਤੀ ਹੈ। **ਮਿਸ ਰਜਨੀ ਖੈਰਾ ਸਪੁੱਤਰੀ ਸ੍ਰੀ ਅਜੀਤ ਕੁਮਾਰ ਖੈਰਾ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਵਿਸ਼ਾਲ ਸੂਦ ਸਪੁੱਤਰ ਸ੍ਰੀ ਕ੍ਰਿਸ਼ਨ ਚੰਦ ਸੂਦ** ਦੇ ਨਾਮ ਤੋਂ (1) **ਸ੍ਰੀਮਤੀ ਮਿਥਲੇਸ਼ ਗੋਇਲ ਸੁਪਤਨੀ ਸ੍ਰੀ ਪੀ.ਐਸ. ਗੋਇਲ (2) ਸ੍ਰੀਮਤੀ ਉਮਾ ਗੋਇਲ ਸਪੁੱਤਰੀ ਸ੍ਰੀ ਪਰਮਾਤਮਾ ਸ਼ਰਨ ਗੋਇਲ (ਪੀ.ਐਸ. ਗੋਇਲ) ਅਤੇ ਸੁਪਤਨੀ ਸ੍ਰੀ ਨਵੀਨ ਕ੍ਰਿਸ਼ਨ ਗੋਇਲ** ਦੇ ਨਾਵਾਂ 'ਤੇ ਵਿਕਰੀ ਡੀਡ ਦੇ ਆਧਾਰ 'ਤੇ **ਸੈਕਟਰ 63, ਚੰਡੀਗੜ੍ਹ ਵਿਚ ਬਲਾਕ ਨੰ. 31 ਵਿਚ ਇੱਕ ਬੈਡਰੂਮ ਫਲੈਟ ਵਰਗ ਦੀ ਰਿਹਾਇਸ਼ੀ ਇਕਾਈ ਨੰ. 2304/ਡੀ (ਚੌਥੀ ਮੰਜ਼ਿਲ) ਅਤੇ ਬਲਾਕ ਨੰ. 31 ਵਿਚ ਪਾਰਕਿੰਗ** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 63, ਚੰਡੀਗੜ੍ਹ ਵਿਚ ਬਲਾਕ ਨੰ. 31 ਵਿਚ ਇੱਕ ਬੈਡਰੂਮ ਫਲੈਟ ਵਰਗ ਦੀ ਰਿਹਾਇਸ਼ੀ ਇਕਾਈ ਨੰ. 2304/ਡੀ (ਚੌਥੀ ਮੰਜ਼ਿਲ) ਅਤੇ ਬਲਾਕ ਨੰ. 31 ਵਿਚ ਪਾਰਕਿੰਗ** ਅਲਾਟੀ/ਟ੍ਰਾਂਸਫਰੀ **ਸ੍ਰੀ ਵਿਸ਼ਾਲ ਸੂਦ ਸਪੁੱਤਰ ਸ੍ਰੀ ਕ੍ਰਿਸ਼ਨ ਚੰਦ ਸੂਦ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਵਿਸ਼ਾਲ ਸੂਦ ਸਪੁੱਤਰ ਸ੍ਰੀ ਕ੍ਰਿਸ਼ਨ ਚੰਦ ਸੂਦ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 10.02.2026 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ (1) **ਸ੍ਰੀਮਤੀ ਮਿਥਲੇਸ਼ ਗੋਇਲ ਸੁਪਤਨੀ ਸ੍ਰੀ ਪੀ.ਐਸ. ਗੋਇਲ (2) ਸ੍ਰੀਮਤੀ ਉਮਾ ਗੋਇਲ ਸਪੁੱਤਰੀ ਸ੍ਰੀ ਪਰਮਾਤਮਾ ਸ਼ਰਨ ਗੋਇਲ (ਪੀ.ਐਸ. ਗੋਇਲ) ਅਤੇ ਸੁਪਤਨੀ ਸ੍ਰੀ ਨਵੀਨ ਕ੍ਰਿਸ਼ਨ ਗੋਇਲ** ਨੂੰ ਵੇਚ ਦਿੱਤੀ ਹੈ। (1) **ਸ੍ਰੀਮਤੀ ਮਿਥਲੇਸ਼ ਗੋਇਲ ਸੁਪਤਨੀ ਸ੍ਰੀ ਪੀ.ਐਸ. ਗੋਇਲ (2) ਸ੍ਰੀਮਤੀ ਉਮਾ ਗੋਇਲ ਸਪੁੱਤਰੀ ਸ੍ਰੀ ਪਰਮਾਤਮਾ ਸ਼ਰਨ ਗੋਇਲ (ਪੀ.ਐਸ. ਗੋਇਲ) ਅਤੇ ਸੁਪਤਨੀ ਸ੍ਰੀ ਨਵੀਨ ਕ੍ਰਿਸ਼ਨ ਗੋਇਲ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਰੰਜਨਾ ਗੁਪਤਾ ਸੁਪਤਨੀ ਸਵਰਗੀ ਸ੍ਰੀ ਗਿਆਨ ਚੰਦ ਗਰਗ** ਦੇ ਨਾਮ ਤੋਂ **ਸ੍ਰੀ ਅੰਕਿਤ ਗਰਗ ਸਪੁੱਤਰ ਸਵਰਗੀ ਸ੍ਰੀ ਗਿਆਨ ਚੰਦਰ ਗਰਗ** ਦੇ ਨਾਮ 'ਤੇ **ਤਬਾਦਲਾ ਡੀਡ** ਦੇ ਆਧਾਰ 'ਤੇ **ਸੈਕਟਰ 38-ਪੱਛਮ, ਚੰਡੀਗੜ੍ਹ ਵਿਚ ਵਰਗ ਐਮਆਈਜੀ ਦੀ ਰਿਹਾਇਸ਼ੀ ਇਕਾਈ ਨੰਬਰ** 5005-**ਬੀ** ਦੇ ਸਬੰਧ ਵਿਚ ਮਾਲਕੀ ਅਧਿਕਾਰ ਦੇ 50% ਹਿੱਸੇ ਦਾ ਤਬਾਦਲਾ/ਪਰਿਵਰਤਨ।

(ਮਾਂ ਤੋਂ ਪੁੱਤਰ ਨੂੰ)

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 38-ਪੱਛਮ, ਚੰਡੀਗੜ੍ਹ ਵਿਚ ਵਰਗ ਐਮਆਈਜੀ ਦੀ ਰਿਹਾਇਸ਼ੀ ਇਕਾਈ ਨੰਬਰ** 5005-**ਬੀ** ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਰੰਜਨਾ ਗੁਪਤਾ ਸੁਪਤਨੀ ਸਵਰਗੀ ਸ੍ਰੀ ਗਿਆਨ ਚੰਦ ਗਰਗ** ਦੇ ਨਾਮ 'ਤੇ ਦਰਜ ਹੈ। **ਸ੍ਰੀ ਅੰਕਿਤ ਗਰਗ ਸਪੁੱਤਰ ਸਵਰਗੀ ਸ੍ਰੀ ਗਿਆਨ ਚੰਦਰ ਗਰਗ** ਵੱਲੋਂ ਸੂਚਨਾ ਦਿੱਤੀ ਗਈ ਹੈ, ਜਿਨ੍ਹਾਂ ਨੇ 30.11.2021 ਨੂੰ ਸਬ ਰਜਿਸਟਰਾਰ, ਚੰਡੀਗੜ੍ਹ ਦੇ ਦਫ਼ਤਰ ਵਿਚ ਉਨ੍ਹਾਂ ਦੇ ਨਾਮ 'ਤੇ ਕਾਰਜਰੂਪ ਅਤੇ ਪੰਜੀਕ੍ਰਿਤ ਤਬਾਦਲਾ ਡੀਡ ਦੇ ਆਧਾਰ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਮਾਲਕੀ ਅਧਿਕਾਰ ਦੇ 50% ਹਿੱਸੇ ਦੇ ਤਬਾਦਲੇ ਲਈ ਬਿਨੈ ਕੀਤਾ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸਬੰਧੀ ਕੋਈ ਵੀ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਕੋਲ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਪੂਨਮ ਗੁਪਤਾ ਸੁਪਤਨੀ ਸ੍ਰੀ ਸੰਜੀਵ ਗੁਪਤਾ** ਦੇ ਨਾਮ ਤੋਂ **ਸ੍ਰੀਮਤੀ ਅਨਾਮਿਕਾ ਸੁਪਤਨੀ ਸ੍ਰੀ ਸਿਧਾਰਥ ਦੱਤ** ਦੇ ਨਾਮ 'ਤੇ ਵਿਕਰੀ ਡੀਡ ਦੇ ਆਧਾਰ 'ਤੇ **ਸੈਕਟਰ 52, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰ.** 3068-**ਏ (ਪਹਿਲੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 52, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰ.** 3068-**ਏ (ਪਹਿਲੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਪੂਨਮ ਗੁਪਤਾ ਸੁਪਤਨੀ ਸ੍ਰੀ ਸੰਜੀਵ ਗੁਪਤਾ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀਮਤੀ ਪੂਨਮ ਗੁਪਤਾ ਸੁਪਤਨੀ ਸ੍ਰੀ ਸੰਜੀਵ ਗੁਪਤਾ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 03.01.2019 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀਮਤੀ ਅਨਾਮਿਕਾ ਸੁਪਤਨੀ ਸ੍ਰੀ ਸਿਧਾਰਥ ਦੱਤ** ਨੂੰ ਵੇਚ ਦਿੱਤੀ ਹੈ। **ਸ੍ਰੀਮਤੀ ਅਨਾਮਿਕਾ ਸੁਪਤਨੀ ਸ੍ਰੀ ਸਿਧਾਰਥ ਦੱਤ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ



## ਜਨਤਕ ਸੂਚਨਾ

**ਵਿਸ਼ਾ** :- ਗੈਰ-ਪੰਜੀਕ੍ਰਿਤ ਵਸੀਅਤ ਦੇ ਆਧਾਰ 'ਤੇ ਅਲਾਟੀ/ਟ੍ਰਾਂਸਫਰੀ **ਸ੍ਰੀ ਨਰਿੰਦਰ ਪਾਲ ਰਾਮਪਾਲ ਸਪੁੱਤਰ ਸਵਰਗੀ ਸ੍ਰੀ ਸ਼ਾਦੀ ਰਾਮ** ਦੇ ਨਾਮ ਤੋਂ **ਸ੍ਰੀ ਰਜਨੇਸ਼ ਕੁਮਾਰ ਸਪੁੱਤਰ ਸ੍ਰੀ ਨਰਿੰਦਰ ਪਾਲ (ਨਰਿੰਦਰ ਪਾਲ ਰਾਮਪਾਲ)** ਦੇ ਨਾਮ 'ਤੇ **ਸੈਕਟਰ 45-ਏ, ਚੰਡੀਗੜ੍ਹ ਵਿਚ ਵਰਗ-ਐਚਆਈਜੀ (ਐਲ)-2 ਦੇ ਡੀਯੂ ਨੰਬਰ** 275/1 ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ **ਸ੍ਰੀ ਰਜਨੇਸ਼ ਕੁਮਾਰ ਸਪੁੱਤਰ ਸ੍ਰੀ ਨਰਿੰਦਰ ਪਾਲ (ਨਰਿੰਦਰ ਪਾਲ ਰਾਮਪਾਲ)** ਨੇ ਆਪਣੇ ਨਾਮ 'ਤੇ **ਸੈਕਟਰ 45-ਏ, ਚੰਡੀਗੜ੍ਹ ਵਿਚ ਵਰਗ-ਐਚਆਈਜੀ (ਐਲ)-2 ਦੇ ਡੀਯੂ ਨੰਬਰ** 275/1 ਦੇ ਤਬਾਦਲੇ ਲਈ ਇਸ ਦੇ ਮਾਲਕ **ਸ੍ਰੀ ਨਰਿੰਦਰ ਪਾਲ ਰਾਮਪਾਲ ਸਪੁੱਤਰ ਸਵਰਗੀ ਸ੍ਰੀ ਸ਼ਾਦੀ ਰਾਮ** ਦੀ ਗੈਰ-ਪੰਜੀਕ੍ਰਿਤ ਵਸੀਅਤ ਦੇ ਆਧਾਰ 'ਤੇ ਉਨ੍ਹਾਂ ਦੀ ਮੌਤ ਉਪਰੰਤ ਬਿਨੈ ਕੀਤਾ ਹੈ। **ਸ੍ਰੀ ਨਰਿੰਦਰ ਪਾਲ ਰਾਮਪਾਲ ਸਪੁੱਤਰ ਸਵਰਗੀ ਸ੍ਰੀ ਸ਼ਾਦੀ ਰਾਮ** ਦੀ **ਚੰਡੀਗੜ੍ਹ ਵਿਖੇ ਮਿਤੀ** 30.10.2015 ਨੂੰ ਮੌਤ ਹੋ ਗਈ ਸੀ ਅਤੇ ਉਹ ਉਨ੍ਹਾਂ ਦੇ ਪੱਖ ਵਿਚ **ਮਿਤੀ** 17.03.2015 ਦੀ ਇਕ ਗੈਰ-ਪੰਜੀਕ੍ਰਿਤ **ਵਸੀਅਤ** ਛੱਡ ਗਏ ਸਨ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਮ੍ਰਿਤਕ ਅਲਾਟੀ/ਟ੍ਰਾਂਸਫਰੀ ਦੀ ਵਸੀਅਤ ਉਨ੍ਹਾਂ ਵੱਲੋਂ ਆਪਣੇ ਪੂਰੇ ਹੋਸ਼ ਵਿਚ ਕਾਰਜਰੂਪ ਕੀਤੀ ਆਖ਼ਰੀ ਵਸੀਅਤ ਹੈ, ਜੋ ਕਿ ਮ੍ਰਿਤਕ ਦੀ ਮੌਤ ਤੱਕ ਨਾ ਤਾਂ ਬਦਲੀ ਗਈ ਅਤੇ ਨਾ ਹੀ ਰੱਦ ਕੀਤੀ ਗਈ ਹੈ ਅਤੇ ਅਤੇ ਮ੍ਰਿਤਕ ਅਲਾਟੀ/ਟ੍ਰਾਂਸਫਰੀ ਦੇ ਸਾਰੇ ਕਾਨੂੰਨੀ ਵਾਰਸਾਂ (1) **ਸ੍ਰੀ ਰਾਜੀਵ ਕੁਮਾਰ ਸਪੁੱਤਰ ਸ੍ਰੀ ਨਰਿੰਦਰ ਪਾਲ ਰਾਮਪਾਲ** (2) **ਸ੍ਰੀਮਤੀ ਮਧੂ ਬਾਲਾ ਸਪੁੱਤਰੀ ਸਵਰਗੀ ਸ੍ਰੀ ਨਰਿੰਦਰ ਪਾਲ ਰਾਮਪਾਲ ਅਤੇ ਸੁਪਤਨੀ ਸ੍ਰੀ ਕਾਕਾ ਰਾਮ ਸ਼ਰਮਾ**, (3) **ਸ੍ਰੀਮਤੀ ਸੁਧਾ ਸਪੁੱਤਰੀ ਸਵਰਗੀ ਸ੍ਰੀ ਨਰਿੰਦਰ ਪਾਲ ਰਾਮਪਾਲ ਸੁਪਤਨੀ ਸ੍ਰੀ ਭੀਸ਼ਰਮ ਦੇਵ**, (4) **ਸ੍ਰੀਮਤੀ ਸਵਿਤਾ ਅੰਗਰੀਸ਼ ਸਪੁੱਤਰੀ ਸਵਰਗੀ ਸ੍ਰੀ ਨਰਿੰਦਰ ਪਾਲ ਰਾਮਪਾਲ ਸੁਪਤਨੀ ਸ੍ਰੀ ਰਾਜੇਸ਼ ਅੰਗਰੀਸ਼** ਨੇ **ਸ੍ਰੀ ਰਜਨੇਸ਼ ਕੁਮਾਰ ਸਪੁੱਤਰ ਸਵਰਗੀ ਸ੍ਰੀ ਨਰਿੰਦਰ ਪਾਲ (ਨਰਿੰਦਰ ਪਾਲ ਰਾਮਪਾਲ)** ਦੇ ਪੱਖ ਵਿਚ ਕੋਈ ਇਤਰਾਜ਼ ਨਾ ਹੋਣ ਦੇ ਸਰਟੀਫਿਕੇਟ ਸਬੰਧੀ ਹਲਫੀਆ ਬਿਆਨ ਪੇਸ਼ ਕੀਤਾ ਹੈ।

ਜੇਕਰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸਬੰਧੀ ਕਿਸੇ ਨੂੰ ਵੀ ਕੋਈ ਇਤਰਾਜ਼ ਹੈ, ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ ਦੀ ਸੂਰਤ ਵਿਚ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਰਸਾਏ ਦਾਅਵੇਕਾਰਾਂ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ 16 ਦੇ ਅਧੀਨ ਆਪਣੇ ਨਾਂਵਾਂ 'ਤੇ **ਲਹੂ ਸਬੰਧ/ਜੀਵਨ ਸਾਥੀ ਤਬਾਦਲਾ ਨੀਤੀ** ਦੇ ਅਧੀਨ ਨਿਮਨ ਦਰਸਾਈ ਰਿਹਾਇਸ਼ੀ ਇਕਾਈ ਦੀ ਅਲਾਟਮੈਂਟ ਦੇ 50% **ਹਿੱਸੇ** ਦੇ ਤਬਾਦਲੇ ਲਈ ਬਿਨੈ ਕੀਤਾ ਹੈ :-

| ਲ. ਨ. | ਬਿਨੈਕਾਰ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰੀ) | ਅਲਾਟੀ/ਟ੍ਰਾਂਸਫਰੀ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰਰ) | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀ ਵਿਜੇ ਕੁਮਾਰ ਸਪੁੱਤਰ ਸ੍ਰੀ ਸੇਵਾ ਰਾਮ (50% ਹਿੱਸੇ ਨਾਲ) | ਸ੍ਰੀਮਤੀ ਮੰਜੂ ਦੇਵੀ ਸੁਪਤਨੀ ਸ੍ਰੀ ਵਿਜੇ ਕੁਮਾਰ (50% ਹਿੱਸੇ ਨਾਲ) | 2055-3 | MIG | 45-ਸੀ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਸ੍ਰੀ ਇਸ਼ਾਨ ਸ਼ਰਮਾ ਸਪੁੱਤਰ ਸਵਰਗੀ ਸ੍ਰੀ ਸੰਜੇ ਸ਼ਰਮਾ** ਵਾਸੀ ਮਕਾਨ ਨੰ. 3266/1 ਸੈਕਟਰ 40-ਡੀ, ਚੰਡੀਗੜ੍ਹ ਨੇ **ਰਿਹਾਇਸ਼ੀ ਇਕਾਈ ਨੰਬਰ 3266/1, ਸੈਕਟਰ 40-ਡੀ, ਚੰਡੀਗੜ੍ਹ** ਦੇ ਸਬੰਧ ਵਿਚ (1) **ਸੰਜੇ ਸ਼ਰਮਾ ਅਤੇ** (2) **ਪੁਸ਼ਪਾ ਸ਼ਰਮਾ, ਇਸ਼ਾਨ ਸ਼ਰਮਾ, ਮਾਨਸ ਸ਼ਰਮਾ, ਰਾਜ ਬਾਲਾ** ਦੇ ਦੋ ਤਬਾਦਲਾ ਪੱਤਰਾਂ ਦੇ ਦਸਤਵੇਜ਼ ਗੁੰਮ ਜਾਣ ਕਾਰਨ ਇਨ੍ਹਾਂ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। **ਸ੍ਰੀ ਇਸ਼ਾਨ ਸ਼ਰਮਾ ਸਪੁੱਤਰ ਸਵਰਗੀ ਸ੍ਰੀ ਸੰਜੇ ਸ਼ਰਮਾ** ਨੇ ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 26.02.2026 ਨੂੰ ਲੜੀ ਨੰ. 241978 ਐਲਏਆਰ ਨੰ. 2026/006253 ਦੇ ਅਧੀਨ ਪੁਲਿਸ ਪੋਸਟ 39, ਚੰਡੀਗੜ੍ਹ ਵਿਖੇ ਆਨਲਾਈਨ ਸ਼ਿਕਾਇਤ ਦਰਜ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਦਰਸਾਏ ਵਿਅਕਤੀ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ (1) **ਸੰਜੇ ਸ਼ਰਮਾ ਅਤੇ** (2) **ਪੁਸ਼ਪਾ ਸ਼ਰਮਾ, ਇਸ਼ਾਨ ਸ਼ਰਮਾ, ਮਾਨਸ ਸ਼ਰਮਾ, ਰਾਜ ਬਾਲਾ** ਨੂੰ ਦੋ ਤਬਾਦਲਾ ਪੱਤਰਾਂ ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਕੋਲ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ



## ਜਨਤਕ ਸੂਚਨਾ

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਈਸ਼ਵਰ ਲਾਲ ਸਪੁੱਤਰ ਸ੍ਰੀ ਖੂਬ ਚੰਦ** (**ਵਿਕਰੀ ਡੀਡ ਮਿਤੀ** 27.08.2008 ਦੇ 50% **ਹਿੱਸੇ ਨਾਲ**) ਦੀ ਬੇਵਸੀਅਤੀ ਮੌਤ 'ਤੇ (1) **ਸ੍ਰੀ ਨਰੇਸ਼ ਕੁਮਾਰ ਸਪੁੱਤਰ ਸਵਰਗੀ ਸ੍ਰੀ ਈਸ਼ਵਰ ਲਾਲ**, (2) **ਸ੍ਰੀਮਤੀ ਬੇਬੀ ਸਪੁੱਤਰੀ ਸਵਰਗੀ ਸ੍ਰੀ ਈਸ਼ਵਰ ਲਾਲ, ਸੁਪਤਨੀ ਸ੍ਰੀ ਸੰਜੇ ਕੁਮਾਰ**, (3) **ਸ੍ਰੀਮਤੀ ਰਜਨੀ ਬਾਂਸਲ ਸਪੁੱਤਰੀ ਸਵਰਗੀ ਸ੍ਰੀ ਈਸ਼ਵਰ ਲਾਲ, ਸੁਪਤਨੀ ਸ੍ਰੀ ਅਜੇ ਬਾਂਸਲ** (4) **ਸ੍ਰੀਮਤੀ ਸੋਨੂੰ ਸਪੁੱਤਰੀ ਸਵਰਗੀ ਸ੍ਰੀ ਈਸ਼ਵਰ ਲਾਲ, ਸੁਪਤਨੀ ਸ੍ਰੀ ਮੁਨੀਸ਼**, (5) **ਸ੍ਰੀਮਤੀ ਜਯੋਤੀ ਸਪੁੱਤਰੀ ਸਵਰਗੀ ਸ੍ਰੀ ਈਸ਼ਵਰ ਲਾਲ ਸੁਪਤਨੀ ਸ੍ਰੀ ਬਿਪਨ ਸਿੰਗਲਾ ਅਤੇ** (6) **ਸ੍ਰੀ ਮਨੀਸ਼ ਮਿੱਤਲ ਸਪੁੱਤਰ ਸਵਰਗੀ ਸ੍ਰੀ ਈਸ਼ਵਰ ਲਾਲ** ਦੇ ਨਾਮ 'ਤੇ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ ਵਰਗ-2 ਦੀ ਰਿਹਾਇਸ਼ੀ ਇਕਾਈ ਨੰਬਰ** 3048 ਦੀ ਅਲਾਟਮੈਂਟ/ਪੰਜੀਕਰਨ ਦੇ 50% ਹਿੱਸੇ ਦਾ ਤਬਾਦਲਾ/ਪਰਿਵਰਤਨ

ਅਤੇ ਪੰਜੀਕ੍ਰਿਤ ਵਸੀਅਤ ਦੇ ਆਧਾਰ 'ਤੇ ਪ੍ਰਸਾਵਿਤ ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਲਕਸ਼ਮੀ ਦੇਵੀ ਸੁਪਤਨੀ ਸ੍ਰੀ ਈਸ਼ਵਰ ਲਾਲ** (**ਵਿਕਰੀ ਡੀਡ ਮਿਤੀ** 27.08.2008 **ਦੇ** 50% **ਹਿੱਸੇ ਨਾਲ**) ਦੇ ਨਾਮ ਤੋਂ **ਸ੍ਰੀ ਮਨੀਸ਼ ਮਿੱਤਲ ਸਪੁੱਤਰ ਸਵਰਗੀ ਸ੍ਰੀ ਈਸ਼ਵਰ ਲਾਲ** ਦੇ ਨਾਮ 'ਤੇ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ ਵਰਗ-2 ਦੀ ਰਿਹਾਇਸ਼ੀ ਇਕਾਈ ਨੰਬਰ** 3048 ਦੀ ਅਲਾਟਮੈਂਟ/ਪੰਜੀਕਰਨ ਦੇ 50% ਹਿੱਸੇ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ ਵਰਗ-2 ਦੀ ਰਿਹਾਇਸ਼ੀ ਇਕਾਈ ਨੰਬਰ** 3048 ਦੇ ਪ੍ਰਸਤਾਵਿਤ ਅਲਾਟੀ/ਟ੍ਰਾਂਸਫਰੀ **ਸ੍ਰੀ ਈਸ਼ਵਰ ਲਾਲ ਸਪੁੱਤਰ ਸ੍ਰੀ ਖੂਬ ਚੰਦ** (**ਵਿਕਰੀ ਡੀਡ ਮਿਤੀ** 27.08.2008 **ਦੇ** 50% **ਹਿੱਸੇ ਨਾਲ**) ਦੀ **ਮੋਹਾਲੀ (ਪੰਜਾਬ) ਵਿਖੇ** 11.03.2010 ਨੂੰ ਮੌਤ ਹੋ ਗਈ ਸੀ ਅਤੇ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ ਵਰਗ-2 ਦੀ ਰਿਹਾਇਸ਼ੀ ਇਕਾਈ ਨੰਬਰ** 3048 ਦੇ ਪ੍ਰਸਤਾਵਿਤ ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਲਕਸ਼ਮੀ ਦੇਵੀ ਸੁਪਤਨੀ ਸ੍ਰੀ ਈਸ਼ਵਰ ਲਾਲ** (**ਵਿਕਰੀ ਡੀਡ ਮਿਤੀ** 27.08.2008 **ਦੇ** 50% **ਹਿੱਸੇ ਨਾਲ**) ਦੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਦੁਆਰਾ ਦਿੱਤੀ ਸੂਚਨਾ ਅਨੁਸਾਰ ਚੰਡੀਗੜ੍ਹ ਵਿਖੇ 12.06.2023 ਨੂੰ ਮੌਤ ਹੋ ਗਈ ਸੀ। 1) **ਸ੍ਰੀ ਨਰੇਸ਼ ਕੁਮਾਰ ਸਪੁੱਤਰ ਸਵਰਗੀ ਸ੍ਰੀ ਈਸ਼ਵਰ ਲਾਲ**, (2) **ਸ੍ਰੀਮਤੀ ਬੇਬੀ ਸਪੁੱਤਰੀ ਸਵਰਗੀ ਸ੍ਰੀ ਈਸ਼ਵਰ ਲਾਲ, ਸੁਪਤਨੀ ਸ੍ਰੀ ਸੰਜੇ ਕੁਮਾਰ**, (3) **ਸ੍ਰੀਮਤੀ ਰਜਨੀ ਬਾਂਸਲ ਸਪੁੱਤਰੀ ਸਵਰਗੀ ਸ੍ਰੀ ਈਸ਼ਵਰ ਲਾਲ, ਸੁਪਤਨੀ ਸ੍ਰੀ ਅਜੇ ਬਾਂਸਲ** (4) **ਸ੍ਰੀਮਤੀ ਸੋਨੂੰ ਸਪੁੱਤਰੀ ਸਵਰਗੀ ਸ੍ਰੀ ਈਸ਼ਵਰ ਲਾਲ, ਸੁਪਤਨੀ ਸ੍ਰੀ ਮੁਨੀਸ਼**, (5) **ਸ੍ਰੀਮਤੀ ਜਯੋਤੀ ਸਪੁੱਤਰੀ ਸਵਰਗੀ ਸ੍ਰੀ ਈਸ਼ਵਰ ਲਾਲ ਸੁਪਤਨੀ ਸ੍ਰੀ ਬਿਪਨ ਸਿੰਗਲਾ ਅਤੇ** (6) **ਸ੍ਰੀ ਮਨੀਸ਼ ਮਿੱਤਲ ਸਪੁੱਤਰ ਸਵਰਗੀ ਸ੍ਰੀ ਈਸ਼ਵਰ ਲਾਲ** ਨੇ **ਸ੍ਰੀ ਈਸ਼ਵਰ ਲਾਲ ਸਪੁੱਤਰ ਸ੍ਰੀ ਖੂਬ ਚੰਦ** (**ਵਿਕਰੀ ਡੀਡ ਮਿਤੀ** 27.08.2008 **ਦੇ** 50% **ਹਿੱਸੇ ਨਾਲ**) ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਮ 'ਤੇ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ ਵਰਗ-2 ਦੀ ਰਿਹਾਇਸ਼ੀ ਇਕਾਈ ਨੰਬਰ** 3048 ਦੀ ਮਾਲਕੀ ਦੇ 50% ਹਿੱਸੇ ਦੇ ਤਬਾਦਲੇ ਲਈ ਬੇਨਤੀ ਕੀਤੀ ਹੈ ਅਤੇ **ਸ੍ਰੀ ਮਨੀਸ਼ ਮਿੱਤਲ ਸਪੁੱਤਰ ਸਵਰਗੀ ਸ੍ਰੀ ਈਸ਼ਵਰ ਲਾਲ** ਨੇ ਆਪਣੇ ਪੱਖ ਵਿਚ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ ਵਰਗ-2 ਦੀ ਰਿਹਾਇਸ਼ੀ ਇਕਾਈ ਨੰਬਰ** 3048 ਦੇ 50% ਹਿੱਸੇ ਦੇ ਤਬਾਦਲੇ ਲਈ ਬੇਨਤੀ ਕੀਤੀ ਹੈ ਕਿਉਂ ਜੋ **ਸ੍ਰੀਮਤੀ ਲਕਸ਼ਮੀ ਦੇਵੀ ਸੁਪਤਨੀ ਸ੍ਰੀ ਈਸ਼ਵਰ ਲਾਲ** (**ਵਿਕਰੀ ਡੀਡ ਮਿਤੀ** 27.08.2008 **ਦੇ** 50% **ਹਿੱਸੇ ਨਾਲ**) ਦੀ ਚੰਡੀਗੜ੍ਹ ਵਿਖੇ 12.06.2023 ਨੂੰ ਮੌਤ ਹੋ ਗਈ ਸੀ ਅਤੇ ਉਹ ਆਪਣੇ ਪਿਛੇ ਉਨ੍ਹਾਂ ਦੇ ਪੱਖ ਵਿਚ 21.09.2020 ਨੂੰ ਸਬ ਰਜਿਸਟਰਾਰ, ਯੂ. ਟੀ. ਚੰਡੀਗੜ੍ਹ ਕੋਲ ਪੰਜੀਕ੍ਰਿਤ ਇੱਕ ਵਸੀਅਤ ਛੱਡ ਗਏ ਸਨ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਮ੍ਰਿਤਕ ਅਲਾਟੀ/ਟ੍ਰਾਂਸਫਰੀ ਦੀ ਵਸੀਅਤ ਉਨ੍ਹਾਂ ਵੱਲੋਂ ਕਾਰਜਰੂਪ ਕੀਤੀ ਆਖ਼ਰੀ ਵਸੀਅਤ ਹੈ ਜੋ ਕਿ ਮ੍ਰਿਤਕ ਦੀ ਮੌਤ ਤੱਕ ਨਾ ਤਾਂ ਬਦਲੀ ਗਈ ਨਾ ਹੀ ਰੱਦ ਕੀਤੀ ਗਈ ਹੈ।ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) **ਸ੍ਰੀ ਨਰੇਸ਼ ਕੁਮਾਰ (ਸਪੁੱਤਰ)**, (2) **ਸ੍ਰੀਮਤੀ ਬੇਬੀ (ਸਪੁੱਤਰੀ)**, (3) **ਸ੍ਰੀਮਤੀ ਰਜਨੀ ਬਾਂਸਲ (ਸਪੁੱਤਰੀ)** (4) **ਸ੍ਰੀਮਤੀ ਸੋਨੂੰ (ਸਪੁੱਤਰੀ)**, (5) **ਸ੍ਰੀਮਤੀ ਜਯੋਤੀ (ਸਪੁੱਤਰੀ)** ਅਤੇ (6) **ਸ੍ਰੀ ਮਨੀਸ਼ ਮਿੱਤਲ (ਸਪੁੱਤਰ)** ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਸਾਬਕਾ ਵਿਦਿਆਰਥੀ ਜਯੰਤ ਗਰਗ ਨੇ ਯੂ.ਪੀ.ਐਸ.ਸੀ. ਵਿੱਚ ਹਾਸਲ ਕੀਤਾ 64ਵਾਂ ਰੈਂਕ

## ਸਕੂਲ ਅਤੇ ਸ਼ਹਿਰ ਦਾ ਨਾਮ ਚਮਕਾਉਣ 'ਤੇ ਸ੍ਰ. ਜਗਜੀਤ ਸਿੰਘ ਦਰਦੀ ਅਤੇ ਮੇਅਰ ਵੱਲੋਂ ਸਨਮਾਨ

☛ ਅਜਿਹੇ ਹੋਣਹਾਰ ਬੱਚਿਆਂ ਤੋਂ ਸੇਧ ਲੈਣ ਦੀ ਲੋੜ: ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ

☛ ਦਿਨ ਰਾਤ ਕੀਤੀ ਮਿਹਨਤ ਰੰਗ ਜ਼ਰੂਰ ਲਿਆਉਂਦੀ ਹੈ: ਮੇਅਰ ਗੋਗੀਆ







ਪਟਿਆਲਾ, 13 ਮਾਰਚ (ਗੁਰਮੁਖ ਰੁਪਾਣਾ/ਅਮਰੀਤ ਸਿੰਘ) : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਲਈ ਇਹ ਬਹੁਤ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਸਕੂਲ ਦੇ ਸਾਬਕਾ ਵਿਦਿਆਰਥੀ ਜਯੰਤ ਗਰਗ ਨੇ ਸੰਘ ਲੋਕ ਸੇਵਾ ਆਯੋਗ (UPSC) ਦੀ ਪ੍ਰੀਖਿਆ 2026 ਵਿੱਚ 64ਵਾਂ ਰੈਂਕ ਪ੍ਰਾਪਤ ਕਰਕੇ ਆਪਣੇ ਮਾਤਾ -ਪਿਤਾ, ਸਕੂਲ ਅਤੇ ਪਟਿਆਲੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮਾਣਮੱਤੀ ਉਪਲਬਧੀ 'ਤੇ ਜਯੰਤ ਗਰਗ ਨੂੰ ਸਕੂਲ ਵਲੋਂ ਵਿਸ਼ੇਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਮੁੱਖ ਮਹਿਮਾਨ ਵਜੋਂ ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ ਅਤੇ ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਪ੍ਹੁੰਜੇ, ਜਿਨ੍ਹਾਂ ਨੇ ਸਮੂਹ ਸਕੂਲ ਮੈਨਜਮੈਂਟ ਦੀ ਹਾਜ਼ਰੀ 'ਚ ਜਯੰਤ ਗਰਗ ਦਾ ਸਨਮਾਨ ਕੀਤਾ। ਜਯੰਤ ਗਰਗ ਸੈਸ਼ਨ 2012-13 ਵਿੱਚ ਵੀ ਸੀ.ਬੀ.ਐਸ.ਈ. ਦੇ ਟਾਪਰ ਰਹਿ ਚੁੱਕੇ ਹਨ ਅਤੇ ਆਪਣੀ ਲਗਾਤਾਰ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਇਹ ਸ਼ਾਨਦਾਰ ਉਪਲਬਧੀ ਹਾਸਲ ਕੀਤੀ ਹੈ।

ਜਯੰਤ ਗਰਗ ਨੂੰ ਉਸ ਦੀ ਸ਼ਾਨਦਾਰ ਪ੍ਰਾਪਤੀ ਦੇ ਸਨਮਾਨ ਵਿੱਚ ਨਗਰ ਨਿਗਮ ਪਟਿਆਲਾ ਦੇ ਮੇਅਰ ਸ੍ਰੀ ਕੁੰਦਨ ਗੋਗੀਆ, ਸਕੂਲ ਦੇ ਚੇਅਰਮੈਨ ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ , ਡਾਇਰੈਕਟਰ ਮੈਡਮ ਜਸਵਿੰਦਰ ਕੌਰ ਦਰਦੀ, ਸਕੂਲ ਦੇ ਪ੍ਰਿੰਸੀਪਲ ਡਾ. ਕੰਵਲਜੀਤ ਕੌਰ ਅਤੇ ਚੜ੍ਹਦੀਕਲਾ ਟਾਈਮ ਟੀ.ਵੀ. ਦੇ ਡਾਇਰੈਕਟਰ ਡਾ. ਇੰਦਰਪ੍ਰੀਤ ਕੌਰ ਨੇ ਦਿਲੋਂ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਦੀ ਇਹ ਉਪਲਬਧੀ ਸਕੂਲ ਅਤੇ ਸ਼ਹਿਰ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨ੍ਹਾਂ ਨੇ ਜਯੰਤ ਗਰਗ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ 'ਤੇ ਸਕੂਲ ਦੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਵੀ ਜਯੰਤ ਗਰਗ ਅਤੇ ਉਸ ਦੇ ਮਾਪਿਆਂ ਨੂੰ ਇਸ ਵਿਸ਼ੇਸ਼ ਕਾਮਯਾਬੀ 'ਤੇ ਵਧਾਈਆਂ ਦਿੱਤੀਆਂ।

ਇਸ ਮੌਕੇ ਪਦਮ ਸ਼੍ਰੀ ਡਾ ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਅਜਿਹੇ ਵਿਦਿਆਰਥੀ ਸਾਡੇ ਸਮਾਜ ਦਾ ਸਰਮਾਇਆ ਹਨ ਅਤੇ ਇਹ ਆਪਣੀ ਮਿਹਨਤ ਸਦਕਾ ਸਮਾਜ ਵਿੱਚ ਚੰਗਾ ਨਾਮ ਕਮਾ ਰਹੇ ਹਨ। ਜਯੰਤ ਵਰਗੇ ਵਿਦਿਆਰਥੀ ਸਾਡੇ ਦੇਸ਼ ਦਾ ਨਾਮ ਉੱਚਾ ਕਰ ਰਹੇ ਹਨ। ਸ. ਦਰਦੀ ਨੇ ਕਿਹਾ ਕਿ ਇਸ ਸਕੂਲ ਦੇ ਬੱਚੇ ਪਹਿਲਾਂ ਵੀ ਕਈ ਉੱਚ ਪਦਵੀਆਂ 'ਤੇ ਪਹੁੰਚੇ ਹਨ ਜੋ ਕਿ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਲਈ ਵੱਡੇ ਮਾਣ ਵਾਲੀ ਗੱਲ ਹੈ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਅਜਿਹੇ ਹੋਣਹਾਰ ਅਤੇ ਚੰਗੀ ਸੋਚ ਵਾਲੇ ਬੱਚਿਆਂ ਤੋਂ ਨਵੀਂ ਪੀੜ੍ਹੀ ਨੂੰ ਸਿੱਖਣ ਦੀ ਲੋੜ ਹੈ ਤਾਂ ਕਿ ਉਹ ਵੀ ਚੰਗੇ ਮੁਕਾਮ ਹਾਸਲ ਕਰ ਸਕਣ।

ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਡਾ. ਕੰਵਲਜੀਤ ਕੌਰ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਜਯੰਤ ਗਰਗ ਦੀ ਇਹ ਕਾਮਯਾਬੀ ਸਾਰੇ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਹੈ ਅਤੇ ਇਹ ਦਰਸਾਉਂਦੀ ਹੈ ਕਿ ਮਿਹਨਤ ਅਤੇ ਲਗਨ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

# ਉੱਘੇ ਕਾਰੋਬਾਰੀ ਬਹਾਦਰ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਪਰਿਵਾਰ ਅਕੈਡਮੀ ਦਾ ਦੌਰਾ

## ਵਧੀਆ, ਖੁੱਲੀ ਤੇ ਹਵਾਦਾਰ ਬਿਲਡਿੰਗ ਬਣਾਉਣ ਦਾ ਫੈਸਲਾ





ਪਟਿਆਲਾ, 13 ਮਾਰਚ (ਗੁਰਮੁਖ ਰੁਪਾਣਾ/ਅਮਰੀਤ ਸਿੰਘ) : ਐਨ ਆਰ ਆਈ ਤੇ ਉੱਘੇ ਕਾਰੋਬਾਰੀ ਸ ਬਹਾਦਰ ਸਿੰਘ ਵਲੋਂ ਅੱਜ ਪਟਿਆਲਾ ਦੇ ਸੇਰਾਂਵਾਲਾ ਗੇਟ ਨਜ਼ਦੀਕ ਗੁਰਦੁਆਰਾ ਟਿਕਾਣਾ ਭਾਈ ਰਾਮਕਿਸਨ ਸਥਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਗੁਰਮਤਿ ਸੰਗੀਤ ਅਕੈਡਮੀ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਪਦਮਸ੍ਰੀ ਡਾ ਜਗਜੀਤ ਸਿੰਘ ਦਰਦੀ ਚੈਅਰਮੈਨ ਚੜ੍ਹਦੀਕਲਾ ਗਰੁੱਪ, ਸ ਹਰਪ੍ਰੀਤ ਸਿੰਘ ਦਰਦੀ ਡਾਇਰੈਕਟਰ, ਭਾਈ ਜੋਗਿੰਦਰ ਸਿੰਘ ਪ੍ਰਬੰਧਕ ਅਕੈਡਮੀ, ਕੁਲਵਿੰਦਰ ਸਿੰਘ ਵੀ ਮੌਜੂਦ ਸਨ। ਇਸ ਦੌਰਾਨ ਅਕੈਡਮੀ ਦੇ ਬੱਚਿਆਂ ਨੇ ਕੀਰਤਨ ਕੀਤਾ ਅਤੇ ਤੰਤੀ ਸਾਜਾਂ ਨਾਲ ਗੁਰਬਾਣੀ ਰਾਹੀਂ ਨਿਹਾਲ ਕੀਤਾ। ਇਨ੍ਹਾਂ ਬੱਚਿਆਂ ਦੀ ਇੰਸ ਪ੍ਰਤਿਭਾ ਨੂੰ ਵੇਖ ਕੇ ਸ ਬਹਾਦਰ ਸਿੰਘ ਨੇ ਕਿਹਾ ਇਹ੍ਹ ਬੱਚੇ ਹੀ ਸਾਡੇ ਸਮਾਜ ਲਈ ਪ੍ਰੇਰਨਾ ਸਰੋਤ ਬਣਨਗੇ। ਉਨ੍ਹਾਂ ਕਿਹਾ ਕਿ ਜੇਕਰ ਅਜਿਹੇ ਬੱਚਿਆਂ ਰਾਹੀਂ ਗੁਰੂਆਂ ਦੇ ਦੱਸੇ ਮਾਰਗਾਂ ਤੇ ਚਲਣ ਦਾ ਮੌਕਾ ਮਿਲਦਾ ਹੈ। ਪਦਮਸ੍ਰੀ ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਇਸ ਅਕੈਡਮੀ ਚ ਅਜਿਹੇ ਬੱਚੇ ਆ ਕੇ ਕੀਰਤਨ, ਗੁਰਬਾਣੀ ਸਿੱਖਣ ਦੇ ਨਾਲ ਨਾਲ ਪੜ੍ਹਾਈ ਵੀ ਕਰਦੇ ਹਨ, ਜਿਨ੍ਹਾਂ ਦੇ ਮਾਪੇ ਜਾਂ ਤਾਂ ਅਸਮਰੱਥ ਹੁੰਦੇ ਹਨ ਜਾਂ ਫੇਰ ਅਜਿਹੇ ਬੱਚੇ ਅਨਾਥ ਹੁੰਦੇ ਹਨ, ਇਹ ਸੇਵਾ ਸਭ ਤੋਂ ਉੱਤਮ ਸੇਵਾ ਹੈ। ਸ ਦਰਦੀ ਨੇ ਦੱਸਿਆ ਕਿ ਅਜਿਹੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨਾ ਅਤੇ ਗੁਰਬਾਣੀ ਕੰਠ ਕਰਾਉਣ ਦਾ ਇਹ ਉੱਦਮ ਬਹੁਤ ਸ਼ਲਾਘਾਯੋਗ ਹੈ।ਇਸ ਮੌਕੇ ਸ ਬਹਾਦਰ ਸਿੰਘ ਨੇ ਐਲਾਨ ਕੀਤਾ ਕਿ ਇਨ੍ਹਾਂ ਬੱਚਿਆਂ ਲਈ ਬਹਾਦਰਗੜ੍ਹ ਕੋਲ ਭੱਠਲਾਂ ਵਿਖੇ ਨਵੀਂ ਵਧੀਆ, ਖੁੱਲੀ ਤੇ ਹਵਾਦਾਰ ਬਿਲਡਿੰਗ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਏਗਾ। ਇਹ੍ਹ ਬਿਲਡਿੰਗ ਉਸ ਜਗ੍ਹਾ ਤੇ ਬਣਾਈ ਜਾਏਗੀ, ਜਿਥੇ ਕੇ ਦਰਦੀ ਪਰਿਵਾਰ ਵਲੋਂ ਜਗ੍ਹਾ ਦਾਨ ਵਜੋਂ ਦਿੱਤੀ ਗਈ ਹੈ।

# ਪੰਜਾਬ ਵਿੱਚ ONTOP 2026 ਦੀ ਸ਼ੁਰੂਆਤ: ਨੌਜਵਾਨ ਡਾਕਟਰਾਂ ਲਈ ਕੈਂਸਰ ਦੀ ਜਾਂਚ ਹੈ ਲਾਹੇਵੰਦ

ਚੰਡੀਗੜ੍ਹ, 13 ਮਾਰਚ (ਅੰਮ੍ਰਿਤਪਾਲ ਸਿੰਘ) : : ਹੋਮੀ ਭਾਬਾ ਕੈਂਸਰ ਹਸਪਤਾਲ ਐਂਡ ਰਿਸਰਚ ਸੈਂਟਰ, ਪੰਜਾਬ ਦੇ ਔਨਕੋਪੈਥੋਲੋਜੀ ਵਿਭਾਗ ਵੱਲੋਂ ਨਿਊ ਚੰਡੀਗੜ੍ਹ ਕੈਂਪਸ ਵਿੱਚ ਤਿੰਨ ਦਿਨਾਂ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਹ ਪ੍ਰੋਗਰਾਮ 13 ਤੋਂ 15 ਮਾਰਚ 2026 ਤੱਕ ਚੱਲੇਗਾ, ਇਸ ਵਿੱਚ ਦੇਸ਼ ਭਰ ਤੋਂ ਪ੍ਰਸਿੱਧ ਪੈਥੋਲੋਜਿਸਟ, ਕੈਂਸਰ ਵਿਸ਼ੇਸ਼ਗਿਆਨ ਅਤੇ ਪੋਸਟਗ੍ਰੈਜੂਏਟ ਮੈਡੀਕਲ ਵਿਦਿਆਰਥੀ ਸ਼ਾਮਲ ਹੋ ਰਹੇ ਹਨ ਤਾਂ ਜੋ ਔਨਕੋਪੈਥੋਲੋਜੀ ਵਿੱਚ ਹੋ ਰਹੀਆਂ ਨਵੀਆਂ ਤਰੱਕੀਆਂ ਤੇ ਚਰਚਾ ਕੀਤੀ ਜਾ ਸਕੇ ਅਤੇ ਕੈਂਸਰ ਦੀ ਸਹੀ ਪਹਿਚਾਣ ਦੀ ਸਮਰੱਥਾ ਨੂੰ ਮਜ਼ਬੂਤ ਕੀਤਾ ਜਾ ਸਕੇ। ਇਸ ਸੀ.ਐਮ.ਈ. ਦਾ ਆਯੋਜਨ ਸੀ.ਐਮ.ਈ. ਦੇ ਸਰਪ੍ਰਸਤ ਅਤੇ ਪੰਜਾਬ ਦੇ ਡਾਇਰੈਕਟਰ ਡਾ. ਅਸ਼ੀਸ਼ ਗੁਲੀਆ; ਪ੍ਰਬੰਧਕੀ ਚੇਅਰਪਰਸਨ ਡਾ. ਸੰਕਲਪ ਸੰਚੇਤੀ; ਅਤੇ ਪ੍ਰਬੰਧਕੀ ਸਕੱਤਰ ਡਾ. ਨਿਲਯ ਨਿਸ਼ਿਥ ਦੀ ਅਗਵਾਈ ਹੇਠ, ਓਨਕੋਪੈਥੋਲੋਜੀ ਵਿਭਾਗ ਅਤੇ ਇੱਕ ਨਿਪੁੰਨ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।



ਇਸ ਪ੍ਰੋਗਰਾਮ ਨੂੰ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਅਤੇ ਨੌਜਵਾਨ ਡਾਕਟਰਾਂ ਨੂੰ ਆਧੁਨਿਕ ਓਨਕੋਪੈਥੋਲੋਜੀ ਅਭਿਆਸਾਂ ਬਾਰੇ ਵਿਹਾਰਕ ਜਾਣਕਾਰੀ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਅਕਾਦਮਿਕ ਸੈਸ਼ਨਾਂ ਵਿੱਚ ਵਿਸ਼ੇਸ਼ਗਿਆਨਾਂ ਦੇ ਲੈਕਚਰ, ਕੇਸ-ਅਧਾਰਿਤ ਚਰਚਾਵਾਂ, ਸਲਾਈਡ ਸੈਮੀਨਾਰ, ਹੈਂਡਸ-ਆਨ ਵਰਕਸ਼ਾਪਾਂ ਅਤੇ ਪੋਸਟਗ੍ਰੈਜੂਏਟ ਵਿਦਿਆਰਥੀਆਂ ਲਈ ਪੈਥੋਲੋਜੀ ਕਵਿਜ ਸ਼ਾਮਲ ਹਨ, ਜਿਸ ਨਾਲ ਇਹ ਪ੍ਰੋਗਰਾਮ ਸਿੱਖਣ ਅਤੇ ਜਾਣਕਾਰੀ ਸਾਂਝੀ ਕਰਨ ਲਈ ਇੱਕ ਮਹੱਤਵਪੂਰਨ ਮੰਚ ਬਣਦਾ ਹੈ। ਸਾਇਟੋਪੈਥੋਲੋਜੀ, ਹਿਮੈਟੋਪੈਥੋਲੋਜੀ, ਹਿਸਟੋਪੈਥੋਲੋਜੀ ਅਤੇ ਲਿੰਫੋਮਾ ਨਾਲ ਸੰਬੰਧਤ ਖਾਸ ਵਰਕਸ਼ਾਪਾਂ ਵੀ ਦੇਸ਼ ਦੇ ਪ੍ਰਸਿੱਧ ਸੰਸਥਾਨਾਂ ਦੇ ਵਿਸ਼ੇਸ਼ਗਿਆਨਾਂ ਦੁਆਰਾ ਕਰਵਾਈਆਂ ਜਾ ਰਹੀਆਂ ਹਨ। ਉਦਘਾਟਨ ਸਮਾਰੋਹ ਵਿੱਚ ਮੁੱਖ ਮਹਿਮਾਨ ਡਾ. ਸੁਰੇਸ਼ ਕੁਮਾਰ ਸਿੰਘਲ, ਡਾਇਰੈਕਟਰ ਰੋਹਤਕ ਅਤੇ ਗੈਸਟ ਆਫ ਆਨਰ ਡਾ. ਰਵਨੀਤ ਕੌਰ, ਡਾਇਰੈਕਟਰ-ਪ੍ਰਿੰਸਿਪਲ, ਸਰਕਾਰੀ ਮੈਡੀਕਲ ਕਾਲਜ਼ ਅਤੇ ਹਸਪਤਾਲ ਚੰਡੀਗੜ੍ਹ ਮੌਜੂਦ ਰਹੇ।



ਦਿੱਲੀ ਦੇ ਐੱਲ.ਜੀ. ਤਰਨਜੀਤ ਸਿੰਘ ਸੰਧੂ ਨੂੰ ਵਧਾਈ ਦਿੰਦੇ ਹੋਏ ਬਖਸ਼ੀ ਗੁਨਜੀਤ ਸਿੰਘ ਬਖਸ਼ੀ, ਅਮਨਦੀਪ ਬਖਸ਼ੀ ਅਤੇ ਹਰਪਾਲ ਸਿੰਘ ਧਾਲੀਵਾਲ, ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ, ਚੇਅਰਮੈਨ ਹਰਗੋਬਿੰਦ ਟਰੱਸਟ ਜੀ.ਟੀ. ਕਰਨਾਲ ਰੋਡ।



ਦਿੱਲੀ ਦੇ ਐੱਲ.ਜੀ. ਤਰਨਜੀਤ ਸਿੰਘ ਸੰਧੂ ਨੂੰ ਵਧਾਈ ਦਿੰਦੇ ਹੋਏ ਬੁੱਢਾ ਦਲ 96 ਕਰੋੜੀ ਯੂ.ਐੱਸ. ਇੰਡਿਆਨਾ ਦੇ ਜਥੇਦਾਰ ਜਸਵਿੰਦਰ ਸਿੰਘ ਜੱਸੀ।

# ਐਨ.ਐਕਸ.ਟੀ. ਕਨਕਲੇਵ -2026 ਮੌਕੇ ਵਿਦੇਸ਼ੀ ਸਾਂਸਦ ਲੋਕ ਸਭਾ ਸਪੀਕਰ ਨੂੰ ਮਿਲੇ

ਨਵੀਂ ਦਿੱਲੀ, 13 ਮਾਰਚ (ਚ.ਨ.ਸ.) : ਨਵੀਂ ਦਿੱਲੀ ਵਿੱਚ ਆਯੋਜਿਤ ਹੋ ਰਹੇ NXT ਕਨਕਲੇਵ 2026 ਵਿੱਚ ਹਿੱਸਾ ਲੈ ਰਹੇ 30 ਤੋਂ ਵੱਧ ਦੇਸ਼ਾਂ ਦੇ ਸੰਸਦ ਮੈਂਬਰਾਂ ਦੇ ਇੱਕ ਵਫ਼ਦ ਨੇ ਅੱਜ ਸੰਸਦ ਭਵਨ ਵਿੱਚ ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨਾਲ ਮੁਲਾਕਾਤ ਕੀਤੀ। ਇਸ ਮੌਕੇ @ਤੇ ਬੋਲਦੇ ਹੋਏ, ਸ਼੍ਰੀ ਬਿਰਲਾ ਨੇ ਵੱਖ-ਵੱਖ ਲੋਕਤੰਤਰੀ ਦੇਸ਼ਾਂ ਦੇ ਪ੍ਰਤੀਨਿਧੀਆਂ ਅਤੇ ਹੋਰ ਪਤਵੰਤਿਆਂ ਦਾ ਇਤਿਹਾਸਕ ਸੰਸਦ ਭਵਨ ਵਿੱਚ ਸਵਾਗਤ ਕਰਨ @ਤੇ ਆਪਣੀ ਖੁਸ਼ੀ ਪ੍ਰਗਟ ਕੀਤੀ ਅਤੇ ਵਿਸ਼ਵ ਸੰਸਦੀ ਸੰਵਾਦ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ। ਸ਼੍ਰੀ ਬਿਰਲਾ ਨੇ ਰਾਜ ਸਭਾ ਮੈਂਬਰ ਸ਼੍ਰੀ ਕਾਰਤੀਕੇਯ ਸ਼ਰਮਾ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ NXT 2026 ਕਨਕਲੇਵ ਪਹਿਲਕਦਮੀ ਦੀ ਅਗਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਨੀਤੀ-ਨਿਰਮਾਣ, ਵਿਚਾਰ-ਵਟਾਂਦਰੇ, ਨਵੀਨਤਾ ਅਤੇ ਅੰਤਰਰਾਸ਼ਟਰੀ ਸਹਿਯੋਗ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਉੱਭਰ ਰਹੀ ਹੈ। ਸ਼੍ਰੀ ਬਿਰਲਾ ਨੇ ਕਿਹਾ ਕਿ ਇਹ ਕਨਕਲੇਵ ਦੁਨੀਆ ਭਰ ਦੇ ਸੰਸਦ ਮੈਂਬਰਾਂ, ਨੀਤੀ ਨਿਰਮਾਤਾਵਾਂ ਅਤੇ ਵਿਚਾਰਵਾਨ ਨੇਤਾਵਾਂ ਨੂੰ ਸਮਕਾਲੀ ਵਿਸ਼ਵ ਚੁਣੌਤੀਆਂ ਅਤੇ ਮੌਕਿਆਂ @ਤੇ ਵਿਚਾਰ-ਵਟਾਂਦਰਾ ਕਰਨ ਲਈ ਇਕੱਠੇ ਕਰਦਾ ਹੈ। ਭਾਰਤ ਦੀ ਲੋਕਤੰਤਰੀ ਵਿਰਾਸਤ ਨੂੰ ਉਜਾਗਰ ਕਰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਰੂਪ ਵਿੱਚ, ਭਾਰਤ ਨੂੰ ਅਕਸਰ ÷ਲੋਕਤੰਤਰ ਦੀ ਮਾਂ÷ ਕਿਹਾ ਜਾਂਦਾ ਹੈ, ਜੋ ਦੇਸ਼ ਦੀ ਗੱਲਬਾਤ, ਸਹਿਮਤੀ ਅਤੇ ਭਾਗੀਦਾਰੀ ਫੈਸਲੇ ਲੈਣ ਦੀ ਲੰਮੀ ਪਰੰਪਰਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਸੰਸਦ ਆਪਣੇ 1.4 ਅਰਬ ਨਾਗਰਿਕਾਂ ਦੀਆਂ ਇੱਛਾਵਾਂ ਅਤੇ ਵਿਭਿੰਨਤਾ ਨੂੰ ਦਰਸਾਉਂਦੀ ਹੈ, ਜਿੱਥੇ ਨੀਤੀਆਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਵਿਚਕਾਰ ਬਹਿਸ ਅਤੇ ਸੰਵਾਦ ਰਾਹੀਂ ਆਕਾਰ ਦਿੱਤਾ ਜਾਂਦਾ ਹੈ। ਸ਼੍ਰੀ ਬਿਰਲਾ ਨੇ ਪਿਛਲੇ ਦਹਾਕੇ ਦੌਰਾਨ ਸਮਾਵੇਸ਼ੀ ਵਿਕਾਸ, ਡਿਜੀਟਲ ਨਵੀਨਤਾ ਅਤੇ ਚੰਗੇ ਸ਼ਾਸਨ ਦੇ ਖੇਤਰਾਂ ਵਿੱਚ ਭਾਰਤ ਦੀ ਪ੍ਰਗਤੀ @ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਤਕਨਾਲੋਜੀ-ਅਧਾਰਤ ਸ਼ਾਸਨ, ਸਿੱਧੇ ਲਾਭ ਤਬਾਦਲੇ ਦੇ ਵਿਧੀਆਂ ਅਤੇ ਡਿਜੀਟਲ ਪਲੇਟਫਾਰਮਾਂ ਨੇ ਜਨਤਕ ਪ੍ਰਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ।



# ਮਾਤਾ ਬਲਵੰਤ ਕੌਰ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਜੁਨ ਨਗਰ ਵਿਖੇ ਕੀਰਤਨ ਦਰਬਾਰ

## ਪਦਮ ਸ੍ਰੀ ਜਗਜੀਤ ਸਿੰਘ ਦਰਦੀ ਵੱਲੋਂ ਸੋਗ ਸੰਦੇਸ਼, ਹਰਪ੍ਰੀਤ ਸਿੰਘ ਦਰਦੀ ਭੋਗ ਸਮਾਗਮ ਵਿੱਚ ਪਹੁੰਚੇ






ਜਗਾਧਰੀ, 13 ਮਾਰਚ (ਪ੍ਰਭਦੀਪ ਸਿੰਘ): ਚੜ੍ਹਦੀਕਲਾ ਅਖਬਾਰ ਨਾਲ ਸੰਬੰਧਿਤ ਪੱਤਰਕਾਰ ਜਗਜੀਤ ਸਿੰਘ ਦੀ ਸਤਿਕਾਰਯੋਗ ਮਾਤਾ ਸ੍ਰੀਮਤੀ ਬਲਵੰਤ ਕੌਰ ਜੀ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸ਼ਰਧਾ ਅਤੇ ਗੰਭੀਰ ਮਾਹੌਲ ਵਿੱਚ ਪਾਏ ਗਏ। ਇਸ ਮੌਕੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਗੁਰੂ ਅਰਜੁਨ ਨਗਰ ਵਿਖੇ ਭੋਗ ਉਪਰੰਤ ਵਿਸ਼ੇਸ਼ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਵਿਛੜੀ ਆਤਮਾ ਲਈ ਅਰਦਾਸ ਕੀਤੀ। ਕੀਰਤਨ ਦਰਬਾਰ ਦੌਰਾਨ ਭਾਈ ਮੋਹਕਮ ਸਿੰਘ ਪਾਉਂਟਾ ਸਾਹਿਬ ਵਾਲਿਆਂ ਅਤੇ ਭਾਈ ਮੋਹਨ ਸਿੰਘ ਦੇ ਜੱਥਿਆਂ ਨੇ ਗੁਰਬਾਣੀ ਦੇ ਮਨੋਹਰ ਸ਼ਬਦ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਰਸਭਰੇ ਕੀਰਤਨ ਦੌਰਾਨ ਸੰਗਤ ਗੁਰਬਾਣੀ ਨਾਲ ਜੁੜ ਕੇ ਆਤਮਿਕ ਅਨੰਦ ਮਾਣਦੀ ਰਹੀ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸਾਂ ਕੀਤੀਆਂ ਗਈਆਂ। ਇਸ ਮੌਕੇ ਮਹੰਤ ਕਰਮਜੀਤ ਸਿੰਘ (ਸੇਵਾਪੰਥੀ), ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਧਾਨ ਸੇਵਾਪੰਥੀ ਅੱਡਣਸ਼ਾਹੀ ਸਭਾ ਅਤੇ ਸੰਤ ਨਿਸ਼ਚਲ ਸਿੰਘ ਜੀ ਸੰਤਪੁਰਾ ਯਮੁਨਾਨਗਰ ਟਰਸਟ ਦੇ ਮੁਖੀ ਨੇ ਦੁਖਿਤ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਸ੍ਰੀਮਤੀ ਬਲਵੰਤ ਕੌਰ ਜੀ ਧਾਰਮਿਕਤਾ, ਸਾਦਗੀ ਅਤੇ ਸੇਵਾਪ੍ਰੇਮੀ ਜੀਵਨ ਦੀ ਪ੍ਰਤੀਕ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸਦਾ ਗੁਰਬਾਣੀ ਦੇ ਮਾਰਗ 'ਤੇ ਚੱਲਦਿਆਂ ਪਰਿਵਾਰ ਅਤੇ ਸਮਾਜ ਨੂੰ ਸੱਚਾਈ, ਸੇਵਾ ਅਤੇ ਸੰਸਕਾਰਾਂ ਦੀ ਪ੍ਰੇਰਣਾ ਦਿੱਤੀ। ਮਹੰਤ ਕਰਮਜੀਤ ਸਿੰਘ ਨੇ ਅਰਦਾਸ ਕਰਦਿਆਂ ਕਿਹਾ ਕਿ ਵਾਹਿਗੁਰੂ ਜੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਦੁਖੀ ਪਰਿਵਾਰ ਨੂੰ ਇਹ ਅਪਾਰ ਦੁੱਖ ਸਹਿਣ ਦੀ ਤਾਕਤ ਦੇਣ। ਇਸ ਮੌਕੇ ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਦਰਦੀ ਵੀ ਵਿਸ਼ੇਸ਼ ਤੌਰ 'ਤੇ ਆਪਣੀ ਟੀਮ ਸਮੇਤ ਸਮਾਗਮ ਵਿੱਚ ਪਹੁੰਚੇ ਅਤੇ ਦੁਖਿਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਮਾਤਾ ਬਲਵੰਤ ਕੌਰ ਜੀ ਦਾ ਸਾਦਗੀ ਭਰਿਆ ਜੀਵਨ ਸਦਾ ਯਾਦ ਰਹੇਗਾ। ਇਸ ਤੋਂ ਇਲਾਵਾ ਚੜਦੀਕਲਾ ਅਦਾਰੇ ਦੇ ਚੈਅਰਮੈਨ ਪਦਮ ਸ੍ਰੀ ਸਰਕਾਰ ਜਗਜੀਤ ਸਿੰਘ ਦਰਦੀ ਨੇ ਵੀ ਸੋਗ ਸੰਦੇਸ਼ ਭੇਜ ਕੇ ਪਰਿਵਾਰ ਨਾਲ ਦੁੱਖ ਵੰਡਾਇਆ। ਉਨ੍ਹਾਂ ਆਪਣੇ ਸੰਦੇਸ਼ ਵਿੱਚ ਕਿਹਾ ਕਿ ਵਾਹਿਗੁਰੂ ਜੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਇਹ ਦੁੱਖ ਸਹਿਣ ਦੀ ਤਾਕਤ ਦੇਣ।

ਇਸੇ ਤਰ੍ਹਾਂ ਬਾਬਾ ਜਸਦੀਪ ਸਿੰਘ ਭਾਬੋਲੀ ਨੇ ਕਿਹਾ ਕਿ ਇਨਸਾਨ ਦਾ ਅਸਲ ਧਨ ਉਸਦੀ ਨੇਕੀ, ਸੇਵਾ ਅਤੇ ਸੰਸਕਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਮਾਤਾ ਬਲਵੰਤ ਕੌਰ ਜੀ ਨੇ ਆਪਣੇ ਜੀਵਨ ਰਾਹੀਂ ਗੁਰਮਤਿ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਨੇ ਪਰਿਵਾਰ ਨੂੰ ਗੁਰੂ ਦੀ ਰਜ਼ਾ ਵਿੱਚ ਰਹਿਣ ਦੀ ਅਪੀਲ ਕੀਤੀ।

# ਨਾਬਾਰਡ ਦੇ ਚੇਅਰਮੈਨ ਨੇ ਡਾ. ਕੇ. ਕੇ. ਇਯਾ ਮੈਮੋਰੀਅਲ ਭਾਸ਼ਣ ਵਿੱਚ ਭਾਰਤ ਦੇ ਕਿਸਾਨਾਂ ਲਈ ਜਲਵਾਯੂ ਸੰਚਾਲਕ ਵਜੋਂ ਡੇਅਰੀ ਦੀ ਭੂਮਿਕਾ ਨੂੰ ਉਜਾਗਰ ਕੀਤਾ

ਕਰਨਾਲ, 13 ਮਾਰਚ (ਅੰਮ੍ਰਿਤਪਾਲ ਸਿੰਘ): ਨੈਸ਼ਨਲ ਡੇਅਰੀ ਰਿਸਰਚ ਇੰਸਟੀਚਿਊਟ , ਕਰਨਾਲ ਦੇ 22ਵੇਂ ਕਨਵੋਕੇਸ਼ਨ ਨੂੰ ਮਨਾਉਣ ਲਈ ਚੱਲ ਰਹੇ ਅਕਾਦਮਿਕ ਪੰਦਰਵਾੜੇ ਦੇ ਜੀਵੰਤ ਜਸ਼ਨਾਂ ਦੇ ਵਿਚਕਾਰ, ਵੱਕਾਰੀ ਡਾ. ਕੇ. ਕੇ. ਇਯਾ ਮੈਮੋਰੀਅਲ ਭਾਸ਼ਣ ਨੇ ਡਾ. ਡੀ. ਸੁੰਦਰੇਸਨ ਆਡੀਟੋਰੀਅਮ ਨੂੰ ਰੌਸ਼ਨ ਕੀਤਾ। ਸਮਾਗਮ ਦੀ ਪ੍ਰਧਾਨਗੀ ਕਰਦੇ ਹੋਏ, NDRI ਦੇ ਡਾਇਰੈਕਟਰ ਡਾ. ਧੀਰ ਸਿੰਘ ਨੇ ਮੁੱਖ ਮਹਿਮਾਨ, ਡਾ. ਸ਼ਾਜੀ ਕ੍ਰਿਸ਼ਨਨ ਵੀ., ਚੇਅਰਮੈਨ, ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ ਦਾ ਨਿੱਘਾ ਸਵਾਗਤ ਕੀਤਾ। NDRI ਦੇ ਦੂਰਦਰਸ਼ੀ ਨਿਰਦੇਸ਼ਕ (1957-1965), ਭਾਰਤ ਸਰਕਾਰ ਦੇ ਸਾਬਕਾ ਡੇਅਰੀ ਵਿਕਾਸ ਸਲਾਹਕਾਰ, ICAR ਦੇ ਡਿਪਟੀ ਡਾਇਰੈਕਟਰ ਜਨਰਲ, ਅਤੇ FAO ਮਾਹਰ, ਡਾ. ਕੇ. ਕੇ. ਇਯਾ ਨੂੰ ਰਵਾਇਤੀ ਦੀਵੇ ਜਗਾਉਣ ਅਤੇ ਫੁੱਲਾਂ ਦੀ ਭੇਟ ਚੜ੍ਹਾ ਕੇ ਸ਼ਰਧਾਂਜਲੀ ਦਿੱਤੀ ਗਈ। ਜਲਵਾਯੂ ਜੋਖਮ ਅਤੇ ਪੇਂਡੂ ਰੋਜ਼ੀ-ਰੋਟੀ: ਡੇਅਰੀ ਨੂੰ ਛੋਟੇ ਕਿਸਾਨਾਂ ਲਈ ਇੱਕ ਮਜ਼ਬੂਤ ਸਹਾਰਾ ਬਣਾਉਣਾ ਵਿਸ਼ੇ 'ਤੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਵਿੱਚ, ਡਾ. ਕ੍ਰਿਸ਼ਨਨ ਨੇ ਇੱਕ ਆਸ਼ਾਵਾਦੀ ਤਸਵੀਰ ਖਿੱਚੀ, ਭਾਰਤ ਦੀ ਡੇਅਰੀ ਕ੍ਰਾਂਤੀ ਨੂੰ ਲੱਖਾਂ ਪੇਂਡੂ ਪਰਿਵਾਰਾਂ ਲਈ ਲਚਕੀਲੇਪਣ ਦੇ ਪ੍ਰਤੀਕ ਵਜੋਂ ਪੇਸ਼ ਕੀਤਾ। ਉਨ੍ਹਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਦੁੱਧ ਉਤਪਾਦਕ ਵਜੋਂ ਭਾਰਤ ਦੇ ਤੇਜ਼ ਵਾਧੇ ਨੂੰ ਉਜਾਗਰ ਕੀਤਾ, ਜੋ ਸਾਲਾਨਾ 248 ਮਿਲੀਅਨ ਟਨ ਦੁੱਧ ਪੈਦਾ ਕਰਦਾ ਹੈ ਅਤੇ ਵਿਸ਼ਵ ਉਤਪਾਦਨ ਦਾ 25% ਬਣਦਾ ਹੈ। ਉਨ੍ਹਾਂ ਕਿਹਾ, "NDRI ਨਾਲ ਸਾਂਝੇਦਾਰੀ ਵਿੱਚ, ਨਾਬਾਰਡ ਛੋਟੇ-ਧਾਰਕ-ਕੇਂਦ੍ਰਿਤ, ਘੱਟ-ਨਿਕਾਸ ਵਾਲੇ ਡੇਅਰੀ ਫਾਰਮਾਂ ਵਿੱਚ ਇੱਕ ਮੋਹਰੀ ਭੂਮਿਕਾ ਨਿਭਾਏਗਾ - ਚੁਣੌਤੀਆਂ ਨੂੰ ਸਥਿਰਤਾ ਅਤੇ ਇਕੁਇਟੀ ਦੇ ਗਲੋਬਲ ਮਾਡਲਾਂ ਵਿੱਚ ਬਦਲੇਗਾ।




# ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਤਹਿਤ ਮ੍ਰਿਤਕ ਦੇ ਵਾਰਸਾਂ ਨੂੰ 2 ਲੱਖ ਦਾ ਕਲੇਮ ਦਿੱਤਾ

ਚੰਡੀਗੜ੍ਹ, 13 ਮਾਰਚ (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ, ਜਿਸਦੀ ਕਿਸ਼ਤ 436 ਰੁਪਏ ਪ੍ਰਤੀ ਸਾਲ ਹੈ, ਜਿਸ ਤਹਿਤ ਮ੍ਰਿਤਕ ਹਰਮਨਪ੍ਰੀਤ ਕੌਰ, ਜਿਸਦੀ ਸਿਹਤ ਖਰਾਬ ਹੋਣ ਕਾਰਨ ਅਚਾਨਕ ਮੌਤ ਹੋ ਗਈ ਸੀ, ਦਾ ਬੀਮਾ ਪੰਜਾਬ ਐਂਡ ਸਿੰਧ ਬੈਂਕ ਬ੍ਰਾਂਚ ਦਸ਼ਮੇਸ਼ ਪਬਲਿਕ ਸਕੂਲ ਫਰੀਦਕੋਟ ਵੱਲੋਂ ਕਰਵਾਇਆ ਗਿਆ ਸੀ, ਪਰਿਵਾਰ ਵੱਲੋਂ ਮੌਤ ਸਰਟੀਫਿਕੇਟ ਅਤੇ ਵਾਰਸਾਂ ਦਾ ਸਬੂਤ ਦੇਣ ਤੋਂ ਕੁਝ ਦਿਨ ਬਾਅਦ, ਪੰਜਾਬ ਐਂਡ ਸਿੰਧ ਬੈਂਕ ਫਰੀਦਕੋਟ ਵੱਲੋਂ ਵਾਰਸਾਂ ਨੂੰ 2 ਲੱਖ ਰੁਪਏ ਦਾ ਦਾਅਵਾ ਸੌਂਪਿਆ ਗਿਆ। ਇਸ ਸਮੇਂ ਬੈਂਕ ਦੇ ਜ਼ੋਨਲ ਮੈਨੇਜਰ ਸ਼੍ਰੀ ਸ਼ੀਤਲ ਮਹਾਜਨ ਨੇ ਵੀ ਲੋਕਾਂ ਨੂੰ ਇਸ ਬੀਮੇ ਬਾਰੇ ਜਾਗਰੂਕ ਕੀਤਾ ਅਤੇ ਬੈਂਕ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਸਮੇਂ ਮੁੱਖ ਪ੍ਰਬੰਧਕ ਸ਼੍ਰੀ ਰਮੇਸ਼ ਕੁਮਾਰ ਖਿਚੀ, ਬ੍ਰਾਂਚ ਮੈਨੇਜਰ ਵਿਕਾਸ ਕੁਮਾਰ ਸ਼ਰਮਾ, ਕੈਸ਼ੀਅਰ ਸੰਦੀਪ ਮਖੀਜਾ, ਸਹਾਇਕ ਮੈਨੇਜਰ ਨੀਰੂ ਰਾਣੀ, ਅੰਕਿਤ ਮਹਾਜਨ, ਅਨਮੋਲ, ਊਸ਼ਾ ਰਾਣੀ ਅਤੇ ਗੰਨਮੈਨ ਰੂਪ ਸਿੰਘ ਮੌਜੂਦ ਸਨ।



# ਬੇਰੁਜ਼ਗਾਰ ਮਲਟੀ ਪਰਪਜ਼ ਹੈਲਥ ਵਰਕਰਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦਾ ਐਲਾਨ



ਕੌਹਰੀਆਂ, 13 ਮਾਰਚ (ਅਵਤਾਰ ਸਿੰਘ ਜਟਾਣਾ): ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ (ਮੇਲ) ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਹਰਵਿੰਦਰ ਸਿੰਘ ਥੂਹੀ ਵੱਲੋਂ ਅੱਜ ਇਕ ਅਹਿਮ ਐਲਾਨ ਕਰਦਿਆਂ ਦੱਸਿਆ ਗਿਆ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਕੱਢੀਆਂ ਗਈਆਂ MPHW (Male) ਦੀਆਂ 270 ਅਸਾਮੀਆਂ ਦਾ ਪੇਪਰ ਲੈਣ ਅਤੇ ਬਾਬਾ ਫ਼ਰੀਦ ਯੂਨੀਵਰਸਿਟੀ ਵੱਲੋਂ ਨਤੀਜਾ ਜਾਰੀ ਕੀਤੇ ਜਾਣ ਦੇ ਬਾਵਜੂਦ, ਅਜੇ ਤੱਕ ਚੁਣੇ ਗਏ 270 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਨਹੀਂ ਕੀਤੇ ਗਏ। ਇਸ ਦੇ ਰੋਸ ਵਜੋਂ ਯੂਨੀਅਨ ਵੱਲੋਂ 15 ਮਾਰਚ, ਦਿਨ ਐਤਵਾਰ ਨੂੰ ਸਿਹਤ ਮੰਤਰੀ ਪੰਜਾਬ ਦੀ ਕੋਠੀ ਦਾ ਘਿਰਾਓ ਕਰਨ ਦਾ ਫੈਸਲਾ ਕੀਤਾ ਗਿਆ ਹੈ।ਸੂਬਾ ਪ੍ਰਧਾਨ ਨੇ ਕਿਹਾ ਕਿ ਇਹ ਗੱਲ ਸਿਹਤ ਮੰਤਰੀ ਦੇ ਧਿਆਨ ਵਿੱਚ ਲਿਆਉਣੀ ਬੇਹੱਦ ਜ਼ਰੂਰੀ ਹੈ ਕਿ ਇੱਕ ਪਾਸੇ ਸਿਹਤ ਵਿਭਾਗ ਵਿੱਚ ਮੈਦਾਨੀ ਪੱਧਰ 'ਤੇ ਕਰਮਚਾਰੀਆਂ ਦੀ ਭਾਰੀ ਘਾਟ ਹੈ ਅਤੇ ਦੂਜੇ ਪਾਸੇ ਮੈਰਿਟ ਅਨੁਸਾਰ ਚੁਣੇ ਗਏ ਯੋਗ ਉਮੀਦਵਾਰ ਬਿਨਾਂ ਕਿਸੇ ਵਜ੍ਹਾ ਦੇ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ। ਇਹ ਸਥਿਤੀ ਨਾ ਸਿਰਫ਼ ਉਮੀਦਵਾਰਾਂ ਨਾਲ ਅਨਿਆਂ ਹੈ, ਸਗੋਂ ਸਰਕਾਰੀ ਸਿਹਤ ਸੇਵਾਵਾਂ 'ਤੇ ਵੀ ਨਕਾਰਾਤਮਕ ਪ੍ਰਭਾਵ ਪਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਇਸ ਸਬੰਧੀ ਵਾਰ-ਵਾਰ ਮਾਨਯੋਗ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਨੂੰ ਮਿਲ ਕੇ ਆਪਣੀ ਮੰਗ ਤੋਂ ਜਾਣੂੰ ਕਰਵਾ ਚੁੱਕੇ ਹਾਂ, ਪਰ ਲਗਾਤਾਰ ਨਿਯੁਕਤੀ ਪੱਤਰ ਜਾਰੀ ਕਰਨ ਵਿੱਚ ਦੇਰੀ ਕੀਤੀ ਜਾ ਰਹੀ ਹੈ।ਇਸ ਲਈ ਸਾਰੇ ਯੋਗ ਉਮੀਦਵਾਰਾਂ ਨੂੰ ਤੁਰੰਤ ਨਿਯੁਕਤੀ ਪੱਤਰ ਜਾਰੀ ਕਰਵਾਉਣ ਅਤੇ ਆਪਣੀਆਂ ਜਾਇਜ਼ ਮੰਗਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਵਾਉਣ ਲਈ 15 ਮਾਰਚ ਨੂੰ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜ ਸੰਗਤੀਵਾਲਾ, ਨਾਹਰ ਸਿੰਘ, ਲਖਵਿੰਦਰ ਸਿੰਘ, ਸਾਹਿਬ ਸਿੰਘ, ਰਵਿੰਦਰ ਸਿੰਘ ਅਜਨਾਲਾ, ਨੀਰਜ਼ ਕੁਮਾਰ, ਵਿਕਰਮ ਫਿਰੋਜ਼ਪੁਰ, ਨਵਦੀਪ ਸਿੰਘ, ਗਗਨਦੀਪ ਸਿੰਘ, ਹਰਮਨ ਸਿੰਘ, ਦੀਪ ਸਿੰਘ, ਜਗਤਾਰ ਸਿੰਘ, ਮਨਪ੍ਰੀਤ ਸਿੰਘ, ਮੇਜਰ ਪਾਤੜਾਂ, ਮਨਦੀਪ ਝੁਨੀਰ, ਹਰਕੀਰਤ ਸਿੰਘ, ਸਤਵੀਰ ਸਿੰਘ, ਭੁਪਿੰਦਰ ਸੁਨਾਮ ਅਤੇ ਗੁਰਪਿਆਰ ਸਿੰਘ ਮਾਨਸਾ ਆਦਿ ਹਾਜ਼ਰ ਸਨ।

# ਮਲੋਟ ਵਿੱਚ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਪ੍ਰਸ਼ਾਸਨ ਸਰਗਰਮ;

## ਬੱਸ ਅੱਡੇ ਤੋਂ ਹਾਈਵੇਅ 'ਤੇ ਸਿੱਧੀ ਐਂਟਰੀ ਬੰਦ, ਸੜਕ ਕਿਨਾਰੇ ਲੱਗੀਆਂ ਗੈਰਕਾਨੂੰਨੀ ਰੇਹੜੀਆਂ ਫੜ੍ਹੀਆਂ ਅਤੇ ਹੋਰ ਨਜਾਇਜ਼ ਕਬਜ਼ੇ ਕਰਨ ਵਾਲਿਆਂ 'ਤੇ ਕਾਰਵਾਈ ਦੇ ਹੁਕਮ



ਮਲੋਟ, 13 ਮਾਰਚ (ਅਮਨਦੀਪ ਸਿੰਘ ਮਹਿਰਾ): ਸ਼ਹਿਰ ਵਿੱਚ ਦਿਨੋਂ-ਦਿਨ ਵੱਧ ਰਹੀ ਟਰੈਫਿਕ ਸਮੱਸਿਆ ਤੋਂ ਪਰੇਸ਼ਾਨ ਲੋਕਾਂ ਨੂੰ ਰਾਹਤ ਦੇਣ ਲਈ ਪ੍ਰਸ਼ਾਸਨ ਸਰਗਰਮ ਹੋ ਗਿਆ ਹੈ। ਐਸਡੀਐਮ ਪੰਕਜ ਕੁਮਾਰ ਦੀ ਅਗਵਾਈ ਹੇਠ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਜੀਟੀ ਰੋਡ ਸਥਿਤ ਬੱਸ ਅੱਡੇ ਅਤੇ ਮਲੋਟ-ਅਬੋਹਰ ਰੋਡ ਦਾ ਦੌਰਾ ਕਰਕੇ ਟਰੈਫਿਕ ਪ੍ਰਬੰਧ ਨੂੰ ਸੁਚਾਰੂ ਬਣਾਉਣ ਲਈ ਨਵੀਂ ਰੂਪਰੇਖਾ ਤਿਆਰ ਕੀਤੀ।ਇਸ ਮੌਕੇ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੇ ਅਧਿਕਾਰੀ ਅਰੁਣ ਕੁਮਾਰ ਭੱਟ, ਪੀਡਬਲਡੀ ਦੇ ਐਸਡੀਓ ਮਨਿੰਦਰ ਸਿੰਘ ਅਤੇ ਜੂਨੀਅਰ ਇੰਜੀਨੀਅਰ ਅਮਨਦੀਪ ਸਿੰਘ ਕਲਸੀ,ਨਗਰ ਕੌਂਸਲ ਮਲੋਟ ਦੇ ਕਾਰਜਸਾਧਕ ਅਧਿਕਾਰੀ ਮੰਗਤ ਰਾਮ, ਸਿਟੀ ਟਰੈਫਿਕ ਪੁਲਿਸ ਦੇ ਏ ਐਸ ਆਈ ਜਸਪਾਲ ਸਿੰਘ, ਗੁਰਮੀਤ ਸਿੰਘ ਸਮੇਤ ਵੱਖ ਵੱਖ ਵਿਭਾਗਾਂ ਦੇ ਦੇ ਅਧਿਕਾਰੀ ਵੀ ਮੌਜੂਦ ਸਨ। ਅਧਿਕਾਰੀਆਂ ਵੱਲੋਂ ਬੱਸ ਅੱਡੇ ਤੋਂ ਬਾਹਰ ਨਿਕਲਣ ਵਾਲੀਆਂ ਬੱਸਾਂ ਅਤੇ ਮਲੋਟ-ਅਬੋਹਰ ਰੋਡ 'ਤੇ ਵੱਧ ਰਹੇ ਟਰੈਫਿਕ ਦਾ ਜਾਇਜ਼ਾ ਲਿਆ ਗਿਆ।ਪ੍ਰਸ਼ਾਸਨ ਨੇ ਤੁਰੰਤ ਪ੍ਰਭਾਵ ਨਾਲ ਬੱਸ ਅੱਡੇ ਤੋਂ ਨਿਕਲਣ ਵਾਲੀਆਂ ਬੱਸਾਂ ਦੀ ਨੈਸ਼ਨਲ ਹਾਈਵੇ 'ਤੇ ਸਿੱਧੀ ਐਂਟਰੀ ਬੰਦ ਕਰ ਦਿੱਤੀ ਹੈ। ਹੁਣ ਮੁਕਤਸਰ, ਬਠਿੰਡਾ, ਫਾਜ਼ਿਲਕਾ ਅਤੇ ਅਬੋਹਰ ਵੱਲ ਜਾਣ ਵਾਲੀਆਂ ਬੱਸਾਂ ਹਾਈਵੇਅ ਦੇ ਨਾਲ ਬਣੀ ਸਰਵਿਸ ਰੋਡ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਚੌਂਕ ਤੋਂ ਅੱਗੇ ਜਾਣਗੀਆਂ। ਜਦਕਿ ਹਰਿਆਣਾ, ਡੱਬਵਾਲੀ, ਸਿਰਸਾ ਅਤੇ ਦਿੱਲੀ ਵੱਲ ਜਾਣ ਵਾਲੀਆਂ ਬੱਸਾਂ ਨੂੰ ਹੀ ਨੈਸ਼ਨਲ ਹਾਈਵੇਅ 'ਤੇ ਦਾਖ਼ਲੇ ਦੀ ਆਗਿਆ ਦਿੱਤੀ ਗਈ ਹੈ।ਇਸ ਹੁਕਮ ਨੂੰ ਲਾਗੂ ਕਰਨ ਲਈ ਟਰੈਫਿਕ ਪੁਲਿਸ ਵੱਲੋਂ ਮੌਕੇ 'ਤੇ ਬੈਰੀਕੇਡ ਲਗਾ ਕੇ ਪ੍ਰਬੰਧ ਸ਼ੁਰੂ ਕਰ ਦਿੱਤਾ ਗਿਆ ਹੈ। ਪ੍ਰਸ਼ਾਸਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਬੱਸ ਚਾਲਕ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਤੋਂ ਇਲਾਵਾ ਮਲੋਟ-ਅਬੋਹਰ ਰੋਡ 'ਤੇ ਲੱਗਣ ਵਾਲੇ ਟਰੈਫਿਕ ਜਾਮ ਦੀ ਸਮੱਸਿਆ ਦੇ ਹੱਲ ਲਈ ਵੀ ਅਧਿਕਾਰੀਆਂ ਵੱਲੋਂ ਮੌਕੇ ਦਾ ਜਾਇਜ਼ਾ ਲਿਆ ਗਿਆ। ਦੱਸਿਆ ਗਿਆ ਕਿ ਮੁਕਤਸਰ ਰੋਡ ਤੋਂ ਆਉਣ ਵਾਲੇ ਭਾਰੀ ਅਤੇ ਹਲਕੇ ਵਾਹਨ ਸਿੱਧੇ ਅਬੋਹਰ ਰੋਡ ਵਿੱਚ ਦਾਖ਼ਲ ਹੋ ਜਾਂਦੇ ਸਨ, ਜਿਸ ਕਾਰਨ ਅਕਸਰ ਜਾਮ ਦੀ ਸਥਿਤੀ ਬਣ ਜਾਂਦੀ ਸੀ। ਉੱਥੇ ਇੱਕ ਨਿੱਜੀ ਸਕੂਲ ਹੋਣ ਕਰਕੇ ਛੁੱਟੀ ਦੇ ਸਮੇਂ ਟਰੈਫਿਕ ਹੋਰ ਵੀ ਵੱਧ ਜਾਂਦਾ ਹੈ।ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਸ਼ਹੀਦ ਭਗਤ ਸਿੰਘ ਚੌਂਕ ਸਾਹਮਣੇ ਮਾਰਕੀਟ ਵਿੱਚ ਕੁਝ ਦੁਕਾਨਦਾਰਾਂ ਵੱਲੋਂ ਸੜਕ ਕਿਨਾਰੇ ਰੇਹੜੀ-ਫੜ੍ਹੀ ਅਤੇ ਫਲ-ਫਰੂਟ ਦੇ ਠੇਲ੍ਹੇ ਲਗਾ ਕੇ ਅਤੇ ਪੱਕੇ ਸਟੈਂਡ ਬਣਾਕੇ ਕਿਰਾਇਆ ਵਸੂਲ ਕੀਤਾ ਜਾ ਰਿਹਾ ਹੈ। ਇਸ 'ਤੇ ਐਸਡੀਐਮ ਨੇ ਨਗਰ ਕੌਂਸਲ ਦੇ ਕਾਰਜਸਾਧਕ ਅਧਿਕਾਰੀ ਨੂੰ ਸਖ਼ਤ ਹੁਕਮ ਦਿੱਤੇ ਕਿ ਸੜਕ ਦੀ ਮਾਪ ਕਰਵਾ ਕੇ ਗੈਰਕਾਨੂੰਨੀ ਤੌਰ 'ਤੇ ਲੱਗੇ ਸਟੈਂਡ, ਰੇਹੜੀਆਂ ਅਤੇ ਫੜ੍ਹੀਆਂ ਨੂੰ ਤੁਰੰਤ ਹਟਾਇਆ ਜਾਵੇ, ਤਾਂ ਜੋ ਟਰੈਫਿਕ ਪ੍ਰਬੰਧ ਸੁਚਾਰੂ ਬਣਾਇਆ ਜਾ ਸਕੇ।ਇਸ ਦੇ ਨਾਲ ਹੀ ਅਧਿਕਾਰੀਆਂ ਨੇ ਨੈਸ਼ਨਲ ਹਾਈਵੇਅ ਅਥਾਰਟੀ ਨੂੰ ਇਹ ਵੀ ਹੁਕਮ ਦਿੱਤੇ ਹਨ ਕਿ ਮੁਕਤਸਰ ਤੋਂ ਅਬੋਹਰ-ਫਾਜ਼ਿਲਕਾ ਜਾਣ ਵਾਲੇ ਵਾਹਨਾਂ ਲਈ ਪੈਟਰੋਲ ਪੰਪ ਦੇ ਨੇੜੇ ਬਣਾਇਆ ਗਿਆ ਰਸਤਾ ਵੀ ਸਥਾਈ ਤੌਰ 'ਤੇ ਬੰਦ ਕੀਤਾ ਜਾਵੇ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਫੈਸਲਿਆਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ, ਜਿਸ ਨਾਲ ਸ਼ਹਿਰ ਵਿੱਚ ਟਰੈਫਿਕ ਪ੍ਰਬੰਧ ਬਿਹਤਰ ਹੋਵੇਗਾ ਅਤੇ ਲੋਕਾਂ ਨੂੰ ਜਾਮ ਤੋਂ ਰਾਹਤ ਮਿਲੇਗੀ।ਫੋਟੋ ਕੈਪਸ਼ਨ ਐਸਡੀਐਮ ਮਲੋਟ ਪੰਕਜ ਕੁਮਾਰ ਐਨ ਐਚ ਏਆਈ ਨਗਰ ਕੌਂਸਲ ਪੀਡਬਲਡੀ ਟਰੈਫਿਕ ਪੁਲਿਸ ਆਦਿ ਅਧਿਕਾਰੀਆਂ ਨਾਲ ਅਬੋਹਰ ਰੋਡ 'ਤੇ ਟਰੈਫਿਕ ਸਬੰਧੀ ਜਾਇਜ਼ਾ ਲੈਂਦੇ ਹੋਏ ਦੂਜੀ ਤਸਵੀਰ ਵਿੱਚ ਬੱਸ ਅੱਡੇ ਵਿੱਚੋਂ ਬਾਹਰ ਨਿਕਲਣ ਵਾਲੀਆਂ ਬੱਸਾਂ ਦੀ ਐਂਟਰੀ ਬੰਦ ਕਰਨ ਲਈ ਲਾਏ ਗਏ ਬੈਰੀਕੇਡ

# ਬੱਲ੍ਹੋ ਦੇ ਆਂਗਨਵਾੜੀ ਸੈਂਟਰ ਵਿੱਚ ਮਨਾਇਆ ਗਿਆ ਖੇਡ ਦਿਵਸ*



ਬਠਿੰਡਾ, 13 ਮਾਰਚ (ਜਗਸੀਰ): ਪਿੰਡ ਬੱਲ੍ਹੋ ਵਿਖੇ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਆਂਗਣਵਾੜੀ ਸੈਂਟਰਾਂ ਦੇ ਬੱਚਿਆਂ ਦੀ ਦੇਖਭਾਲ ਅਤੇ ਸਿੱਖਿਆ ਗਤੀਵਿਧੀ ਨੂੰ ਉਤਸ਼ਾਹਿਤ ਕਰਨ ਦੀ ਉਦੇਸ਼ ਨਾਲ ਆਂਗਣਵਾੜੀ ਖੇਡ ਦਿਵਸ ਮਨਾਇਆ ਗਿਆ। ਜਿੱਥੇ ਆਂਗਣਵਾੜੀ ਵਰਕਰਾਂ ਦੇ ਮਨੋਬਲ ਨੂੰ ਵਧਾਉਣ ਤੇ ਉਹਨਾਂ ਦੀ ਤੰਦਰੁਸਤੀ ਲਈ ਵਿਸੇਸ਼ ਮੁਕਾਬਲੇ ਕਰਵਾਏ ਗਏ। ਪਿੰਡ ਬੱਲ੍ਹੋ ਸਰਕਲ ਦੇ ਸੱਤ ਪਿੰਡ ਘੜੈਲਾ, ਘੜੈਲੀ, ਜੈਦ, ਜਿਉਂਦ, ਬੱਲ੍ਹੋ, ਬਦਿਆਲਾ ਅਤੇ ਪਿੱਥੋ ਦੀਆਂ 23 ਸੈਂਟਰਾਂ ਦੀਆਂ ਆਂਗਣਵਾੜੀ ਵਰਕਰਾਂ ਨੇ ਭਾਗ ਲਿਆ।ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਦੌੜਾ, ਰੱਸੀ ਕੁੱਦਣਾ, ਨਿੰਬੂ ਚਮਚ, ਬੋਰੀ ਦੌੜ, ਡੱਡੂ ਰੇਸ ਅਤੇ ਗੇਂਦ ਗਤੀਵਿਧੀਆਂ ਕਰਵਾਈਆਂ ਗਈਆਂ। ਨਿੰਬੂ ਚਮਚ ਮੁਕਾਬਲੇ ਤੇ ਬੋਰੀ ਦੌੜ ਵਿੱਚ ਪਿੰਡ ਬਦਿਆਲਾ ਦੀ ਪਰਮਜੀਤ ਕੌਰ ਅਤੇ ਰੱਸੀ ਕੁੱਦਣ ਤੇ ਗੇਂਦ ਗਤੀਵਿਧੀ ਮੁਕਾਬਲੇ ਵਿੱਚ ਪਿੰਡ ਜਿਉਂਦ ਦੀ ਆਂਗਣਵਾੜੀ ਵਰਕਰ ਰਾਜਵੀਰ ਕੌਰ ਜੇਤੂ ਰਹੀਆਂ। ਖੇਡਾਂ ਦੇ ਅੰਤ ਵਿੱਚ ਵੱਖ ਵੱਖ ਮੁਕਾਬਲਿਆਂ ਵਿੱਚੋਂ ਜੇਤੂ ਰਹਿਣ ਵਾਲੀਆਂ ਵਰਕਰਾਂ ਨੂੰ ਮਹਿਲਾ ਸਰਪੰਚ ਅਮਰਜੀਤ ਕੌਰ ਨੇ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਸਰਪੰਚ ਅਮਰਜੀਤ ਕੌਰ ਅਤੇ ਸੁਪਰਵਾਈਜ਼ਰ ਪਰਮਜੀਤ ਕੌਰ ਨੇ ਕਿਹਾ ਕਿ ਅਜਿਹੇ ਸਮਾਗਮਾਂ ਦਾ ਮੁੱਖ ਮਕਸਦ ਆਂਗਣਵਾੜੀ ਵਰਕਰਾਂ ਦੇ ਕੰਮ ਦੇ ਬੋਝ ਨੂੰ ਘੱਟ ਕਰਨਾ ਅਤੇ ਉਹਨਾਂ ਵਿੱਚ ਟੀਮ ਭਾਵਨਾ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵਰਕਰ ਖੁਦ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਰਹਿਣਗੇ ਤਾਂ ਹੀ ਉਹ ਬੱਚਿਆਂ ਦੀ ਦੇਖਭਾਲ ਤੇ ਸਿੱਖਿਆ ਗਤੀਵਿਧੀਆਂ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹ ਸਕਣਗੇ। ਇਸ ਮੌਕੇ ਪਰਮਜੀਤ ਸਿੰਘ ਵੀਡੀਓ, ਹਰਬੰਸ ਸਿੰਘ ਪੰਚ, ਆਂਗਣਵਾੜੀ ਵਰਕਰ ਕਿਰਨਪਾਲ ਕੌਰ, ਸੁਖਪਾਲ ਕੌਰ, ਜਸਵਿੰਦਰ ਕੌਰ, ਪਰਮਜੀਤ ਕੌਰ ਅਤੇ ਜਸਬੀਰ ਕੌਰ ਹਾਜ਼ਰ ਸਨ।

# ਪਿੰਡ ਦਿਆਲਪੁਰਾ ਦੇ ਦਰਜਨਾਂ ਪਰਿਵਾਰ ਅਰਵਿੰਦ ਖੰਨਾ ਦੀ ਅਗਵਾਈ ਵਿੱਚ ਅਕਾਲੀ ਦਲ ਵਿੱਚ ਸ਼ਾਮਿਲ



ਭਵਾਨੀਗੜ੍ਹ, 13 ਮਾਰਚ (ਅਮਨਦੀਪ ਸਿੰਘ ਮਾਝਾ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਵੱਲੋਂ ਪਾਰਟੀ ਪ੍ਰਤੀ ਸ਼ੁਰੂ ਕੀਤੀ ਲਾਮਬੰਦੀ ਦੇ ਚੱਲਦਿਆਂ ਵੱਡੀ ਗਿਣਤੀ ਲੋਕਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ ਤੇ ਇਸ ਕਵਾਇਦ ਤਹਿਤ ਅੱਜ ਭਵਾਨੀਗੜ੍ਹ ਨੇੜਲੇ ਪਿੰਡ ਦਿਆਲਪੁਰਾ ਵਿਖੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਉਸ ਸਮੇਂ ਹੋਰ ਵੱਡਾ ਬਲ ਮਿਲਿਆ, ਜਦੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਦੂਰਅੰਦੇਸ਼ੀ ਸੋਚ ਅਤੇ ਅਰਵਿੰਦ ਖੰਨਾ ਦੀਆਂ ਲੋਕ ਪੱਖੀ ਨੀਤੀਆਂ ਵਿੱਚ ਵਿਸ਼ਵਾਸ ਜਤਾਉਂਦੇ ਹੋਏ ਵੱਡੀ ਗਿਣਤੀ ਵਿੱਚ ਸਾਥੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ।ਸ਼ਾਮਿਲ ਹੋਏ ਸਾਰੇ ਸਾਥੀਆਂ ਦਾ ਦਿਲੋਂ ਸਵਾਗਤ ਕਰਦਿਆਂ ਅਰਵਿੰਦ ਖੰਨਾ ਨੇ ਕਿਹਾ ਕਿ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਉਹਨਾਂ ਕਿਹਾ ਕਿ ਅੱਜ ਪੰਜਾਬ ਪ੍ਰਤੀ ਹੋ ਰਹੀਆਂ ਵਿਰੋਧੀ ਨੀਤੀਆਂ ਦੇ ਚੱਲਦਿਆਂ ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਹੱਕਾਂ ਦੀ ਗੱਲ ਕਰ ਸਕਦੀ ਹੈ।ਪਾਰਟੀ ਵਿੱਚ ਆਉਣ ਵਾਲੇ ਲੋਕ ਪੰਜਾਬ ਹਿਤੈਸ਼ੀ ਹੋਣ ਦਾ ਸਬੂਤ ਦੇ ਰਹੇ ਹਨ, ਅੱਜ ਪਿੰਡ ਦਿਆਲਪੁਰਾ ਤੋਂ ਮਹਿੰਦਰ ਸਿੰਘ, ਭੁਪਿੰਦਰ ਸਿੰਘ ਜੀ, ਤਰਸੇਮ ਸਿੰਘ, ਗੁਰਵੀਰ ਸਿੰਘ ਜੀ, ਅਵਤਾਰ ਸਿੰਘ, ਅਰਸ਼ਦੀਪ ਸਿੰਘ, ਗੁਰਮੀਤ ਸਿੰਘ, ਚਮਕੌਰ ਸਿੰਘ, ਨਿਸ਼ਾਨ ਸਿੰਘ, ਹਰਜੀਤ ਸਿੰਘ, ਜਗਜੀਤ ਸਿੰਘ, ਜੀਵਨ ਸਿੰਘ, ਚੰਚਲ ਸਿੰਘ ਜੀ ਅਤੇ ਤਜਿੰਦਰਪਾਲ ਸਿੰਘ ਜੀ ਆਪਣੇ ਸਾਥੀਆਂ ਸਮੇਤ ਵੱਖ-ਵੱਖ ਪਾਰਟੀਆਂ ਛੱਡ ਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਸ਼ਾਮਿਲ ਹੋਏ। ਇਸ ਮੌਕੇ ਤਜਿੰਦਰ ਪਾਲ ਸਿੰਘ ਸੰਘਰੇੜੀ ਜ਼ਿਲ੍ਹਾ ਪ੍ਰਧਾਨ, ਰੁਪਿੰਦਰ ਸਿੰਘ ਰੰਧਾਵਾ ਸਾਬਕਾ ਚੇਅਰਮੈਨ, ਹਰਵਿੰਦਰ ਸਿੰਘ ਕਾਕੜਾ, ਗੋਲਡੀ ਤੂਰ, ਜਸਵੀਰ ਸਿੰਘ ਬਾਲਦ ਖੁਰਦ ਸਰਕਲ ਪ੍ਰਧਾਨ, ਪਰਮਜੀਤ ਸਿੰਘ ਸੰਗਤਪੁਰਾ ਸਰਕਲ ਪ੍ਰਧਾਨ, ਗੁਰਨਾਮ ਸਿੰਘ ਸਾਬਕਾ ਸਰਪੰਚ, ਕਰਨੈਲ ਸਿੰਘ ਸਾਬਕਾ ਸਰਪੰਚ, ਦਰਸ਼ਨ ਸਿੰਘ ਫੌਜੀ ਅਤੇ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਸੁਨੇਹਾ ਦੇਣ ਲਈ 22 ਮਾਰਚ ਨੂੰ ਮਲੋਟ ਵਿੱਚ ਮੈਰਾਥਨ ਕਰਵਾਏਗਾ, ਲਾਇਨਜ਼ ਕਲੱਬ ਇੰਟਰਨੈਸ਼ਨਲ ਮਲੋਟ ਰਾਇਲ




ਮਲੋਟ, 13 ਮਾਰਚ (ਅਮਨਦੀਪ ਸਿੰਘ ਮਹਿਰਾ) : ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਅਤੇ ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਲਾਇਨਜ਼ ਕਲੱਬ ਇੰਟਰਨੈਸ਼ਨਲ ਮਲੋਟ ਰਾਇਲ ਵੱਲੋਂ 22 ਮਾਰਚ ਨੂੰ ਮਲੋਟ ਵਿੱਚ ਮੈਰਾਥਨ ਦੌੜ ਕਰਵਾਈ ਜਾ ਰਹੀ ਹੈ।ਇਸ ਸਬੰਧੀ ਕਲੱਬ ਦੇ ਪ੍ਰਧਾਨ ਸੁਨੀਸ਼ ਗੋਇਲ ਨੀਟਾ ਅਤੇ ਸੈਕਟਰੀ ਦੀਪਕ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਮੈਰਾਥਨ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਅਤੇ ਲੋਕਾਂ ਨੂੰ ਸਿਹਤ ਪ੍ਰਤੀ ਸਚੇਤ ਕਰਨਾ ਹੈ। ਉਨ੍ਹਾਂ ਕਿਹਾ ਕਿ ਕਲੱਬ ਵੱਲੋਂ ਲੋਕਾਂ ਨੂੰ ਕਸਰਤ ਅਤੇ ਸੈਰ ਲਈ ਉਤਸ਼ਾਹਿਤ ਕਰਨ ਦੇ ਨਾਲ ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਮੈਰਾਥਨ ਵਿੱਚ ਹਰ ਵਰਗ ਦੇ ਲੱਗਭੱਗ 1500 ਲੋਕ ਭਾਗ ਲੈਣਗੇ ਅਤੇ ਇਸ ਦੀਆਂ ਤਿਆਰੀਆਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਮੈਰਾਥਨ ਸਵੇਰੇ 6 ਵਜੇ ਅਨਾਜ ਮੰਡੀ ਮਲੋਟ ਤੋਂ ਸ਼ੁਰੂ ਹੋ ਕੇ ਦਾਨੇਵਾਲਾ ਚੌਂਕ ਤੱਕ ਜਾਵੇਗੀ ਅਤੇ ਉੱਥੋਂ ਵਾਪਸ ਅਨਾਜ ਮੰਡੀ ਵਿੱਚ ਸਮਾਪਤ ਹੋਵੇਗੀ।ਮੈਰਾਥਨ ਵਿੱਚ ਭਾਗ ਲੈਣ ਵਾਲੇ ਰਜਿਸਟਰਡ ਭਾਗੀਦਾਰਾਂ ਨੂੰ ਕਲੱਬ ਵੱਲੋਂ ਟੀ-ਸ਼ਰਟ ਦਿੱਤੀਆਂ ਜਾਣਗੀਆਂ ਅਤੇ ਅਨਾਜ ਮੰਡੀ ਵਿੱਚ ਡਾਇਟ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਸੁਰੱਖਿਆ ਅਤੇ ਆਵਾਜਾਈ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਟ੍ਰੈਫਿਕ ਨੂੰ ਵਨ-ਵੇ ਚਲਾਇਆ ਜਾਵੇਗਾ ਅਤੇ ਮੈਰਾਥਨ ਦੇ ਭਾਗੀਦਾਰਾਂ ਲਈ ਇੱਕ ਸੜਕ ਨਿਰਧਾਰਿਤ ਕੀਤੀ ਜਾਵੇਗੀ।ਲੱਗਭੱਗ 6 ਕਿਲੋਮੀਟਰ ਲੰਬੀ ਇਸ ਮੈਰਾਥਨ ਦੌਰਾਨ ਵਲੰਟੀਅਰ ਭਾਗੀਦਾਰਾਂ ਦੇ ਨਾਲ ਨਾਲ ਚੱਲਣਗੇ ਅਤੇ ਵੱਖ-ਵੱਖ ਥਾਵਾਂ 'ਤੇ ਮੈਡੀਕਲ ਟੀਮਾਂ ਦਾ ਵੀ ਪ੍ਰਬੰਧ ਕੀਤਾ ਜਾਵੇਗਾ।ਕਲੱਬ ਵੱਲੋਂ ਸ਼ਹਿਰ ਅਤੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮੈਰਾਥਨ ਨੂੰ ਸਫਲ ਬਣਾਉਣ ਲਈ ਪੂਰਾ ਸਹਿਯੋਗ ਦਿੱਤਾ ਜਾਵੇ।ਇਸ ਮੌਕੇ ਲਾਇਨਜ਼ ਕਲੱਬ ਇੰਟਰਨੈਸ਼ਨਲ ਮਲੋਟ ਰਾਇਲ ਦੇ ਪ੍ਰਧਾਨ ਸੁਨੀਸ਼ ਗੋਇਲ, ਸੈਕਟਰੀ ਦੀਪਕ ਕੁਮਾਰ, ਦਰਮੇਸ਼ ਬਾਂਸਲ, ਅਮਿੱਤ ਵਧਵਾ, ਹੈਰੀ ਸਿੰਗਲਾ, ਮਨੂੰ ਮੰਗਲਾ, ਗੌਰਵ ਮੱਕੜ, ਨਿਸ਼ਾਂਤ ਗੋਇਲ, ਨੋਨੀ ਗਰਗ ਅਤੇ ਚੰਦਨ ਗੁਪਤਾ ਸਮੇਤ ਹੋਰ ਮੈਂਬਰ ਮੌਜੂਦ ਸਨ।

# ਈ.ਸੀ.ਸੀ ਡੇ ਦੇ ਤਹਿਤ ਆਂਗਨਵਾੜੀ ਵਰਕਰਜ਼ ਨੇ ਮਨਾਇਆ ਓਲੰਪਿਕ



ਭਗਤਾ ਭਾਈ ਕਾ, 13 ਮਾਰਚ (ਸਵਰਨ ਸਿੰਘ ਭਗਤਾ): ਸਰਕਾਰੀ ਹੁਕਮਾਂ ਦੇ ਤਹਿਤ ਬਲਾਕ ਭਗਤਾ ਸਰਕਲ ਸਲਾਬਾਤਪੁਰਾ ਪਿੰਡ ਬਸਤੀ ਸੁਰਜੀਤਪੁਰਾ ਦਿਆਲਪੁਰਾ ਭਾਈਕਾ ਵਿਖੇ ਸੁਪਰਵਾਈਜ਼ਰ ਬਿੰਦਰ ਕੌਰ ਦੀ ਅਗਵਾਈ ਵਿੱਚ ਮਨਾਇਆ ਗਿਆ। ਇਸ ਵਿੱਚ ਸਰਕਲ ਦੀਆਂ ਸਾਰੀਆਂ ਆਂਗਣਵਾੜੀ ਵਰਕਰਜ਼ ਅਤੇ ਪ੍ਰਾਇਮਰੀ ਸਕੂਲ ਦੇ ਮਹਿਲਾ ਟੀਚਰ ਮੋਨਿਕਾ ਗੋਇਲ ਨੇ ਵਿਸ਼ੇਸ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਦੌਰਾਨ ਸਾਰੇ ਵਰਕਰਜ਼ ਨੇ ਮਿਊਜ਼ਿਕਲ ਚੇਅਰ ਅੰਨਾ ਝੋਟਾ ਚਮਚੇ ਤੇ ਨਿੰਬੂ ਅਤੇ ਡਾਂਸ ਕਰਕੇ ਖੂਬ ਦਿਲ ਪਰਚਾਇਆ। ਇਹਨਾਂ ਗੇਮਾਂ ਤੋਂ ਇੱਕਠੇ ਹੋ ਕੇ ਰਹਿਣ ਦਾ ਵੀ ਇੱਕ ਸੁਨੇਹਾ ਮਿਲਿਆ ਅਤੇ ਆਂਗਣਵਾੜੀ ਵਿਚ ਆਉਣ ਵਾਲੇ ਬੱਚੇ ਅਤੇ ਮਾਪਿਆਂ ਨੂੰ ਇੱਕ ਵਿਸ਼ੇਸ਼ ਸੁਨੇਹਾ ਦਿੱਤਾ ਕਿ ਹਰ ਰੋਜ਼ ਬੱਚਿਆਂ ਨੂੰ ਭੇਜ ਕੇ ਉਹਨਾਂ ਦੇ ਸਰੀਰਕ ਅਤੇ ਬੋਧਮਿਕ ਵਿਕਾਸ ਵਿੱਚ ਵਾਧਾ ਹੁੰਦਾ ਹੈ ਅਤੇ ਬੱਚੇ ਹਰ ਰੋਜ ਕੁਝ ਨਵਾਂ ਸਿੱਖ ਕੇ ਜਾਂਦੇ ਹਨ।ਇਸ ਪ੍ਰੋਗਰਾਮ ਦੌਰਾਨ ਸ਼ਿੰਦਰਪਾਲ ਕੌਰ ਯੂਨੀਅਨ ਆਗੂ ਆਰਤੀ ਸ਼ਰਮਾ ਸ਼ਰਨਜੀਤ ਕੌਰ ਰੁਪਿੰਦਰ ਕੌਰ ਜਗਦੀਸ਼ ਕੌਰ ਪਰਮਜੀਤ ਕੌਰ ਕਿਰਨਜੀਤ ਕੌਰ ਸ਼ਿੰਦਰ ਕੌਰ ਬੁਰਜ ਰਾਜਗੜ੍ਹ ਰਾਣੀ ਕੌਰ ਡਿਮਪਲ ਰਾਣੀ ਆਦਿ ਸਾਰੀਆਂ ਵਰਕਜ਼ ਨੇ ਸ਼ਮੂਲੀਅਤ ਕੀਤੀ

# ਡਾਕਟਰੀ ਪੇਸ਼ਾ ਹੁਣ ਮੁਨਾਫਾਖੋਰ ਉਦਯੋਗ : ਡਾ. ਕ੍ਰਿਸ਼ਨ ਲਾਲ



ਬੁਢਲਾਡਾ, 13 ਮਾਰਚਾ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ):ਪੁਰਾਣੇ ਸਮਿਆਂ ਵਿੱਚ ਡਾਕਟਰ ਨੂੰ ਧਰਤੀ ਦਾ ਰੱਬ ਕਿਹਾ ਜਾਂਦਾ ਸੀ ਅਤੇ ਲੋਕ ਡਾਕਟਰ ਦੇ ਚਰਨਾਂ ਵਿੱਚ ਸਿਰ ਝੁਕਾਉਂਦੇ ਸਨ, ਕਿਉਂਕਿ ਉਹ ਜੀਵਨ ਦਿੰਦਾ ਸੀ। ਪਰ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ, ਨੈਤਿਕ ਕਦਰਾਂ-ਕੀਮਤਾਂ ਦਾ ਇੰਨਾ ਜ਼ਿਆਦਾ ਘਾਣ ਹੋਇਆ ਹੈ ਕਿ ਇਹ ਪਵਿੱਤਰ ਪੇਸ਼ਾ ਹੁਣ ਸਿਰਫ਼ ਇੱਕ ਮੁਨਾਫ਼ਾਖੋਰ ਉਦਯੋਗ ਬਣ ਕੇ ਰਹਿ ਗਿਆ ਹੈ। ਸੈਂਟਰ ਫਾਰ ਦਿ ਐਡਵਾਂਸਮੈਂਟ ਆਫ ਮੈਡੀਸਨ ਕੈਨੇਡਾ ਦੇ ਡਾ. ਨਿਰੰਜਨ ਐੱਸ. ਢੱਲਾ ਦਾ ਇਹ ਕਹਿਣਾ ਹੈ ਕਿ ਕਾਰਡਿਅਕ ਵੈਸਕੂਲਰ (ਦਿਲ ਸਬੰਧੀ ਬਿਮਾਰੀਆਂ) ਦੇ 80 ਫ਼ੀਸਦੀ ਮਾਮਲਿਆਂ ਵਿੱਚ ਸਟੰਟ (ਐਂਜੀਓਪਲਾਸਟੀ) ਪਾਉਣ ਦੀ ਲੋੜ ਹੀ ਨਹੀਂ ਹੁੰਦੀ, ਜਦਕਿ ਅੱਜਕਲ੍ਹ ਡਾਕਟਰ ਸਾਰੇ ਮਰੀਜ਼ਾਂ ਨੂੰ ਸਟੰਟ ਪਾਉਣ ਲਈ ਕਹਿੰਦੇ ਹਨ, ਜੋ ਕਿ ਬਿਲਕੁਲ ਗਲਤ ਹੈ। ਮਰੀਜ਼ ਦਿਲ ਸਬੰਧੀ ਬਿਮਾਰੀ ਦਾ ਨਾਂ ਸੁਣ ਕੇ ਘਬਰਾ ਜਾਂਦੇ ਹਨ, ਜਦਕਿ ਉਸ ਸਮੇਂ ਜੇਕਰ ਡਿਸਪ੍ਰਿਨ ਅਤੇ ਐਸਪਰੀਨ ਦੇ ਦਿੱਤੀ ਜਾਵੇ ਤਾਂ ਉਸ ਨਾਲ ਖੂਨ ਪਤਲਾ ਹੋ ਜਾਂਦਾ ਹੈ ਅਤੇ ਬਾਕੀ ਦਾ ਇਲਾਜ ਡਾਕਟਰ ਦਵਾਈਆਂ ਨਾਲ ਕਰ ਸਕਦੇ ਹਨ। ਡਾ. ਢੱਲਾ ਨੇ ਇਹ ਵੀ ਦੱਸਿਆ ਕਿ ਜਿਸ ਸਮੇਂ ਹਾਰਟ ਅਟੈਕ ਆਉਂਦਾ ਹੈ, ਉਸ ਸਮੇਂ ਮਰੀਜ਼ ਦਾ ਕੰਨ ਮਰੋੜ ਦੇਣਾ ਚਾਹੀਦਾ ਹੈ, ਕਿਉਂਕਿ ਕੰਨ ਦੀਆਂ ਨਸਾਂ ਦਿਲ ਨਾਲ ਜੁੜੀਆਂ ਹੁੰਦੀਆਂ ਹਨ ਅਤੇ ਇਸ ਨਾਲ ਨਰਵ ਸਿਸਟਮ ਐਕਟਿਵ ਹੋ ਜਾਂਦਾ ਹੈ। ਦੂਜੇ ਪਾਸੇ, ਡਾ. ਅਨਿਲ ਗੁਲਾਟੀ ਅਨੁਸਾਰ ਦੁਰਘਟਨਾ ਜਾਂ ਹਾਈਪੋਵਲੇਮਿਕ ਸਟਰੋਕ ਕਾਰਨ ਜਦੋਂ ਖੂਨ ਦੀ ਕਮੀ ਹੁੰਦੀ ਹੈ, ਤਾਂ ਸੇਥਾਕਵਿਨ ਇੰਜੈਕਸ਼ਨ ਰਾਹੀਂ ਗੁਰਦੇ ਸਮੇਤ ਸਰੀਰ ਦੇ ਸਾਰੇ ਅੰਗਾਂ ਤੱਕ ਖੂਨ ਪਹੁੰਚਾਇਆ ਜਾ ਸਕਦਾ ਹੈ, ਜਿਸ ਨਾਲ ਜਾਨ ਬਚ ਸਕਦੀ ਹੈ। ਅਮਰੀਕਾ ਵਿੱਚ 450 ਅਤੇ ਭਾਰਤ ਵਿੱਚ 90 ਮਰੀਜ਼ਾਂ ਤੇ ਹੋਈ ਰਿਸਰਚ ਇਸ ਦੀ ਸਫਲਤਾ ਦੀ ਪੁਸ਼ਟੀ ਕਰਦੀ ਹੈ। ਇਸੇ ਤਰ੍ਹਾਂ ਡਾ.ਦਵਿੰਦਰ ਕੇ.ਐਗਰਵਾਲ ਅਨੁਸਾਰ ਇਲੈਕਟਰੋ-ਮੈਗਨੈਟਿਕ ਤਕਨੀਕ ਨਾਲ ਦਿਮਾਗ ਦੀ ਸੱਟ ਨੂੰ ਸਿਰਫ਼ 21 ਦਿਨਾਂ ਵਿੱਚ ਠੀਕ ਕੀਤਾ ਜਾ ਸਕਦਾ ਹੈ। ਡਾਕਟਰੀ ਖੇਤਰ ਵਿੱਚ ਗੈਰ-ਜ਼ਰੂਰੀ ਆਪ੍ਰੇਸ਼ਨਾਂ ਦਾ ਮੁੱਦਾ ਬੇਹੱਦ ਗੰਭੀਰ ਰੂਪ ਧਾਰਨ ਕਰ ਚੁੱਕਾ ਹੈ। ਓ.ਈ.ਸੀ.ਡੀ ਦੀ ਰਿਪੋਰਟ ਅਨੁਸਾਰ ਵਿਕਸਿਤ ਦੇਸ਼ਾਂ ਵਿੱਚ ਵੀ 20% ਤੋਂ 30% ਖਰਚੇ ਗੈਰ-ਜ਼ਰੂਰੀ ਟੈਸਟਾਂ ਅਤੇ ਸਰਜਰੀਆਂ 'ਤੇ ਹੁੰਦੇ ਹਨ। ਭਾਰਤ ਵਿੱਚ ਬਿਹਾਰ, ਰਾਜਸਥਾਨ ਅਤੇ ਛੱਤੀਸਗੜ੍ਹ ਵਰਗੇ ਰਾਜਾਂ ਵਿੱਚ ਹਜ਼ਾਰਾਂ ਔਰਤਾਂ ਦੇ ਬੱਚੇਦਾਨੀ ਦੇ ਆਪ੍ਰੇਸ਼ਨ ਬਿਨਾਂ ਕਿਸੇ ਵੱਡੀ ਬਿਮਾਰੀ ਦੇ ਸਿਰਫ਼ ਪੈਸੇ ਕਮਾਉਣ ਲਈ ਕੀਤੇ ਗਏ। ਦ ਲੈਂਸੇਟ ਅਨੁਸਾਰ ਲੱਗਭੱਗ 75% ਮਰੀਜ਼ਾਂ ਵਿੱਚ ਸਟੇਬਲ ਬਲਾਕੇਜ ਦਾ ਇਲਾਜ ਸਿਰਫ਼ ਦਵਾਈਆਂ ਨਾਲ ਸੰਭਵ ਹੈ, ਪਰ ਹਸਪਤਾਲ ਸਟੰਟ ਅਤੇ ਬਾਈਪਾਸ ਵਿੱਚ ਹੋਣ ਵਾਲੇ ਮੋਟੇ ਮੁਨਾਫ਼ੇ ਲਈ ਮਰੀਜ਼ਾਂ ਨੂੰ ਡਰਾਉਂਦੇ ਹਨ। ਡਾਕਟਰ ਅਕਸਰ ਐਂਜੀਓਗ੍ਰਾਫੀ ਤੋਂ ਤੁਰੰਤ ਬਾਅਦ ਕਹਿੰਦੇ ਹਨ ਕਿ 90% ਬਲਾਕੇਜ ਹੈ, ਹੁਣੇ ਸਟੰਟ ਪਾਓ ਨਹੀਂ ਤਾਂ ਹਾਰਟ ਅਟੈਕ ਹੋ ਜਾਵੇਗਾ। ਇਹ ਡਰ ਦਾ ਮਾਹੌਲ ਮਰੀਜ਼ ਨੂੰ ਦੂਜੀ ਰਾਏ ਲੈਣ ਤੋਂ ਰੋਕਦਾ ਹੈ। ਇਸੇ ਤਰ੍ਹਾਂ ਗੋਡਾ ਬਦਲਣਾ ਵੀ ਇੱਕ ਵੱਡੀ ਮਾਰਕੀਟ ਬਣ ਗਈ ਹੈ। ਭਾਰਤ ਵਿੱਚ ਪਿਛਲੇ 10 ਸਾਲਾਂ ਵਿੱਚ ਗੋਡਿਆਂ ਦੇ ਆਪ੍ਰੇਸ਼ਨਾਂ ਵਿੱਚ 300% ਵਾਧਾ ਹੋਇਆ ਹੈ, ਜਦਕਿ ਬ੍ਰਿਟਿਸ਼ ਮੈਡੀਕਲ ਜਰਨਲ ਅਨੁਸਾਰ ਇੱਕ ਤਿਹਾਈ ਮਰੀਜ਼ਾਂ ਨੂੰ ਸਰਜਰੀ ਤੋਂ ਬਾਅਦ ਵੀ ਦਰਦ ਰਹਿੰਦਾ ਹੈ, ਕਿਉਂਕਿ ਸਮੱਸਿਆ ਹੱਡੀਆਂ ਦੀ ਨਹੀਂ ਸਗੋਂ ਮਾਸਪੇਸ਼ੀਆਂ ਦੀ ਹੁੰਦੀ ਹੈ। ਹਸਪਤਾਲਾਂ ਦੀ ਬਿਲਿੰਗ ਪ੍ਰਣਾਲੀ ਵੀ ਲੁੱਟ ਦਾ ਵੱਡਾ ਜ਼ਰੀਆ ਹੈ। ਇੱਕ ਫਿਕਸ ਪੈਕੇਜ ਦੱਸ ਕੇ ਬਾਅਦ ਵਿੱਚ ਦਸਤਾਨੇ, ਪੱਟੀਆਂ, ਆਈ.ਸੀ.ਯੂ ਚਾਰਜਿਜ਼ ਅਤੇ ਸਪੈਸ਼ਲਿਸਟ ਵਿਜ਼ਿਟ ਦੇ ਨਾਂ ਤੇ ਬਿੱਲ ਦੁੱਗਣਾ ਕਰ ਦਿੱਤਾ ਜਾਂਦਾ ਹੈ। ਲੁਧਿਆਣਾ ਦੀ ਕੰਜ਼ਿਊਮਰ ਕੋਰਟ ਵੱਲੋਂ ਇੱਕ ਹਸਪਤਾਲ ਨੂੰ 85,000 ਰੁਪਏ ਮੁਆਵਜ਼ਾ ਭਰਨ ਦਾ ਹੁਕਮ ਦੇਣਾ ਇਸ ਲੁੱਟ ਵਿਰੁੱਧ ਇੱਕ ਵੱਡੀ ਜਿੱਤ ਹੈ। ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਮੌਤ ਤੋਂ ਬਾਅਦ ਵੀ ਲਾਸ਼ ਨੂੰ ਵੈਂਟੀਲੇਟਰ ਤੇ ਰੱਖ ਕੇ ਪ੍ਰਤੀ ਦਿਨ 1 ਲੱਖ ਰੁਪਏ ਤੱਕ ਵਸੂਲੇ ਜਾਂਦੇ ਹਨ। ਦਵਾਈਆਂ ਦੇ ਖੇਤਰ ਵਿੱਚ 10 ਰੁਪਏ ਦੀ ਦਵਾਈ ਤੇ 200 ਰੁਪਏ ਐੱਮ.ਆਰ.ਪੀ ਛਾਪੀ ਜਾਂਦੀ ਹੈ ਤਾਂ ਜੋ ਹਸਪਤਾਲਾਂ ਨੂੰ ਮੋਟਾ ਕਮਿਸ਼ਨ ਦਿੱਤਾ ਜਾ ਸਕੇ। ਨਿੱਜੀ ਹਸਪਤਾਲਾਂ ਵਿੱਚ ਟਾਰਗੇਟ ਸਿਸਟਮ ਚੱਲ ਰਿਹਾ ਹੈ ਜਿੱਥੇ ਡਾਕਟਰਾਂ ਨੂੰ ਸਰਜਰੀਆਂ ਕਰਨ ਦੇ ਮਾਸਿਕ ਟੀਚੇ ਦਿੱਤੇ ਜਾਂਦੇ ਹਨ। ਇਸੇ ਕਾਰਨ ਨਾਰਮਲ ਡਿਲੀਵਰੀ ਲੱਗਭੱਗ ਖ਼ਤਮ ਹੋ ਗਈ ਹੈ ਅਤੇ ਬੱਚੇ ਜਾਂ ਮਾਂ ਦੀ ਜਾਨ ਨੂੰ ਖ਼ਤਰਾ ਦੱਸ ਕੇ ਸਿਜ਼ੇਰੀਅਨ ਆਪ੍ਰੇਸ਼ਨ ਕੀਤੇ ਜਾਂਦੇ ਹਨ। ਡਾਕਟਰਾਂ ਨੂੰ 20-30% ਰੈਫਰਲ ਕਮਿਸ਼ਨ ਮਿਲਦਾ ਹੈ ਅਤੇ ਟੈਸਟਾਂ ਵਿੱਚ 50% ਤੱਕ ਹਿੱਸਾ ਹੁੰਦਾ ਹੈ, ਜਿਸ ਕਾਰਨ ਮਾਮੂਲੀ ਸਿਰਦਰਦ ਲਈ ਵੀ ਐੱਮ.ਆਰ.ਆਈ ਜਾਂ ਸੀਟੀ ਸਕੈਨ ਲਿਖ ਦਿੱਤਾ ਜਾਂਦਾ ਹੈ।

# ਨਰੂਆਣਾ-ਬੀੜ ਰੋਡ 'ਤੇ ਖ਼ੂਨੀ ਟਕਰਾਅ: ਪਲਾਟ ਦੀ ਨਿਸ਼ਾਨਦੇਹੀ ਪਿੱਛੇ ਹੋਈ ਫਾਇਰਿੰਗ

ਬਠਿੰਡਾ, 13 ਮਾਰਚ (ਦੀਪਕ ਸ਼ਰਮਾ): ਬਠਿੰਡਾ ਦੇ ਨਰੂਆਣਾ-ਬੀੜ ਰੋਡ 'ਤੇ ਪਲਾਟ ਦੇ ਕਬਜ਼ੇ ਅਤੇ ਨਿਸ਼ਾਨਦੇਹੀ ਨੂੰ ਲੈ ਕੇ ਹੋਏ ਵਿਵਾਦ ਨੇ ਉਸ ਵੇਲੇ ਖ਼ੂਨੀ ਰੂਪ ਧਾਰ ਲਿਆ, ਜਦੋਂ ਦੋਵਾਂ ਧਿਰਾਂ ਵਿਚਾਲੇ ਹੋਈ ਤਕਰਾਰ ਤੋਂ ਬਾਅਦ ਅੰਨ੍ਹੇਵਾਹ ਫਾਇਰਿੰਗ ਹੋ ਗਈ। ਇਸ ਗੋਲੀਬਾਰੀ ਵਿੱਚ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਬਠਿੰਡਾ ਵਿਖੇ ਦਾਖ਼ਲ ਕਰਵਾਇਆ ਗਿਆ ਹੈ।ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਦੀ ਉੱਚ ਅਧਿਕਾਰੀ ਟੀਮ ਮੌਕੇ 'ਤੇ ਪਹੁੰਚੀ। ਮਾਮਲੇ ਦੀ ਜਾਣਕਾਰੀ ਦਿੰਦਿਆਂ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜਲੰਧਰ ਸਿੰਘ ਅਤੇ ਰਣਜੀਤ ਕੌਰ ਦੇ ਨਾਲ ਲੱਗਦੇ ਪਲਾਟਾਂ ਦੀ ਨਿਸ਼ਾਨਦੇਹੀ ਅਤੇ ਵਿਚਕਾਰਲੀ ਕੰਧ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਝਗੜਾ ਚੱਲ ਰਿਹਾ ਸੀ। ਅੱਜ ਜਦੋਂ ਇਹ ਵਿਵਾਦ ਵਧਿਆ ਤਾਂ ਜਲੰਧਰ ਸਿੰਘ ਦੀ ਹਮਾਇਤ 'ਤੇ ਆਏ ਲਾਲ ਸਿੰਘ ਅਤੇ ਹਰਪ੍ਰੀਤ ਸਿੰਘ ਦਾ ਦੂਜੀ ਧਿਰ ਨਾਲ ਟਕਰਾਅ ਹੋ ਗਿਆ।ਪੁਲਿਸ ਮੁਤਾਬਕ ਰਣਜੀਤ ਕੌਰ ਦੀ ਮਦਦ ਲਈ ਮੌਕੇ 'ਤੇ ਪਹੁੰਚੇ ਦਿਲਪ੍ਰੀਤ ਸਿੰਘ ਨਰੂਆਣਾ ਵੱਲੋਂ ਕਥਿਤ ਤੌਰ 'ਤੇ ਫਾਇਰਿੰਗ ਕੀਤੀ ਗਈ। ਇਸ ਫਾਇਰਿੰਗ ਦੌਰਾਨ ਦੂਜੀ ਧਿਰ ਦੇ ਲਾਲ ਸਿੰਘ ਅਤੇ ਹਰਪ੍ਰੀਤ ਸਿੰਘ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਏ। ਵਾਰਦਾਤ ਤੋਂ ਬਾਅਦ ਇਲਾਕੇ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਹੈ।ਪੁਲਿਸ ਵੱਲੋਂ ਹਥਿਆਰ ਦੀ ਜਾਂਚ ਜਾਰੀਪੁਲਿਸ ਅਧਿਕਾਰੀ ਨੇ ਦੱਸਿਆ ਕਿ ਵਾਰਦਾਤ ਵਿੱਚ ਵਰਤਿਆ ਗਿਆ ਹਥਿਆਰ ਲਾਇਸੰਸੀ ਸੀ ਜਾਂ ਗ਼ੈਰ-ਕਾਨੂੰਨੀ, ਇਸ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਜ਼ਖ਼ਮੀਆਂ ਦੇ ਬਿਆਨ ਦਰਜ ਕਰ ਲਏ ਹਨ ਅਤੇ ਉਨ੍ਹਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਜਲਦ ਹੀ ਅਗਲੇਰੀ ਕਾਰਵਾਈ ਮੁਕੰਮਲ ਕਰ ਲਈ ਜਾਵੇਗੀ।

# ਡੀ.ਐਮ. ਗਰੁੱਪ ਕਰਾੜ ਵਾਲਾ ਵਿਖੇ ਆਯੋਜਿਤ ਕੀਤਾ ਗਿਆ 7ਵੀਂ ਬਟਾਲੀਅਨ ਰਾਸ਼ਟਰੀ ਆਪਦਾ ਪ੍ਰਕਿਰਿਆ ਸੇਫਟੀ ਅਭਿਆਨ



ਰਾਮਪੁਰਾ ਫੂਲ, 13 ਮਾਰਚ (ਮਿੰਟੂ) : 7ਵੀਂ ਬਟਾਲੀਅਨ ਰਾਸ਼ਟਰੀ ਆਪਦਾ ਪ੍ਰਤੀਕ੍ਰਿਆ ਬਲ (ਐਨਡੀਆਰਐੱਫ) ਬਠਿੰਡਾ ਦੀ ਟੀਮ ਵੱਲੋ ਡੀਐਮ ਗਰੁੱਪ ਕਰਾੜ ਵਾਲਾ ਵਿਖੇ ਸੁਰੱਖਿਆ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਸਕੂਲ ਦੇ ਸਟਾਫ਼ ਤੇ ਵਿਦਿਆਰਥੀਆਂ ਨੂੰ ਵੱਖ-ਵੱਖ ਕਿਸਮਾਂ ਦੀਆਂ ਆਫ਼ਤਾਂ ਤੋਂ ਬਚਾਅ, ਸੁਰੱਖਿਆ ਦੇ ਤਰੀਕਿਆਂ, ਮੁੱਢਲੀ ਡਾਕਟਰੀ ਸਹਾਇਤਾ ਤੇ ਜੀਵਨ ਬਚਾਉਣ ਦੀਆਂ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੀ ਅਗਵਾਈ ਮੁੱਖ ਮਹਿਮਾਨ ਕਮਾਂਡੈਂਟ ਸ਼੍ਰੀ ਰਿਸ਼ੀ ਮਹਾਜਨ ਅਤੇ ਟੀਮ ਮੁੱਖੀ ਇੰਸਪੈਕਟਰ ਆਸ਼ੂਤੋਸ਼ ਦੀ ਨਿਗਰਾਨੀ ਹੇਠ ਹੋਈ, ਇਸ ਦੌਰਾਨ ਐਨ.ਡੀ.ਆਰ.ਐਫ. ਟੀਮ ਨੇ ਵਿਦਿਆਰਥੀਆਂ ਤੇ ਸਕੂਲ ਸਟਾਫ਼ ਨੂੰ ਭੂਚਾਲ ਤੋਂ ਬਚਾਅ, ਅੱਗ ਲੱਗਣ 'ਤੇ ਪ੍ਰਤੀਕ੍ਰਿਆ, ਬਲੀਡਿੰਗ ਕੰਟਰੋਲ, ਸੀਪੀਆਰਐਫ਼ ਬੀਏਓ ਤੇ ਹੜ੍ਹਾਂ ਦੇ ਸਮੇਂ ਵਰਤੋਂ ਵਿਚ ਆਉਣ ਵਾਲੇ ਇੰਪ੍ਰੋਵਾਈਜ਼ਡ ਫ਼ਲੋਟਿੰਗ ਡਿਵਾਈਸ (ਆਈਐੱਫ਼ਡੀ) ਬਾਰੇ ਵਿਸਥਾਰ ਨਾਲ ਦੱਸਿਆ। ਟੀਮ ਵੱਲੋਂ ਪ੍ਰਦਰਸ਼ਨ ਰਾਹੀਂ ਵਿਦਿਆਰਥੀਆਂ ਤੇ ਸਕੂਲ ਸਟਾਫ਼ ਨੂੰ ਫ਼ਸਟ ਏਡ, ਸੁਰੱਖਿਅਤ ਨਿਕਾਸੀ ਪ੍ਰਕਿਰਿਆ (ਇਵੈਕੂਏਸ਼ਨ ਡ੍ਰਿਲ) ਤੇ ਆਪਦਾ ਦੇ ਸਮੇਂ ਜ਼ਰੂਰੀ ਸਾਵਧਾਨੀਆਂ ਦੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਟੀਮ ਵੱਲੋਂ ਐਨਡੀਆਰਐੱਫ਼ ਦੇ ਮੋਬਾਈਲ ਐਪਸ ਸਚੇਤ, ਮੇਘਦੂਤ, ਦਾਮਿਨੀ ਅਤੇ ਭੁਚਾਲ ਦੇ ਵਰਤੋਂ ਬਾਰੇ ਵੀ ਜਾਗਰੂਕ ਕੀਤਾ ਗਿਆ, ਤਾਂ ਜੋ ਇਨ੍ਹਾਂ ਤਕਨੀਕਾਂ ਦੀ ਮੱਦਦ ਨਾਲ ਸਮੇਂ ਸਿਰ ਆਪਦਾ ਦੀ ਚੇਤਾਵਨੀ ਪ੍ਰਾਪਤ ਕਰਕੇ ਜਨ-ਧਨ ਦੇ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ। ਇਸ ਮੌਕੇ ਤੇ ਐਨਡੀਆਰਐੱਫ਼ ਟੀਮ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਸੰਸਥਾ ਦੇ ਚੇਅਰਮੈਨ ਇੰਜ. ਅਵਤਾਰ ਸਿੰਘ ਢਿੱਲੋ ਨੇ ਆਪਣੇ ਸੰਬੋਧਨੀ ਸ਼ਬਦਾਂ ਵਿੱਚ ਕਿਹਾ ਕਿ ਜਿਸ ਤਰ੍ਹਾਂ ਗਲੋਬਲ ਪੱਧਰ 'ਤੇ ਵਾਤਾਵਰਣ ਵਿੱਚ ਕਾਫੀ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ, ਤਾਂ ਅਜਿਹੇ ਪ੍ਰੋਗਰਾਮ, ਹਾਲਾਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਮਾਜ ਨੂੰ ਸਹੀ ਸੇਧ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ ਇਸ ਤੋਂ ਇਲਾਵਾ ਉਹਨਾਂ ਸੰਸਥਾ ਵਿੱਚ ਪਹੁੰਚੇ ਹੋਏ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ ਅਤੇ ਸਕੂਲ ਦੇ ਪ੍ਰਿੰਸੀਪਲ, ਸੰਬੰਧਿਤ ਸਟਾਫ ਅਤੇ ਵਿਦਿਆਰਥੀਆਂ ਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਅੱਗੇ ਹੋਕੇ ਕੇ ਹਿੱਸਾ ਲੈਣ ਲਈ ਵੀ ਪ੍ਰੇਰਿਆ।

# ਜਸਵਿੰਦਰ ਸਿੰਘ ਨੂੰ ਸਦਮਾ ਮਾਤਾ ਦਾ ਦਿਹਾਂਤ

ਅਰਨੋ, 13 ਮਾਰਚ (ਕਰਮਵੀਰ ਸਿੰਘ): ਆਪ ਸਭ ਨੂੰ ਪਤਾ ਹੀ ਹੈ ਕਿ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਸਿੰਘ ਸ਼ੇਰਗੜ੍ਹ ਨੰਬਰਦਾਰ ਪਿੰਡ ਸ਼ੇਰਗੜ੍ਹ ਦੇ ਮਾਤਾ ਸਰਦਾਰਨੀ ਅਮਰਜੀਤ ਕੌਰ ਸਾਬਕਾ ਸਰਪੰਚ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਹਨਾਂ ਦੇ ਗ੍ਰਹਿ ਵਿਖੇ ਹਲਕੇ ਦੇ ਐਮਐਲਏ ਸਰਦਾਰ ਕੁਲਵੰਤ ਸਿੰਘ ਬਾਜੀਗਰ ਬੈਠਣ ਆਏ ਤੇ ਪਰਿਵਾਰ ਨੂੰ ਹੌਂਸਲਾ ਦਿੱਤਾ। ਇਸ ਮੌਕੇ 'ਤੇ ਉਹਨਾਂ ਨਾਲ ਬਾਬਾ ਬੀਰ ਰਾਮ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਬਗੈਲ ਸਿੰਘ ਸਾਬਕਾ ਸਰਪੰਚ ਅਰਨੋ, ਸੁਖਾ ਰਾਮ ਸਾਬਕਾ ਸਰਪੰਚ ਅਰਨੋ, ਦਰਸ਼ਨ ਸਿੰਘ ਮੈਲੂਵਾਲੀਆ,ਹੈਪੀ ਮੈਲੂਵਾਲੀਆ, ਮਲਕੀਤ ਸਿੰਘ, ਰੇਸ਼ਮ ਸਿੰਘ, ਸੰਦੀਪ ਸਿੰਘ ਨੰਬਰਦਾਰ, ਪਰਮਜੀਤ ਸਿੰਘ, ਸੁਖਵਿੰਦਰ ਸਿੰਘ, ਫੱਤਾ ਸਿੰਘ, ਨਰਿੰਦਰ ਸਿੰਘ ਮੱਤਾ ਆਦਿ ਹਾਜ਼ਰ ਸਨ।

# ਮੋਗਾ ਰੈਲੀ ਲਈ ਲੋਕਾਂ 'ਚ ਭਾਰੀ ਉਤਸ਼ਾਹ : ਗੁਰਪ੍ਰੀਤ ਮਲੂਕਾ

## ਜ਼ਿਲ੍ਹਾ ਬਠਿੰਡਾ ਦਿਹਾਤੀ ਤੋਂ 110 ਬੱਸਾਂ ਦਾ ਕਾਫਲਾ ਹੋਵੇਗਾ ਰਵਾਨਾ

ਭਗਤਾ ਭਾਈ ਕਾ, 13 ਮਾਰਚ (ਸਵਰਨ ਸਿੰਘ ਭਗਤਾ): ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅੱਜ ਹੋਣ ਵਾਲੀ ਮੋਗਾ ਰੈਲੀ ਨੂੰ ਲੈ ਕ ਜਿੱਥੇ ਸਮੁੱਚੀ ਜਥੇਬੰਦੀ ਪੱਬਾਂ ਭਾਰ ਹੈ ਉੱਥੇ ਹੀ ਆਮ ਲੋਕਾਂ 'ਚ ਵੀ ਮੋਗਾ ਰੈਲੀ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਇਹ ਦਾਅਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਨੇ ਜ਼ਿਲ੍ਹਾ ਬਠਿੰਡਾ ਦਿਹਾਤੀ 'ਚ ਮੋਗਾ ਰੈਲੀ ਦੀਆਂ ਤਿਆਰੀਆਂ ਬਾਰੇ ਗੱਲ ਕਰਦਿਆਂ ਕੀਤਾ। ਮਲੂਕਾ ਨੇ ਕਿਹਾ ਕੇ ਮੌੜ ਤਲਵੰਡੀ ਅਤੇ ਰਾਮਪੁਰਾ ਤੋਂ ਤਕਰੀਬਨ 110 ਬੱਸਾਂ ਅਤੇ ਸੈਂਕੜੇ ਨਿੱਜੀ ਵਾਹਨਾਂ ਦਾ ਕਾਫ਼ਿਲਾ ਰੈਲੀ ਲਈ ਰਵਾਨਾ ਹੋਵੇਗਾ। ਪਿਛਲੇ ਕਈ ਦਿਨਾਂ ਤੋਂ ਸਮੁੱਚੀ ਜਥੇਬੰਦੀ ਇਕਜੁੱਟ ਹੋ ਕੇ ਤਿਆਰੀਆਂ 'ਚ ਜੁਟੀ ਹੋਈ ਹੈ। ਵਿਧਾਨ ਸਭਾ ਹਲਕਾ ਤਲਵੰਡੀ ਰਾਮਪੁਰਾ ਅਤੇ ਮੌੜ ਦੇ ਪਿੰਡਾਂ 'ਚ ਬੂਥ ਪੱਧਰ 'ਤੇ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਜਰਨਲ ਸਕੱਤਰ ਵੱਖ ਵੱਖ ਵਿੰਗਾਂ ਦੇ ਇੰਚਾਰਜਾਂ ਸਰਕਲ ਪ੍ਰਧਾਨ ਅਤੇ ਬੂਥ ਪੱਧਰ ਦੇ ਅਹੁਦੇਦਾਰਾਂ ਨੇ ਰੈਲੀ ਨੂੰ ਸਫਲ ਬਣਾਉਣ ਲਈ ਲਗਾਤਾਰ ਨੁੱਕੜ ਮੀਟਿੰਗਾਂ ਕੀਤੀਆਂ ਹਨ। ਲੋਕਾਂ ਨਾਲ ਸੰਪਰਕ ਕਰਨ ਲਈ ਹਰ ਘਰ ਤੱਕ ਵੀ ਪਹੁੰਚ ਕੀਤੀ ਗਈ ਹੈ ਅਤੇ ਲੋਕਾਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸਿੱਖ ਪੰਥ ਅਤੇ ਪੰਜਾਬ ਪੱਖੀ ਸੋਚ ਬਾਰੇ ਜਾਣਕਾਰੀ ਦਿੱਤੀ ਗਈ ਹੈ। ਮਲੂਕਾ ਨੇ ਕਿਹਾ ਕਿ ਪੰਜਾਬ ਦੇ ਲੋਕ ਸਾਰੀਆਂ ਰਾਜਨੀਤਕ ਧਿਰਾਂ ਨੂੰ ਅਜਮਾ ਚੁੱਕੇ ਹਨ ਪੰਜਾਬ ਦੇ ਲੋਕ ਭਾਜਪਾ ਸ਼ਾਸ਼ਿਤ ਰਾਜਾਂ 'ਚ ਹੋ ਰਹੇ ਵਿਕਾਸ ਨੂੰ ਵੇਖਦਿਆਂ ਭਾਜਪਾ ਦੇ ਹੱਕ 'ਚ ਲਾਮਬੰਦ ਹੋ ਰਹੇ ਹਨ। ਬੇਸ਼ੱਕ ਪਾਰਟੀ ਵੱਲੋਂ ਰੈਲੀ ਲਈ ਟਰਾਂਸਪੋਰਟ ਦੇ ਇੰਤਜਾਮ ਕੀਤੇ ਗਏ ਹਨ ਆਮ ਲੋਕਾਂ 'ਚ ਰੈਲੀ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ, ਲੋਕ ਆਪ ਮੁਹਾਰੇ ਰੈਲੀ 'ਚ ਸ਼ਮੂਲੀਅਤ ਕਰਨ ਜਾ ਰਹੇ ਹਨ। ਮਲੂਕਾ ਨੇ ਕਿਹਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਵਪਾਰੀਆਂ ਤੋਂ ਇਲਾਵਾ ਹਰ ਵਰਗ ਨੂੰ ਵੱਧ ਤੋਂ ਵੱਧ ਸਹੂਲਤਾ ਦੇਣਾ ਚਾਹੁੰਦੀ ਹੈ। ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਭਾਜਪਾ ਦਾ ਮੁੱਖ ਏਜੰਡਾ ਹੈ ਗ੍ਰਹਿ ਮੰਤਰੀ ਰੈਲੀ ਦੌਰਾਨ ਭਾਜਪਾ ਦੇ ਪੰਜਾਬ ਏਜੰਡੇ ਨੂੰ ਅੱਗੇ ਵਧਾਉਣਗੇ। ਇਸ ਮੌਕੇ ਜਰਨਲ ਸਕੱਤਰ ਮੇਜਰ ਸਿੰਘ ਬਰਾੜ ਚੰਦਨ ਕਾਂਤ ਵਿਵੇਕ ਗਰਗ ਯੁਵਾ ਮੋਰਚਾ ਪ੍ਰਧਾਨ ਜਸਪ੍ਰੀਤ ਜੱਸਾ ਭੁੱਚੋ ਕਿਸਾਨ ਵਿੰਗ ਪ੍ਰਧਾਨ ਬੂਟਾ ਭਾਈ ਰੂਪਾ ਐਸ ਸੀ ਵਿੰਗ ਪ੍ਰਧਾਨ ਜਗਸੀਰ ਸਿੰਘ ਗੁਰਜੀਤ ਸਿੰਘ ਗੋਰਾ ਦਿਉਣ ਮਨਦੀਪ ਸ਼ਰਮਾ ਮਲੂਕਾ ਜੋਗਿੰਦਰ ਸਿੰਗਲਾ ਮੋਹਿਤ ਕੋਹਲੀ ਅਤੇ ਮੀਡੀਆ ਕਨਵੀਨਰ ਰਤਨ ਸ਼ਰਮਾ ਮਲੂਕਾ ਵੀ ਹਾਜ਼ਰ ਸਨ।



# ਪੱਤਰਕਾਰ ਭੀਮ ਸੈਨ ਨੂੰ ਸਦਮਾ ਵੱਡੇ ਭਰਾ ਦਾ ਦੇਹਾਂਤ

ਲਹਿਰਾਗਾਗਾ, 13 ਮਾਰਚ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਨੇੜਲੇ ਪਿੰਡ ਗੋਬਿੰਦਗੜ੍ਹ ਜੇਜੀਆਂ ਅਧੀਨ ਪੈਂਦੇ ਪਿੰਡ ਗੋਬਿੰਦਗੜ੍ਹ ਜੇਜੀਆਂ ਦੇ ਸੱਚਖੰਡ ਵਾਸੀ ਨੇਤਰਦਾਨੀ ਅਤੇ ਸਰੀਰਦਾਨੀ ਜੀਵਨ ਕੁਮਾਰ ਇੰਸਾ ਬੀਤੇ ਦਿਨੀਂ ਇਸ ਫਾਨੀ ਸੰਸਾਰ ਨੂੰ ਤਿਆਗ ਕੇ ਕੁੱਲ ਮਾਲਕ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਪੂਜਨੀਕ ਗੁਰੂ ਸੰਤ ਡਾਕਟਰ ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾ ਵੱਲੋਂ ਚਲਾਏ ਜਾ ਰਹੇ ਮਾਨਵਤਾ ਭਲਾਈ ਕਾਰਜਾਂ ਤਹਿਤ ਉਹਨਾਂ ਦੀ ਅੰਤਿਮ ਇੱਛਾ ਅਨੁਸਾਰ ਪਰਿਵਾਰ ਵੱਲੋਂ ਮਰਨ ਉਪਰੰਤ ਉਹਨਾਂ ਦੀਆਂ ਦੋਵੇਂ ਅੱਖਾਂ ਅਤੇ ਸਰੀਰ ਦਾਨ ਕੀਤਾ ਗਿਆ। ਜਾਣਕਾਰੀ ਅਨੁਸਾਰ ਐਮਐਸਜੀ ਡੇਰਾ ਸੱਚਾ ਸੌਦਾ ਅਤੇ ਮਾਨਵਤਾ ਭਲਾਈ ਕੇਂਦਰ ਗੋਬਿੰਦਗੜ੍ਹ ਜੇਜੀਆਂ ਤੋਂ ਲੈ ਕੇ ਪੂਰੇ ਪਿੰਡ ਵਿੱਚ ਜੀਵਨ ਇੰਸਾ ਅਮਰ ਰਹੇ ਦੇ ਨਾਅਰੇ ਗੂੰਜੇ, ਜੀਵਨ ਕੁਮਾਰ ਇੰਸਾ ਸੱਚ ਕਹੂੰ ਅਖਬਾਰ ਦੇ ਪੱਤਰਕਾਰ ਭੀਮ ਸੈਨ ਇੰਸਾ ਦੇ ਵੱਡੇ ਭਾਈ ਸਨ,ਉਹ ਸੱਚੀ ਸ਼ਾਹੀ ਕੰਟੀਨ ਸੇਵਾਦਾਰ ਸਨ, ਇਨ੍ਹਾਂ ਨੇ ਪਿੰਡ ਗੋਬਿੰਦਗੜ੍ਹ ਜੇਜੀਆਂ ਦੇ ਪਹਿਲੇ ਸਰੀਰਦਾਨੀਆਂ ਵਿੱਚ ਆਪਣਾ ਨਾਮ ਦਰਜ ਕਰਵਾਇਆ। ਜੀਵਨ ਕੁਮਾਰ ਇੰਸਾ ਬਹੁਤ ਹੀ ਨਰਮ ਦਿਲੀ ਅਤੇ ਹਸਮੁੱਖ ਇਨਸਾਨ ਸਨ। ਉਹਨਾਂ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜੀ ਹੋਈ ਐਂਬੂਲੈਂਸ ਵਿੱਚ ਰੱਖ ਕੇ ਪੂਰੇ ਪਿੰਡ ਗੋਬਿੰਦਗੜ੍ਹ ਜੇਜੀਆਂ ਦੇ ਵਿੱਚ ਲਿਜਾਇਆ ਗਿਆ, ਜਿੱਥੇ ਕਿ ਪਿੰਡ ਵਾਸੀਆਂ ਨੇ ਭਰਮੀ ਸ਼ਲਾਘਾ ਕੀਤੀ।

# ਗੁਰਦੁਆਰਾ ਗੰਡੂਸਰ ਸਾਹਿਬ ਵਿਖੇ ਤੀਜਾ ਸਾਲਾਨਾ ਜੋੜ ਮੇਲਾ ਸ਼ਰਧਾ ਨਾਲ ਮਨਾਇਆ



ਭਗਤਾ ਭਾਈ ਕਾ, 13 ਮਾਰਚ (ਪੱਤਰ ਪ੍ਰੇਰਕ): ਇਲਾਕੇ ਦਾ ਪ੍ਰਸਿੱਧ ਤੇ ਇਤਿਹਾਸਿਕ ਅਸਥਾਨ ਗੁਰਦੁਆਰਾ ਗੰਡੂਸਰ ਸਾਹਿਬ ਬੁੱਢਾ ਦਲ ਪਾਤਸ਼ਾਹੀ ਦਸਵੀਂ ਵਿਖੇ ਤੀਸਰਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਨਿਹੰਗ ਸਿੰਘਾਂ ਦੇ ਪ੍ਰਬੰਧ ਅਧੀਨ ਇਸ ਅਸਥਾਨ 'ਤੇ ਪਿਛਲੇ ਤਿੰਨ ਦਿਨਾਂ ਤੋਂ ਆਰੰਭ ਕੀਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਅਰਦਾਸ ਬੇਨਤੀ ਹੁਕਮਨਾਮਾ ਸਾਹਿਬ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਗੁਰਮਤਿ ਸਮਾਗਮ ਕੀਰਤਨ ਦਰਬਾਰ ਕਰਵਾਏ ਗਏ। ਇਹਨਾਂ ਗੁਰਮਤਿ ਸਮਾਗਮਾਂ ਵਿੱਚ ਸਭ ਤੋਂ ਪਹਿਲਾਂ ਰਾਗੀ ਭਾਈ ਸੰਦੀਪ ਸਿੰਘ ਮਜੀਠਾ ਦੇ ਜਥੇ ਨੇ ਸ਼ਬਦ ਕੀਰਤਨ ਦੀ ਹਾਜ਼ਰੀ ਭਰੀ ਉਪਰੰਤ ਗਿਆਨੀ ਗੁਰਦੇਵ ਸਿੰਘ ਮੱਲਣ, ਭਾਈ ਬਲਵਿੰਦਰ ਸਿੰਘ ਭਗਤਾ ਤੇ ਗਿਆਨੀ ਲਖਵਿੰਦਰ ਸਿੰਘ ਪਾਰਸ ਦੇ ਢਾਡੀ ਜਥੇ ਨੇ ਬੀਰ ਰਸ ਇਤਿਹਾਸਿਕ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਵਿੱਚ ਜੋਸ਼ ਭਰਿਆ। ਜਦੋਂ ਕਿ ਭਾਈ ਗੁਰਪ੍ਰੀਤ ਸਿੰਘ ਪੰਜਗਰਾਈਆਂ ਅਤੇ ਭਾਈ ਲਖਬੀਰ ਸਿੰਘ ਕੋਟਕਪੂਰਾ ਨੇ ਵੀ ਖੁੱਲੀਆਂ ਧਾਰਨਾ ਰਾਹੀਂ ਸ਼ਬਦ ਗੁਰੂ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਪੰਥ ਦੇ ਪ੍ਰਸਿੱਧ ਕਥਾਵਾਚਕ ਗਿਆਨੀ ਸੁਖਜੀਤ ਸਿੰਘ ਘਨੱਈਆ ਨੇ ਵੀ ਸਿੱਖ ਸੰਗਤਾਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ। ਇਸ ਅਸਥਾਨ ਦੀ ਸ਼੍ਰੋਮਣੀ ਸੇਵਾ ਰਤਨ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਬੁੱਢਾ ਦਲ ਪੰਜਵਾਂ ਤਖਤ ਦੀ ਤਰਫੋਂ ਸੇਵਾ ਨਿਭਾ ਰਹੇ ਬਾਬਾ ਜੋਗਾ ਸਿੰਘ ਨੇ ਦੱਸਿਆ ਪਿੰਡ ਕੋਠਾ ਗੁਰੂ, ਸਿਰੀਏਵਾਲਾ, ਬੁਰਜ ਥਰੋੜ ਤੇ ਭਗਤਾ ਭਾਈ ਕਾ ਦੀਆਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਆਮਦ ਤੇ ਇਹ ਤੀਸਰਾ ਸਾਲਾਨਾ ਜੋੜ ਮੇਲਾ ਮਨਾਇਆ ਗਿਆ ਹੈ। ਉਨ੍ਹਾਂ ਨੇ ਸਹਿਯੋਗ ਦੇਣ ਵਾਲੀਆਂ ਨਗਰ ਪੰਚਾਇਤਾਂ ਅਤੇ ਸਿੱਖ ਸੰਗਤਾਂ ਦਾ ਧੰਨਵਾਦ ਕਰਦਿਆਂ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ। ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਮਾਨ ਸਰਕਾਰ ਵੱਲੋਂ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ ਕਰਨ ਦੀ ਸਖ਼ਤ ਨਿਖੇਧੀ



ਬਰਨਾਲਾ, 13 ਮਾਰਚ (ਬਘੇਲ ਸਿੰਘ ਧਾਲੀਵਾਲ) : ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਨੇ ਪੰਜਾਬ ਸਰਕਾਰ ਵੱਲੋਂ, ਨਿੱਤ ਦਿਹਾੜੇ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਤੇ ਕੀਤੇ ਜਾਂਦੇ ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ ਸੁੱਟਣ ਅਤੇ ਪਾਣੀ ਦੀਆਂ ਬੁਛਾੜਾਂ ਮਾਰਨ ਦੀ ਸਖਤ ਨਿਖੇਧੀ ਕੀਤੀ ਹੈ। ਇਸ ਸਬੰਧੀ ਵਿਸਥਾਰ 'ਚ ਗੱਲ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ 26 ਫਰਵਰੀ 2026 ਨੂੰ ਸਰਬ ਸਿੱਖਿਆ ਅਭਿਆਨ ਦੇ ਨਾਨ ਟੀਚਿੰਗ ਸਟਾਫ ਤੇ ਲਾਠੀਚਾਰਜ ਕੀਤਾ, ਅੱਥਰੂ ਗੈਸ ਦੇ ਗੋਲੇ ਛੱਡੇ। ਉਹ ਆਪਣੀਆਂ ਤਨਖਾਹਾਂ 'ਚ 31,000/- ਪ੍ਰਤੀ ਮਹੀਨਾ ਕੱਟ ਲਾਉਣ ਦੇ ਖਿਲਾਫ ਸੰਘਰਸ਼ ਕਰ ਰਹੇ ਸਨ। 03 ਮਾਰਚ ਨੂੰ ਸਾਰੇ ਅਧਿਆਪਕਾਂ ਤੇ ਟੈੱਟ ਲਾਗੂ ਕਰਨ ਖਿਲਾਫ਼ ਅਤੇ ਆਪਣੀ ਨੌਕਰੀ ਦੀ ਸੁਰੱਖਿਆ ਲਈ ਸੰਘਰਸ਼ ਕਰ ਰਹੇ ਸਪੈਸ਼ਲ ਕਾਡਰ ਟੀਚਰਾਂ ਉੱਪਰ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ। 8 ਅਤੇ 9 ਮਾਰਚ ਨੂੰ, ਗੌਰਮਿੰਟ ਟੀਚਰਜ਼ ਯੂਨੀਅਨ, ਮਿੱਡ ਡੇ ਮੀਲ ਵਰਕਰ ਯੂਨੀਅਨ, ਆਂਗਨਵਾੜੀ ਵਰਕਰ ਯੂਨੀਅਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਮੁਲਾਜ਼ਮਾਂ ਅਤੇ ਠੇਕਾ ਵਰਕਰਾਂ ਤੇ ਜਬਰ ਕੀਤਾ। ਉਹ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਵਾਸਤੇ, ਮਹਿੰਗਾਈ ਭੱਤਾ ਅਤੇ ਪੱਕੇ ਹੋਣ ਲਈ ਸੰਘਰਸ਼ ਕਰ ਰਹੇ ਸਨ। ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਸਾਰੇ ਠੇਕਾ ਵਰਕਰਾਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਾ ਸੀ। 9 ਮਾਰਚ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ, ਤਨਖਾਹ ਸਕੇਲਾਂ ਦੇ ਬਕਾਏ ਅਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਮਜਿਸਟਰੀਅਲ ਸਟਾਫ ਤੇ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਛੱਡੇ। 12 ਮਾਰਚ ਨੂੰ ਸਾਂਝਾ ਅਧਿਆਪਕ ਮੋਰਚਾ ਤੇ ਅੱਥਰੂ ਗੈਸ ਛੱਡੀ, ਲਾਠੀਚਾਰਜ ਕੀਤਾ, ਪਾਣੀ ਦੀਆਂ ਬੁਛਾੜਾਂ ਮਾਰੀਆਂ। ਇਹ ਅਧਿਆਪਕ, ਟੈੱਟ ਦੀ ਸ਼ਰਤ ਹਟਵਾਉਣ ਲਈ ਅਤੇ ਆਪਣੀ ਨੌਕਰੀ ਦੀ ਸੁਰੱਖਿਆ ਲਈ ਸੈਕਟਰ 25 ਤੋਂ ਵਿਧਾਨ ਸਭਾ ਵੱਲ ਮਾਰਚ ਕਰਨ ਲੱਗੇ ਸਨ। ਇਸ ਤੋਂ ਪਹਿਲਾਂ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਵਿਖੇ ਕਿਸਾਨਾਂ ਤੋਂ ਜ਼ਮੀਨੀ ਹੱਕ ਖੋਹਣ ਲਈ ਝੂਠੇ ਕੇਸ ਪਾਏ ਗਏ, ਜਿਉਂਦ ਵਿਖੇ ਪਿੰਡ ਤੇ ਹਮਲਾ ਕਰਕੇ ਕਿਸਾਨਾਂ ਦੀਆਂ ਲੱਤਾਂ ਤੋੜੀਆਂ ਗਈਆਂ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਲਗਭਗ ਢਾਈ ਮਹੀਨੇ ਜੇਲ੍ਹ 'ਚ ਬੰਦ ਰੱਖਿਆ ਗਿਆ ਅਤੇ ਟਰਾਂਸਪੋਰਟ ਠੇਕਾ ਕਾਮਿਆਂ ਦੇ ਆਗੂਆਂ ਨੂੰ ਵੀ ਜੇਲ੍ਹਾਂ 'ਚ ਬੰਦ ਕੀਤਾ ਹੋਇਆ ਹੈ। ਜਥੇਬੰਦੀ ਦੇ ਸੂਬਾ ਜਥੇਬੰਦਕ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ, ਹਰੀਸ਼ ਨੱਢਾ ਅਤੇ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਪੰਜਾਬ ਸਰਕਾਰ ਹੰਕਾਰ 'ਚ ਅੰਨ੍ਹੀ ਹੋ ਗਈ ਹੈ। ਪੁਲਿਸ ਵੱਲੋਂ ਆਪਣੇ ਹੀ ਲੋਕਾਂ ਖਾਸ ਕਰਕੇ ਔਰਤਾਂ ਤੇ ਪਾਣੀ ਦੀਆਂ ਬੁਛਾੜਾਂ ਮਾਰਨ ਅਤੇ ਅੱਥਰੂ ਗੈਸ ਦੇ ਗੋਲੇ ਛੱਡਣਾ ਆਮ ਗੱਲ ਹੋ ਗਈ ਹੈ। ਸਰਕਾਰ ਨੇ ਪੰਜਾਬ ਨੂੰ ਪੁਲਿਸ ਰਾਜ ਬਣਾ ਕੇ ਪੁਲਿਸ ਨੂੰ ਲੋਕਾਂ 'ਤੇ ਜਬਰ ਕਰਨ ਦੀ ਖੁੱਲ੍ਹੀ ਛੋਟ ਦੇ ਰੱਖੀ ਹੈ। ਜਥੇਬੰਦੀ ਦੇ ਖਜ਼ਾਨਚੀ ਗੁਰਦੇਵ ਸਿੰਘ ਮਾਂਗੇਵਾਲ, ਪ੍ਰਚਾਰ ਸਕੱਤਰ ਅੰਗਰੇਜ਼ ਸਿੰਘ ਭਦੌੜ ਅਤੇ ਸੂਬਾ ਕਮੇਟੀ ਮੈਂਬਰ ਕਰਮਜੀਤ ਸਿੰਘ ਰਾਮ ਨਗਰ ਛੰਨਾ ਨੇ ਕਿਹਾ ਕਿ ਪੰਜਾਬ ਦੇ ਲੋਕ ਇਸ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਨੂੰ ਚੁੱਪ ਕਰਕੇ ਬਰਦਾਸ਼ਤ ਨਹੀਂ ਕਰਨਗੇ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਜ਼ੁਲਮ ਨੇ ਇਸ ਸਰਕਾਰ ਦੀ ਅਸਲੀਅਤ ਨੰਗੀ ਕਰ ਦਿੱਤੀ ਹੈ ਕਿ ਉਹ ਆਮ ਲੋਕਾਂ ਦੀ ਨਹੀਂ ਸਗੋਂ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਹੈ।

# ਡੀ.ਸੀ. ਵੱਲੋਂ ਮਨਾਲ ਗਊਸ਼ਾਲਾ 'ਚ ਗਊ ਵੰਸ਼ ਵਾਸਤੇ ਪ੍ਰਬੰਧਾਂ ਦਾ ਜਾਇਜ਼ਾ




ਬਰਨਾਲਾ, 13 ਮਾਰਚ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਆਈ ਏ ਐੱਸ ਵੱਲੋਂ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਚ ਸਰਕਾਰੀ ਗਊਸ਼ਾਲਾ ਮਨਾਲ ਵਿੱਚ ਗਊ ਵੰਸ਼ ਵਾਸਤੇ ਪ੍ਰਬੰਧਾਂ ਨੂੰ ਹੋਰ ਬਿਹਤਰ ਬਣਾਉਣ ਵਾਸਤੇ ਮੀਟਿੰਗ ਕੀਤੀ ਗਈ। ਇਸ ਮੌਕੇ ਉਹਨਾਂ ਗਊਸ਼ਾਲਾ ਵਿਚ ਹਰੇ ਚਾਰੇ, ਤੂੜੀ, ਲੇਬਰ ਸਮੇਤ ਹੋਰ ਖਰਚਿਆਂ ਉੱਤੇ ਵਿਚਾਰ ਚਰਚਾ ਕੀਤੀ ਅਤੇ ਗਊਸ਼ਾਲਾ ਨੂੰ ਹੋਰ ਵਧੀਆ ਤਰੀਕੇ ਨਾਲ ਚਲਾਉਣ ਲਈ ਸੁਝਾਅ ਲਏ। ਓਹਨਾਂ ਗਊਸ਼ਾਲਾ ਬਾਬਤ ਮਹੀਨਾਵਾਰ ਮੀਟਿੰਗ ਕਰਨ ਉੱਤੇ ਜ਼ੋਰ ਦਿੱਤਾ ਤਾਂ ਜੋ ਪੇਸ਼ ਆ ਰਹੇ ਮਸਲਿਆਂ ਨੂੰ ਨਾਲੋ ਨਾਲ ਹੱਲ ਕੀਤਾ ਜਾ ਸਕੇ। ਇਸ ਮੌਕੇ ਉਹਨਾਂ ਗਊ ਵੰਸ਼ ਦੀ ਸੇਵਾ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਰ ਸਮਾਜ ਸੇਵੀਆਂ ਨੂੰ ਵੀ ਇਸ ਪੁੰਨ ਦੇ ਕਾਰਜ ਵਿੱਚ ਨਾਲ ਜੋੜਿਆ ਜਾਵੇ ਤਾਂ ਜੋ ਗਊ ਵੰਸ਼ ਦੀ ਵਧੀਆ ਤਰੀਕੇ ਨਾਲ ਸੰਭਾਲ ਕੀਤੀ ਜਾ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ. ਹਰਜਿੰਦਰ ਸਿੰਘ ਬੇਦੀ, ਐੱਸ ਡੀ ਐੱਮ ਮਹਿਲ ਕਲਾਂ ਸ੍ਰੀਮਤੀ ਕ੍ਰਿਤਿਕਾ ਗੋਇਲ, ਸੇਵਾਮੁਕਤ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪਰਵੀਨ ਕੁਮਾਰ, ਮੁੱਖ ਸੇਵਾਦਾਰ ਨਰੇਸ਼ ਕੁਮਾਰ ਗਰਗ 'ਤੇ ਹੋਰ ਪਤਵੰਤੇ ਹਾਜ਼ਰ ਸਨ।

# ਜ਼ਿਲ੍ਹਾ ਬਰਨਾਲਾ ਦੇ ਆਂਗਨਵਾੜੀ ਕੇਂਦਰਾਂ ਵਿੱਚ 'ਆਂਗਨਵਾੜੀ ਓਲੰਪਿਕ ਖੇਡਾਂ-2026' ਸ਼ੁਰੂ



ਬਰਨਾਲਾ, 13 ਮਾਰਚ (ਬਘੇਲ ਸਿੰਘ ਧਾਲੀਵਾਲ) : ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਰਨਾਲਾ ਦੇ ਸਮੂਹ ਆਂਗਨਵਾੜੀ ਕੇਂਦਰਾਂ ਵਿੱਚ ਈ.ਸੀ.ਸੀ.ਈ. ਦਿਵਸ ਨੂੰ ਆਂਗਨਵਾੜੀ ਓਲੰਪਿਕ ਗੇਮਜ਼ 2026 ਵਜੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। 'ਖੇਡੋ-ਸਿੱਖੋ-ਵਧੋ' ਦੇ ਥੀਮ ਹੇਠ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਦਾ ਮੁੱਖ ਮਕਸਦ 3 ਤੋਂ 6 ਸਾਲ ਤੱਕ ਦੇ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਹੁਲਾਰਾ ਦੇਣਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਿੰਦਰਪਾਲ ਕੌਰ ਧਾਰੀਵਾਲ ਨੇ ਦੱਸਿਆ ਕਿ ਆਂਗਣਵਾੜੀ ਕੇਂਦਰਾਂ ਵਿੱਚ ਖੇਡ ਗਤੀਵਿਧੀਆਂ ਬੱਚਿਆਂ ਦੀ ਸਿਹਤ ਅਤੇ ਮਾਨਸਿਕ ਵਿਕਾਸ ਲਈ ਬੇਹੱਦ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਛੋਟੀ ਉਮਰ ਵਿੱਚ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਦਾ ਹੈ ਅਤੇ ਸਿੱਖਣ ਦੀ ਸਮਰੱਥਾ ਵਿੱਚ ਵੀ ਤੇਜ਼ੀ ਆਉਂਦੀ ਹੈ। ਪ੍ਰੋਗਰਾਮ ਦੇ ਪਹਿਲੇ ਦਿਨ ਕੇਂਦਰ ਪੱਧਰ 'ਤੇ ਬੱਚਿਆਂ ਲਈ ਦੌੜ ਮੁਕਾਬਲਾ, ਨਿੰਬੂ-ਚਮਚ ਦੌੜ, ਬੋਰੀ ਦੌੜ, ਰੱਸੀ ਕੂਦ, ਗੇਂਦ ਅਤੇ ਰਿੰਗ ਸੁੱਟਣ ਵਰਗੀਆਂ ਦਿਲਚਸਪ ਖੇਡਾਂ ਕਰਵਾਈਆਂ ਗਈਆਂ। ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਪ੍ਰੋਗਰਾਮ ਦੇ ਦੂਜੇ ਦਿਨ ਸੁਪਰਵਾਈਜ਼ਰਾਂ ਦੀ ਦੇਖ-ਰੇਖ ਹੇਠ ਆਂਗਣਵਾੜੀ ਵਰਕਰਾਂ ਲਈ ਵੀ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਵਰਕਰਾਂ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਅੱਗੇ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਮੀਲ ਦਾ ਪੱਥਰ ਸਾਬਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਵਿੱਚ ਸਮੂਹਿਕ ਭਾਗੀਦਾਰੀ ਦੀ ਭਾਵਨਾ ਪੈਦਾ ਹੁੰਦੀ ਹੈ, ਜੋ ਉਨ੍ਹਾਂ ਦੇ ਸਮਾਜਿਕ ਵਿਕਾਸ ਲਈ ਲਾਭਦਾਇਕ ਹੈ।

# ਮਸਤੂਆਣਾ ਸਾਹਿਬ ਵਿਖੇ 27ਵੀਂ ਅੰਤਰਰਾਸ਼ਟਰੀ ਐਥਲੈਟਿਕ ਮੀਟ 'ਚ ਚੰਡੀਗੜ੍ਹ ਇੰਜੀਨੀਅਰਿੰਗ ਕਾਲਜ ਮੈਨ ਅਤੇ ਵੂਮੈਨ ਵਰਗ ਨੇ ਹਾਸਲ ਕੀਤੀ ਪਹਿਲੀ ਪੁਜ਼ੀਸ਼ਨ



ਸੰਗਰੂਰ, 13 ਮਾਰਚ (ਹਰਕੰਵਲ ਸਿੰਘ ਹੈਪੀ) : ਅਕਾਲ ਕਾਲਜ ਆਫ਼ ਫਿਜ਼ੀਕਲ ਕਾਲਜ ਮਸਤੂਆਣਾ ਸਾਹਿਬ ਵਿਖੇ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀ 27ਵੀਂ ਅੰਤਰਰਾਸ਼ਟਰੀ ਐਥਲੈਟਿਕ ਮੀਟ ਦਾ ਦੂਸਰਾ ਦਿਨ ਸੀ ਜਿੱਥੇ 31 ਕਾਲਜਾਂ ਦੇ 450 ਵਿਦਿਆਰਥੀਆਂ ਵੱਲੋਂ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਦੂਸਰੇ ਦਿਨ ਮੁੱਖ ਮਹਿਮਾਨ ਦਰੋਣਾਚਾਰੀਆ ਐਵਾਰਡੀ ਅਤੇ ਇੰਟਰਨੈਸ਼ਨਲ ਕੋਚ ਡਾ ਜੀਵਨਜੋਤ ਸਿੰਘ ਤੇਜੇ, ਡਾ. ਯਾਦਵਿੰਦਰ ਸਿੰਘ ਬਰਾੜ (ਡੀਨ ਅਕੈਡਮਿਕ ਪੀ .ਟੀ ਯੂ.) ਉਚੇਚੇ ਤੌਰ 'ਤੇ ਪਹੁੰਚੇ ਜਿੱਥੇ ਜਸਵੰਤ ਸਿੰਘ ਖਹਿਰਾ ਸਕੱਤਰ ਅਕਾਲ ਕਾਲਜ ਕੌਂਸਲ, ਪ੍ਰਿੰਸੀਪਲ ਡਾ ਗੀਤਾ ਠਾਕੁਰ ਅਤੇ ਕੌਂਸਲ ਮੈਂਬਰ ਮਨਜੀਤ ਸਿੰਘ ਬਾਲੀਆਂ ਅਤੇ ਸਮੂਹ ਮੈਨੇਜਮੈਂਟ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਕੌਂਸਲ ਮੈਂਬਰ ਮਨਜੀਤ ਸਿੰਘ ਬਾਲੀਆਂ ਵੱਲੋਂ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਗਿਆ। ਉਹਨਾਂ ਕਿਹਾ ਕਿ ਸਾਡੇ ਅਕਾਲ ਕਾਲਜ ਆਫ਼ ਫਿਜ਼ੀਕਲ ਕਾਲਜ ਲਈ ਇਹ ਬੜੇ ਮਾਣ ਦੀ ਗੱਲ ਹੈ ਕਿ ਪੀ.ਟੀ ਯੂ ਵੱਲੋਂ ਸਾਨੂੰ ਬਹੁਤ ਸਹਿਯੋਗ ਦਿੱਤਾ ਜਾ ਰਿਹਾ ਹੈ, ਜਿਸ ਕਰਕੇ ਅੱਜ ਦੀ ਇਹ ਐਥਲੈਟਿਕ ਮੀਟ ਸਫਲਤਾਪੂਰਵਕ ਸੰਪੰਨ ਹੁੰਦੀ ਹੈ। (ਮੈਨ ਵਰਗ) 'ਚੋਂ ਪਹਿਲੀ ਪੁਜ਼ੀਸ਼ਨ ਚੰਡੀਗੜ੍ਹ ਇੰਜੀਨੀਅਰਿੰਗ ਕਾਲਜ -ਸੀ.ਜੀ .ਸੀ ਲਾਂਡਰਾਂ ਨੇ ਪ੍ਰਾਪਤ ਕੀਤੀ ਹੈ। ਦੂਸਰੀ ਪੁਜ਼ੀਸ਼ਨ ਚੰਡੀਗੜ੍ਹ ਇੰਜੀਨੀਅਰਿੰਗ ਕਾਲਜ ਝਨਝੇੜੀ (ਮੋਹਾਲੀ) ਨੇ ਪ੍ਰਾਪਤ ਕੀਤੀ।ਤੀਸਰੀ ਪੁਜ਼ੀਸ਼ਨ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ ਲੁਧਿਆਣਾ ਨੇ ਪ੍ਰਾਪਤ ਕੀਤੀ ਹੈ। (ਔਰਤ ਵਰਗ) 'ਚੋ ਪਹਿਲੀ ਪੁਜ਼ੀਸ਼ਨ ਚੰਡੀਗੜ੍ਹ ਇੰਜੀਨੀਅਰਿੰਗ ਕਾਲਜ ਸੀ.ਜੀ.ਸੀ ਲਾਂਡਰਾਂ (ਮੋਹਾਲੀ) ਨੇ ਪ੍ਰਾਪਤ ਕੀਤੀ ਹੈ। ਦੂਸਰੀ ਪੁਜ਼ੀਸ਼ਨ ਮਲੋਟ ਇੰਸਟੀਟਿਊਟ ਆਫ਼ ਮੈਨੇਜਮੈਂਟ ਐਂਡ ਇਨਫੋਰਮੇਸ਼ਨ ਟੈਕਨੋਲਜੀ (ਮਲੋਟ) ਨੇ ਪ੍ਰਾਪਤ ਕੀਤੀ। ਤੀਸਰੀ ਪੁਜ਼ੀਸ਼ਨ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ ਨੇ ਪ੍ਰਾਪਤ ਕੀਤੀ ਹੈ।ਇਸ ਤੋਂ ਇਲਾਵਾ ਅਮਨਦੀਪ ਮੱਟੂ (ਬੈਸਟ ਐਥਲੀਟ ਮੈਨ) ਸੀ.ਟੀ. ਗਰੁੱਪ ਆਫ਼ ਇੰਸਟੀਟਿਊਸ਼ਨ ਜਲੰਧਰ ਰਿਹਾ। ਇਸ ਮੌਕੇ ਸ ਭੁਪਿੰਦਰ ਸਿੰਘ ਪੂਨੀਆ, ਸੀਨੀਅਰ ਕੌਂਸਲ ਮੈਂਬਰ ਸ ਮਨਜੀਤ ਸਿੰਘ ਬਾਲੀਆ, ਪ੍ਰਿੰਸੀਪਲ ਗੀਤਾ ਠਾਕੁਰ, ਪ੍ਰਿੰਸੀਪਲ ਡਾ ਜਸਪਾਲ ਸਿੰਘ (ਡੀ ਫਾਰਮੇਸੀ), ਪ੍ਰਿੰਸੀਪਲ ਡਾ ਰਮਨ ਮਿੱਤਲ (ਬੀ ਫਾਰਮੇਸੀ), ਡਾਇਰੈਕਟਰ ਨਿਰਪਜੀਤ ਸਿੰਘ, ਡਾਇਰੈਕਟਰ ਜਤਿੰਦਰ ਦੇਵ, ਸ ਜਗਜੀਤ ਭੁੱਲਰ, ਸ੍ਰੀ ਸੁਧੀਰ ਸ਼ਰਮਾ (ਸਹਾਇਕ ਨਿਰਦੇਸ਼ਕ ਖੇਡਾਂ ਪੀ.ਟੀ.ਯੂ)ਡਾ ਦਿਨੇਸ਼ ਕੁਮਾਰ,ਸ ਹਰਵਿੰਦਰ ਸਿੰਘ ਵਿਰਕ,ਸ ਭੁਪਿੰਦਰ ਸਿੰਘ ( ਪੀ.ਟੀ .ਯੂ.),ਪ੍ਰੋ ਰਣਧੀਰ ਸ਼ਰਮਾ, ਪ੍ਰੋ ਅਮਨਦੀਪ (ਬੀ ਫਾਰਮੇਸੀ)ਪ੍ਰੋ ਸੋਹਣਦੀਪ ਸਿੰਘ ਜੁਗਨੂੰ,ਪ੍ਰੋ ਸੁਖਵਿੰਦਰ ਸਿੰਘ ਮਾਨ, ਪ੍ਰੋ ਸੁਖਜੀਤ ਸਿੰਘ, ਪ੍ਰੋ ਰਛਪਾਲ ਸਿੰਘ,ਸ ਸੁਖਜਿੰਦਰ ਸਿੰਘ ਭੱਠਲ, ਪ੍ਰੀਤ ਰੰਧਾਵਾ, ਮੀਡੀਆ ਮੈਨੇਜਰ, ਪ੍ਰੋ ਗੁਰਪ੍ਰੀਤ ਕੌਰ (ਬੀ ਫਾਰਮੇਸੀ)ਅਤੇ ਸਮੂਹ ਮੈਨੇਜਮੈਂਟ ਅਤੇ ਸਟਾਫ਼ ਹਾਜ਼ਰ ਸਨ।

# ਮਹਿਲ ਕਲਾਂ ਵਿੱਚ ਮਨਾਇਆ ਜਾ ਰਿਹੈ ਗਲੋਕੋਮਾ ਹਫ਼ਤਾ

## ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਕਰਵਾਉਂਦੇ ਰਹਿਣਾ ਗਲੋਕੋਮਾ ਤੋਂ ਬਚਾਅ ਲਈ ਸਹਾਈ : ਡਾ. ਗੁਰਤੇਜਿੰਦਰ ਕੌਰ



ਮਹਿਲ ਕਲਾਂ, ਬਰਨਾਲਾ, 13 ਮਾਰਚ (ਬਘੇਲ ਸਿੰਘ ਧਾਲੀਵਾਲ) : ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਸਿਹਤ ਬਲਾਕ ਮਹਿਲ ਕਲਾਂ ਦੇ ਵੱਖ ਵੱਖ ਪਿੰਡਾਂ ਵਿੱਚ ਵਿਸ਼ਵ ਗਲੋਕੋਮਾ (ਕਾਲਾ ਮੋਤੀਆ) ਹਫ਼ਤਾ ਮਨਾਇਆ ਜਾ ਰਿਹਾ ਹੈ। ਇਹ ਹਫ਼ਤਾ 14 ਮਾਰਚ, 2026 ਤੱਕ ਮਨਾਇਆ ਜਾਵੇਗਾ। ਸੀ ਐਚ ਸੀ ਮਹਿਲ ਕਲਾਂ ਵਿਖੇ ਜਾਗਰੂਕਤਾ ਕੈਂਪ ਦੌਰਾਨ ਜਾਣਕਾਰੀ ਦਿੰਦਿਆਂ ਅੱਖਾਂ ਦੇ ਮਾਹਿਰ ਡਾ. ਗੁਰਤੇਜਿੰਦਰ ਕੌਰ ਨੇ ਦੱਸਿਆ ਕਿ ਗਲੋਕੋਮਾ ਸਥਾਈ ਨੇਤਰਹੀਣਤਾ ਦੇ ਮੁੱਖ ਕਾਰਨਾਂ ਵਿੱਚੋਂ ਇਕ ਅਹਿਮ ਕਾਰਨ ਹੈ। ਉਨ੍ਹਾਂ ਕਿਹਾ ਕਿ ਗਲੋਕੋਮਾ ਅੱਖ ਦੇ ਦਬਾਅ (ਇੰਟਰਾਓਕੂਲਰ ਪ੍ਰੈਸ਼ਰ) ਵਿੱਚ ਵਾਧੇ ਕਾਰਨ ਆਪਟਿਵ ਨਰਵ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜਿਸ ਕਾਰਨ ਵਿਅਕਤੀ ਨੂੰ ਵੇਖਣ ਵਿੱਚ ਸਮੱਸਿਆ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਗਲੋਕੋਮਾ ਤੋਂ ਪੀੜਤ ਹੋ ਸਕਦਾ ਹੈ ਪਰ 60 ਸਾਲ ਤੋਂ ਵੱਧ ਉਮਰ ਦਾ ਵਿਅਕਤੀ ਜਾਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਮਾਈਓਪੀਆ ਜਿਹੀ ਕੋਈ ਬਿਮਾਰੀ ਜਾਂ ਕੋਰਟੀਕੋਸਟੀਰੋਇਡ ਖਾਸ ਤੌਰ 'ਤੇ ਲੰਮੇ ਸਮੇਂ ਤੱਕ ਅੱਖਾਂ ਦੀ ਦਵਾਈ ਪਾਉਣ ਵਾਲੇ ਕੁਝ ਵਿਅਕਤੀਆਂ ਲਈ ਵਧੇਰੇ ਜੋਖ਼ਮ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਸਾਧਾਰਣ ਸਿਰ ਦਰਦ ਜਾਂ ਅੱਖਾਂ ਵਿੱਚ ਦਰਦ, ਪੜ੍ਹਨ ਵਾਲੀਆਂ ਐਨਕਾਂ ਦਾ ਵਾਰ-ਵਾਰ ਬਦਲਣਾ, ਪ੍ਰਕਾਸ਼ ਦੇ ਆਲੇ ਦੁਆਲੇ ਰੰਗਦਾਰ ਚੱਕਰ, ਦ੍ਰਿਸ਼ਟੀ ਦੇ ਖੇਤਰ ਦਾ ਸੀਮਤ ਹੋਣਾ ਆਦਿ ਗਲੋਕੋਮਾ ਦੇ ਲੱਛਣ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਸਮਾਂ ਰਹਿੰਦਿਆਂ ਬਿਮਾਰੀ ਦੀ ਪਛਾਣ ਅਤੇ ਸਾਵਧਾਨੀਪੂਰਵਕ ਇਲਾਜ ਕਰਾਉਣ ਨਾਲ ਜ਼ਿਆਦਾਤਰ ਮਾਮਲਿਆਂ ਵਿੱਚ ਨਜ਼ਰ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ 40 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਸਮੇਂ ਸਮੇਂ 'ਤੇ ਆਪਣੀਆਂ ਅੱਖਾਂ ਦੀ ਜਾਂਚ ਕਰਾਉਣੀ ਚਾਹੀਦੀ ਹੈ। ਇਸ ਮੌਕੇ ਡਾ. ਅਮ੍ਰਿਤਪਾਲ ਕੌਰ, ਡਾ. ਨਵਨੀਤ ਬਾਂਸਲ, ਬੀ ਈ ਈ ਸ਼ਿਵਾਨੀ ਅਰੋੜਾ, ਮ.ਪ.ਹ.ਵ ਮੇਲ ਜਗਰੂਪ ਸਿੰਘ ਅਤੇ ਬੂਟਾ ਸਿੰਘ, ਉਪਵੈਦ ਅਜੇ ਕੁਮਾਰ ਅਤੇ ਨਰਸਿੰਗ ਵਿਦਿਆਰਥਣਾਂ ਮੌਜੂਦ ਸਨ।

# ਐਮ.ਟੀ.ਐਸ. ਬਰਨਾਲਾ ਵਿੱਚ ਕਿੰਡਰਗਾਰਟਨ ਨਵੇਂ ਮਾਪਿਆਂ ਦੀ ਓਰੀਐਂਟੇਸ਼ਨ ਕਰਵਾਈ



ਬਰਨਾਲ,ਾ 13 ਮਾਰਚ (ਇਸ਼ੇਨ ਕੰਗ) : ਐਮ.ਟੀ.ਐਸ. ਬਰਨਾਲਾ ਵਿੱਚ ਕਿੰਡਰਗਾਰਟਨ ਨਵੇਂ ਮਾਪਿਆਂ ਦੀ ਓਰੀਐਂਟੇਸ਼ਨ 2026 ਸਫਲਤਾ-ਪੂਰਵਕ ਆਯੋਜਿਤ ਕੀਤੀ ਗਈ, ਜਿਸ ਦਾ ਉਦੇਸ਼ ਨਵੇਂ ਮਾਪਿਆਂ ਦਾ ਸਵਾਗਤ ਕਰਨਾ ਅਤੇ ਉਨ੍ਹਾਂ ਨੂੰ ਸਕੂਲ ਦੀ ਸਿੱਖਿਆਕ ਦ੍ਰਿਸ਼ਟੀ ਅਤੇ ਬੱਚਾ-ਕੇਂਦਰਿਤ ਪਾਠਨ ਪਧਤੀ ਨਾਲ ਜਾਣੂ ਕਰਵਾਉਣਾ ਸੀ। ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਪਲੇ-ਵੇ ਸਿਖਲਾਈ, ਬੱਚਿਆਂ ਦੇ ਸਮੂਹਿਕ ਵਿਕਾਸ ਅਤੇ ਸੁਰੱਖਿਅਤ ਤੇ ਪ੍ਰੇਰਣਾਦਾਇਕ ਸਿੱਖਣ ਵਾਲੇ ਮਾਹੌਲ ਬਾਰੇ ਜਾਣਕਾਰੀ ਦਿੱਤੀ ਗਈ। ਮਾਪਿਆਂ ਨੂੰ ਕਿੰਡਰਗਾਰਟਨ ਵਿੰਗ ਦੀਆਂ ਸਹੂਲਤਾਂ ਅਤੇ ਪਾਠਕ੍ਰਮ ਨਾਲ ਵੀ ਜਾਣੂ ਕਰਵਾਇਆ ਗਿਆ। ਕਾਰਜਕ੍ਰਮ ਦੇ ਅੰਤ ਵਿੱਚ ਇਕ ਸੰਵਾਦਾਤਮਕ ਸੈਸ਼ਨ ਰਾਹੀਂ ਮਾਪਿਆਂ ਅਤੇ ਸਕੂਲ ਵਿਚਕਾਰ ਮਜ਼ਬੂਤ ਸਾਂਝ ਦੀ ਸ਼ੁਰੂਆਤ ਹੋਈ, ਜੋ ਬੱਚਿਆਂ ਦੇ ਸਰਵਾਂਗੀਣ ਵਿਕਾਸ ਲਈ ਮਹੱਤਵਪੂਰਨ ਹੈ।

# 'ਵਿਸ਼ਵ ਧਰਤੀ ਦਿਵਸ' ਮੌਕੇ ਧਰਤੀ ਨੂੰ ਬਿਮਾਰ ਹੋਣ ਤੋਂ ਬਚਾਉਣ ਦਾ ਕਰੀਏ ਸੰਕਲਪ



ਬਰਨਾਲਾ, 13 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਵਿਸ਼ਵ ਧਰਤੀ ਦਿਵਸ ਮੌਕੇ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਮੌਕੇ ਬੋਲਦਿਆਂ ਭੋਲਾ ਸਿੰਘ ਵਿਰਕ ਸਟੇਟ ਐਵਾਰਡੀ ਅਤੇ ਸਿੱਖਿਆ ਸ਼ਾਸਤਰੀ ਨੇ ਕਿਹਾ ਕਿ ਪ੍ਰਦੂਸ਼ਨ ਨਾਲ ਧਰਤੀ ਐਨੀ ਬਿਮਾਰ ਹੋ ਗਈ ਹੈ ਕਿ ਉਹ ਆਈ ਸੀ ਯੂ ਚ ਪਹੁੰਚ ਚੁੱਕੀ ਹੈ। ਜੇਕਰ ਇਸ ਤਰ੍ਹਾਂ ਹੀ ਧਰਤੀ ਦਾ ਪ੍ਰਦੂਸ਼ਣ ਵੱਧਦਾ ਰਿਹਾ ਤਾਂ ਕਿਸੇ ਵੀ ਦਿਨ ਬ੍ਰਹਿਮੰਡ ਦੇ ਇਸ ਖ਼ੂਬਸੂਰਤ ਗ੍ਰਹਿ ਦੀ ਮੌਤ ਹੋ ਸਕਦੀ ਹੈ। ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਕੋਲੋਨਾਈਜਰ ਪਿਆਰਾ ਲਾਲ ਰਾਏਸਰ ਵਾਲਿਆਂ ਨੇ ਕਿਹਾ ਕਿ ਵਧ ਰਹੀ ਆਬਾਦੀ ਕਾਰਨ ਜੰਗਲਾਂ ਦੀ ਕਟਾਈ ਹੋ ਰਹੀ ਹੈ । ਧਰਤੀ ਨੂੰ ਮਨੁੱਖ ਦੇ ਰਹਿਣ ਯੋਗ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਾਏ ਜਾਣੇ ਚਾਹੀਦੇ ਹਨ।

ਕੋਪਲ ਕੰਪਨੀ ਦੇ ਐਮ ਡੀ ਸੰਜੀਵ ਬਾਂਸਲ ਸੂਲਰ ਘਰਾਟ ਵਾਲਿਆਂ ਨੇ ਕਿਹਾ ਕਿ ਪਾਣੀ ਜੀਵਨ ਦਾ ਆਧਾਰ ਹੈ। ਪ੍ਰਾਣੀ ਜਗਤ ਅਤੇ ਬਨਸਪਤੀ ਸਭ ਪਾਣੀ ਕਾਰਨ ਹਰੇ ਭਰੇ ਹਨ। ਕਾਰਖਾਨਿਆਂ ਦਾ ਤੇਜਾਬੀ ਮਾਦਾ ਨਹਿਰਾਂ ਤੇ ਦਰਿਆਵਾਂ ਚ ਮਿਲ ਕੇ ਜਲ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਪਾਣੀ ਦਾ ਪ੍ਰਦੂਸ਼ਣ ਤੋਂ ਧਰਤੀ ਨੂੰ ਬਚਾਉਣ ਦੀ ਸਖ਼ਤ ਲੋੜ ਹੈ। ਕੋਲੋਨਾਈਜਰ ਰਾਜੀਵ ਗੁਪਤਾ ਲੂਬੀ ਨੇ ਕਿਹਾ ਕਿ ਵੱਡੇ ਵੱਡੇ ਉਦਯੋਗਾਂ ਦਾ ਪ੍ਰਭਾਵ ਨੇੜੇ ਵਾਲੀ ਭੂਮੀ ਤੇ ਪੈ ਰਿਹਾ ਹੈ, ਜਿੱਥੇ ਤੇਜ਼ਾਬੀ ਜਾਂ ਰਸਾਇਣਿਕ ਮਾਦਾ ਡਿਗਦਾ ਹੈ, ਉਥੇ ਧਰਤੀ ਦਾ ਵਿਨਾਸ਼ ਕੀਤਾ ਜਾ ਰਿਹਾ ਹੈ। ਉਪਜ ਵਧਾਉਣ ਲਈ ਲੋੜ ਤੋਂ ਵੱਧ ਜ਼ਹਿਰੀਲੀਆਂ ਖਾਦਾਂ ਤੇ ਕੀੜੇਮਾਰ ਦਵਾਈਆਂ ਵਰਤੀਆਂ ਜਾ ਰਹੀਆਂ ਹਨ। ਸਮਾਜ ਸੇਵੀ ਡਾਕਟਰ ਰਾਹੁਲ ਰੁਪਾਲ ਨੇ ਖੁਲਾਸਾ ਕਰਦਿਆਂ ਕਿਹਾ ਕਿ ਹਰ ਸਾਲ 15 ਅਰਬ ਤੋਂ ਵੱਧ ਦਰਖਤ ਕੱਟੇ ਜਾ ਰਹੇ ਹਨ । ਧਰਤੀ ਤੇ ਆਲਮੀ ਤਪਸ਼ ਦੀ ਰੋਕਥਾਮ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਵਧ ਰਹੀ ਆਲਮੀ ਤਪਸ਼ ਨਾਲ ਭਵਿੱਖ ਚ ਮੌਤ ਦਰ ਚ ਵੀ ਵਾਧਾ ਹੋਵੇਗਾ। ਗੋਸ਼ਟੀ ਦੌਰਾਨ ਬੋਲਦਿਆਂ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਧੰਨਾ ਸਿੰਘ ਗਰੇਵਾਲ ਨੇ ਕਿਹਾ ਕਿ ਦਰੱਖਤਾਂ ਦੀ ਕਟਾਈ ਕਰਨ ਨਾਲ, ਏ ਸੀ ਚੱਲਣ ਅਤੇ ਆਵਾਜਾਈ ਦੇ ਸਾਧਨਾਂ ਚ ਹੋਏ ਵਾਧੇ ਅਤੇ ਪਲਾਸਟਿਕ ਦੀ ਵਰਤੋਂ ਨਾਲ ਧਰਤੀ ਤੇ ਆਲਮੀ ਤਪਸ਼ ਬਹੁਤ ਵਧ ਗਈ ਹੈ। ਕੇਵਲ ਧਰਤੀ ਹੀ ਇੱਕ ਅਜਿਹਾ ਗ੍ਰਹਿ ਹੈ ਜਿੱਥੇ ਮਨੁੱਖੀ ਜੀਵਨ ਸੰਭਵ ਹੈ। ਇਸ ਲਈ ਵੱਧ ਤੋਂ ਵੱਧ ਬੂਟੇ ਲਾ ਕੇ ਅਤੇ ਪਲਾਸਟਿਕ ਦੀ ਵਰਤੋਂ ਤੇ ਮੁਕੰਮਲ ਪਬੰਦੀ ਲਾ ਕੇ ਅਸੀਂ ਧਰਤੀ ਨੂੰ ਸੋਹਣਾ ਬਣਾ ਸਕਦੇ ਹਾਂ।

# ਕੇਂਦਰ ਸਰਕਾਰ ਨੇ ਲਿਆ ਫ਼ੈਸਲਾ, ਜੰਗ ਦੇ ਮੱਦੇਨਜ਼ਰ ਹੁਣ ਰਾਸ਼ਨ ਕਾਰਡ ਧਾਰਕਾਂ ਨੂੰ ਡਿਪੂਆਂ 'ਤੇ ਮਿਲੇਗਾ ਮਿੱਟੀ ਦਾ ਤੇਲ : ਸਿੱਧੂ



ਬਰਨਾਲਾ, 13 ਮਾਰਚ (ਹਮੀਰ ਸਿੰਘ) : ਕੇਂਦਰ ਦੀ ਭਾਜਪਾ ਸਰਕਾਰ ਦੇ ਪੇਟ੍ਰੋਲੀਅਮ ਅਤੇ ਗੈਸ ਮੰਤਰੀ ਵੱਲੋਂ ਅਮਰੀਕਾ ਇਸਰਾਇਲ ਅਤੇ ਇਰਾਨ ਮੁਲਕਾਂ ਵਿੱਚ ਚੱਲ ਰਹੀ ਜੰਗ ਦੇ ਮੱਦੇਨਜ਼ਰ ਇਕ ਵੱਡਾ ਫੈਸਲਾ ਲਿਆ ਕੇ ਰਾਸ਼ਨ ਕਾਰਡ ਧਾਰਕਾਂ ਨੂੰ ਸਰਕਾਰੀ ਡਿਪੂਆਂ 'ਤੇ ਮਿੱਟੀ ਦਾ ਤੇਲ ਮੁਹੱਈਆ ਕਰਵਾਇਆ ਜਾਵੇਗਾ। ਇਹ ਜਾਣਕਾਰੀ ਪ੍ਰੈਸ ਦੇ ਨਾ ਜਾਰੀ ਕਰਦਿਆਂ ਪੰਜਾਬ ਰਾਜ ਡੀਪੂ ਹੋਲਡਰ ਯੂਨੀਅਨ ਦੇ ਸੂਬਾ ਪ੍ਰਧਾਨ ਅਤੇ ਸੀਨੀਅਰ ਭਾਜਪਾ ਆਗੂ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਅਤੇ ਸੂਬਾ ਸਕੱਤਰ ਕਰਮਜੀਤ ਸਿੰਘ ਦੋਰਾਹਾ ਨੇ ਇਕ ਸਾਂਝਾ ਬਿਆਨ ਜਾਰੀ ਕਰਕੇ ਦੱਸਿਆ ਕੇ ਮੋਦੀ ਸਰਕਾਰ ਨੇ ਇਹ ਫੈਸਲਾ ਜੰਗ ਕਾਰਨ ਦੁਨੀਆ ਵਿੱਚ ਹੋਈ ਐਨਰਜੀ ਪਦਾਰਥਾਂ ਦੀ ਕਮੀ ਕਾਰਨ ਲਿਆ ਹੈ ਤਾਕਿ ਕਿਸੇ ਭੀ ਕਮੀ ਦੌਰਾਨ ਲੋੜਵੰਦ ਲੋਕ ਇਸ ਮਿੱਟੀ ਦੇ ਤੇਲ ਨਾਲ ਖਾਣਾ ਬਣਾ ਸਕਣ ਅਤੇ ਹਨੇਰੇ ਵਿੱਚ ਰੌਸ਼ਨੀ ਕਰ ਸਕਣ। ਅਸੀਂ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਸੁਆਗਤ ਕਰਦੇ ਹਾਂ ਅਤੇ ਧੰਨਵਾਦ ਭੀ ਕਰਦੇ ਹਾਂ। ਉਹਨਾਂ ਦੱਸਿਆ ਕਿ 8 ਮਾਰਚ ਨੂੰ ਆਲ ਇੰਡੀਆ ਫੇਅਰ ਪ੍ਰਾਇਸ ਸ਼ਾਪ ਫੈਡਰੇਸ਼ਨ ਦੇ ਡੇਲੀਗੇਸ਼ਨ ਨੇ ਦੇਸ਼ ਦੇ ਫੂਡ ਸਪਲਾਈ ਮੰਤਰੀ ਨਾਲ ਬੈਠਕ ਕੀਤੀ ਸੀ, ਜਿਸ ਵਿੱਚ ਡੀਪੂ ਹੋਲਡਰਾਂ ਦੀਆਂ ਸਮੱਸਿਆਵਾਂ ਤੋਂ ਉਹਨਾਂ ਨੂੰ ਜਾਣੂੰ ਕਰਵਾਇਆ ਮਾਣਯੋਗ ਮੰਤਰੀ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਉਹ ਗੌਰ ਨਾਲ ਇਹਨਾਂ ਤਕਲੀਫਾਂ 'ਤੇ ਵਿਚਾਰ ਕਰਨਗੇ।

# ਚੌਥਾ ਮਨਜੀਤ ਕੌਰ ਅਤੇ ਤ੍ਰਿਲੋਚਨ ਸਿੰਘ ਯਾਦਗਾਰੀ ਸਨਮਾਨ ਸਰੂਪ ਚੰਦ ਹਰੀਗੜ੍ਹ ਨੂੰ



ਬਰਨਾਲਾ, 13 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਾਲ 2026 ਦਾ ਚੌਥਾ ਸਰਦਾਰਨੀ ਮਨਜੀਤ ਸਿੰਘ ਅਤੇ ਤ੍ਰਿਲੋਚਨ ਸਿੰਘ ਯਾਦਗਾਰੀ ਸਨਮਾਨ ਸਰੂਪ ਚੰਦ ਹਰੀਗੜ੍ਹ ਨੂੰ ਅਪ੍ਰੈਲ ਮਹੀਨੇ ਵਿੱਚ ਦਿੱਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈਸ ਸਕੱਤਰ ਮਨਦੀਪ ਕੁਮਾਰ ਨੇ ਪ੍ਰੈਸ ਨੂੰ ਦੱਸਿਆ ਕਿ ਸਭਾ ਅਤੇ ਚੰਡਿਹੋਕ ਪਰਿਵਾਰ ਵੱਲੋਂ ਬਣਾਈ ਗਈ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦਿਆਂ ਸਾਲ 2026 ਦਾ ਸਰਦਾਰਨੀ ਮਨਜੀਤ ਕੌਰ ਅਤੇ ਤ੍ਰਿਲੋਚਨ ਸਿੰਘ ਯਾਦਗਾਰੀ ਸਨਮਾਨ ਪਿੰਡ ਹਰੀਗੜ੍ਹ ਦੇ ਸਰੂਪ ਚੰਦ ਹਰੀਗੜ੍ਹ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਅੱਗੇ ਹੋਰ ਜਾਣਕਾਰੀ ਦਿੰਦਿਆਂ ਉਹਨਾਂ ਨੇ ਦੱਸਿਆ ਕਿ ਪ੍ਰਸਿੱਧ ਸਾਹਿਤਕਾਰ ਤੇਜਿੰਦਰ ਚੰਡਿਹੋਕ ਦੇ ਪਰਿਵਾਰ ਵੱਲੋਂ ਇਹ ਸਨਮਾਨ 2022 ਤੋਂ ਲਗਾਤਾਰ ਦਿੱਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਚਰਨੀ ਬੇਦਿਲ, ਕੁਲਵੀਰ ਕੌਰ ਜੋਤੀ ਅਤੇ ਪੁਨੀਤ ਗੁਪਤਾ ਨੂੰ ਦਿੱਤਾ ਜਾ ਚੁੱਕਾ ਹੈ। ਇਸ ਸਨਮਾਨ ਵਿਚ ਸਨਮਾਨ ਚਿੰਨ, ਨਗਦ ਰਾਸ਼ੀ, ਲੋਈ ਅਤੇ ਪੁਸਤਕਾਂ ਦਾ ਸੈੱਟ ਦਿੱਤਾ ਜਾਂਦਾ ਹੈ। ਇਸ ਮੌਕੇ ਜਨਰਲ ਸਕੱਤਰ ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ, ਪਾਲ ਸਿੰਘ ਲਹਿਰੀ, ਜੈਸਮੀਨ ਕੌਰ ਅਤੇ ਦਰਸ਼ਨ ਸਿੰਘ ਗੁਰੂ ਆਦਿ ਹਾਜ਼ਰ ਸਨ।

# ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਦੇ ਅਧਿਆਪਕਾਂ 'ਤੇ ਹੋਏ ਲਾਠੀਚਾਰਜ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ



ਤਪਾ ਮੰਡੀ, 13 ਮਾਰਚ (ਰਾਜੂ ਮਹਿਰਾ) : ਬੀਤੇ ਦਿਨੀਂ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਲੈ ਕੇ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਦੇ ਅਧਿਆਪਕਾਂ 'ਤੇ ਹੋਏ ਲਾਠੀਚਾਰਜ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਗਜਟਿਡ ਨਾਨ-ਗਜਟਿਡ ਇੰਪਲਾਈਜ਼ ਵੈਲਫੇਅਰ ਫੈਡਰੇਸਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਛਮਣ ਸਿੰਘ ਸਹੋਤਾ ਨੇ ਕਿਹਾ ਕਿ ਟੈਟ ਦੇ ਟੈਸਟ ਦੀ ਗੈਰ ਸੰਵਿਧਾਨਿਕ ਸ਼ਰਤ ਨੂੰ ਹਟਾ ਕੇ, 2011 ਤੋਂ ਪਹਿਲਾਂ ਭਰਤੀ ਹੋਏ ਟੀਚਰਜ ਨੂੰ ਉਨ੍ਹਾਂ ਦੇ ਭਰਤੀ ਹੋਣ ਸਮੇਂ ਜੋ ਨਿਯਮ ਸ਼ਰਤਾਂ ਸਨ ਦੇ ਅਧਾਰ 'ਤੇ ਤਰੱਕੀਆਂ ਦਿੱਤੀਆਂ ਜਾਣ, ਉਨ੍ਹਾਂ 'ਤੇ ਕਿਸੇ ਵੀ ਕਿਸਮ ਦੀ ਹੋਰ(ਟੀਚਰ ਇਲਜੀਬਿਲਟੀ ਟੈਸਟ) ਸ਼ਰਤ ਨਾ ਲਾਗੂ ਕਰਕੇ ਚਿੰਤਾ ਮੁਕਤ ਸਰਵਿਸ ਕਰਨ ਦਿੱਤੀ ਜਾਵੇ, ਨਾ ਕਿ ਹੁਣ ਪੰਦਰਾਂ ਤੋਂ ਅਠਾਰਾਂ ਸਾਲ ਬਾਅਦ ਉਹਨਾਂ ਨੂੰ ਨੌਕਰੀ ਤੋਂ ਕੱਢਣ ਦੀ ਧਮਕੀ ਦਿੱਤੀ ਜਾਵੇ।ਪੂਰੇ ਦੇਸ਼ ਦੇ 25 ਲੱਖ ਤੋਂ ਵੱਧ ਟੀਚਰ ਆਪਣੀਆਂ ਨੌਕਰੀਆਂ ਬਚਾਉਣ ਲਈ ਧਰਨੇ ਲਗਾਉਂਦੇ ਫਿਰਨ ਜਾਂ ਇਸ ਫਿਕਰ ਵਿਚ ਜਿੰਦਗੀ ਗੁਜਾਰਨ ਕਿ ਹੁਣ ਉਨ੍ਹਾਂ ਦਾ ਕੀ ਬਣੇਗਾ,ਇਸ ਦਚਿੱਤੀ ਵਿਚ ਅਧਿਆਪਕ ਬੱਚਿਆਂ ਨੂੰ ਕਿਵੇਂ ਪੜ੍ਹਾਉਣਗੇ। ਉਹਨਾਂ ਆਖਿਆ ਕਿ ਦੇਸ਼ ਦੀਆਂ ਕਈ ਸੂਬਾਈ ਸਰਕਾਰਾਂ ਨੇ ਸੁਪਰੀਮ ਕੋਰਟ ਦੇ ਫੈਸਲੇ ਖਿਲਾਫ ਰੀਵਿਊ ਪਟੀਸ਼ਨ ਦਾਇਰ ਕਰ ਰਹੀਆਂ ਹਨ, ਉਸੇ ਤਰਾਂ ਪੰਜਾਬ ਦੇ ਸਮੂਹ ਅਧਿਆਪਕ ਵੀ ਪੰਜਾਬ ਸਰਕਾਰ ਤੋਂ ਇਹ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਇਸ ਬੇਲੋੜੀ ਗੈਰ ਸਵਿਧਾਨਿਕ ਸ਼ਰਤ ਹਟਾਉਣ ਲਈ ਕੋਈ ਠੋਸ ਨੀਤੀ ਅਪਣਾਉਣੀ ਚਾਹੀਦੀ ਹੈ, ਜਿਸ ਦੇ ਚਲਦਿਆਂ ਬੀਤੇ ਦਿਨ ਪੂਰੇ ਪੰਜਾਬ ਤੋਂ ਚੰਡੀਗੜ੍ਹ ਪਹੁੰਚੇ ਅਧਿਆਪਕਾਂ 'ਤੇ ਸਰਕਾਰ ਨੇ ਗੱਲ ਸੁਣਨ ਦੀ ਥਾਂ ਲਾਠੀਚਾਰਜ ਕੀਤਾ,ਪੱਗਾਂ ਰੋਲ਼ੀਆਂ, ਪਾਣੀ ਦੀਆਂ ਬੁਛਾੜਾਂ ਮਾਰੀਆਂ ਤੇ ਸੜਕਾਂ 'ਤੇ ਰੋਲ਼ਿਆ, ਜਿਸਦੀ ਉਹ ਇੱਕ ਵਾਰ ਫਿਰ ਤੋਂ ਘੋਰ ਸ਼ਬਦਾਂ 'ਚ ਨਿੰਦਾ ਕਰਦੇ ਹਨ।

# ਮੋਹਾਲੀ ਰੈਲੀ ਅਤੇ ਮਾਰਚ ਸਬੰਧੀ ਪੈਨਸ਼ਨਰਾਂ ਦੀ ਰੀਵਿਊ ਮੀਟਿੰਗ, ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ



ਬਰਨਾਲਾ, 13 ਮਾਰਚ (ਬਘੇਲ ਸਿੰਘ ਧਾਲੀਵਾਲ) : ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਜ਼ਿਲ੍ਹਾ ਬਰਨਾਲਾ ਦੀ ਮੀਟਿੰਗ ਅੱਜ ਪੈਨਸ਼ਨਰ ਭਵਨ ਵਿੱਚ ਜ਼ਿਲ੍ਹਾ ਪ੍ਰਧਾਨ ਬਖ਼ਸ਼ੀਸ਼ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਵਰਕਿੰਗ ਪ੍ਰਧਾਨ ਪ੍ਰਿੰਸੀਪਲ ਕੌਰ ਸਿੰਘ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪੈਨਸ਼ਨਰ ਸਾਥੀਆਂ ਨੇ ਹਿੱਸਾ ਲਿਆ ਅਤੇ 8 ਮਾਰਚ ਨੂੰ ਮੋਹਾਲੀ ਵਿੱਚ ਹੋਈ ਰੈਲੀ ਤੇ ਮਾਰਚ ਦੀ ਸਮੀਖਿਆ ਕੀਤੀ ਗਈ। ਮੀਟਿੰਗ ਦੌਰਾਨ ਬੋਲਣ ਵਾਲਿਆਂ ਨੇ ਕਿਹਾ ਕਿ ਬਰਨਾਲਾ ਜ਼ਿਲ੍ਹੇ ਦੇ ਪੈਨਸ਼ਨਰਾਂ ਦੀ ਹਾਜ਼ਰੀ ਪ੍ਰਭਾਵਸ਼ਾਲੀ ਰਹੀ, ਹਾਲਾਂਕਿ ਕੁਝ ਸਾਥੀ ਦੇਰ ਨਾਲ ਪਹੁੰਚਣ ਕਾਰਨ ਮਾਰਚ ਵਿੱਚ ਸ਼ਾਮਲ ਨਹੀਂ ਹੋ ਸਕੇ। ਉਨ੍ਹਾਂ ਚੰਡੀਗੜ੍ਹ ਪੁਲਿਸ ਵੱਲੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਾਥੀਆਂ ਉੱਤੇ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਛੱਡਣ ਦੀ ਤਿੱਖੀ ਨਿਖੇਧੀ ਕੀਤੀ ਅਤੇ ਸੰਘਰਸ਼ੀ ਸਾਥੀ ਕਰਮਜੀਤ ਸਿੰਘ ਬੀਹਲਾ ਦੀ ਬਾਂਹ ਟੁੱਟਣ 'ਤੇ ਦੁੱਖ ਪ੍ਰਗਟਾਇਆ। ਵਕਤਾਵਾਂ ਨੇ ਪੰਜਾਬ ਸਰਕਾਰ ਵੱਲੋਂ ਬਜਟ ਵਿੱਚ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਲਈ ਡੀ.ਏ. ਦੀ ਕਿਸੇ ਵੀ ਕਿਸ਼ਤ ਦਾ ਐਲਾਨ ਨਾ ਕਰਨ 'ਤੇ ਨਾਰਾਜ਼ਗੀ ਜਤਾਈ ਅਤੇ ਕਿਹਾ ਕਿ ਸਰਕਾਰ ਦੀ ਨੀਅਤ ਪੈਨਸ਼ਨਰਾਂ ਪ੍ਰਤੀ ਠੀਕ ਨਹੀਂ ਹੈ। ਉਨ੍ਹਾਂ ਪੈਨਸ਼ਨਰਾਂ ਨੂੰ ਆਪਣੇ ਹੱਕਾਂ ਲਈ ਆਉਣ ਵਾਲੇ ਸਮੇਂ ਵਿੱਚ ਹੋਰ ਮਜ਼ਬੂਤ ਅਤੇ ਤਿੱਖੇ ਸੰਘਰਸ਼ ਲਈ ਤਿਆਰ ਰਹਿਣ ਦੀ ਅਪੀਲ ਕੀਤੀ। ਇਸ ਸਮੇ ਪ੍ਰਵੀਨ ਬਾਤਸ਼, ਹੰਸ ਰਾਜ, ਸਰੂਪ ਰਾਮ, ਕਰਨੈਲ ਸਿੰਘ ਲੈਕਚਰਾਰ, ਅਸ਼ੋਕ ਗੁਪਤਾ, ਜਗਰੂਪ ਸਿੰਘ ਛੰਨਾ, ਰਾਜ ਕੁਮਾਰ, ਅਸ਼ੋਕ ਕੁਮਾਰ, ਗੁਰਨਾਮ ਸਿੰਘ, ਨਾਥ ਸਿੰਘ, ਮੇਜਰ ਸਿੰਘ, ਕੌਰ ਸਿੰਘ, ਜਗਰੂਪ ਕੈਰੇ, ਕਰਨੈਲ ਖੁੱਡੀ, ਜਲੌਰ ਕੈਰੇ, ਹਰਪਾਲ ਸਿੰਘ, ਹਰਚਰਨ ਸਿੰਘ, ਹਾਕਮ ਸਿੰਘ ਬੀ. ਓ. , ਸਤੀਸ਼ ਕੁਮਾਰ ਕਾਨੂੰਗੋ, ਚਮਕੌਰ ਸਿੰਘ ਲੈਕਚਰਾਰ, ਹੀਰਾ ਲਾਲ, ਦਰਬਾਰਾ ਸਿੰਘ ਜੰਗਲਾਤ ਆਦਿ ਬਹੁਤ ਸਾਰੇ ਪੈਨਸ਼ਨਰ ਸਾਥੀ ਹਾਜ਼ਰ ਸਨ।

# ਬ੍ਰਿਲੀਐਂਟ ਸਕੂਲ ਪੱਖੋ ਕਲਾਂ ਦੇ ਸਾਲਾਨਾ ਸਮਾਰੋਹ ਵਿੱਚ ਹੋਣਹਾਰ ਵਿਦਿਆਰਥੀ ਸਨਮਾਨਿਤ




ਬਰਨਾਲਾ, 13 ਮਾਰਚ (ਬਘੇਲ ਸਿੰਘ ਧਾਲੀਵਾਲ) : ਬ੍ਰਿਲੀਐਂਟ ਸਕੂਲ ਪੱਖੋ ਕਲਾਂ ਜੋ ਕਿ ਸੰਤ ਬਾਬਾ ਚਰਨਪੁਰੀ ਅਤੇ ਐੱਮ.ਡੀ. ਮੈਡਮ ਕਰਮਜੀਤ ਕੌਰ ਦੇਵਾ ਜੀ ਦੀ ਅਗਵਾਈ ਹੇਠ ਚੱਲ ਰਿਹਾ ਹੈ ।ਸਕੂਲ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ । ਇਸ ਵਿੱਚ ਵੱਖ -ਵੱਖ ਕਲਾਸਾਂ ਦੇ ਵਿਦਿਆਰਥੀਆਂ ਨੂੰ ਇਨਾਮ ਦਿੱਤਾ ਗਿਆ। ਸਮਾਰੋਹ ਵਿੱਚ ਸਕੂਲ ਪ੍ਰਿੰਸੀਪਲ ਮੈਨੇਜਮੈਂਟ ਕਮੇਟੀ ਅਧਿਆਪਕਾਂ ਅਤੇ ਮਾਪਿਆਂ ਦੀ ਹਾਜ਼ਰੀ ਵਿੱਚ ਵੱਖ-ਵੱਖ ਕਲਾਸਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਸਕੂਲ ਪ੍ਰਬੰਧਕਾਂ ਦੇ ਸਵਾਗਤੀ ਭਾਸ਼ਣ ਨਾਲ ਹੋਈ। ਇਸ ਮੌਕੇ ਵਿਦਿਆਰਥੀਆਂ ਨੂੰ ਪੜ੍ਹਾਈ ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਉੱਤਮ ਪ੍ਰਦਰਸ਼ਨ ਲਈ ਟਰਾਫੀਆਂ ਦਿੱਤੀਆਂ ਗਈਆਂ। ਸਕੂਲ ਪ੍ਰਿੰਸੀਪਲ ਸੁਮਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਿਹਨਤ ਅਤੇ ਲਗਨ ਨਾਲ ਹਰ ਵਿਦਿਆਰਥੀ ਆਪਣੀ ਮੰਜ਼ਿਲ ਹਾਸਿਲ ਕਰ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਏ ਜਾਣਗੇ ਕਿ ਬੱਚਿਆਂ ਦਾ ਹੌਸਲਾ ਵਧਾਇਆ ਜਾ ਸਕੇ।ਸਮਾਰੋਹ ਦੌਰਾਨ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਤੇ ਨਾਲ ਹੀ ਬੱਚਿਆਂ ਦੁਆਰਾ ਸਿੱਖਿਆਦਾਇਕ ਸੱਕਿਟ ਵੀ ਪੇਸ਼ ਕੀਤੀ ਗਈ। ਮਨੇਜਮੈਂਟ ਕਮੇਟੀ ਬਲਦੇਵ ਸਿੰਘ ਸਿੱਧੂ ਗੁਰਜੰਟ ਮਾਨ ਜਗਮੇਲ ਮਾਸਟਰ ਗਲੋਦਰ ਮਾਸਟਰ ਜਗਮੇਲ ਸਿੰਘ ਧਾਲੀਵਾਲ ਨਿਰਮਲ ਸਿੰਘ ਮਾਨ ਤੇ ਕੋਆਰਡੀਨੇਟਰ ਨਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

# ਫ਼ਰਦ ਕੇਂਦਰ ਐਸੋਸੀਏਸ਼ਨ ਵੱਲੋਂ ਪੰਜਾਬ ਸਰਕਾਰ ਦੇ ਬਜਟ ਦਾ ਤਿੱਖਾ ਵਿਰੋਧ, ਫੂਕੀਆਂ ਕਾਪੀਆਂ




ਬਰਨਾਲਾ, 13 ਮਾਰਚ (ਬਘੇਲ ਸਿੰਘ ਧਾਲੀਵਾਲ) : ਅੱਜ ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਦੇ ਸੱਦੇ 'ਤੇ ਫਰਦ ਕੇਂਦਰ ਕੰਪਿਊਟਰ ਅਪਰੇਟਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਬਰਨਾਲਾ ਦੇ ਫਰਦ ਕੇਂਦਰ ਅਪਰੇਟਰਾਂ ਵੱਲੋਂ ਪੰਜਾਬ ਸਰਕਾਰ ਦੇ ਬਜਟ ਸਾਲ 2026-27 ਦਾ ਤਿੱਖਾ ਵਿਰੋਧ ਕੀਤਾ ਗਿਆ। ਇਸ ਮੌਕੇ ਮੁਲਾਜ਼ਮਾਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਬਜਟ ਦੀਆਂ ਕਾਪੀਆਂ ਸਾੜ ਕੇ ਆਪਣਾ ਰੋਸ ਪ੍ਰਗਟ ਕੀਤਾ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਇਸ ਬਜਟ ਵਿੱਚ ਠੇਕਾ, ਆਉਟਸੋਰਸ, ਡੇਲੀ ਵੇਜ਼ ਮੁਲਾਜ਼ਮਾਂ ਅਤੇ ਆਮ ਵਰਗ ਲਈ ਕੋਈ ਵੀ ਢੰਗ ਦੀ ਘੋਸ਼ਣਾ ਨਹੀਂ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਸਾਲਾਂ ਤੋਂ ਕੰਮ ਕਰ ਰਹੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਮੌਕੇ ਤੇ ਮੌਜੂਦ ਫਰਦ ਕੇਂਦਰ ਜਿਲਾ ਪਰਧਾਨ ਬਰਨਾਲਾ ਸਤਨਾਮ ਸਿੰਘ , ਸੀਨੀਅਤ ਮੀਤ ਪਰਧਾਨ ਤੀਰਥ ਸਿੰਘ, ਮੀਤ ਪਰਧਾਨ ਜਗਸੀਰ ਸਿੰਘ, ਜਨਰਲ ਸਕੱਤਰ ਕੁਲਦੀਪ ਕੁਮਾਰ ਸਹਾਇਕ ਜਨਰਲ ਸਕੱਤਰ ਬਲਦੇਵ ਸਿੰਘ ਖਜਾਨਚੀ ਵੀਰਪਾਲ ਕੌਰ ਤੋ ਇਲਾਵਾ ਮੈਬਰ ਕੰਵਰਜੀਤ ਸਿੰਘ , ਗੁਰਪਰੀਤ ਸਿੰਘ, ਲਖਵਿੰਦਰ ਸਿੰਘ, ਜਸਕਰਨ ਸਿੰਘ, ਸੁਖਦੀਪ ਸਿੰਘ,ਸੌਕੀਨਾ ਬੇਗਮ, ਪਰਮਿੰਦਰ ਕੌਰ, ਰਾਜਵਿੰਦਰ ਕੌਰ, ਸੰਦੀਪ ਆਦਿ ਹਾਜਰ ਅਪਰੇਟਰਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦੀ ਹੀ ਠੇਕਾ ਅਤੇ ਆਉਟਸੋਰਸ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਨਹੀਂ ਮੰਨਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।



# ਪਟਿਆਲਾ-ਆਸ/ਪਾਸ



## ਨਿਰਮਾਣ ਅਧੀਨ ਪੈਲੇਸ 'ਚ ਹਥਿਆਰਬੰਦ ਲੁਟੇਰਿਆਂ ਵੱਲੋਂ ਹਮਲਾ, ਇੱਕ ਕਾਬੂ

ਸਮਾਣਾ, 13 ਮਾਰਚ (ਵਿਜੇ ਕੁਮਾਰ): ਸਮਾਣਾ-ਭਵਾਨੀਗੜ੍ਹ ਰੋਡ 'ਤੇ ਸਥਿਤ ਇੱਕ ਨਿਰਮਾਣ ਅਧੀਨ ਪੈਲੇਸ ਵਿੱਚ ਤੇਜ਼ਧਾਰ ਹਥਿਆਰਾਂ ਨਾਲ ਲੈਸ ਕਰੀਬ 10 ਲੁਟੇਰਿਆਂ ਵੱਲੋਂ ਉੱਥੇ ਕੰਮ ਕਰ ਰਹੇ ਉਸਾਰੀ ਕਾਮਿਆਂ ਦੀ ਕੁੱਟਮਾਰ ਕਰਕੇ ਉਨ੍ਹਾਂ ਤੋਂ ਮੋਬਾਈਲ ਅਤੇ ਮਸ਼ੀਨਾਂ ਖੋਹ ਕੇ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਫਰਾਰ ਹੁੰਦੇ ਸਮੇਂ ਕਾਮਿਆਂ ਨੇ ਹਿੰਮਤ ਦਿਖਾਉਂਦਿਆਂ ਇੱਕ ਲੁਟੇਰੇ ਨੂੰ ਮੌਕੇ 'ਤੇ ਹੀ ਦਬੋਚ ਲਿਆ। ਸਿਟੀ ਪੁਲਿਸ ਨੇ ਜ਼ਖਮੀ ਲੁਟੇਰੇ ਨੂੰ ਹਿਰਾਸਤ ਵਿੱਚ ਲੈ ਕੇ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਵਿਖੇ ਦਾਖਲ ਕਰਵਾਇਆ ਹੈ।



ਸਿਟੀ ਪੁਲਿਸ ਇੰਚਾਰਜ ਸਬ-ਇੰਸਪੈਕਟਰ ਬਲਜੀਤ ਸਿੰਘ ਅਤੇ ਮਾਮਲੇ ਦੇ ਜਾਂਚ ਅਧਿਕਾਰੀ ਏ.ਐੱਸ.ਆਈ. ਜਜਪਾਲ ਸਿੰਘ ਨੇ ਦੱਸਿਆ ਕਿ :ਤਾਲਿਬ ਅਲੀ (ਨਿਵਾਸੀ ਪਿੰਡ ਕਪੂਰਾ, ਸਹਾਰਨਪੁਰ, ਉੱਤਰ ਪ੍ਰਦੇਸ) ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਕਿ

ਤਾਲਿਬ ਅਲੀ ਆਪਣੇ ਸਾਥੀਆਂ ਸਮੇਤ ਕੁਲਾਰਾਂ ਮੋੜ, ਭਵਾਨੀਗੜ੍ਹ ਰੋਡ 'ਤੇ ਨਿਰਮਾਣ ਅਧੀਨ 'ਜੇ.ਡੀ. ਫਾਰਮ' ਨਾਮਕ ਪੈਲੇਸ ਵਿੱਚ ਕੰਮ ਕਰਦਾ ਹੈ।

ਬੁੱਧਵਾਰ ਰਾਤ ਨੂੰ ਜਦੋਂ ਉਹ ਆਪਣੇ ਸਾਥੀਆਂ ਸਮੇਤ ਵੱਖ-ਵੱਖ ਕਮਰਿਆਂ ਵਿੱਚ ਸੁੱਤੇ ਹੋਏ ਸਨ, ਤਾਂ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਏ ਲਗਭਗ 10 ਹਥਿਆਰਬੰਦ ਨੌਜਵਾਨਾਂ ਨੇ ਉਨ੍ਹਾਂ 'ਤੇ ਹਮਲਾ ਕਰਕੇ ਕਾਮਿਆ ਦੀ ਕੁੱਟਮਾਰ ਕੀਤੀ ਅਤੇ ਮੋਬਾਈਲ ਤੇ ਬਿਲਡਿੰਗ ਵਿੱਚ ਪਈਆਂ ਮਸ਼ੀਨਾਂ ਖੋਹ ਲਈਆਂ। ਇਸ ਤੋਂ ਬਾਅਦ ਉਨ੍ਹਾਂ ਨੇ ਅਹਿਸਾਨ ਨਾਮਕ ਕਾਮੇ ਦੀ ਕੁੱਟਮਾਰ ਕੀਤੀ ਅਤੇ ਇੱਕ ਨੌਜਵਾਨ ਨੇ ਤਾਲਿਬ ਅਲੀ ਦੇ ਸਿਰ ਵਿੱਚ ਪਿਸਤੌਲ ਦਾ ਬੱਟ (ਮੁੱਠਾ) ਮਾਰਿਆ।

ਜਦੋਂ ਕਾਮਿਆਂ ਨੇ ਰੌਲਾ ਪਾਇਆ ਤਾਂ ਹਮਲਾਵਰ ਭੱਜਣ ਲੱਗੇ। ਭੱਜਦੇ ਸਮੇਂ ਉਨ੍ਹਾਂ ਦਾ ਇੱਕ ਸਾਥੀ ਲੋਹੇ ਦੀਆਂ ਗਰਿੱਲਾਂ ਵਿੱਚ ਫਸ ਕੇ ਡਿੱਗ ਪਿਆ ਅਤੇ ਜ਼ਖਮੀ ਹੋ ਗਿਆ। ਕਾਮਿਆਂ ਨੇ ਤੁਰੰਤ ਉਸ ਨੂੰ ਕਾਬੂ ਕਰ ਲਿਆ ਅਤੇ ਉਸ ਕੋਲੋਂ ਖੋਹੇ ਹੋਏ ਸਾਰੇ ਮੋਬਾਈਲ ਫੋਨ ਵੀ ਬਰਾਮਦ ਕਰ ਲਏ।

ਪੁਲਿਸ ਅਧਿਕਾਰੀ ਅਨੁਸਾਰ ਕਾਬੂ ਕੀਤੇ ਗਏ ਨੌਜਵਾਨ ਦੀ ਪਛਾਣ ਅਜੇ ਕੁਮਾਰ (ਨਿਵਾਸੀ ਢੇਹਾ ਬਸਤੀ, ਨਾਭਾ) ਵਜੋਂ ਹੋਈ ਹੈ। ਪੁਲਿਸ ਨੇ ਅਜੇ ਕੁਮਾਰ ਸਮੇਤ 9 ਅਣਪਛਾਤੇ ਵਿਅਕਤੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 18 ਦੇ ਰੋਸ ਧਰਨੇ ਨੂੰ ਕਾਮਯਾਬ ਬਣਾਉਣ ਲਈ ਰੱਖੜਾ ਵੱਲੋਂ ਪਿੰਡ ਪੱਧਰ 'ਤੇ ਮੀਟਿੰਗਾਂ ਸ਼ੁਰੂ



ਸਮਾਣਾ, 13 ਮਾਰਚ (ਜਵੰਦਾ): ਸਾਬਕਾ ਕੈਬਨਿਟ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਵੱਲੋਂ 18 ਮਾਰਚ ਨੂੰ ਡੀਸੀ ਦਫ਼ਤਰ ਪਟਿਆਲਾ ਵਿਖੇ ਹੋਣ ਵਾਲੇ ਰੋਸ ਧਰਨੇ ਨੂੰ ਕਾਮਯਾਬ ਬਣਾਉਣ ਲਈ ਵਿਧਾਨ ਸਭਾ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਵਿੱਚ ਪਾਰਟੀ ਵਰਕਰਾਂ ਅਤੇ ਮੋਹਤਬਰ ਸਾਥੀਆਂ ਨਾਲ ਅਹਿਮ ਮੀਟਿੰਗਾਂ ਕੀਤੀਆਂ ਗਈਆਂ। ਇਸ ਦੌਰਾਨ ਉਨ੍ਹਾਂ ਪਿੰਡ ਫਤਿਹਗੜ੍ਹ ਛੰਨਾ, ਭਗਵਾਨਪੁਰਾ (ਖੱਤਰੀਵਾਲਾ), ਆਲਮਪੁਰ, ਬੱਲਮਗੜ੍ਹ ਅਤੇ ਗਾਜੇਵਾਸ ਵਿੱਚ ਲੋਕਾਂ ਨਾਲ ਮੁਲਾਕਾਤ ਕਰਕੇ 18 ਮਾਰਚ ਨੂੰ ਹੋਣ ਵਾਲੇ ਰੋਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਗੌਰਤਲਬ ਹੈ ਕਿ ਇਹ ਰੋਸ ਧਰਨਾ ਸਰਬ ਧਰਮ ਬੇਅਦਬੀ ਰੋਕੂ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਸਮਾਣਾ ਵਿੱਚ 400 ਫੁੱਟ ਉੱਚੇ ਟਾਵਰ 'ਤੇ ਪਿਛਲੇ 16 ਮਹੀਨਿਆਂ ਤੋਂ ਬੈਠੇ ਭਾਈ ਗੁਰਜੀਤ ਸਿੰਘ ਖ਼ਾਲਸਾ ਦੇ ਸਮਰਥਨ ਵਿੱਚ ਕੀਤਾ ਜਾ ਰਿਹਾ ਹੈ। ਇਸ ਮੌਕੇ ਰੱਖੜਾ ਨੇ ਕਿਹਾ ਕਿ ਸਰਬ ਧਰਮ ਬੇਅਦਬੀ ਰੋਕੂ ਕਾਨੂੰਨ ਅਤੇ ਭਾਈ ਗੁਰਜੀਤ ਸਿੰਘ ਖ਼ਾਲਸਾ ਦਾ ਮਸਲਾ ਸਮੂਹ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ ਤੇ ਅਜਿਹੇ ਸੰਘਰਸ਼ਾਂ ਵਿੱਚ ਸ਼ਾਮਿਲ ਹੋਣਾ ਹਰ ਇਕ ਸਿੱਖ ਅਤੇ ਸਰਬ ਧਰਮ ਪ੍ਰੇਮੀ ਦਾ ਨੈਤਿਕ ਫ਼ਰਜ਼ ਹੈ।

ਉਨ੍ਹਾਂ ਦੱਸਿਆ ਕਿ ਹਲਕਾ ਸਮਾਣਾ ਦੀ ਸਾਧ ਸੰਗਤ ਵਿੱਚ ਰੋਸ ਧਰਨਾ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਸੰਗਤਾਂ ਦੀ ਇਕਜੁੱਟਤਾ ਸਦਕਾ ਹੀ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਨੂੰ ਮਜ਼ਬੂਤੀ ਮਿਲੇਗੀ।

## ਕਾਂਗਰਸ ਟਿਕਟ ਦੀ ਦੌੜ 'ਚ ਕਈ ਆਗੂ ਮੈਦਾਨ ਵਿੱਚ ਉੱਤਰੇ

ਸ਼ੇਰਪੁਰ, 13 ਮਾਰਚ(ਬਲਜੀਤ ਸਿੰਘ ਟਿੱਬਾ): 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਟਿਕਟ ਹਾਸਲ ਕਰਨ ਲਈ ਪਾਰਟੀ ਅੰਦਰ ਸਰਗਰਮੀ ਲਗਾਤਾਰ ਵੱਧਦੀ ਨਜ਼ਰ ਆ ਰਹੀ ਹੈ। ਭਾਵੇਂ ਕਾਂਗਰਸ ਪਾਰਟੀ ਵੱਲੋਂ ਹਾਲੇ ਤੱਕ ਅਧਿਕਾਰਕ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ, ਪਰ ਹਲਕੇ ਵਿੱਚ ਕਈ ਆਗੂ ਆਪਣੇ ਆਪ ਨੂੰ ਮਜ਼ਬੂਤ ਦਾਅਵੇਦਾਰ ਵਜੋਂ ਪੇਸ਼ ਕਰਦੇ ਹੋਏ ਸਰਗਰਮ ਹਨ। ਕਾਂਗਰਸ ਟਿਕਟ ਦੀ ਇਸ ਦੌੜ ਵਿੱਚ ਹਲਕੇ ਦੇ ਕਈ ਜਾਣੇ-ਪਛਾਣੇ ਚਿਹਰੇ ਸ਼ਾਮਲ ਦੱਸੇ ਜਾ ਰਹੇ ਹਨ। ਇਨ੍ਹਾਂ ਵਿੱਚ ਬਨੀ ਖਹਿਰਾ, ਗੁਰਮੇਲ ਸਿੰਘ ਮੌੜ, ਐਡਵੋਕੇਟ ਜਸਵੀਰ ਸਿੰਘ ਖੇੜੀ, ਕਮਲਜੀਤ ਸਿੰਘ ਚੱਕ ਅਤੇ ਜਸਮੇਲ ਸਿੰਘ ਡੇਅਰੀਵਾਲ ਦੇ ਨਾਮ ਚਰਚਾ ਵਿੱਚ ਹਨ। ਇਹ ਸਾਰੇ ਆਗੂ ਹਲਕੇ 'ਚ ਆਪਣੇ ਹੋਰਡਿੰਗ ਲਗਾ ਕੇ ਜਾਂ ਪਾਰਟੀ ਦੇ ਵਰਕਰਾਂ ਅਤੇ ਹਲਕੇ ਦੇ ਲੋਕਾਂ ਨਾਲ ਲਗਾਤਾਰ ਸੰਪਰਕ ਵਿੱਚ ਰਹਿੰਦੇ ਹੋਏ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।



ਦਾਅਵੇਦਾਰ ਆਗੂ ਆਪਣੇ-ਆਪਣੇ ਤਰੀਕਿਆਂ ਨਾਲ ਪਾਰਟੀ ਹਾਈ ਕਮਾਂਡ ਤੱਕ ਆਪਣੀ ਪਹੁੰਚ ਬਣਾਉਣ ਅਤੇ ਵਰਕਰਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਸਰਗਰਮ ਹਨ। ਕੁਝ ਆਗੂ ਪਿੰਡ ਪੱਧਰ 'ਤੇ ਮੀਟਿੰਗਾਂ ਕਰ ਰਹੇ ਹਨ, ਜਦਕਿ ਕੁਝ ਲੋਕਾਂ ਨਾਲ ਸਿੱਧਾ ਸੰਪਰਕ ਕਰਕੇ ਆਪਣੀ ਸਿਆਸੀ ਪਹੁੰਚ ਨੂੰ ਮਜ਼ਬੂਤ ਕਰਨ ਵਿੱਚ ਜੁਟੇ ਹੋਏ ਹਨ। ਪਾਰਟੀ ਪ੍ਰਤੀ ਆਪਣੀ ਵਫ਼ਾਦਾਰੀ ਅਤੇ ਲੰਬੇ ਸਮੇਂ ਦੀ ਸੇਵਾ ਨੂੰ ਵੀ ਕਈ ਆਗੂ ਆਪਣੀ ਦਾਅਵੇਦਾਰੀ ਦੀ ਵੱਡੀ ਤਾਕਤ ਵਜੋਂ ਪੇਸ਼ ਕਰ ਰਹੇ ਹਨ।

ਹਲਕੇ ਵਿੱਚ ਕਾਂਗਰਸ ਵਰਕਰਾਂ ਅਤੇ ਆਮ ਲੋਕਾਂ ਵਿੱਚ ਵੀ ਇਸ ਗੱਲ ਨੂੰ ਲੈ ਕੇ ਚਰਚਾ ਜਾਰੀ ਹੈ ਕਿ ਆਖਿਰਕਾਰ ਪਾਰਟੀ ਹਾਈ ਕਮਾਂਡ ਕਿਸ ਆਗੂ 'ਤੇ ਭਰੋਸਾ ਜਤਾਏਗੀ। ਕਈ ਵਰਕਰਾਂ ਦਾ ਮੰਨਣਾ ਹੈ ਕਿ ਟਿਕਟ ਉਸੇ ਆਗੂ ਨੂੰ ਮਿਲਣੀ ਚਾਹੀਦੀ ਹੈ, ਜੋ ਹਲਕੇ ਵਿੱਚ ਮਜ਼ਬੂਤ ਜਨ ਅਧਾਰ ਰੱਖਦਾ ਹੋਵੇ ਅਤੇ ਪਾਰਟੀ ਨੂੰ ਜਿੱਤ ਦਿਵਾਉਣ ਦੀ ਸਮਰੱਥਾ ਰੱਖਦਾ ਹੋਵੇ। ਸਿਆਸੀ ਮਾਹਿਰਾਂ ਦੇ ਅਨੁਸਾਰ, ਮਹਿਲ ਕਲਾਂ ਹਲਕੇ ਵਿੱਚ ਕਾਂਗਰਸ ਟਿਕਟ ਲਈ ਚੱਲ ਰਹੀ ਇਹ ਦੌੜ ਪਾਰਟੀ ਦੀ ਅੰਦਰੂਨੀ ਸਰਗਰਮੀ ਨੂੰ ਦਰਸਾਉਂਦੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪਾਰਟੀ ਹਾਈ ਕਮਾਂਡ ਆਖਿਰਕਾਰ ਕਿਸ ਉਮੀਦਵਾਰ ਨੂੰ ਮੌਕਾ ਦਿੰਦੀ ਹੈ ਅਤੇ ਕੌਣ ਕਾਂਗਰਸ ਦੀ ਟਿਕਟ ਨਾਲ ਚੋਣ ਮੈਦਾਨ ਵਿੱਚ ਉਤਰਦਾ ਹੈ।

### ਅੱਜ ਬਿਜਲੀ ਬੰਦ ਰਹੇਗੀ

ਸਮਾਣਾ, 13 ਮਾਰਚ (ਵਿਜੇ ਕੁਮਾਰ) ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮ. ਸੰਚਾਲਨ ਮੰਡਲ ਸਮਾਣਾ ਦੇ ਵਧੀਕ ਨਿਗਰਾਨ ਇੰਜੀ: ਕੰਵਰਦੀਪ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ 14 ਮਾਰਚ ਦਿਨ ਸ਼ਨੀਵਾਰ ਨੂੰ 66 ਕੇ.ਵੀ ਗਰਿਡ ਸਮਾਣਾ, ਤੋਂ ਚੱਲਦੇ ਏਰੀਆ ਦੇ ਸਾਰੇ 11 ਕੇ.ਵੀ ਫੀਡਰ, ਇੰਡਸਟਰੀਅਲ ਫੀਡਰ ਅਤੇ ਸਾਰੇ ਘਰੇਲੂ ਫੀਡਰਾਂ ਦੀ ਬਿਜਲੀ ਸਪਲਾਈ ਸਮਾਂ ਸਵੇਰੇ 09 ਵਜੇ ਤੋਂ ਸਾਮ ਨੂੰ 05 ਵੱਜੇ ਤੱਕ ਬੰਦ ਰਹੇਗੀ ਅਤੇ 11ਕੇ.ਵੀ ਫੀਡਰ ਭਵਾਨੀਗੜ੍ਹ ਕੈਟਾ:-1, 11ਕੇਵੀ ਫੀਡਰ ਹੋਟ ਲਾਈਨ ਸਵੇਰੇ 10 ਵੱਜੇ ਤੋਂ 1 ਵਜੇ ਤੱਕ ਦੀ ਬਿਜਲੀ ਸਪਲਾਈ ਬੰਦ ਰਹੇਗੀ।

## ਮਗਰ ਸਾਹਿਬ 'ਦੀ ਕੋਆਪ੍ਰੇਟਿਵ ਸੁਸਾਇਟੀ' ਦੀ ਚੋਣ ਸਰਬਸੰਮਤੀ ਨਾਲ ਹੋਈ ਸੰਪੰਨ; ਰਣਜੋਧ ਹਡਾਣਾ ਵੱਲੋਂ ਨਵੀਂ ਚੁਣੀ ਟੀਮ ਦਾ ਸਨਮਾਨ

ਭੁਨਰਹੇੜੀ, 13 ਮਾਰਚ (ਗੁਰਜੀਤ ਸਿੰਘ ਢੋਟ): ਹਲਕਾ ਸਨੌਰ ਦੇ ਪਿੰਡ ਮਗਰ ਸਾਹਿਬ ਵਿਖੇ 'ਦੀ ਕੋਆਪਰੇਟਿਵ ਸੁਸਾਇਟੀ' ਦੀ ਚੋਣ ਅੱਜ ਪੂਰਨ ਤੌਰ 'ਤੇ ਸਰਬਸੰਮਤੀ ਨਾਲ ਨੇਪਰੇ ਚੜ੍ਹੀ। ਇਸ ਚੋਣ ਪ੍ਰਕਿਰਿਆ ਦੌਰਾਨ ਪਿੰਡ ਵਾਸੀਆਂ ਅਤੇ ਸਭਾ ਦੇ ਮੈਂਬਰਾਂ ਨੇ ਆਪਸੀ ਸਹਿਮਤੀ ਨਾਲ ਨਵੀਂ ਲੀਡਰਸ਼ਿਪ ਦੀ ਚੋਣ ਕਰਕੇ ਮਿਸਾਲ ਪੈਦਾ ਕੀਤੀ ਹੈ। ਇਸ ਮੌਕੇ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਨਵੇਂ ਚੁਣੇ ਗਏ ਅਹੁਦੇਦਾਰਾਂ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ। ਦੱਸਣਯੋਗ ਹੈ ਕਿ ਸਰਬਸੰਮਤੀ ਨਾਲ ਹੋਈ ਚੋਣ ਵਿੱਚ



ਸੁਖਦੇਵ ਸਿੰਘ ਨੂੰ ਪ੍ਰਧਾਨ, ਗੁਰਜੀਤ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਰਾਜਵੀਰ ਸਿੰਘ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਦੇ ਨਾਲ ਹੀ ਸਭਾ ਦੇ ਸਮੂਹ ਮੈਂਬਰ ਸਾਹਿਬਾਨ ਦੀ ਵੀ ਚੋਣ ਕੀਤੀ ਗਈ, ਜੋ ਆਉਣ ਵਾਲੇ ਸਮੇਂ ਵਿੱਚ ਸਭਾ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣਗੇ।

ਇਸ ਮੌਕੇ ਬੋਲਦਿਆਂ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਦਾ ਮੁੱਖ ਟੀਚਾ ਸਹਿਕਾਰੀ ਸਭਾਵਾਂ ਨੂੰ ਮਜ਼ਬੂਤ ਕਰਨਾ ਹੈ, ਤਾਂ ਜੋ ਕਿਸਾਨਾਂ ਨੂੰ ਖਾਦਾਂ, ਬੀਜਾਂ ਅਤੇ ਕਰਜ਼ਿਆਂ ਸਬੰਧੀ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਕਿਹਾ ਕਿ ਸਰਬਸੰਮਤੀ ਨਾਲ ਚੋਣਾਂ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਲੋਕਾਂ ਵਿੱਚ ਆਪਸੀ ਪਿਆਰ ਵਧਿਆ ਹੈ ਅਤੇ ਉਹ ਸਰਕਾਰ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਉਨ੍ਹਾਂ ਉਮੀਦ ਜਤਾਈ ਕਿ ਨਵੀਂ ਚੁਣੀ ਗਈ ਟੀਮ ਪਾਰਦਰਸ਼ੀ ਤਰੀਕੇ ਨਾਲ ਕੰਮ ਕਰਦਿਆਂ ਸਭਾ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਵੇਗੀ। ਨਵੇਂ ਚੁਣੇ ਗਏ ਪ੍ਰਧਾਨ ਸੁਖਦੇਵ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਵਿਸ਼ਵਾਸ ਦਿਵਾਇਆ ਕਿ ਉਹ ਕਿਸਾਨਾਂ ਦੇ ਹਿੱਤਾਂ ਲਈ ਦਿਨ-ਰਾਤ ਕੰਮ ਕਰਨਗੇ। ਇਸ ਮੌਕੇ ਪਾਰਟੀ ਦੇ ਕਈ ਹੋਰ ਸੀਨੀਅਰ ਆਗੂ, ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਲੋਕਾਂ ਦਾ ਸੂਬੇ ਦੀ ਸਰਕਾਰ ਤੋਂ ਮੋਹ ਭੰਗ : ਮਸਤਾਨਾ

ਭਾਦਸੋਂ, 13 ਮਾਰਚ (ਭਰਪੂਰ ਸਿੰਘ ਮੱਟਰਾਂ) : ਕਾਂਗਰਸ ਪਾਰਟੀ ਦੇ ਸੀਨੀਅਰ ਯੂਥ ਆਗੂ ਤੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੇ ਦਾਮਾਦ ਹੰਸ ਰਾਜ ਮਸਤਾਨਾ ਨੇ ਆਪਣੇ ਦਫਤਰ ਸੰਧੂ ਕਲੋਨੀ ਭਾਦਸੋਂ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਆਮ ਆਦਮੀ ਪਾਰਟੀ ਤੋਂ ਪੰਜਾਬ ਦੇ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਇਸ ਲਈ ਇਸ ਦਾ ਸਫਾਇਆ ਤਹਿ ਹੈ ਪੰਜਾਬ ਅੰਦਰ ਦਹਿਸ਼ਤ ਦਾ ਮਾਹੌਲ ਹੈ ਦਿਨ ਦਿਹਾੜੇ ਨਿਰਦੋਸ਼ ਲੋਕਾਂ ਦੇ ਕਤਲ ਹੋ ਰਹੇ ਹਨ। ਸਿਆਸੀ ਲੋਕਾਂ ਪੰਚਾਂ ਸਰਪੰਚਾਂ ਦੇ ਕਤਲ ਹੋ ਰਹੇ ਹਨ ਹੱਕ ਮੰਗਦੇ ਮੁਲਾਜ਼ਮਾਂ ਕਿਸਾਨਾਂ ਮਜ਼ਦੂਰਾਂ ਨੂੰ ਡਾਂਗਾਂ ਨਾਲ ਕੁੱਟਿਆ ਜਾ ਰਿਹਾ ਹੈ। ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ ਬੇਰੁਜ਼ਗਾਰ ਸੜਕਾਂ ਤੇ ਰੋਲਣ ਲਈ ਮਜਬੂਰ ਹਨ।ਇਸੇ ਕਾਰਨ ਪੰਜਾਬ ਦੇ ਲੋਕਾਂ ਨੇ ਲੋਕ ਸਭਾ ਚੋਣਾਂ ਸਮੇਂ ਆਮ ਆਦਮੀ ਪਾਰਟੀ ਨੂੰ ਨਕਾਰਦਿਆਂ ਕਾਂਗਰਸ ਪਾਰਟੀ 'ਚ ਵਿਸ਼ਵਾਸ ਪ੍ਰਗਟ ਕੀਤਾ ਜਾ ਰਿਹਾ ਹੈ ਹੁਣ ਪੰਜਾਬ ਦੇ ਲੋਕ ਇਹਨਾਂ ਦਾ ਸਫਾਇਆ ਕਰਨ ਲਈ ਸਹੀ ਸਮੇਂ ਦਾ ਇੰਤਜ਼ਾਰ ਕਰ ਰਹੇ ਹਨ ਮਸਤਾਨਾ ਜੀ ਨੇ ਕਿਹਾ ਪਿੰਡਾਂ ਵਿੱਚ ਯੂਥ ਕਮੇਟੀਆਂ ਬਣਾ ਕੇ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਦਿੱਲੀ ਦੇ ਲੋਕਾਂ ਨੇ ਦਿੱਲੀ ਵਿੱਚੋਂ ਇਹਨਾਂ ਦਾ ਸਫਾਇਆ ਕਰ ਦਿੱਤਾ ਹੈ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣੇਗੀ।



## ਯੂਨੀਵਰਸਿਟੀ ਕਾਲਜ ਦੇ ਵਿਦਿਆਰਥੀਆਂ ਨੇ ਚੰਡੀਗੜ੍ਹ ਨੇੜੇ ਟ੍ਰੈਕਿੰਗ ਕੈਂਪ ਲਗਾਇਆ

ਘਨੌਰ 13 ਮਾਰਚ (ਮਦਨ ਲਾਲ): ਯੂਨੀਵਰਸਿਟੀ ਕਾਲਜ, ਘਨੌਰ



ਵੱਲੋਂ ਡਾ ਲਖਵੀਰ ਸਿੰਘ ਦੀ ਸਰਪ੍ਰਸਤੀ ਵਿਚ ਛੇ ਵਿਦਿਆਰਥਣਾਂ ਨੇ ਫਰਵਰੀ ਮਹੀਨੇ ਵਿੱਚ ਮਿਰਜ਼ਾਪੁਰ, ਚੰਡੀਗੜ੍ਹ ਨੇੜੇ ਕਾਲਜ ਵਿਦਿਆਰਥੀਆ ਨੇ ਟਰੈਕਿੰਗ ਕੈਂਪ ਲਗਾਇਆ। ਇਸ ਕੈਂਪ ਵਿੱਚ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਕੈਂਪ ਦੌਰਾਨ ਵਿਦਿਆਰਥਣਾਂ ਨੇ ਬੋਨਫਾਇਰ ,ਕਲਚਰਲ ਐਕਟੀਵਿਟੀ,12 ਅਤੇ 16ਕਿੱਲੋਮੀਟਰ ਦੀ ਟ੍ਰੈਕਿੰਗ ਦੌਰਾਨ ਸ਼ਿਸਵਾ ਡੈਮ ਵੀ ਦੇਖਿਆ। ਵਿਦਿਆਰਥਣਾਂ ਨੇ ਕੁਦਰਤ ਦੇ ਸੁੰਦਰ ਦ੍ਰਿਸ਼ਾਂ ਦਾ ਆਨੰਦ ਲਿਆ ਇਸ ਤੋਂ ਇਲਾਵਾ ਜ਼ਿਪ ਲਾਈਨ, ਹਾਈ ਰੋਪ ਐਕਟੀਵਿਟੀ ਕਰਵਾਈ ਗਈ। ਪ੍ਰਿੰਸੀਪਲ ਡਾ. ਲਖਵੀਰ ਸਿੰਘ ਗਿੱਲ ਨੇ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਦੀ ਸ਼ਖ਼ਸੀਅਤ ਵਿਚ ਨਿਖਾਰ ਲੈ ਕੇ ਆਉਂਦੇ ਹਨ। ਕਾਲਜ ਪਹੁੰਚਣ 'ਤੇ ਰੈਡ ਰਿਬਨ ਕਲੱਬ ਦੇ ਅਫਸਰ ਡਾ ਰਵਿੰਦਰ ਸਿੰਘ ਘੁੰਮਣ ਅਤੇ ਆਰਮੀ ਵਿੰਗ ਦੇ (ANO) ਡਾ ਅਰਵਿੰਦਰ ਸਿੰਘਨੇ ਵਿਦਿਆਰਥਣਾਂ ਦਾ ਭਰਵਾਂ ਸਵਾਗਤ ਕੀਤਾ।

## ਸ਼ੈਂਕੀ ਸਿੰਗਲਾ ਦੀ ਅਗਵਾਈ 'ਚ ਨਵ ਨਿਯੁਕਤ ਚੇਅਰਮੈਨ ਨੂੰ ਦਿੱਤੀ ਮੁਬਾਰਕਬਾਦ

ਭਾਦਸੋਂ, 13 ਮਾਰਚ (ਭਰਪੂਰ ਸਿੰਘ ਮੱਟਰਾਂ): ਬੀਤੇ ਦਿਨੀਂ ਨਾਭਾ ਵਿਖੇ ਬਲਾਕ ਸੰਮਤੀ ਚੇਅਰਮੈਨ ਦੀ ਨਿਯੁਕਤੀ ਕੀਤੀ ਗਈ, ਜਿਸ ਵਿਚ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਅਤਿ ਨਜ਼ਦੀਕੀ ਅਤੇ ਯੂਥ ਵੇਲਫੇਅਰ ਦੇ ਡਾਇਰੈਕਟਰ ਤੇਜਿੰਦਰ ਸਿੰਘ ਖਹਿਰਾ ਦੀ ਸੁਪਤਨੀ ਅਮਨਦੀਪ ਕੌਰ ਬਲਾਕ ਸੰਮਤੀ ਮੈਂਬਰ ਨੂੰ ਬਲਾਕ ਸੰਮਤੀ ਚੇਅਰਪਰਸਨ ਅਤੇ ਭੁਪਿੰਦਰ ਸਿੰਘ ਕੱਲਰਮਾਜਰੀ ਨੂੰ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ।ਇਸ ਦੌਰਾਨ ਪਾਰਟੀ ਆਗੂਆਂ ਅਤੇ ਵਰਕਰਾਂ ਵੱਲੋਂ ਚੇਅਰਪਰਸਨ ਅਤੇ ਵਾਈਸ ਚੇਅਰਮੈਨ ਨੂੰ ਮੁਬਾਰਕਬਾਦ ਦਿੱਤੀ ਗਈ ।ਨਿਯੁਕਤ ਕੀਤੇ ਗਏ ਚੇਅਰਪਰਸਨ ਅਮਨਦੀਪ ਕੌਰ ਖਹਿਰਾ ਅਤੇ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਕੱਲਰਮਾਜਰੀ ਨੇ ਕਿਹਾ ਕਿ ਜੋ ਡਿਊਟੀ



ਉਨ੍ਹਾਂ ਨੂੰ ਸੌਂਪੀ ਗਈ ਹੈ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ।ਉਨ੍ਹਾਂ ਕਿਹਾ ਕਿ ਨਾਭਾ ਹਲਕੇ ਦੇ ਵਿਕਾਸ ਵਿਚ 'ਆਪ' ਸਰਕਾਰ ਨੇ ਕੋਈ ਕਸਰ ਨਹੀ ਛੱਡੀ। ਇਸ ਦੌਰਾਨ ਸਰਕਲ ਭਾਦਸੋਂ ਦੇ 'ਆਪ 'ਆਗੂਆਂ ਨੇ ਵੀ ਨਵ ਨਿਯੁਕਤ ਚੇਅਰਪਰਸਨ ਅਤੇ ਵਾਈਸ ਚੇਅਰਮੈਨ ਨੂੰ ਵਧਾਈਆਂ ਦਿੱਤੀਆਂ ।ਇਸ ਦੌਰਾਨ ਨਗਰ ਪੰਚਾਇਤ ਭਾਦਸੋਂ ਦੇ ਪ੍ਰਧਾਨ ਮਧੂ ਬਾਲਾ ਦੇ ਸਪੁੱਤਰ ਆੜਤੀਆ ਐਸੋਸੀਏਸ਼ਨ ਭਾਦਸੋਂ ਦੇ ਪ੍ਰਧਾਨ ਸ਼ੈਂਕੀ ਸਿੰਗਲਾ, ਸੀਨੀਅਰ ਮੀਤ ਪ੍ਰਧਾਨ ਨਿਰਮਲਾ ਸੂਦ ਦੇ ਸਪੁੱਤਰ ਸੋਨੂ ਸੂਦ, ਮੀਤ ਪ੍ਰਧਾਨ ਸਤਵਿੰਦਰ ਕੌਰ ਖੱਟੜਾ ਦੇ ਪਤੀ ਲਾਡੀ ਖੱਟੜਾ, ਸਾਬਕਾ ਮੀਤ ਪ੍ਰਧਾਨ ਬਲਜਿੰਦਰ ਕੌਰ ਦੇ ਸਪੁੱਤਰ ਕਮਲ ਭਾਦਸੋਂ ਬਲਾਕ ਪ੍ਰਧਾਨ ਆਪ ਨੇ ਤਜਿੰਦਰ ਸਿੰਘ ਖਹਿਰਾ ਅਤੇ ਚੇਅਰਪਰਸਨ ਅਮਨਦੀਪ ਕੌਰ ਅਤੇ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਕੱਲਰਮਾਜਰੀ ਨੂੰ ਗੁਲਦਸਤਾ ਦੇ ਕੇ ਮੁਬਾਰਕਬਾਦ ਦਿੱਤੀ।

## ਨੌਵੇਂ ਪਾਤਸ਼ਾਹ ਨੂੰ ਸਮਰਪਿਤ ਵਿਸ਼ਵ ਪੱਧਰੀ ਯੂਨੀਵਰਸਿਟੀ ਨੂੰ ਸਰਕਾਰ ਸ਼ਹੀਦੀ ਸਮਾਗਮ ਤੱਕ ਅਮਲੀਜਾਮਾ ਪਹਿਨਾਵੇ : ਪ੍ਰੋ. ਬਡੂੰਗਰ

ਪਟਿਆਲਾ, 13 ਮਾਰਚ (ਚ.ਨ.ਸ.): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਵਿਸ਼ਵ ਪੱਧਰੀ ਸਥਾਪਿਤ ਕਰਨ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਕਾਰਜ ਨੂੰ ਮਿਥੇ ਸਮੇਂ ਮੁਕੰਮਲ ਕਰਕੇ ਅਮਲੀਜਾਮਾ ਪਹਿਨਾਉਣਾ ਚਾਹੀਦਾ ਹੈ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅਹਿਮ ਕਾਰਜਾਂ ਵਿਚ ਜੁਟੀ ਹੋਈ ਹੈ, ਉੱਥੇ ਹੀ ਜੇ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਵਿਸ਼ਵ ਪੱਧਰੀ ਯੂਨੀਵਰਸਿਟੀ ਬਣਾਉਣ ਵਿਚ ਇੱਛਾ ਰੱਖਦੀ ਹੈ, ਤਾਂ ਪੰਜਾਬ ਸਰਕਾਰ ਨੂੰ ਇਹ ਯੂਨੀਵਰਸਿਟੀ ਨੌਵੇਂ ਪਾਤਸ਼ਾਹ ਦੀ 11 ਨਵੰਬਰ ਤੱਕ ਆਉਣ ਵਾਲੇ ਸ਼ਹੀਦੀ ਸਮਾਗਮ ਤੱਕ ਯੂਨੀਵਰਸਿਟੀ ਬਣਾ ਕੇ ਸਮਰਪਿਤ ਕਰਨੀ ਚਾਹੀਦੀ ਹੈ।



ਪ੍ਰੋ. ਬਡੂੰਗਰ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਨੇ ਮਾਨਵਤਾ ਦੀ ਰਾਖੀ ਲਈ ਆਪਣਾ ਬਲੀਦਾਨ ਦਿੱਤਾ ਅਤੇ ਹਿੰਦ ਦੀ ਚਾਦਰ ਅਖਵਾਏ ਅੱਜ ਜਦੋਂ ਰਾਜਾਂ ਦੀਆਂ ਸਰਕਾਰਾਂ ਨੌਵੇਂ ਪਾਤਸ਼ਾਹ ਦੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾ ਰਹੀਆਂ ਹਨ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵਿਸ਼ਵ ਪੱਧਰੀ ਯੂਨੀਵਰਸਿਟੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਉਣ ਵਾਲੇ ਸ਼ਹੀਦੀ ਸਮਾਗਮ ਮੌਕੇ ਕਰਨ ਦੀਆਂ ਅਪੀਲ ਕੀਤੀ ਹੈ।

## ਸੇਂਟ ਥੇਰੇਸਾ ਕਾਨਵੈਂਟ ਸਕੂਲ 'ਚ ਪ੍ਰੀ-ਪ੍ਰਾਈਮਰੀ ਸੈਕਸ਼ਨ ਦੇ ਨਵੇਂ ਏਰੀਏ ਦਾ ਉਦਘਾਟਨ



ਸਮਾਣਾ, 13 ਮਾਰਚ (ਹਰਜਿੰਦਰ ਸਿੰਘ): ਸੇਂਟ ਥੇਰੇਸਾ ਕਾਨਵੈਂਟ ਸਕੂਲ, ਸਮਾਣਾ ਵਿੱਚ ਪ੍ਰੀ-ਪ੍ਰਾਈਮਰੀ ਸੈਕਸ਼ਨ ਦੇ ਨਵੇਂ ਏਰੀਏ ਦਾ ਉਦਘਾਟਨ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਕੀਤਾ ਗਿਆ। ਇਸ ਨਵੇਂ ਏਰੀਏ ਦਾ ਉਦਘਾਟਨ ਸਕੂਲ ਦੀ ਮੈਨੇਜਰ ਸਿਸਟਰ ਰੋਸ਼ਨੀ ਵੱਲੋਂ ਕੀਤਾ ਗਿਆ। ਕਾਰਜਕ੍ਰਮ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਈ, ਜਿਸ ਤੋਂ ਬਾਅਦ ਸਿਸਟਰ ਰੋਸ਼ਨੀ ਨੇ ਫੀਤਾ ਕੱਟ ਕੇ ਪ੍ਰੀ-ਪ੍ਰਾਈਮਰੀ ਦੀਆਂ ਨਵੀਆਂ ਕਲਾਸਾਂ ਅਤੇ ਖੇਡ ਖੇਤਰ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਸਕੂਲ ਪ੍ਰਬੰਧਕ, ਅਧਿਆਪਕ ਅਤੇ ਵਿਦਿਆਰਥੀ ਮੌਜੂਦ ਸਨ। ਨਵਾਂ ਪ੍ਰੀ-ਪ੍ਰਾਈਮਰੀ ਏਰੀਆ ਛੋਟੇ ਬੱਚਿਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਆਕਰਸ਼ਕ ਅਤੇ ਸੁਵਿਧਾਜਨਕ ਢੰਗ ਨਾਲ ਤਿਆਰ ਕੀਤਾ ਗਿਆ ਹੈ, ਤਾਂ ਜੋ ਨੰਨੇ-ਮੁੰਨੇ ਬੱਚਿਆਂ ਨੂੰ ਸਿੱਖਣ ਦੇ ਨਾਲ-ਨਾਲ ਖੇਡ-ਖੇਡ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਵਧੀਆ ਮਾਹੌਲ ਮਿਲ ਸਕੇ।ਅੱਜ ਨਰਸਰੀ ਤੋਂ ਯੂ ਕੇ ਜੀ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਤੇ ਛੋਟੇ ਛੋਟੇ ਬੱਚੇ ਵੀ ਉਤਸਾਹਿਤ ਨਜ਼ਰ ਆਏ ਤੇ ਉਹਨਾਂ ਦੇ ਟੀਚਰਾਂ ਨੇ ਉਹਨਾਂ ਦਾ ਸੁਆਗਤ ਟਿੱਕਾ ਲਗਾ ਕੇ ਤੇ ਬੈਚ ਦੇ ਕੇ ਕੀਤਾ। ਅੱਜ ਉਹਨਾ ਦੀਆਂ ਅਲੱਗ ਅਲੱਗ ਗਤੀਵਿਧੀਆ ਕਾਰਵਾਈਆਂ ਗਈਆਂ। ਇਸ ਮੌਕੇ ਸਕੂਲ ਪ੍ਰਿੰਸਿਪਲ ਸਿਸਟਰ ਸਨਿੱਤਾ ਨੇ ਦੱਸਿਆ ਕਿ ਇਸ ਨਵੇਂ ਏਰੀਏ ਦੇ ਬਣਨ ਨਾਲ ਪ੍ਰੀ-ਪ੍ਰਾਈਮਰੀ ਕਲਾਸਾਂ ਦੇ ਵਿਦਿਆਰਥੀਆਂ ਨੂੰ ਆਧੁਨਿਕ ਸੁਵਿਧਾਵਾਂ ਦੇ ਨਾਲ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਵਿੱਚ ਮਦਦ ਮਿਲੇਗੀ। ਅੰਤ ਵਿੱਚ ਸਭ ਨੇ ਇਸ ਨਵੇਂ ਆਰੰਭ ਲਈ ਸਕੂਲ ਪਰਿਵਾਰ ਨੂੰ ਵਧਾਈਆਂ ਤੇ ਸ਼ੁਭਕਾਮਨਾਵਾਂ ਦਿੱਤੀਆਂ।

## ਲੋੜਵੰਦਾਂ ਦੀ ਮਦਦ ਤੇ ਸਮਾਜ ਵਿੱਚ ਉੱਚ ਪੱਧਰੀ ਸ਼ਖਸ਼ੀਅਤ ਵਜੋਂ ਉਭਰੇ ਗੁਰਜੀਤ ਸਿੰਘ ਉਪਲੀ

ਭੁੱਨਰਹੇੜੀ, 13 ਮਾਰਚ (ਗੁਰਜੀਤ ਸਿੰਘ ਢੋਟ): ਲੋੜਵੰਦਾਂ ਦੀ ਮਦਦ ਕਰਨਾ ਮੇਰਾ ਮੁਢਲਾ ਫਰਜ਼ ਹੈ ਇਹ ਗੱਲ ਸਮਾਜ ਸੁਧਾਰਕ ਅਤੇ ਲੋੜਵੰਦਾਂ ਦੀ ਮਦਦ ਕਰਨ ਵਾਲੇ ਸਮਾਜਿਕ ਬਿਰਤੀ ਵਾਲੇ ਗੁਰਜੀਤ ਸਿੰਘ ਉਪਲੀ ਸਾਬਕਾ ਸਰਪੰਚ ਵੱਲੋਂ ਪੱਤਰਕਾਰਾਂ ਦੇ ਰੂਬਰੂ ਹੁੰਦੇ ਹੋਏ ਕੀਤਾ। ਜੇਕਰ ਗੱਲ ਕਰੀਏ ਤਾਂ ਗੁਰਜੀਤ ਸਿੰਘ ਉਪਲੀ ਇੱਕ ਸਮਾਜਿਕ ਤੇ ਪ੍ਰਸ਼ਾਸਨਿਕ ਖੇਤਰ ਵਿੱਚ ਗੁਰਜੀਤ ਸਿੰਘ ਦੀ ਸਰਗਰਮ ਭੂਮਿਕਾ ਨਿਭਾਉਣ ਤੋਂ ਇਲਾਵਾ



ਪਿੰਡ ਦੀ ਸਿਆਸਤ ਤੋਂ ਉਭਰੇ ਗੁਰਜੀਤ ਸਿੰਘ ਨੇ ਸਰਪੰਚ ਬਣਨ ਤੋਂ ਬਾਅਦ ਇਲਾਕੇ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਪਿੰਡ ਦੀਆਂ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਕਈ ਉਪਰਾਲੇ ਕੀਤੇ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦਿੱਤੀ। ਪਿੰਡ ਦੀਆਂ ਸੜਕਾਂ, ਪਾਣੀ ਅਤੇ ਹੋਰ ਜਨ ਸਹੂਲਤਾਂ ਨੂੰ ਸੁਧਾਰਨ ਲਈ ਕੀਤੀਆਂ ਕੋਸ਼ਿਸ਼ਾਂ ਕਾਰਨ ਲੋਕਾਂ ਵਿੱਚ ਉਨ੍ਹਾਂ ਦੀ ਇੱਕ ਮਿਹਨਤੀ ਤੇ ਜ਼ਿੰਮੇਵਾਰ ਪ੍ਰਤਿਨਿਧੀ ਵਜੋਂ ਪਛਾਣ ਬਣੀ।

ਬਾਅਦ ਵਿੱਚ ਉਨ੍ਹਾਂ ਨੂੰ ਪਟਿਆਲਾ ਵਿੱਚ ਰੈਵਨਿਊ ਸਲਾਹਕਾਰ ਦੀ ਜ਼ਿੰਮੇਵਾਰੀ ਮਿਲੀ, ਜਿਸ ਦੌਰਾਨ ਉਨ੍ਹਾਂ ਨੇ ਮਾਲ ਵਿਭਾਗ ਨਾਲ ਸਬੰਧਤ ਲੋਕਾਂ ਦੇ ਮਸਲੇ ਉਚੇ ਪੱਧਰ ਦੀਆਂ ਮੀਟਿੰਗਾਂ ਵਿੱਚ ਉਠਾਏ।

ਇਸ ਤੋਂ ਇਲਾਵਾ ਗੁਰਜੀਤ ਸਿੰਘ ਸਮਾਜਿਕ ਖੇਤਰ ਵਿੱਚ ਵੀ ਕਾਫੀ ਸਰਗਰਮ ਹਨ। ਉਹ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹੋਏ ਲੋਕ ਭਲਾਈ ਦੇ ਕੰਮਾਂ ਵਿੱਚ ਹਿੱਸਾ ਲੈਂਦੇ ਹਨ ਅਤੇ ਲੋੜਵੰਦਾਂ ਦੀ ਮਦਦ ਲਈ ਅੱਗੇ ਰਹਿੰਦੇ ਹਨ। ਲੋਕ ਸੇਵਾ ਦੇ ਪ੍ਰਤੀ ਉਨ੍ਹਾਂ ਦੀ ਲਗਨ ਅਤੇ ਸਰਗਰਮ ਭੂਮਿਕਾ ਕਰਕੇ ਇਲਾਕੇ ਵਿੱਚ ਉਨ੍ਹਾਂ ਨੂੰ ਇੱਕ ਸਮਰਪਿਤ ਸਮਾਜ ਸੇਵੀ ਵਜੋਂ ਵੀ ਜਾਣਿਆ ਜਾਂਦਾ ਹੈ। ਉਹ ਕਹਿੰਦਾ ਕਿ ਸਿਅਸਤ ਵਿੱਚ ਰੁਚੀ ਰੱਖਣਾ ਉਸ ਦਾ ਸੌਕ ਹੈ।

ਜੇਕਰ ਗੱਲ ਕਰੀਏ ਤਾਂ ਗੁਰਜੀਤ ਸਿੰਘ ਉੱਪਲੀ ਸਾਬਕਾ ਸਰਪੰਚ ਦੀ ਨੇੜਤਾ ਚੰਦੂਮਾਜਰਾ ਪਰਿਵਾਰ ਦੇ ਬਹੁਤ ਨਜ਼ਦੀਕ ਹੈ ਅਤੇ ਪਿਛਲੇ ਕੁਝ ਮਹੀਨੇ ਪਹਿਲਾਂ ਹੋਈਆਂ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਉਹ ਮੈਦਾਨ ਵਿੱਚ ਜਰੂਰ ਉਤਰੇ ਪਰ ਕਾਂਟੇ ਦੀ ਟੱਕਰ ਹੋਣ ਕਰਕੇ ਉਹ ਕੁਝ ਵੋਟਾਂ ਦੇ ਫਰਕ ਨਾਲ ਚੋਣ ਜਰੂਰ ਹਾਰ ਗਏ ਪਰੰਤੂ ਲੋਕਾਂ ਦੇ ਦਿਲਾਂ ਵਿੱਚ ਅੱਜ ਵੀ ਉਨ੍ਹਾਂ ਪ੍ਰਤੀ ਪੂਰੀ ਮਾਨਤਾ ਅਤੇ ਇੱਜਤ ਬਰਕਰਾਰ ਹੈ।

## ਸਰਕਾਰੀ ਐਲੀਮੈਂਟਰੀ ਸਕੂਲਾਂ ਦੀਆਂ ਗਰਾਂਟਾਂ 20 ਫੀਸਦੀ ਹੀ ਹੋਈਆਂ ਜਾਰੀ

ਭੁੱਨਰਹੇੜੀ/ਦੇਵੀਗੜ੍ਹ, 13 ਮਾਰਚ (ਗੁਰਜੀਤ ਸਿੰਘ ਢੋਟ): ਪੰਜਾਬ ਸਰਕਾਰ ਵੱਲੋਂ ਸਿੱਖਿਆ ਵਿਭਾਗ ਨੂੰ ਪ੍ਰਫੁੱਲਿਤ ਕਰਨ ਲਈ ਸਕੂਲਾਂ ਨੂੰ ਵਿਕਾਸ ਕਾਰਜਾਂ ਅਤੇ ਪਿਛਲੇ ਹੜਾਂ ਦੇ ਸਮੇਂ ਦੌਰਾਨ ਨੁਕਸਾਨੀਆਂ ਗਈਆਂ ਚਾਰ ਦਵਾਰੀਆਂ ਲਈ ਗਰਾਂਟਾਂ ਜਾਰੀ ਕੀਤੀਆਂ ਗਈਆਂ ਸਨ ਪਰੰਤੂ ਅਚਾਨਕ ਹੀ ਸਰਕਾਰ ਵੱਲੋਂ ਉਨਾਂ ਗਰਾਂਟਾਂ ਦੀਆਂ ਫਾਈਲਾਂ ਜਮਾ ਕਰਵਾਉਣ ਦੇ ਹੁਕਮ ਨਾਲ ਖਜ਼ਾਨਾ ਬੰਦ ਕਰ ਦਿੱਤਾ ਗਿਆ ਹੈ ਅਤੇ ਗਰਾਂਟਾਂ ਜਾਰੀ ਕਰਨ ਤੇ ਰੋਕ ਲਗਾ ਦਿੱਤੀ ਗਈ ਹੈ,ਜਿਸ ਨਾਲ ਚੱਲ ਰਹੇ ਸਕੂਲਾਂ ਦੇ ਵਿਕਾਸ ਕਾਰਜ ਰੁਕ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਹਲਕਾ ਸਨੌਰ ਅਧੀਨ ਆਉਂਦੇ ਬਲਾਕ ਭੁੱਨਰਹੇੜੀ ਦੇ ਵੱਖ ਵੱਖ ਸਕੂਲਾਂ ਵਿਖੇ ਵਿਕਾਸ ਕਾਰਜ ਚੱਲ ਰਹੇ ਸਨ ਅਤੇ ਸਰਕਾਰ ਵੱਲੋਂ 20% ਗਰਾਂਟ ਉਹ ਜਾਰੀ ਕਰ ਦਿੱਤੀ ਗਈ ਸੀ ਅਤੇ ਜੋ ਕਿ 3 ਕਿਸ਼ਤਾਂ ਵਿੱਚ 100% ਗਰਾਂਟ ਪੂਰੀ ਹੋਣੀ ਸੀ ਪ੍ਰੰਤੂ ਹਜੇ ਸਰਕਾਰ ਵੱਲੋਂ ਸਿਰਫ 20% ਗਰਾਂਟ ਹੀ ਜਾਰੀ ਕੀਤੀ ਦਿੱਤੀ ਗਈ ਸੀ ਅਤੇ 65% ਅਤੇ 15% 2 ਹੋਰ ਕਿਸ਼ਤਾਂ ਵਿੱਚ ਜਾਰੀ ਹੋਣੀ ਸੀ ਜਿਸ ਵਿੱਚੋਂ ਸਿਰਫ 20% ਗਰਾਂਟ ਸਰਕਾਰੀ ਐਲੀਮੈਂਟਰੀ ਸਕੂਲ ਘੜਾਮ ਨੂੰ ਜਾਰੀ ਹੋ ਚੁੱਕੀ ਸੀ ਅਤੇ ਬਾਅਦ ਦੀਆਂ ਗਰਾਂਟਾਂ ਜੋ ਕਿ 65% ਅਤੇ 15% ਦੀਆਂ 2 ਕਿਸ਼ਤਾਂ ਜਾਰੀ ਹੋਣੀਆਂ ਸਨ ਪ੍ਰੰਤੂ ਸਰਕਾਰ ਵੱਲੋਂ ਫਾਈਲਾਂ ਡੀਈਓ ਦਫਤਰ ਵਿਖੇ ਜਮਾ ਕਰਵਾ ਦਿੱਤੀਆਂ ਗਈਆਂ ਸਨ ਪਰੰਤੂ ਹੁਣ ਪੰਜਾਬ ਸਰਕਾਰ ਵੱਲੋਂ ਅਚਾਨਕ ਫਾਈਲਾਂ ਜਮਾ ਕਰਵਾਉਣ ਤੇ ਖਜ਼ਾਨਾ ਬੰਦ ਕਰ ਦਿੱਤਾ ਗਿਆ ਹੈ। ਸਕੂਲ ਅਧਿਆਪਕਾਂ ਵੱਲੋਂ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ 20% ਤੋਂ ਬਾਅਦ ਦੀਆਂ ਦੋ ਕਿਸਤਾਂ 65% ਅਤੇ 15% ਦੀਆਂ ਰਹਿੰਦੀਆਂ 2 ਕਿਸ਼ਤਾਂ ਜਾਰੀ ਕਰੇ ਤਾਂ ਜੋ ਸਕੂਲਾਂ ਵਿੱਚ ਉਸਾਰੀਆਂ ਦੇ ਕੰਮ ਚਾਲੂ ਕਰਵਾਏ ਜਾ ਸਕਣ ਪ੍ਰੰਤੂ ਵਿਭਾਗ ਵੱਲੋਂ ਬੀਤੇ ਦਿਨਾਂ ਤੋਂ ਸ਼ੁਕਰਵਾਰ ਤੱਕ ਹਾਲੇ ਵੀ ਫਾਈਲਾਂ ਜਮਾਂ ਕਰਵਾਉਣ ਲਈ ਫਾਈਲਾਂ ਮੰਗੀਆਂ ਜਾ ਰਹੀਆਂ ਹਨ ਜਦਕਿ ਜਿਨਾਂ ਸਕੂਲਾਂ ਵਿੱਚ ਕੰਮ ਚੱਲ ਰਿਹਾ ਹੈ ਉਨਾਂ ਦੀਆਂ ਗਰਾਂਟਾਂ ਅਧੂਰੀਆਂ ਹਨ।ਜਿਸ ਨਾਲ ਅਧਿਆਪਕ ਵਰਗ ਨੂੰ ਦੁਕਾਨਦਾਰਾਂ ਦੇ ਪੈਸੇ ਅਤੇ ਮਜ਼ਦੂਰਾਂ ਦੀਆਂ ਦਿਹਾੜੀਆਂ ਦੇਣਾ ਬਹੁਤ ਔਖਾ ਹੋ ਗਿਆ ਹੈ। ਅਧਿਆਪਕ ਵਰਗ ਵੱਲੋਂ



ਸਰਕਾਰ ਤੋਂ ਅਪੀਲ ਕੀਤੀ ਕਿ ਉਹ ਬਾਕੀ ਰਹਿੰਦੀ ਗਰਾਂਟ ਨੂੰ ਪਹਿਲ ਦੇ ਆਧਾਰ ਤੇ ਜਾਰੀ ਕਰਕੇ ਰੁਕੇ ਹੋਏ ਉਸਾਰੀ ਦੇ ਕੰਮ ਨੂੰ ਕਰਵਾਉਣ ਤਾਂ ਜੋ ਬੱਚਿਆਂ ਦੀ ਪੜ੍ਹਾਈ ਤੇ ਹੋਰ ਸਿਸਟਮ ਵਿੱਚ ਦਿੱਕਤਾਂ ਨਾ ਆਉਣ।ਇਸ ਸਬੰਧੀ ਜਦੋਂ ਵਿਭਾਗ ਦੇ ਬੀਪੀਈਓ ਭੁੱਨਰਹੇੜੀ ਬਲਵੀਰ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਸਾਡੇ ਵੱਲੋਂ ਬਿੱਲ ਭੇਜੇ ਜਾ ਚੁੱਕੇ ਹਨ ਜਿਵੇਂ ਹੀ ਸਰਕਾਰ ਵੱਲੋਂ ਗਰਾਂਟਾਂ ਜਾਰੀ ਹੋਣਗੀਆਂ ਤਾਂ ਜਿਹੜੇ ਕੰਮ ਅਧੂਰੇ ਹਨ ਉਹਨਾਂ ਨੂੰ ਜਲਦੀ ਤੋਂ ਜਦਲੀ ਪੂਰੇ ਕਰਵਾ ਦਿੱਤਾ ਜਾਵੇਗਾ।

## ਜੈਅੰਤ ਗਰਗ ਨੇ ਯੂ.ਪੀ.ਐਸ.ਸੀ. 2025 'ਚੋਂ 64ਵਾਂ ਸਥਾਨ ਹਾਸਲ ਕੀਤਾ



ਪਟਿਆਲਾ, 13 ਮਾਰਚ (ਮਦਨ ਲਾਲ): ਟੀਮ ਹਿਊਮਨ ਸਰਵਿਸ ਸੋਸਾਇਟੀ ਪੰਜਾਬ ਵੱਲੋਂ ਪਟਿਆਲਾ ਦਾ ਨਾਮ ਭਾਰਤ 'ਚ ਰੋਸ਼ਨ ਕਰਨ 'ਤੇ ਗੁਲਦਸਤਾ, ਸਿਰੋਪਾ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਜਤਿੰਦਰ ਸ਼ਰਮਾ ਨੇ ਦੱਸਿਆ ਕਿ ਉਹਨਾਂ ਦੇ ਪਿਤਾ ਰਾਜ ਕੁਮਾਰ ਗਰਗ ਤੇ ਮਾਤਾ ਰੇਨੂੰ ਬਾਲਾ ਅਤੇ ਉਹਨਾਂ ਦੀ ਪਤਨੀ ਅਰਪਨਾ ਨੇ ਇਸ ਮੁਕਾਮ 'ਤੇ ਪਹੁੰਚਣ ਵਾਸਤੇ ਉਹਨਾਂ ਦਾ ਬਹੁਤ ਸਾਥ ਦਿੱਤਾ। ਉਹ ਪਰਿਵਾਰ ਸ਼ੁਰੂ ਤੋਂ ਹੀ ਬਹੁਤ ਮਿਹਨਤੀ ਤੇ ਇਮਾਨਦਾਰ ਹੈ। ਮਾਤਾ-ਪਿਤਾ ਦੋਵੇਂ ਸਰਕਾਰੀ ਸੇਵਾ ਇਮਾਨਦਾਰੀ ਨਾਲ ਨਿਭਾ ਕੇ ਰਿਟਾਇਰ ਹੋਏ ਹਨ। ਜੈਅੰਤ ਗਰਗ ਨੇ ਆਰਮਸ ਟਰੈਫਿਕ ਸਿਵਲ ਸਰਵਿਸ ਵਿੱਚ ਸੇਵਾ ਨਿਭਾਉਂਦੇ ਹੋਏ ਦਿਨ ਰਾਤ ਇੱਕ ਕਰਕੇ ਇਹ ਮੁਕਾਮ ਹਾਸਿਲ ਕੀਤਾ ਹੈ। ਇਹ ਖੁਸ਼ੀ ਦੇ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ, ਰਿਟਾਇਰਡ ਕਮਾਡੈਂਟ ਪਵਨ ਕੁਮਾਰ, ਨੈਸ਼ਨਲ ਬੋਕਸਰ ਸਾਹਿਲ ਸ਼ਰਮਾ, ਬੋਕਸਰ ਸੂਰਜ ਸ਼ਰਮਾ, ਰਾਜ ਕੁਮਾਰ ਗਰਗ, ਰੈਨੂੰ ਬਾਲਾ, ਅਰਪਨਾ, ਫਰਿਜੀ ਗੋਇਲ ਤੇ ਟੀਮ ਮੈਂਬਰ ਮੌਜੂਦ ਰਹੇ।

## ਸਿੱਖ ਵਿਰਸੇ ਤੇ ਇਤਿਹਾਸ ਨੂੰ ਸੰਭਾਲਣ ਲਈ ਪਿੰਡ ਵਿੱਚ ਧਾਰਮਿਕ ਵਿਸ਼ੇ ਨੂੰ ਸਮਰਪਿਤ ਸਕੂਲ ਖੋਲ੍ਹੇ ਜਾਣ : ਜਥੇ. ਬਘੌਰਾ

ਪਟਿਆਲਾ, 13 ਮਾਰਚ (ਚ.ਨ.ਸ.): ਕੱਲ ਪੰਜਾਬ ਫੇਰੀ ਦੌਰਾਨ ਕੇਂਦਰ ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਜੋ ਮੋਗਾ ਵਿਖੇ ਬਦਲਾਓ ਰੈਲੀ ਵਿੱਚ ਆ ਰਹੇ ਹਨ ਉਨ੍ਹਾਂ ਤੋਂ ਪੰਜਾਬ ਵਿਖੇ ਸਾਡੀ ਮਾਂ ਬੋਲੀ ਪੰਜਾਬੀ ਭਾਸ਼ਾ ਜਿਸ ਵਿੱਚ ਕਾਇਮ ਰੱਖਣ ਲਈ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡਾਂ ਵਿੱਚ ਸਕੂਲ ਖੋਲ੍ਹਣ ਦੀ ਮੰਗ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਸ਼੍ਰੋਮਣੀ ਅਕਾਲੀ ਨੇ ਕਿਹਾ ਕੇਂਦਰ ਸਰਕਾਰ ਸਠ ਪਰਸੈਂਟ ਅਤੇ ਚਾਲੀ ਪਰਸੈਂਟ ਪੰਜਾਬ ਸਰਕਾਰ ਵੱਲੋਂ ਪੰਜਾਬ ਅੰਦਰ ਸਕੂਲ ਖੋਲ੍ਹਣ ਲਈ ਦਿੱਤੇ ਜਾਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਮੀਨ ਦਾ ਪ੍ਰਬੰਧ ਕਰੇ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਅੱਜ ਅੰਮ੍ਰਿਤਸਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੰਜਾਬ ਦੇ ਵਿੱਚ ਸਿੱਖੀ ਦਾ



ਪਹਿਰਾਵਾ ਘਟਣ ਅਤੇ ਪ੍ਰਚਾਰ ਘਟਣ ਦੇ ਨਾਲ ਪੰਜਾਬ ਦੇ ਵਿੱਚ ਜਿਹੜੀ ਸਿੱਖਿਆ ਹੈ ਉਸਨੂੰ ਪੰਜਾਬੀ ਪੱਧਰ 'ਤੇ ਅਤੇ ਧਾਰਮਿਕ ਪੱਧਰ 'ਤੇ ਉੱਚਾ ਚੁੱਕਣ ਦੀ ਲੋੜ ਹੈ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਮੀਡੀਆ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ ਹੈ। ਇਸ ਮੰਗ ਦੇ ਵਿੱਚ ਉਹਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦਿਆਂ ਕਿਹਾ ਕਿ ਆਉਣ ਵਾਲੇ ਬਜਟ ਵਿੱਚ ਪਿੰਡਾਂ ਦੇ ਵਿੱਚ ਦਸ ਜੋਨ ਬਣਾ ਕੇ ਧਾਰਮਿਕ ਵਿੱਦਿਆ ਦੇ ਸਕੂਲ ਖੋਲੇ ਜਾਣ ਅਤੇ ਪੜ੍ਹਾਈ ਕਰਨ ਵਾਲੇ ਬੱਚਿਆਂ ਦਾ ਜਿਹੜਾ ਪਹਿਰਾਵਾ ਉਹ ਸਿੱਖੀ ਸਰੂਪ ਵਿੱਚ ਹੋਵੇ ਅਤੇ ਸਕੂਲ ਦੀ ਕੋਈ ਵੀ ਫੀਸ ਨਾ ਰੱਖੀ ਜਾਵੇ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਸਾਡੀ ਸਿੱਖੀ ਦਾ ਮਿਆਰ ਬਹੁਤ ਥੱਲੇ ਜਾ ਰਿਹਾ ਹੈ ਇਸ ਨੂੰ ਉੱਚਾ ਚੁੱਕਣ ਦੀ ਲੋੜ ਹੈ ਤੇ ਉਹਨਾਂ ਨੇ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਹੀ ਬੇਨਤੀ ਕਰਦੇ ਹੋਏ ਕਿਹਾ ਕਿ ਇਸ ਮਸਲੇ ਦੇ ਤੌਰ 'ਤੇ ਜਿੱਥੇ ਸਰਕਾਰਾਂ ਫੇਲ ਹੋ ਗਈਆਂ ਤਾਂ ਸ਼੍ਰੋਮਣੀ ਕਮੇਟੀ ਤੇ ਆਪਣੇ ਪੱਧਰ 'ਤੇ ਉਪਰਾਲਾ ਲਵੇ ਤੇ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਸੰਤ ਸਮਾਜ ਕਾਰ ਸੇਵਾ ਸੰਪਰਦਾਵਾਂ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਉਹ ਇਸ ਦੇ ਵਿੱਚ ਆਪਣਾ ਸਹਿਯੋਗ ਦੇ ਕੇ ਇਸ ਪੰਜਾਬ ਨੂੰ ਪੰਜਾਬੀ ਦੇ ਤੌਰ 'ਤੇ ਅਤੇ ਧਾਰਮਿਕ ਤੌਰ 'ਤੇ ਵਿਕਸਿਤ ਕਰੀਏ ਤਾਂ ਕਿ ਸਾਡੀ ਜਿਹੜੀ ਜਵਾਨੀ ਹੈ ਉਹ ਸਿੱਖੀ ਦੀ ਪੜ੍ਹਾਈ ਕਰਕੇ ਧਾਰਮਿਕ ਵਿੱਦਿਆ ਹਾਸਿਲ ਕਰਕੇ ਆਪਣੇ ਵਿਰਸੇ ਬਾਰੇ ਜਾਣੂੰ ਹੋ ਸਕਣ ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਪਿੰਡਾਂ ਦੇ ਵਿੱਚ ਜ਼ੋਨ ਬਣਾ ਕੇ ਸਕੂਲ ਖੋਲ੍ਹੇ ਜਾਣ ਅਤੇ ਜਿਨ੍ਹਾਂ ਦੇ ਵਿੱਚ ਧਾਰਮਿਕ ਵਿਸ਼ੇ ਦੀ ਪੜ੍ਹਾਈ ਹੋਵੇ ਅਤੇ ਪੰਜਾਬੀ ਵਿਸ਼ੇ ਦੀ ਪੜ੍ਹਾਈ ਹੋਵੇ।

### ਚੜ੍ਹਦੀਕਲਾ ਅਖ਼ਬਾਰ ਦੇ ਸਬ-ਐਡੀਟਰ ਅਵਤਾਰ ਸਿੰਘ ਦੇ ਪਿਤਾ ਦਾ ਅੰਤਿਮ ਸੰਸਕਾਰ ਅੱਜ

ਸਮਾਣਾ, 13 ਮਾਰਚ (ਵਿਜੇ ਕੁਮਾਰ): ਚੜ੍ਹਦੀਕਲਾ ਅਖਬਾਰ ਦੇ ਸਬ ਐਡੀਟਰ ਅਵਤਾਰ ਸਿੰਘ ਦੇ ਸਤਿਕਾਰਯੋਗ ਪਿਤਾ ਗਿਆਨ ਸਿੰਘ (81) (ਸੇਵਾ ਮੁਕਤ ਬਿਜਲੀ ਬੋਰਡ) ਦਾ ਅੰਤਿਮ ਸੰਸਕਾਰ ਸ਼ਨੀਵਾਰ ਦੁਪਹਿਰ 12.00 ਤੋਂ 1.00 ਵਜੇ ਤ੍ਰਿਪੜੀ ਸ਼ਮਸ਼ਾਨਘਾਟ ਵਿੱਚ ਕੀਤਾ ਜਾਵੇਗਾ।





# ਪਟਿਆਲਾ-ਆਸ/ਪਾਸ



## ਮੇਅਰ ਦਾ ਤੁਰੰਤ ਐਕਸ਼ਨ: ਸ਼ਿਕਾਇਤ ਮਿਲਦਿਆਂ ਹੀ ਨਿਗਮ ਟੀਮ ਰਾਹੀਂ ਕਰਵਾਈ ਸੀਵਰੇਜ਼ ਪਾਈਪ ਲਾਈਨ ਠੀਕ

### ਪਟਿਆਲਾ ਵਾਸੀਆਂ ਲਈ 24 ਘੰਟੇ ਹਾਜ਼ਰ ਹਾਂ : ਕੁੰਦਨ ਗੋਗੀਆ



ਪਟਿਆਲਾ, 13 ਮਾਰਚ (ਰੁਪਾਣਾ): ਸ਼ਾਹੀ ਸ਼ਹਿਰ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਸ਼ਹਿਰ ਦੀ ਇੱਕ ਗੰਭੀਰ ਸਮੱਸਿਆ ਦਾ ਨਿਪਟਾਰਾ ਕਰਦਿਆਂ ਇੱਕ ਵਾਰ ਫਿਰ 'ਤੁਰੰਤ ਐਕਸ਼ਨ' ਦੀ ਮਿਸਾਲ ਪੇਸ਼ ਕੀਤੀ ਹੈ। ਸ਼ਹਿਰ ਦੇ ਇਤਿਹਾਸਕ ਅਤੇ ਪ੍ਰਾਚੀਨ ਕਾਲੀ ਦੇਵੀ ਮੰਦਰ ਦੇ ਬਾਹਰ ਪਿਛਲੇ ਕਾਫੀ ਸਮੇਂ ਤੋਂ ਸੀਵਰੇਜ਼ ਬਲਾਕੇਜ ਕਾਰਨ ਸਥਿਤੀ ਬੇਹੱਦ ਖ਼ਰਾਬ ਸੀ, ਜਿਸ ਨੂੰ ਮੇਅਰ ਨੇ ਨਿੱਜੀ ਦਿਲਚਸਪੀ ਲੈ ਕੇ ਹੱਲ ਕਰਵਾ ਦਿੱਤਾ ਹੈ। ਇਸ ਮੌਕੇ ਮੇਅਰ ਨਾਲ ਨਿਗਮ ਟੀਮ ਤੋਂ ਐਸ ਡੀ ਓ ਮਨੀਸ਼ ,ਜੇ ਈ ਕਾਰਤਿਕ, ਸੁਪਰਵਾਈਜ਼ਰ ਸਾਹਿਲ ਮਿੱਤਲ, ਵਿਜੇ ਕੁਮਾਰ, ਸੱਜਣ ਕੁਮਾਰ ਵੀ ਮੌਜੂਦ ਸਨ। ਜਾਣਕਾਰੀ ਅਨੁਸਾਰ ਮੰਦਰ ਦੇ ਬਾਹਰ ਓਵਰ ਬ੍ਰਿਜ ਬਣਨ ਦੇ ਕੰਮ ਦੌਰਾਨ ਸੀਵਰੇਜ਼ ਦੀ ਮੁੱਖ ਲਾਈਨ ਬੁਰੀ ਤਰ੍ਹਾਂ ਬਲਾਕ ਹੋ ਗਈ ਸੀ। ਇਸ ਕਾਰਨ ਗੰਦਾ ਪਾਣੀ ਸੜਕਾਂ 'ਤੇ ਜਮ੍ਹਾਂ ਹੋ ਰਿਹਾ ਸੀ, ਜਿਸ ਨਾਲ ਮੰਦਰ ਆਉਣ ਵਾਲੇ ਹਜ਼ਾਰਾਂ ਸ਼ਰਧਾਲੂਆਂ ਤੇ ਸਥਾਨਕ ਦੁਕਾਨਦਾਰਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਦੇ ਨਾਲ ਹੀ ਅਕਸਰ ਦੇਖਣ ਵਿਚ ਆਉਂਦਾ ਹੈ ਕਿ ਹਰ ਕੰਮ ਨੂੰ ਨਿਗਮ ਵੱਲੋਂ ਟੈਂਡਰ ਪ੍ਰੀਕਿਰਿਆ ਰਹੀ ਕੀਤਾ ਜਾਂਦਾ ਹੈ ਪਰ ਇਸ ਕੰਮ ਨੂੰ ਮੇਅਰ ਵੱਲੋਂ ਨਿਜੀ ਅਤੇ ਪਹਿਲ ਦੇ ਆਧਾਰ 'ਤੇ ਕਰਵਾਉਣ ਲਈ ਨਿਗਮ ਟੀਮ ਨੂੰ ਤਰੁੰਤ ਕੰਮ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਇਸ ਸਬੰਧੀ ਮੇਅਰ ਕੁੰਦਨ ਗੋਗੀਆ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਮੱਸਿਆ ਦੇ ਪੱਕੇ ਹੱਲ ਲਈ ਪੀ.ਐਸ.ਪੀ.ਸੀ.ਐਲ. ਦਫ਼ਤਰ ਤੋਂ ਲੈ ਕੇ ਓਮੈਕਸ ਮਾਲ ਤੱਕ ਲਗਭਗ 350 ਫੁੱਟ ਲੰਬੀ ਨਵੀਂ ਸੀਵਰੇਜ਼ ਪਾਈਪ ਲਾਈਨ ਪਾਉਣ ਦੀ ਕਾਰਵਾਈ ਮੁਕੰਮਲ ਕਰਵਾਈ ਹੈ। ਇਸ ਨਵੀਂ ਲਾਈਨ ਦੇ ਪੈਣ ਨਾਲ ਹੁਣ ਇਲਾਕੇ ਵਿੱਚ ਸੀਵਰੇਜ਼ ਦੇ ਓਵਰਫਲੋਅ ਅਤੇ ਬਲਾਕੇਜ ਦੀ ਸਮੱਸਿਆ ਜੜ੍ਹ ਤੋਂ ਖ਼ਤਮ ਹੋ ਜਾਵੇਗੀ।

ਗੱਲਬਾਤ ਕਰਦਿਆਂ ਮੇਅਰ ਕੁੰਦਨ ਗੋਗੀਆ ਨੇ ਹੋਰ ਕਿਹਾ ਕਿ, 'ਸ਼ਹਿਰ ਵਾਸੀਆਂ ਦੀ ਸਹੂਲਤ ਮੇਰੀ ਪਹਿਲੀ ਤਰਜੀਹ ਹੈ। ਭਾਵੇਂ ਉਹ ਸਫਾਈ ਹੋਵੇ ਜਾਂ ਸੀਵਰੇਜ਼, ਮੈਂ ਪਟਿਆਲਾ ਵਾਸੀਆਂ ਲਈ 24 ਘੰਟੇ ਹਾਜ਼ਰ ਹਾਂ। ਇਸ ਕਾਰਵਾਈ ਤੋਂ ਬਾਅਦ ਮੰਦਰ ਕਮੇਟੀ ਅਤੇ ਸ਼ਹਿਰ ਵਾਸੀਆਂ ਨੇ ਮੇਅਰ ਕੁੰਦਨ ਗੋਗੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਪੁਰਾਣੀ ਸਮੱਸਿਆ ਦਾ ਹੱਲ ਹੋਣ ਨਾਲ ਸਾਰਿਆਂ ਨੇ ਸੁੱਖ ਦਾ ਸਾਹ ਲਿਆ ਹੈ।

## ਸਮੂਹ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਇਆ ਜਾਵੇ : ਜਥੇ. ਗੜਗੱਜ

ਸਮਾਣਾ, 13 ਮਾਰਚ (ਵਿਜੇ ਕੁਮਾਰ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਰਕਾਰ ਨੂੰ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ 'ਵਿਸ਼ੇਸ਼ ਕਾਨੂੰਨ' ਬਣਾਇਆ ਜਾਵੇ। ਚੇਤੇ ਰਹੇ ਕਿ ਜਥੇਦਾਰ ਗੜਗੱਜ ਨੇ ਟਾਵਰ ਮੋਰਚਾ ਵਿਖੇ 4 ਅਪ੍ਰੈਲ 2025 ਦੀ ਪਹਿਲੀ ਫੇਰੀ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੋਧੀ 'ਕਾਨੂੰਨ' ਬਣਾਉਣ ਦੀ ਮੰਗ ਕੀਤੀ ਸੀ। ਜ਼ਿਕਰਯੋਗ ਹੈ ਕਿ ਸਮੂਹ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ 17 ਮਹੀਨਿਆਂ ਤੋਂ ਭਾਈ ਗੁਰਜੀਤ ਸਿੰਘ ਫੌਜੀ ਭਾਰਤ ਸੰਚਾਰ ਨਿਗਮ ਦੇ 400 ਉੱਚੇ ਟਾਵਰ 'ਤੇ ਚੜ੍ਹੇ ਹੋਏ ਹਨ ਅਤੇ ਮੰਗ ਪੂਰੀ ਨਾ ਹੋਣ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿਖੇ ਪਿਛਲੇ 18 ਦਿਨਾਂ ਤੋਂ ਸੰਗਤਾਂ ਵੱਲੋਂ 'ਧਰਮ ਯੁੱਧ' ਮੋਰਚਾ ਲਗਾਇਆ ਹੋਇਆ ਹੈ। ਜਿਸ ਵਿਚ ਸ਼ੁੱਕਰਵਾਰ ਨੂੰ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸ਼ਮੂਲੀਅਤ ਕਰਕੇ ਸੰਗਤਾਂ ਨਾਲ ਸਰਬਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਘ ਸਾਹਿਬ ਗੜਗੱਜ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਸੱਚ ਸਾਹਮਣੇ ਲਿਆਉਣ ਲਈ ਕਿਸੇ ਵੀ ਸਰਕਾਰ ਨੇ ਕਦੇ ਵੀ ਢੁਕਵੀਂ ਕਾਰਵਾਈ ਨਹੀਂ ਕੀਤੀ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਬੇਦਅਬੀ ਕਰਨ ਵਾਲੇ ਦੀ ਅੱਜ ਤੱਕ ਪਹਿਚਾਣ ਨਹੀਂ ਕੀਤੀ ਗਈ ਅਤੇ ਨਾ ਹੀ ਉਸ ਦਾ ਡੀ.ਐਨ.ਏ ਸਾਹਮਣੇ ਆਇਆ ਹੈ। ਉਨ੍ਹਾਂ ਆਖਿਆ ਕਿ ਪਹਿਲਾਂ ਵੀ ਸਰਕਾਰਾਂ ਨੇ ਬੇਅਦਬੀ ਵਿਰੋਧੀ ਸਖ਼ਤ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਸਫਲ ਨਹੀਂ ਹੋਏ। ਪੰਜਾਬ ਦੀ ਮੌਜੂਦਾ ਸਰਕਾਰ ਨੇ ਕਾਨੂੰਨ ਬਣਾਉਣ ਦੀ ਤੇਜ਼ੀ ਨਾਲ ਸ਼ੁਰੂ ਕੀਤੀ ਪ੍ਰਕ੍ਰਿਆ ਠੰਡੇ ਬਸਤੇ ਵਿਚ ਪਾ ਦਿੱਤੀ ਲਗਦੀ ਹੈ।

ਉਨ੍ਹਾਂ ਮੋਰਚੇ ਨੂੰ ਸਮਰਥਨ ਦਿੰਦਿਆਂ ਆਖਿਆ ਕਿ ਜੇਕਰ ਵਿਧਾਨ ਸਭਾ ਵਿਚ ਨਿੱਜੀ ਕਿੜਾਂ ਕੱਢਣ ਲਈ ਮਤੇ ਪਾਸ ਕੀਤੇ ਜਾ ਸਕਦੇ ਹਨ, ਤਾਂ ਬੇਅਦਬੀ ਵਿਰੋਧੀ ਕਾਨੂੰਨ ਕਿਉਂ ਪਾਸ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਅੱਗੇ ਕਿਹਾ ਕਿ ਇਸ ਸਰਕਾਰ ਦਾ ਆਖਰੀ ਸੈਸ਼ਨ ਵੀ ਖ਼ਤਮ ਹੋਣ ਵਾਲਾ ਹੈ। ਜਥੇਦਾਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਾਣੀ ਅਤੇ ਬਾਣੇ ਦੇ ਧਾਰਨੀ ਬਨਣ ਦੀ ਅਪੀਲ ਕੀਤੀ। ਇਸ ਤੋਂ ਪਹਿਲਾਂ ਜਥੇਦਾਰ ਦਾ ਸਮਾਣਾ ਪਹੁੰਚਣ 'ਤੇ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਮੋਰਚੇ ਦੇ ਆਗੂ ਭਾਈ ਗੁਰਪ੍ਰੀਤ ਸਿੰਘ ਟਹਿਲ ਸੇਵਾ ਅੱਠੇ ਪਹਿਰ, ਭਾਈ ਤਲਵਿੰਦਰ ਸਿੰਘ ਔਲਖ, ਅਮਿਤੋਜ ਸਿੰਘ ਮਾਨ, ਖੁਸ਼ਇੰਦਰ ਸਿੰਘ ਮਾਨ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਪਟਿਆਲਾ ਜ਼ਿਲ੍ਹੇ 'ਚ ਐਲਪੀਜੀ ਸਪਲਾਈ ਆਮ ਵਾਂਗ, ਲੋਕਾਂ ਨੂੰ ਜਮ੍ਹਾਂਖੋਰੀ 'ਤੇ ਅਫ਼ਵਾਹਾਂ ਤੋਂ ਬਚਣ ਦੀ ਲੋੜ : ਵਰਜੀਤ ਵਾਲੀਆ



ਪਟਿਆਲਾ, 13 ਮਾਰਚ (ਚ.ਨ.ਸ.): ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਮੁੜ ਜ਼ੋਰ ਦੇ ਕੇ ਕਿਹਾ ਹੈ ਕਿ ਪਟਿਆਲਾ ਜ਼ਿਲ੍ਹੇ 'ਚ ਐਲਪੀਜੀ ਸਪਲਾਈ ਆਮ ਵਾਂਗ ਹੈ ਪਰੰਤੂ ਲੋਕਾਂ ਨੂੰ ਘਬਰਾਹਟ 'ਚ ਆਕੇ ਜਮ੍ਹਾਂਖੋਰੀ ਕਰਨ ਅਤੇ ਗੈਸ ਨਾ ਮਿਲਣ ਵਰਗੀਆਂ ਕਿਸੇ ਤਰ੍ਹਾਂ ਦੀਆਂ ਅਫ਼ਵਾਹਾਂ ਤੋਂ ਬਚਣ ਦੀ ਲੋੜ ਹੈ। ਉਧਰ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹੇ ਵਿੱਚ ਰਸੋਈ ਗੈਸ ਦੀ ਕਾਲਾ ਬਜ਼ਾਰੀ ਅਤੇ ਗੈਰ-ਕਾਨੂੰਨੀ ਵਿਕਰੀ ਨੂੰ ਰੋਕਣ ਲਈ ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਜ਼ਿਲ੍ਹੇ ਭਰ ਵਿੱਚ 8 ਟੀਮਾਂ ਵੱਲੋਂ 42 ਥਾਂਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ ਅਤੇ ਵਪਾਰਕ ਥਾਵਾਂ ਤੋਂ 45 ਘਰੇਲੂ ਗੈਸ ਸਿਲੰਡਰ ਜ਼ਬਤ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਗੈਸ ਏਜੰਸੀਆਂ ਵੱਲੋਂ ਬੁਕਿੰਗ ਵੀ ਕੀਤੀ ਜਾ ਰਹੀ ਹੈ ਅਤੇ ਸਪਲਾਈ ਵੀ ਜਾਰੀ ਹੈ ਪਰੰਤੂ ਖਪਤਕਾਰਾਂ ਵੱਲੋਂ ਘਬਰਾਹਟ 'ਚ ਆਕੇ ਕੀਤੀ ਜਾ ਰਹੀ ਬੁਕਿੰਗ ਕਾਰਨ 58 ਗੈਸ ਏਜੰਸੀਆਂ ਦੀ ਆਨਲਾਈਨ ਸਰਵਰ ਬੁਕਿੰਗ ਪ੍ਰਭਾਵਿਤ ਹੋਈ ਹੈ, ਜਿਸ ਕਾਰਨ ਖਪਤਕਾਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਫੇਰ ਵੀ ਪ੍ਰਸ਼ਾਸਨ ਵੱਲੋਂ ਖਪਤਕਾਰਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਵਰਜੀਤ ਵਾਲੀਆ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਆਮ ਘਰੇਲੂ ਖਪਤਕਾਰਾਂ ਨੂੰ ਗੈਸ ਸਪਲਾਈ ਨਿਰਵਿਘਨ ਤੇ ਨਿਰੰਤਰ ਜਾਰੀ ਰੱਖਣ ਲਈ ਕਈ ਉਪਰਾਲੇ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸੇ ਤਹਿਤ ਗੈਸ ਏਜੰਸੀਆਂ 'ਤੇ ਅਚਾਨਕ ਛਾਪੇਮਾਰੀ ਅਤੇ ਜਾਂਚ ਮੁਹਿੰਮ ਚਲਾਈ ਜਾ ਰਹੀ ਹੈ, ਤਾਂ ਜੋ ਖਪਤਕਾਰਾਂ ਤੱਕ ਰਸੋਈ ਗੈਸ ਦੀ ਸਮੇਂ ਸਿਰ, ਨਿਯਮਤ, ਪਾਰਦਰਸ਼ੀ ਸਪਲਾਈ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਨੇ ਸਪਸ਼ਟ ਕੀਤਾ ਕਿ ਜੇਕਰ ਜਾਂਚ ਦੌਰਾਨ ਕਿਸੇ ਵੀ ਗੈਸ ਏਜੰਸੀ ਵੱਲੋਂ ਗੈਰ-ਨਿਯਮਿਤਤਾ, ਸਟਾਕ ਵਿੱਚ ਗੜਬੜ ਜਾਂ ਕਾਲਾ ਬਜ਼ਾਰੀ ਕਰਨ ਦੀ ਪੁਸ਼ਟੀ ਹੁੰਦੀ ਹੈ ਤਾਂ ਉਸ ਦੇ ਖ਼ਿਲਾਫ਼ ਲਾਇਸੈਂਸ ਰੱਦ ਕਰਨ ਸਮੇਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਵੀ ਥਾਂ ਰਸੋਈ ਗੈਸ ਦੀ ਕਾਲਾ ਬਜ਼ਾਰੀ, ਗੈਰ-ਕਾਨੂੰਨੀ ਵਿਕਰੀ ਜਾਂ ਹੋਰ ਕਿਸੇ ਤਰ੍ਹਾਂ ਦੀ ਗੜਬੜ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਪ੍ਰਸ਼ਾਸਨ ਜਾਂ ਫੂਡ ਸਪਲਾਈ ਵਿਭਾਗ ਨੂੰ ਸੂਚਿਤ ਕੀਤਾ ਜਾਵੇ। ਵਰਜੀਤ ਵਾਲੀਆ ਨੇ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਇਸ ਤਰ੍ਹਾਂ ਦੀਆਂ ਗਲਤ ਗਤੀਵਿਧੀਆਂ 'ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾ ਸਕਦੀ ਹੈ ਅਤੇ ਹਰ ਉਪਭੋਗਤਾ ਤੱਕ ਰਸੋਈ ਗੈਸ ਦੀ ਸਹੀ ਅਤੇ ਸਮੇਂ ਸਿਰ ਸਪਲਾਈ ਯਕੀਨੀ ਬਣਾਈ ਜਾ ਸਕਦੀ ਹੈ। ਇਸ ਨਾਲ ਨਾ ਸਿਰਫ਼ ਕਾਲਾ ਬਜ਼ਾਰੀ ਨੂੰ ਰੋਕਿਆ ਜਾ ਸਕੇਗਾ ਬਲਕਿ ਉਪਭੋਗਤਾਵਾਂ ਦਾ ਭਰੋਸਾ ਵੀ ਮਜ਼ਬੂਤ ਹੋਵੇਗਾ। ਇਸੇ ਦੌਰਾਨ ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ ਫੂਡ ਸਪਲਾਈ ਇੰਸਪੈਕਟਰਾਂ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਜ਼ਿਲ੍ਹੇ ਦੀਆਂ ਸਾਰੀਆਂ ਗੈਸ ਏਜੰਸੀਆਂ 'ਤੇ ਨਿਗਰਾਨੀ ਵਧਾਈ ਜਾਵੇ ਅਤੇ ਸ਼ੱਕ ਦੇ ਆਧਾਰ 'ਤੇ ਅਚਾਨਕ ਛਾਪੇਮਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਗੜਬੜ ਜਾਂ ਗੈਰ-ਨਿਯਮਿਤਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਡਾ. ਰਵਿੰਦਰ ਕੌਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੇ ਮੱਦੇਨਜ਼ਰ ਅੱਜ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਫੂਡ ਸਪਲਾਈ ਵਿਭਾਗ ਦੀਆਂ ਟੀਮਾਂ ਵੱਲੋਂ ਵੱਡੇ ਪੱਧਰ 'ਤੇ ਜਾਂਚ ਕੀਤੀ ਗਈ। ਰੇਡ ਦੌਰਾਨ ਟੀਮਾਂ ਨੇ ਗੈਸ ਏਜੰਸੀਆਂ ਦੇ ਸਟਾਕ ਰਜਿਸਟਰਾਂ ਦੀ ਬਰੀਕੀ ਨਾਲ ਜਾਂਚ ਕੀਤੀ ਅਤੇ ਗੋਦਾਮਾਂ ਵਿੱਚ ਮੌਜੂਦ ਸਿਲੰਡਰਾਂ ਦਾ ਰਿਕਾਰਡ ਨਾਲ ਮਿਲਾਣ ਕੀਤਾ। ਇਸ ਦੌਰਾਨ ਇਹ ਵੀ ਦੇਖਿਆ ਗਿਆ ਕਿ ਲੋਕਾਂ ਨੂੰ ਰਸੋਈ ਗੈਸ ਦੀ ਸਪਲਾਈ ਨਿਯਮਾਂ ਅਨੁਸਾਰ ਕੀਤੀ ਜਾ ਰਹੀ ਹੈ ਜਾਂ ਨਹੀਂ। ਉਨ੍ਹਾਂ ਨੇ ਦੱਸਿਆ ਕਿ ਬਲਾਕ ਪੱਧਰ 'ਤੇ ਫੂਡ ਸਪਲਾਈ ਤੇ ਸਹਾਇਕ ਫੂਡ ਸਪਲਾਈ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਬਲਾਕ ਪਟਿਆਲਾ ਲਈ ਵਰਿੰਦਰ ਪਾਲ ਕੌਰ 9056427880 ਤੇ ਮਨੀਸ਼ ਗਰਗ 9815842466, ਬਲਾਕ ਸਨੌਰ ਲਈ ਮੋਨਿਕਾ 9988802023, ਬਲਾਕ ਭੁਨਰਹੇੜੀ ਵਿਵੇਕ ਸਿੰਗਲਾ 9417118302, ਬਲਾਕ ਨਾਭਾ ਜਰਨੈਲ ਸਿੰਘ 9781001312 'ਤੇ ਪੰਕਜ ਠਾਕੁਰ 9815806264, ਬਲਾਕ ਰਾਜਪੁਰਾ ਵਰਿੰਦਰ ਸਿੰਘ 9872617974, ਬਲਾਕ ਘਨੌਰ ਵਿਕਰਮਜੀਤ ਸਿੰਘ 8146532844, ਬਲਾਕ ਪਾਤੜਾਂ ਸਮਾਣਾ ਲਈ ਹਰਪ੍ਰੀਤ ਸਿੰਘ 9881010024 'ਤੇ ਗੁਰਜਿੰਦਰ ਸਿੰਘ ਸਿੱਧੂ 9872989098 ਅਤੇ ਸਮਾਣਾ ਦੇ ਸਹਾਇਕ ਫੂਡ ਸਪਲਾਈ ਅਫਸਰ ਨਿਖਲ ਵਾਲੀਆ ਦੇ ਫੋਨ ਨੰਬਰ 9781340707 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਡੀ ਐਫ ਐਸ ਸੀ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਗੈਸ ਏਜੰਸੀ ਰਸੋਈ ਗੈਸ ਦੀ ਕਾਲਾ ਬਜ਼ਾਰੀ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਵਿਕਰੀ ਨਾ ਕਰ ਸਕੇ। ਇਸ ਨਾਲ ਨਾਲ ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਜ਼ਿਲ੍ਹੇ ਦੇ ਹਰ ਉਪਭੋਗਤਾ ਤੱਕ ਰਸੋਈ ਗੈਸ ਦੀ ਸਪਲਾਈ ਸਮੇਂ ਸਿਰ ਪਹੁੰਚੇ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

## ਪੰਜਾਬੀ ਯੂਨੀਵਰਸਿਟੀ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਨੇ ਕਰਵਾਈ ਤੀਜੀ ਸਾਲਾਨਾ ਕਾਨਫ਼ਰੰਸ




ਪਟਿਆਲਾ, 13 ਮਾਰਚ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਤੀਜੀ ਸਾਲਾਨਾ ਅੰਤਰ-ਰਾਸ਼ਟਰੀ ਕਾਨਫ਼ਰੰਸ ਕਰਵਾਈ ਗਈ। ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਨੇ ਕੀਤੀ। ਕਾਨਫ਼ਰੰਸ ਦਾ ਮੁੱਖ-ਸੁਰ ਭਾਸ਼ਣ ਟੈਨੈਕੋ ਕੰਪਨੀ ਤੋਂ ਪੁੱਜੇ ਸੀਨੀਅਰ ਡਾਇਰੈਕਟਰ-ਓਪਰੇਸ਼ਨਜ਼ ਜਸਬੀਰ ਸਿੰਘ ਵੱਲੋਂ ਦਿੱਤਾ ਗਿਆ। ਪ੍ਰੋ. ਜਸਵਿੰਦਰ ਸਿੰਘ ਬਰਾੜ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਅੱਜ ਦੇ ਯੁੱਗ ਵਿੱਚ ਉਦਯੋਗ ਖੇਤਰ ਨੂੰ ਬਹੁਤ ਸਾਰੀਆਂ ਅਜਿਹੀਆਂ ਨਵੀਂਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਪਹਿਲਾਂ ਨਹੀਂ ਸਨ, ਜਦੋਂ ਅਠਾਰਵੀਂ ਸਦੀ ਵਿੱਚ ਉਦਯੋਗੀਕਰਨ ਸ਼ੁਰੂ ਹੋਇਆ ਸੀ ਤਾਂ ਉਸ ਸਮੇਂ ਵਾਤਾਵਰਨ ਜਿਹੇ ਮੁੱਦੇ ਨਹੀਂ ਸਨ, ਪਰ ਹੁਣ ਇਹ ਇਹ ਅਹਿਮ ਮੁੱਦਾ ਹੈ। ਉਨ੍ਹਾਂ ਕਿਹਾ ਕਿ ਦੂਰਦ੍ਰਿਸ਼ਟੀ ਵਾਲੇ ਵਿਗਿਆਨੀ ਅਤੇ ਇੰਜਨੀਅਰ ਹੀ ਅਜਿਹੀਆਂ ਚੁਣੌਤੀਆਂ ਦਾ ਹੱਲ ਲਭਦੇ ਹਨ।

ਜਸਬੀਰ ਸਿੰਘ ਨੇ ਆਪਣੇ ਮੁੱਖ-ਸੁਰ ਭਾਸ਼ਣ ਦੌਰਾਨ ਆਪਣੀ ਕੰਪਨੀ ਦੀ ਕਾਰਜਸ਼ੈਲੀ ਦੇ ਹਵਾਲੇ ਨਾਲ਼ ਉਦਯੋਗ ਖੇਤਰ ਸਬੰਧੀ ਅਹਿਮ ਨੁਕਤੇ ਸਾਂਝੇ ਕੀਤੇ। ਮਕੈਨੀਕਲ ਇੰਜੀਨੀਅਰਿੰਗ ਨੂੰ ਵੀ ਇਸ ਦੇ ਅਨੁਕੂਲ ਹੀ ਤਕਨੀਕਾਂ ਈਜਾਦ ਕਰਨੀਆਂ ਪੈਂਦੀਆਂ ਹਨ। ਵਿਭਾਗ ਮੁਖੀ ਡਾ. ਵਿਨੋਦ ਕੁਮਾਰ ਵੱਲੋਂ ਸਵਾਗਤੀ ਸ਼ਬਦਾਂ ਦੌਰਾਨ ਵਿਭਾਗ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਗਿਆ। ਉਦਘਾਟਨੀ ਸੈਸ਼ਨ ਦਾ ਧੰਨਵਾਦੀ ਭਾਸ਼ਣ ਇੰਜੀਨੀਅਰਿੰਗ ਫ਼ੈਕਲਟੀ ਦੇ ਡੀਨ ਡਾ. ਮਨਜੀਤ ਸਿੰਘ ਭੰਮਰਾ ਨੇ ਦਿੱਤਾ। ਅਗਲੇ ਅਕਾਦਮਿਕ ਸੈਸ਼ਨਾਂ ਦੌਰਾਨ ਅਹਿਮ ਵਿਚਾਰ ਪ੍ਰਗਟਾਉਣ ਵਾਲ਼ੇ ਮੁੱਖ ਬੁਲਾਰਿਆਂ ਵਿੱਚ ਏਅਰਬਸ ਵਿਚਿਤਾ, ਯੂ.ਐੱਸ.ਏ. ਨਾਲ਼ ਸਬੰਧਤ ਇੰਜ. ਸੁੰਦਰ ਸਿੰਘ ਅਤੇ ਡੀ.ਆਰ.ਡੀ.ਓ. ਸਾਇੰਟਿਸਟ ਡਾ. ਅਮਿਤ ਤਿਆਗੀ ਸ਼ਾਮਿਲ ਸਨ।

## ਨਾਭਾ ਫੂਡ ਵੈਲਫ਼ੇਅਰ ਐਸੋਸੀਏਸ਼ਨ ਵੱਲੋਂ ਡੀ.ਐਸ.ਪੀ. ਨਾਲ ਮੁਲਾਕਾਤ



ਨਾਭਾ, 13 ਮਾਰਚ (ਬਲਜਿੰਦਰ ਮਾਨ): ਫੂਡ ਵੇਲਫੇਅਰ ਐਸੋਸੀਏਸ਼ਨ ਨਾਭਾ ਵੱਲੋ ਪ੍ਰਧਾਨ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਡੀਐਸਪੀ ਗੁਰਿੰਦਰ ਸਿੰਘ ਬੱਲ ਨਾਭਾ ਨਾਲ ਮੁਲਾਕਾਤ ਕਰਨ ਸਮੇਂ ਉਨ੍ਹਾਂ ਦੀ ਵਧੀਆ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਤੇ ਉਨਾ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਡੀਐਸਪੀ ਬੱਲ ਨੇ ਸ਼ਾਹੀ ਅਤੇ ਸ਼ੁੱਧ ਪਕਵਾਨ ਨਾਭੇ ਦੀ ਸ਼ਾਨ ਬੈਨਰ ਹੇਠ ਬਣੀ ਰੇਹੜੀ ਮਾਰਕਿਟ ਦੇ ਸੰਚਾਲਕਾਂ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਅਜੋਕੇ ਸਮੇਂ ਦੌਰਾਨ ਪੜ੍ਹੇ ਲਿਖੇ ਨੌਜਵਾਨਾਂ ਵੱਲੋ ਸਹਾਇਕ ਧੰਦਿਆਂ ਨੂੰ ਅਪਣਾਉਣਾ ਬਹੁਤ ਚੰਗੀ ਗੱਲ ਹੈ। ਕੋਈ ਵੀ ਵਿਆਕਤੀ ਮਿਹਨਤ ਤੇ ਇਮਾਨਦਾਰੀ ਨਾਲ ਅਪਣੇ ਕਿੱਤੇ ਵਿੱਚ ਜਿੱਥੇ ਮੁਹਾਰਤ ਹਾਸਲ ਕਰ ਸਕਦਾ ਹੈ ਉੱਥੇ ਹੀ ਤਰੱਕੀ ਵੀ ਕਰ ਸਕਦਾ ਹੈ ਕੰਮ ਕੋਈ ਵੀ ਵੱਡਾ ਛੋਟਾ ਨਹੀਂ ਹੁੰਦਾ ਇਨਸਾਨ ਨੂੰ ਆਤਮ ਵਿਸ਼ਵਾਸ ਅਤੇ ਅਪਣੇ ਆਪ 'ਤੇ ਕੰਮ 'ਤੇ ਭਰੋਸਾ ਹੋਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨਾਲ ਸੈਕਟਰੀ ਭੁਪਿੰਦਰ ਸਿੰਘ, ਮੀਤ ਪ੍ਰਧਾਨ ਗੌਰਵ, ਨਰਿੰਦਰ ਸਿੰਘ, ਕਾਕਾ ਸਿੰਘ, ਮੋਹਿਤ ਸ਼ਰਮਾ, ਲਾਲ ਸਿੰਘ ਤੇ ਐਸੋਸੀਏਸ਼ਨ ਦੇ ਮੈਂਬਰ ਮੌਜੂਦ ਸਨ।

## ਗੁਰੂ ਤੇ.ਗ ਬਹਾਦਰ ਪਬਲਿਕ ਸਕੂਲ, 'ਚ ਹੋਈ ਵਿਦਾਇਗੀ ਪਾਰਟੀ



ਡਕਾਲਾ/ਬਲਬੇੜ੍ਹਾ, 13 ਮਾਰਚ (ਗੁਰਸੇਵਕ ਸਿੰਘ ਕਰਹਾਲੀ ਸਾਹਿਬ): ਇਲਾਕੇ ਦੀ ਨਾਮਵਰ ਸੰਸਥਾ ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਕਰਹਾਲੀ ਸਾਹਿਬ 'ਚ ਦੱਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਨੌਵੀ ਜਮਾਤ ਦੇ ਵਿਦਿਆਰਥੀਆਂ ਵੱਲੋ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ, ਜਿਸ ਵਿੱਚ ਨੌਵੀ ਜਮਾਤ ਦੇ ਵਿਦਿਆਰਥੀਆਂ ਵੱਲੋ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਦੱਸਵੀਂ ਜਮਾਤ ਦੇ ਵਿਦਿਆਰਥੀਆਂ ਦੀ ਮੋਡਲਿੰਗ ਵੀ ਕਰਵਾਈ ਗਈ, ਜਿਸ ਵਿੱਚੋ ਮਿਸ ਜੀ. ਟੀ. ਬੀ. ਪੀ. ਐੱਸ ਹਰਸ਼ਿੰਦਰ ਕੌਰ ਨੂੰ ਤੇ ਮਿਸਟਰ ਜੀ. ਟੀ. ਬੀ. ਪੀ. ਐੱਸ ਮਨਰਾਜ ਸਿੰਘ ਨੂੰ ਚੁਣਿਆਂ ਗਿਆ। ਸਾਰੇ ਵਿਦਿਆਰਥੀਆਂ ਨੇ ਖੂਬ ਆਨੰਦ ਮਾਣਿਆ।ਪ੍ਰੋਗਰਾਮ ਦੇ ਨਾਲ-ਨਾਲ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਰਿਫ੍ਰੈਸ਼ਮੈਂਟ 'ਤੇ ਲੰਚ ਵੀ ਕਰਵਾਇਆ ਗਿਆ।ਇਸ ਮੌਕੇ ਤੇ ਪ੍ਰਿੰਸੀਪਲ ਅਮਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਕੂਲ ਵਿੱਚ ਬਿਤਾਇਆ ਸਮਾਂ ਜੀਵਨ ਦੀ ਸਭ ਤੋਂ ਸੁਹਾਵਣੀ ਯਾਦ ਹੁੰਦਾ ਹੈ। ਸਾਰੇ ਅਧਿਆਪਕਾਂ ਨੇ ਵੀ ਬੱਚਿਆਂ ਨੂੰ ਇਮਤਿਹਾਨਾਂ ਵਿੱਚੋ ਚੰਗੇ ਨੰਬਰ ਲੈ ਕੇ ਪਾਸ ਹੋ ਕੇ ਸਕੂਲ ਤੇ ਆਪਣੇ ਮਾਤਾ-ਪਿਤਾ ਦਾ ਨਾਂ ਰੋਸ਼ਨ ਕਰਨ ਦਾ ਆਸ਼ੀਰਵਾਦ ਦਿੱਤਾ। ਸਕੂਲ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਅਮਰਇੰਦਰ ਸਿੰਘ ਲਿਬੜਾ ਤੇ ਆਨਰੇਰੀ ਸਕੱਤਰ ਡਾ. ਗੁਰਮੋਹਨ ਸਿੰਘ ਵਾਲੀਆਂ ਨੇ ਇਸ ਮੌਕੇ ਤੇ ਉਚੇਚੇ ਤੌਰ ਸਕੂਲ ਨੂੰ ਵਧਾਈ ਦਿੱਤੀ।

## ਸਰਕਾਰ ਦਾ ਵਾਮਨ ਅਵਤਾਰ ਮੰਦਰ ਦੇ ਨਿਰਮਾਣ ਦਾ ਭਰੋਸਾ ਦਿਵਾਣਾ ਸ਼ਲਾਘਾਯੋਗ ਕਦਮ : ਸੰਤ ਰਜਿੰਦਰ ਸਿੰਘ

ਪਟਿਆਲਾ, 13 ਮਾਰਚ (ਰੁਪਾਣਾ): ਪਿਛਲੇ ਕਾਫੀ ਦਿਨਾਂ ਤੋਂ ਪਟਿਆਲਾ ਦੇ ਵਾਮਨ ਅਵਤਾਰ ਮੰਦਰ ਲਈ ਸੰਘਰਸ਼ ਕਰ ਰਹੇ ਪਟਿਆਲਾ ਵਾਸੀਆਂ ਅਤੇ ਭੁੱਖ ਹੜਤਾਲ ਤੇ ਬੈਠੇ ਸਨਾਤਨੀਆਂ ਨੂੰ ਉਸ ਵੇਲੇ ਸਫਲਤਾ ਮਿਲੀ। ਜਦੋਂ ਪੰਜਾਬ ਸਰਕਾਰ ਵੱਲੋਂ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਮੇਅਰ ਕੁੰਦਨ ਗੋਗੀਆ ਅਤੇ ਹੋਰ ਨੁਮਾਇੰਦਿਆਂ ਨੇ ਪਹੁੰਚ ਕੇ ਲਿਖਤ ਚ ਭਰੋਸਾ ਦਵਾਇਆ ਕਿ ਜਲਦ ਹੀ ਇਸ ਮੰਦਰ ਦਾ ਨਵ ਨਿਰਮਾਣ ਸ਼ੁਰੂ ਕਰਵਾਇਆ ਜਾਵੇਗਾ। ਇਸ ਮੌਕੇ ਚੰਡੀ ਮਾਤਾ ਮੰਦਰ ਹੀਰਾ ਬਾਗ ਦੇ ਮੁਖੀ ਸੰਤ ਰਜਿੰਦਰ ਸਿੰਘ ਚੰਡੀ ਦਾਸ ਅਤੇ ਸਮਾਜ ਸੇਵਕ ਕਰਨ ਜੋਤ ਸਿੰਘ ਜਿਨਾ ਨੇ ਭੁੱਖ ਹੜਤਾਲ ਦੇ 23ਵੇਂ ਦਿਨ ਹਿੱਸਾ ਲਿਆ ਸੀ। ਉਹਨਾਂ ਨੇ ਆਪਣੀ ਇੱਛਾ ਸ਼ਕਤੀ ਰਾਹੀਂ ਸਮੂਹ ਸਨਾਤਨੀਆਂ ਨੂੰ ਇਹ ਯਕੀਨ ਦਵਾਇਆ ਸੀ, ਕਿ ਭਵਿੱਖ ਵਿੱਚ ਜਲਦੀ ਹੀ ਇਸ ਮੰਦਰ ਦਾ ਨਿਰਮਾਣ ਜ਼ਰੂਰ ਸ਼ੁਰੂ ਹੋਵੇਗਾ। ਅਗਰ ਪ੍ਰਸ਼ਾਸਨ ਜਾਂ ਸਰਕਾਰ ਵੱਲੋਂ ਕੋਈ ਵੀ ਆਨਾ ਕਾਨੀ ਕਰਨ ਦੀ ਸੂਰਤ ਵਿੱਚ ਉਹਨਾਂ ਨੇ ਅਗਨੀ ਸਮਾਧੀ ਲੈਣ ਦਾ ਵੀ ਪ੍ਰਣ ਕੀਤਾ ਸੀ। ਸਾਰੇ ਹੀ ਸਨਾਤਨੀਆਂ ਦੇ ਇਸ ਪ੍ਰਦਰਸ਼ਨ ਨੂੰ ਬਲ ਮਿਲਿਆ ਅਤੇ ਸਰਕਾਰ ਨੇ ਮੰਦਰ ਦੇ ਨਿਰਮਾਣ ਦਾ ਦਾ ਮੁੱਦਾ ਜਲਦੀ ਹੀ ਹੱਲ ਕਰ ਦਿੱਤਾ। ਜਿਸ ਲਈ ਸਾਰੇ ਹੀ ਸਨਾਤਨੀ ਵਧਾਈ ਦੇ ਪਾਤਰ ਹਨ। ਉਨਾਂ ਇਹ ਵੀ ਕਿਹਾ ਕਿ ਅਗਰ ਸਰਕਾਰ ਮੁਕਰ ਦੀ ਹੈ ਤਾਂ ਉਹ ਜ਼ਰੂਰ ਅਗਨੀ ਸਮਾਧੀ ਲੈਣਗੇ ਤੇ ਅਗਰ ਸਰਕਾਰ ਇਸ ਫੈਸਲੇ ਤੇ ਅਟੱਲ ਰਹਿੰਦੀ ਹੈ ਤਾਂ ਪੰਜਾਬ ਸਰਕਾਰ ਬੁਹਤ ਵਧਾਈ ਦੀ ਪਾਤਰ ਹੈ।



## ਜੇ ਸਰਕਾਰ ਗੁਰੂ ਗ੍ਰੰਥ ਸਾਹਿਬ ਜੀ ਲਈ ਕਾਨੂੰਨ ਨਹੀਂ ਬਣਾਉਂਦੀ, ਇਹਨਾਂ ਦੇ ਗੁਰੂ ਦਰਬਾਰ ਵਿੱਚ ਬੋਲਣ 'ਤੇ ਪਾਬੰਦੀ ਵੀ ਲਾਈ ਜਾ ਸਕਦੀ ਹੈ : ਗੜਗੱਜ



ਸਮਾਣਾ, 13 ਮਾਰਚ (ਹਰਜਿੰਦਰ ਸਿੰਘ): ਸਮਾਣਾ ਵਿਖੇ ਚੱਲ ਰਹੇ ਧਰਮ ਯੁੱਧ ਮੋਰਚੇ ਵਿੱਚ ਪਹੁੰਚੇ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਨੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਕਰੜੇ ਲਫਜ਼ਾ ਵਿਚ ਚਿਤਾਵਨੀ ਦਿੱਤੀ ਕਿ ਜੇਕਰ ਉਹ ਬੇਅਦਬੀ ਖਿਲਾਫ਼ ਕਾਨੂੰਨ ਨਹੀਂ ਬਣਾ ਸਕਦੇ ਤਾਂ ਗੁਰੂ ਘਰਾਂ ਅਤੇ ਧਾਰਮਿਕ ਸਟੇਜਾਂ ਤੋਂ ਬੋਲਣ ਦਾ ਵੀ ਉਹਨਾਂ ਨੂੰ ਕੋਈ ਹੱਕ ਨਹੀਂ ਹੈ, ਜੇ ਸਰਕਾਰ ਸੰਗਤ ਦੀ ਆਵਾਜ਼ ਨਹੀਂ ਸੁਣਦੀ ਤਾਂ ਅਜਿਹੇ ਸਖਤ ਫੈਸਲੇ ਲਏ ਜਾ ਸਕਦੇ ਹਨ। ਸਰਕਾਰ ਨੂੰ ਚੇਤਾਵਨੀ ਦਿੰਦਿਆਂ ਹੋਇਆਂ ਸਿੰਘ ਸਾਹਿਬ ਨੇ ਕਿਹਾ ਜੇ ਭਾਈ ਗੁਰਜੀਤ ਸਿੰਘ ਦੀ ਸ਼ਹਾਦਤ ਹੁੰਦੀ ਹੈ ਇਸ ਲਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਜਿੰਮੇਵਾਰ ਹੋਏਗੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਖੁਦ ਭਾਈ ਗੁਰਜੀਤ ਸਿੰਘ ਖਾਲਸਾ ਦੀ ਤੰਦਰੁਸਤੀ ਲਈ ਅਰਦਾਸ ਵੀ ਕੀਤੀ। ਸਮਾਣੇ ਦੇ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿੱਚ 24 ਫਰਵਰੀ ਤੋਂ ਪੱਕੇ ਤੌਰ ਤੇ ਚੱਲ ਰਹੇ ਧਰਮ ਯੁੱਧ ਮੋਰਚੇ ਦੇ 17ਵੇਂ ਦਿਨ ਵੱਡੀ ਤਾਦਾਦ ਵਿੱਚ ਪੰਜਾਬ ਦੀਆਂ ਨਾਮਵਰ ਸਖਸ਼ੀਅਤਾਂ ਅਤੇ ਸੰਗਤ ਨੇ ਹਾਜ਼ਰੀ ਭਰੀ। ਜ਼ਿਕਰਯੋਗ ਹੈ ਕਿ ਪੰਜਾਬ ਦੇ ਨੌਜਵਾਨਾਂ ਦੇ ਆਗੂ ਭਾਨਾ ਸਿੱਧੂ ਅਪਣੇ ਸਾਥੀਆਂ ਸਮੇਤ 15 ਮਾਰਚ ਨੂੰ ਮਸਤੂਆਣਾ ਸਾਹਿਬ ਤੋਂ ਸੈਂਕੜਿਆਂ ਦੀ ਤਾਦਾਦ ਵਿੱਚ ਗੱਡੀਆਂ, ਮੋਟਰਸਾਈਕਲ ਅਤੇ ਟਰੈਕਟਰਾਂ ਦਾ ਕਾਫਲਾ ਲੈ ਕੇ ਰੋਸ ਮਾਰਚ ਦੇ ਰੂਪ ਵਿੱਚ ਧਰਮ ਯੁੱਧ ਮੋਰਚੇ ਤੇ ਪਹੁੰਚਣਗੇ। ਭਾਈ ਗੁਰਜੀਤ ਸਿੰਘ ਖਾਲਸਾ ਦੀ ਸਿਹਤ 12 ਮਾਰਚ ਰਾਤ ਨੂੰ ਬਹੁਤ ਜਿਆਦਾ ਵਿਗੜ ਗਈ ਪੰਜ ਘੰਟੇ ਉਹ ਬੇਹੋਸ਼ ਰਹੇ ਸ਼ੂਗਰ ਦਾ ਲੈਵਲ 55 ਦੇ ਕਰੀਬ ਸੀ ਅਤੇ ਬਲੱਡ ਪ੍ਰੈਸ਼ਰ 200 ਤੋਂ ਉੱਪਰ ਸੀ ਪਰ ਮੌਜੂਦਾ ਸਰਕਾਰ ਅਤੇ ਪ੍ਰਸ਼ਾਸਨ ਨੇ ਇਸ ਵਾਸਤੇ ਕੋਈ ਧਿਆਨ ਨਹੀਂ ਦਿੱਤਾ। ਇਸ ਤਰ੍ਹਾਂ ਲੱਗਦਾ ਜਿਵੇਂ ਬੇਹੋਸ਼ ਭਾਈ ਗੁਰਜੀਤ ਸਿੰਘ ਨਹੀਂ ਬਲਕਿ ਪੰਜਾਬ ਸਰਕਾਰ ਹੋ ਚੁੱਕੀ ਹੈ।

## ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ



ਪਟਿਆਲਾ, 13 ਮਾਰਚ (ਚ.ਨ.ਸ.): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਵਿਖੇ ਕਾਲਜ ਦੇ ਐੱਨ.ਐੱਸ.ਐੱਸ ਵਿਭਾਗ ਅਤੇ ਪਾਠ ਸਹਾਇਕ ਕਿਰਿਆਵਾਂ ਕਮੇਟੀ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਐਡਵੋਕੇਟ ਪਰਮਵੀਰ ਸਿੰਘ ਅਤੇ ਐਡਵੋਕੇਟ ਰਵਿੰਦਰ ਕੌਰ ਜੱਸੜ ਨੇ ਵਿਸ਼ੇਸ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ, ਡਾ.ਹਰਮੀਤ ਕੌਰ ਆਨੰਦ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਔਰਤ ਸਸ਼ਕਤੀਕਰਣ ਔਰਤ ਨੂੰ ਨਿਰਣੇ ਕਰਨ ਦੀ ਸ਼ਕਤੀ ਪ੍ਰਦਾਨ ਕਰਦੀ ਹੈ। ਇਹੀ ਸ਼ਕਤੀ ਉਸ ਨੂੰ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਆਪਣਾ ਮਹੱਤਵਪੂਰਨ ਰੋਲ ਅਦਾ ਕਰਨ ਵਿੱਚ ਸਹਾਇਤਾ ਕਰਦੀ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਸਮਾਜ ਵਿੱਚ ਔਰਤਾਂ ਦੀ ਸਥਿਤੀ ਸਿਰਫ਼ ਤਾਂ ਹੀ ਬਦਲ ਸਕਦੀ ਹੈ ਜੇਕਰ ਅਸੀਂ ਆਪਣੇ ਆਪ ਨੂੰ ਬਦਲੀਏ ਅਤੇ ਆਪਣੇ ਘਰ ਤੇ ਸਮਾਜ ਵਿੱਚ ਔਰਤ ਪ੍ਰਤੀ ਵਿਚਾਰਾਂ ਅਤੇ ਵਿਵਹਾਰ ਵਿੱਚ ਤਬਦੀਲੀ ਲੈ ਕੇ ਆਈਏ। ਐਡਵੋਕੇਟ ਪਰਮਵੀਰ ਸਿੰਘ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਕੰਮ ਕਾਜ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਔਰਤਾਂ ਦੀ ਸੁਰੱਖਿਆ ਅਤੇ ਸੁਰੱਖਿਆ ਲਈ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਕਿਸਮਾਂ ਦੀਆਂ ਕਾਨੂੰਨੀ ਸਹਾਇਤਾ ਅਤੇ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ। ਐਡਵੋਕੇਟ ਰਵਿੰਦਰ ਕੌਰ ਜੱਸੜ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਘਰੇਲੂ ਹਿੰਸਾ ਐਕਟ 2005 ਅਤੇ ਪੋਸ਼ ਐਕਟ 2013 ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਕਾਲਜ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ (ਕਵਿਤਾ ਉਚਾਰਣ, ਭਾਸ਼ਣ, ਗੀਤ ਅਤੇ ਗਰੁੱਪ ਡਾਂਸ) ਪੇਸ਼ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋ. ਕੁਲਵਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਪਰਮਜੀਤ ਸਿੰਘ ਘੁਮਾਣ ਕਰਹਾਲੀ ਸਾਹਿਬ ਨੂੰ ਭਾਰੀ ਸਦਮਾ; ਧਰਮ ਸੁਪਤਨੀ ਦਾ ਹੋਇਆ ਦੇਹਾਂਤ

ਡਕਾਲਾ/ਬਲਬੇੜ੍ਹਾ, 13 ਮਾਰਚ (ਗੁਰਸੇਵਕ ਸਿੰਘ ਕਰਹਾਲੀ ਸਾਹਿਬ): ਸਿਆਸੀ ਵਿਸਲੇਸ਼ਣਕਰਤਾ ਅਤੇ ਸਮਾਜਿਕ ਮਸਲਿਆਂ 'ਤੇ ਡੂੰਘਾ ਚਿੰਤਨ ਕਰਨ ਵਾਲੇ ਪਰਮਜੀਤ ਸਿੰਘ ਘੁਮਾਣ ਕਰਹਾਲੀ ਸਾਹਿਬ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਹਨਾਂ ਦੇ ਧਰਮ ਸੁਪਤਨੀ ਸਤਿਕਾਰਯੋਗ ਬੀਬੀ ਅਮਨਦੀਪ ਕੌਰ (62) ਦਾ ਸੰਖੇਪ ਬਿਮਾਰੀ ਤੋਂ ਬਾਅਦ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ 'ਚ ਬੀਤੇ ਦਿਨੀਂ ਦੇਹਾਂਤ ਹੋ ਗਿਆ, ਜਿਸ ਦੇ ਨਾਲ ਪੂਰਾ ਘੁਮਾਣ ਪਰਿਵਾਰ ਸ਼ੋਕ ਦੀ ਲਹਿਰ 'ਚ ਡੁੱਬ ਗਿਆ। ਇਸ ਅਤਿ ਦੁਖਦਾਇਕ ਘੜੀ 'ਚ ਜਿੱਥੇ ਘੁਮਾਣ ਪਰਿਵਾਰ ਨਾਲ ਵੱਖ-ਵਖ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਦੁੱਖ ਸਾਂਝਾ ਕੀਤਾ ਗਿਆ, ਉੱਥੇ ਮਹਾਨ ਖੂਨਦਾਨੀ ਨਾਹਰ ਸਿੰਘ ਫਤਿਹ ਮਾਜਰੀ ਸਾਬਕਾ ਡੀਐਸਪੀ ਪੰਜਾਬ ਪੁਲਿਸ, ਅਵਤਾਰ ਸਿੰਘ ਸਰਪੰਚ, ਰਤਨ ਸਿੰਘ ਸਰਪੰਚ, ਸੁਰਿੰਦਰ ਸਿੰਘ ਖੇੜਕੀ ਇੰਚਾਰਜ ਬੀਜੇਪੀ ਹਲਕਾ ਸਮਾਣਾ, ਸਰਪੰਚ ਸ਼ੰਕਰ ਸਿੰਘ ਖੇੜਕੀ, ਭਾਈ ਸਤਪਾਲ ਸਿੰਘ ਹੈਡ ਗ੍ਰੰਥੀ, ਸੁਰਜੀਤ ਸਿੰਘ ਕੌਲੀ ਮੈਨੇਜਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ, ਜਥੇਦਾਰ ਸੁਖਦੇਵ ਸਿੰਘ, ਕਰਮਜੀਤ ਸਿੰਘ ਫੌਜੀ, ਤੇ ਪਰਮਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਕਸਬਾ ਬਲਬੇੜ੍ਹਾ ਦੇ ਸਮੁੱਚੇ ਪ੍ਰੈੱਸ ਕਲੱਬ ਮੈਂਬਰਾਂ ਵੱਲੋਂ ਵੀ ਘੁਮਾਣ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।



## ਪੰਜਾਬ ਨੰਬਰਦਾਰ ਐਸੋਸੀਏਸ਼ਨ ਦੀ ਮਹਿਨਾਵਾਰੀ ਮੀਟਿੰਗ



ਸਮਾਣਾ, 13 ਮਾਰਚ (ਹਰਜਿੰਦਰ ਸਿੰਘ): ਪੰਜਾਬ ਨੰਬਰਦਾਰ ਐਸੋਸੀਏਸ਼ਨ ਗਾਲਿਬ ਤਹਿਸੀਲ ਸਮਾਣਾ ਦੀ ਮਹਿਨੇ ਵਾਰੀ ਮੀਟਿੰਗ ਪ੍ਰਧਾਨ ਬਲਵਿੰਦਰ ਸਿੰਘ ਟੋਡਰਪੁਰ ਤਹਿਸੀਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਨੰਬਰਦਾਰ ਸਹਿਬਾਨ ਨੂੰ ਆ ਰਹੀਆਂ ਮੁਸਕਲਾਂ ਵਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਮੌਕੇ ਤੇ ਮੁਸ਼ਕਲਾਂ ਦਾ ਹੱਲ ਵੀ ਕੀਤਾ ਗਿਆ। ਇਸ ਮੌਕੇ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਚੱਲ ਰਹੇ ਬਜ਼ਟ ਸੈਸ਼ਨ ਵਿੱਚ ਨੰਬਰਦਾਰਾਂ ਦੀਆਂ ਹੱਕੀ ਮੰਗਾਂ ਨੂੰ ਅਣਗੋਲਿਆ ਕੀਤਾ ਜਾ ਰਿਹਾ ਹੈ। ਜੇਕਰ ਇਸ ਸੈਸ਼ਨ ਵਿੱਚ ਵੀ ਪੰਜਾਬ ਦੇ ਨੰਬਰਦਾਰਾਂ ਦੇ ਮਾਣਮੱਤੇ ਵਿੱਚ ਵਾਧਾ ਨਾ ਕੀਤਾ ਗਿਆ ਫਿਰ ਪੰਜਾਬ ਸਰਕਾਰ ਨੂੰ ਪੂਰੇ ਪੰਜਾਬ ਅੰਦਰ ਨੰਬਰਦਾਰਾਂ ਦੇ ਰੋਸ ਦਾ ਸਾਹਮਣਾ ਕਰਨਾ ਪੈ ਸਕਦਾ ਪੰਜਾਬ ਸਰਕਾਰ ਸਪਰਿਮੋ ਕੇਜਰੀਵਾਲ ਨੇ ਦੋ ਹਜ਼ਾਰ ਵਾਈ ਚ ਨੰਬਰਦਾਰ ਐਸੋਸੀਏਸ਼ਨ ਨਾਲ ਵਾਅਦਾ ਕੀਤਾ ਸੀ ਆਪਣੇ ਗਰੰਟੀ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ ਉਹ ਸਰਕਾਰ ਆਉਣ ਤੇ ਨੰਬਰਦਾਰਾਂ ਦੇ ਮਾਣਮੱਤੇ ਵਿੱਚ ਤਿੰਨ ਹਜ਼ਾਰ ਪ੍ਰਤੀ ਮਹੀਨਾ ਵਾਧਾ ਕਰਾਂਗੇ।ਪਰ ਚਾਰ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਸਰਕਾਰ ਨੂੰ ਅਜੇ ਤੱਕ ਕੋਈ ਵੀ ਕੀਤਾ ਵਾਅਦਾ ਪੂਰਾ ਨਹੀਂ ਕੀਤਾ ਸੋ ਇਹੋ ਜਿਹੀ ਨਕੰਮੀ ਸਰਕਾਰ ਵੱਲੋਂ ਨੰਬਰਦਾਰਾਂ ਮੁੱਖ ਮੁੜ ਗਿਆ ਹੈ। ਹੁਣ ਵੀ ਭਗਵੰਤ ਮਾਨ ਸਰਕਾਰ ਕੋਲ ਸਮਾਂ ਹੈ ਕਿ ਉਹ ਪੰਜਾਬ ਦੇ ਨੰਬਰਦਾਰਾਂ ਨਾਲ ਕਿਤੇ ਵਾਅਦੇ ਪੂਰੇ ਕਰੇ ਇਸ ਮੌਕੇ ਵਿਸ਼ੇਸ਼ ਤੌਰ ਹਾਜ਼ਰ ਨੰਬਰਦਾਰ ਸਹਿਬਾਨ ਸਾਹਿਬ ਸਿੰਘ ਧਨੋਰੀ, ਬੇਅੰਤ ਸਿੰਘ ਚੀਮਾ, ਸੁਖਦੀਪ ਸਿੰਘ ਬਾਦਸ਼ਾਹਪੁਰ, ਗੁਰਮੇਲ ਸਿੰਘ ਕਮਾਲਪੁਰ, ਹੁਸ਼ਿਆਰ ਸਿੰਘ ਚੌਂਹਠ, ਗੁਰਪ੍ਰੀਤ ਸਿੰਘ ਸਮਾਣਾ, ਮਨਿੰਦਰ ਸਿੰਘ ਮਿਆਲਾਂ, ਸੁਰਿੰਦਰ ਸਿੰਘ ਵੜੈਚਾਂ ਅਤੇ ਬਲਕਾਰ ਸਿੰਘ ਆਦਿ ਵੀ ਹਾਜ਼ਰ ਸਨ।

## ਖ਼ਾਲਸਾ ਕਾਲਜ ਵਿਖੇ 'ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿੱਚ ਨੈਤਿਕ ਖੋਜ ਸੱਭਿਆਚਾਰ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ

ਪਟਿਆਲਾ, 13 ਮਾਰਚ (ਚ.ਨ.ਸ.): ਖ਼ਾਲਸਾ ਕਾਲਜ ਪਟਿਆਲਾ ਦੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਤੇ ਵਿਦੇਸ਼ੀ ਭਾਸ਼ਾਵਾਂ ਵਿਭਾਗ ਵੱਲੋਂ ਅੱਜ "ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿੱਚ ਨੈਤਿਕ ਖੋਜ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ"ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਗੈਸਟ ਲੈਕਚਰ ਕਰਵਾਇਆ ਗਿਆ। ਹਾਈਬ੍ਰਿਡ ਮੋਡ ਵਿੱਚ ਕਰਵਾਏ ਗਏ ਇਸ ਸਮਾਗਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਅਤੇ ਐਸੋਸੀਏਟ ਪ੍ਰੋਫੈਸਰ ਡਾ. ਅੰਕਦੀਪ ਕੌਰ ਅਟਵਾਲ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਵਿੱਚ ਵਿਭਾਗ ਮੁਖੀ ਡਾ. ਜਸਪ੍ਰੀਤ ਕੌਰ ਨੇ ਡਾ. ਅਟਵਾਲ ਦਾ ਨਿੱਘਾ ਸਵਾਗਤ ਕਰਦਿਆਂ ਅਜਿਹੇ ਸੰਵਾਦਾਂ ਦੀ ਅਕਾਦਮਿਕ ਖੇਤਰ ਵਿੱਚ ਅਹਿਮੀਅਤ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਵਿਭਾਗ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਬੌਧਿਕ ਪਰੰਪਰਾਵਾਂ ਨਾਲ ਜੋੜਨ ਅਤੇ ਉਨ੍ਹਾਂ ਵਿੱਚ ਆਲੋਚਨਾਤਮਕ ਸੋਚ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹੈ।



ਆਪਣੇ ਭਾਸ਼ਣ ਦੌਰਾਨ ਡਾ. ਅਟਵਾਲ ਨੇ ਅਕਾਦਮਿਕ ਖੋਜ 'ਤੇ ਏ.ਆਈ. ਦੇ ਪ੍ਰਭਾਵਾਂ ਅਤੇ ਨੈਤਿਕ ਮਿਆਰਾਂ ਦੀ ਲੋੜ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਉਨ੍ਹਾਂ ਨੇ ਪਾਵਰਪੁਆਇੰਟ ਪੇਸ਼ਕਾਰੀ ਰਾਹੀਂ ਅਕਾਦਮਿਕ ਇਮਾਨਦਾਰੀ, ਏ.ਆਈ ਦੀ ਮਦਦ ਨਾਲ ਲਿਖੇ ਗਏ ਖਰੜਿਆਂ ਵਿੱਚ ਲੇਖਕ ਦੀ ਜ਼ਿੰਮੇਵਾਰੀ, ਡਾਟਾ ਪੱਖਪਾਤ ਤੇ ਸਾਹਿਤਕ ਚੋਰੀ ਵਰਗੀਆਂ ਚੁਣੌਤੀਆਂ 'ਤੇ ਚਾਨਣਾ ਪਾਇਆ। ਇਹ ਸੈਸ਼ਨ ਕਾਫੀ ਇੰਟਰਐਕਟਿਵ ਰਿਹਾ, ਜਿਸ ਵਿੱਚ ਆਨਰਜ਼ ਅਤੇ ਪੋਸਟ ਗ੍ਰੈਜੂਏਟ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਅੰਤ ਵਿੱਚ ਐਮ.ਏ. ਅੰਗਰੇਜ਼ੀ ਭਾਗ ਦੂਜਾ ਦੇ ਵਿਦਿਆਰਥੀ ਸਰੂਰ ਸਰਾਓ ਨੇ ਧੰਨਵਾਦੀ ਮਤਾ ਪੇਸ਼ ਕਰਦਿਆਂ ਡਾ. ਅਟਵਾਲ ਦੇ ਵਡਮੁੱਲੇ ਵਿਚਾਰਾਂ ਦੀ ਸ਼ਲਾਘਾ ਕੀਤੀ। ਸਮੁੱਚੇ ਤੌਰ 'ਤੇ ਇਹ ਸਮਾਗਮ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਵਿੱਚ ਖੋਜ ਦੇ ਨੈਤਿਕ ਪਹਿਲੂਆਂ ਪ੍ਰਤੀ ਇੱਕ ਨਵੀਂ ਚੇਤਨਾ ਪੈਦਾ ਕਰਨ ਵਿੱਚ ਸਫਲ ਰਿਹਾ।